





ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Ad Space Available
Please Call
Ph:847-359-0746



Fourteenth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 31, August 3rd, 2013 | 20451 N Plum Grove Rd. Palatine, IL 60074 | Ph:847-359-0746, Fax:847-705-9388


## ਨਰੇਂਦਰ ਮੋਦੀ ਗੁਜਰਾਤੀ ਸਿੱਖਾਂ ਨੂੰ ਉਜਾੜਨ ਲਈ ਬਜ਼ਿਦ

### ਹਾਈ ਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਵਿਚ ਪਟੀਸ਼ਨ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਰਾਜਨਾਥ ਸਿੰਘ ਅਤੇ ਆਰ.ਐਸ.ਐਸ. ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨੇ ਉਮੀਦਵਾਰ ਨਰੇਂਦਰ ਮੋਦੀ ਜੋ ਗੁਜਰਾਤ ਦੇ ਮੁੱਖ ਮੰਤਰੀ ਵੀ ਹਨ, ਸੂਬੇ ਵਿਚੋਂ 500 ਸਿੱਖ ਪਰਿਵਾਰਾਂ ਨੂੰ ਉਜਾੜਨ ਲਈ ਬਜ਼ਿਦ ਹਨ। ਗੁਜਰਾਤ ਹਾਈਕੋਰਟ ਵੱਲੋਂ ਸਰਕਾਰ ਦਾ ਫ਼ੈਸਲਾ ਰੱਦ ਕਰਨ ਦੇ ਹੁਕਮ ਤੋਂ ਬਾਅਦ ਮੋਦੀ ਸਰਕਾਰ ਨੇ ਸਿੱਖ ਕਿਸਾਨਾਂ ਵਿਰੁਧ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰ ਦਿੱਤੀ ਹੈ। ਇਸ ਪਟੀਸ਼ਨ ਉਪਰ 27 ਅਗਸਤ ਨੂੰ ਸੁਣਵਾਈ ਹੋਣੀ ਹੈ।

ਕੌਮੀ ਘੱਟ ਗਿਣਤੀ ਕਮਿਸ਼ਨ ਦੀ ਟੀਮ ਵੱਲੋਂ ਕੱਛ ਖੇਤਰ ਦਾ ਦੌਰਾ ਕਰਨ ਤੋਂ ਬਾਅਦ ਜਾਰੀ ਕੀਤੀ ਰਿਪੋਰਟ ਵਿਚ ਕਿਹਾ ਗਿਆ ਕਿ ਮੋਦੀ ਸਰਕਾਰ ਦਾ ਘੱਟ ਗਿਣਤੀ ਸਿੱਖ ਕਿਸਾਨਾਂ ਪ੍ਰਤੀ ਵਤੀਰਾ ਵਿਤਕਰੇ ਵਾਲਾ ਹੈ। ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਹੈ ਕਿ ਗੁਜਰਾਤ ਸਰਕਾਰ ਹਾਈ ਕੋਰਟ ਵੱਲੋਂ ਸਿੱਖ ਕਿਸਾਨਾਂ ਦੇ ਹੱਕ ਵਿਚ ਦਿੱਤੇ ਹੁਕਮ ਵਿਰੁਧ ਸੁਪਰੀਮ ਕੋਰਟ ਵਿਚ ਦਾਇਰ



ਪਟੀਸ਼ਨ ਤੁਰੰਤ ਵਾਪਸ ਲਵੇ ਅਤੇ ਬੰਬੇ ਟੇਨੈਂਸੀ ਐਂਡ ਐਗਰੀਕਲਚਰਲ ਲੈਂਡ ਐਕਟ 1948 ਦੀ ਗੁਜਰਾਤ ਹਾਈਕੋਰਟ ਵੱਲੋਂ ਦਿੱਤੀ ਪਰਿਭਾਸ਼ਾ ਨੂੰ ਪ੍ਰਵਾਨ ਕਰੇ। ਯਾਦ ਰਹੇ ਕਿ 24 ਤੋਂ 28 ਜੂਨ ਤੱਕ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਡਾ. ਅਜੈਬ ਸਿੰਘ ਨੇ ਕੱਛ ਖੇਤਰ 'ਚ ਸਿੱਖ ਕਿਸਾਨ ਪਰਿਵਾਰਾਂ ਅਤੇ ਸੂਬੇ ਦੇ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਤੋਂ ਬਾਅਦ ਇਹ ਰਿਪੋਰਟ ਜਾਰੀ ਕੀਤੀ ਹੈ।

ਰਿਪੋਰਟ 'ਚ ਲਿਖਿਆ ਹੈ ਕਿ 1965 ਦੀ ਹਿੰਦ-ਪਾਕਿ ਜੰਗ ਸਮੇਂ ਪੰਜਾਬ ਤੋਂ ਇਹ ਸਿੱਖ ਕਿਸਾਨ ਪਰਿਵਾਰ ਉਥੇ ਜਾ ਵਸੇ ਸਨ। ਇਨ੍ਹਾਂ ਕਿਸਾਨਾਂ ਨੇ ਦੋ ਦਹਾਕਿਆਂ ਦੀ ਸਖਤ ਮਿਹਨਤ ਨਾਲ ਜੰਗਲ 'ਚ ਮੰਗਲ ਕੀਤਾ। ਇਨ੍ਹਾਂ ਸਿੱਖ ਪਰਿਵਾਰਾਂ ਦੀ ਹੁਣ ਉਥੇ ਤੀਜੀ ਪੀੜ੍ਹੀ ਹੈ। ਬਹੁਤਿਆਂ ਦਾ ਜਨਮ ਵੀ ਉਥੇ ਹੋਇਆ ਹੈ, ਪਰ ਮੋਦੀ ਸਰਕਾਰ ਦਾ ਕਹਿਣਾ ਹੈ ਕਿ ਸਿੱਖ ਕਿਸਾਨ ਗ਼ੈਰ-ਗੁਜਰਾਤੀ ਹਨ; ਇਸ ਕਰ ਕੇ ਇਨ੍ਹਾਂ ਨੂੰ ਉਥੇ ਜ਼ਮੀਨਾਂ ਖਰੀਦਣ ਅਤੇ ਵਾਹੁਣ ਦਾ ਕੋਈ ਹੱਕ ਨਹੀਂ।

ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਨੇ ਬੰਬੇ ਟੇਨੈਂਸੀ ਐਂਡ ਐਗਰੀਕਲਚਰਲ ਲੈਂਡਜ਼ ਐਕਟ 1948 ਦਾ ਸਹਾਰਾ ਲੈਂਦਿਆਂ ਸਿੱਖ ਕਿਸਾਨਾਂ ਦੀਆਂ

*(ਬਾਕੀ ਸਫਾ 6 'ਤੇ)*

## ਮੁੱਕ ਨਹੀਂ ਰਹੀ ਪੰਜਾਬ ਕਾਂਗਰਸ ਦੀ ਧੜੇਬੰਦੀ

### ਪ੍ਰਤਾਪ ਸਿੰਘ ਬਾਜਵਾ ਵੀ ਕਾਰਗਰ ਸਾਬਤ ਨਾ ਹੋਏ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਹਾਈ ਕਮਾਨ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਪੰਜਾਬ ਕਾਂਗਰਸ ਵਿਚਲੀ ਧੜੇਬੰਦੀ ਬਰਕਰਾਰ ਹੈ। ਇਸ ਧੜੇਬੰਦੀ ਤੋਂ ਪਾਰਟੀ ਦੇ ਕੇਂਦਰੀ ਆਗੂ ਵੀ ਔਖੇ ਹਨ। ਯਾਦ ਰਹੇ ਕਿ ਪਾਰਟੀ ਵਿਚ ਲਗਾਤਾਰ ਆਪਸੀ ਖਿੱਚੋਤਾਣ ਕਰ ਕੇ ਪਾਰਟੀ ਨੇ ਵਿਧਾਨ ਸਭਾ ਚੋਣਾਂ ਹਾਰੀਆਂ ਸਨ ਅਤੇ ਕਈ ਆਗੂ ਨਿਰਾਸ਼ ਹੋ ਕੇ ਸੱਤਾ ਧਿਰ ਨਾਲ ਜਾ ਰਲੇ ਸਨ। ਇਸ ਧੜੇਬੰਦੀ ਕਰ ਕੇ ਹੀ ਕਾਂਗਰਸ, ਵਿਰੋਧੀ ਧਿਰ ਵਜੋਂ ਆਪਣੀ ਭੂਮਿਕਾ ਨਿਭਾਉਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਜਿਸ ਕਰ ਕੇ ਪਾਰਟੀ ਦੇ ਅਕਸ ਨੂੰ ਵੀ ਧੱਕਾ ਲੱਗਾ ਹੈ।

ਪੰਜਾਬ ਵਿਚ ਪਾਰਟੀ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਹਾਈ ਕਮਾਨ ਨੇ ਵੀ ਕਾਫੀ ਹੰਭਲਾ ਮਾਰਿਆ, ਪਰ ਕੋਈ ਸਾਰਥਕ ਸਿੱਟੇ ਸਾਹਮਣੇ ਨਹੀਂ ਆਏ। ਪਾਰਟੀ ਅੰਦਰ ਪੈਦਾ ਹੋਈ ਖਿੱਚੋਤਾਣ ਘੱਟ ਕਰਨ ਲਈ ਹੀ ਕੈਪਟਨ ਅਮਰਿੰਦਰ ਸਿੰਘ ਤੋਂ ਪ੍ਰਧਾਨਗੀ ਖੋਹ ਕੇ ਸ. ਪ੍ਰਤਾਪ ਸਿੰਘ ਬਾਜਵਾ ਨੂੰ ਕਮਾਨ ਸੌਂਪੀ ਗਈ, ਪਰ ਉਹ ਵੀ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਚੱਲਣ ਵਿਚ ਨਾਕਾਮ ਰਹੇ ਹਨ। ਵਿਰੋਧੀ ਧੜਿਆਂ ਨੇ ਸ. ਬਾਜਵਾ ਦੇ ਕਈ ਫੈਸਲੇ ਹਾਈ ਕਮਾਨ ਤੋਂ ਰੱਦ ਕਰਵਾ ਦਿੱਤੇ ਜਿਸ ਨਾਲ ਉਨ੍ਹਾਂ ਦੇ ਅਕਸ ਨੂੰ ਢਾਹ ਲੱਗੀ।

ਪਾਰਟੀ ਅੰਦਰ ਫੁੱਟ ਦਾ ਹੀ ਨਤੀਜਾ ਹੈ ਕਿ ਲੋਕ ਸਭਾ ਚੋਣਾਂ ਸਿਰ 'ਤੇ ਹੋਣ ਦੇ ਬਾਵਜੂਦ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਅਹੁਦੇਦਾਰ ਦੀ ਚੋਣ ਦਾ ਕੰਮ ਵਿਚਾਲੇ ਹੀ ਲਟਕਿਆ ਹੋਇਆ ਹੈ। ਮੀਡੀਆ ਵਿਚ ਚਰਚਾ ਹੈ ਕਿ ਹਾਈ ਕਮਾਨ ਨੇ ਸ. ਬਾਜਵਾ ਵੱਲੋਂ ਅਹੁਦੇਦਾਰਾਂ ਦੇ ਨਾਂਵਾਂ ਦੀ ਭੇਜੀ ਸੂਚੀ ਨੂੰ ਲਾਂਭੇ ਰੱਖਦਿਆਂ ਪੰਜਾਬ ਇਕਾਈ ਦੇ ਮੀਤ ਪ੍ਰਧਾਨਾਂ ਕੋਲੋਂ ਵੀ ਸੂਚੀਆਂ ਮੰਗ ਲਈਆਂ ਹਨ। ਮੰਨਿਆ ਜਾ ਰਿਹਾ ਹੈ ਕਿ ਹਾਈ ਕਮਾਨ ਸਿਰਫ਼ ਸ. ਬਾਜਵਾ ਵੱਲੋਂ ਭੇਜੀ ਸੂਚੀ ਉਪਰ ਮੋਹਰ ਲਾਉਣ ਦੀ ਥਾਂ ਮੀਤ ਪ੍ਰਧਾਨਾਂ ਵੱਲੋਂ ਭੇਜੀਆਂ ਸੂਚੀਆਂ ਦੀ ਵੀ ਪੜਚੋਲ ਕਰ ਕੇ ਹੀ ਨਵੇਂ ਅਹੁਦੇਦਾਰਾਂ ਦਾ

*(ਬਾਕੀ ਸਫਾ 6 'ਤੇ)*




Heating, Ventilation & Air Conditioning

Serving in all FIVE BOROUGHS
Residential & Commercial
Sales, Services & Installations
Room AC, PTAC, Split, Central
Roof Top, Packaged, Water Source
Chiller & Cooling Tower

COOL AIR INC.
35-57 9th Street, Long Island City, NY 11106

*Authorized Warranty Service Center
*OSHA, EPA & FDNY Certificated Techs
*Licensed & FULLY insured

"Experienced HVAC Mechanics needed. Call for interview"

We keep NYC cool
For pricing, estimates & information, log on to www.coolairnyc.com
www.coolairny.com
Write us at coolair@coolairnyc.com
Call Now:
718-721-2131



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਸਲਮਾਨ ਖਾਨ ਨੇ ਰਿਕਾਰਡ ਤੋੜਿਆ

**ਮੁੰਬਈ:** ਬਾਲੀਵੁੱਡ ਸਟਾਰਾਂ ਅਮਿਤਾਭ ਬੱਚਨ, ਆਮਿਰ ਖਾਨ, ਸ਼ਾਹਰੁਖ ਖਾਨ ਨੂੰ ਪਿੱਛੇ ਛੱਡਦਿਆਂ ਸਲਮਾਨ ਖਾਨ ਇਕ ਵਾਰ ਫਿਰ ਦਬੰਗ ਸਾਬਤ ਹੋਏ ਹਨ। ਉਸ ਨੇ 'ਬਿਗ ਬੌਸ ਸੀਜ਼ਨ-7' ਲਈ 130 ਕਰੋੜ ਰੁਪਏ ਦੀ ਡੀਲ ਕੀਤੀ ਹੈ। ਸ਼ੋਅ ਨਾਲ ਜੁੜੇ ਸੂਤਰਾਂ ਅਨੁਸਾਰ ਸਲਮਾਨ ਨੂੰ 'ਬਿਗ ਬੌਸ ਸੀਜ਼ਨ-7' ਵਿਚ ਪ੍ਰਤੀ ਕਿਸ਼ਤ 5 ਕਰੋੜ ਰੁਪਏ ਦਿੱਤੇ ਜਾਣਗੇ। ਸ਼ੋਅ 'ਚ ਉਹ 26 ਕਿਸ਼ਤਾਂ 'ਚ ਭਾਗ ਲੈਣਗੇ।



ਇਸ ਦੌਰਾਨ ਉਨ੍ਹਾਂ ਦੀ ਸਾਰੀ ਰਾਸ਼ੀ 130 ਕਰੋੜ ਹੋਵੇਗੀ। ਇਸ ਤੋਂ ਪਹਿਲਾਂ ਸੀਜ਼ਨ-6 ਵਿਚ ਉਨ੍ਹਾਂ ਨੂੰ ਪ੍ਰਤੀ ਕਿਸ਼ਤ 2.5 ਕਰੋੜ ਰੁਪਏ ਦਿੱਤੇ ਗਏ ਸਨ। ਸਲਮਾਨ ਖਾਨ ਨੇ ਦੱਸਿਆ ਕਿ ਨਵਾਂ ਸੀਜ਼ਨ ਨਰਕ ਅਤੇ ਸਵਰਗ 'ਤੇ ਆਧਾਰਤ ਹੈ । ਇਸ ਵਾਰ ਸ਼ੋਅ 'ਚ ਸਲਮਾਨ ਖਾਨ ਡਬਲ ਰੋਲ 'ਚ ਨਜ਼ਰ ਆਉਣਗੇ। ਉਹ ਦੇਵਦੂਤ ਅਤੇ ਸ਼ੈਤਾਨ ਦਾ ਕਿਰਦਾਰ ਨਿਭਾਉਣਗੇ।

ਪ੍ਰੋਡਕਸ਼ਨ ਹਾਊਸ ਅਨੁਸਾਰ ਇਸ ਵਾਰ ਸ਼ੋਅ 'ਚ ਸਲਮਾਨ ਖਾਨ ਦਾ ਡਬਲ ਰੋਲ ਹੋਣ ਕਾਰਨ ਉਸ ਨੂੰ ਜ਼ਿਆਦਾ ਪੈਸਾ ਦਿੱਤਾ ਜਾ ਰਿਹਾ ਹੈ। ਇਹ ਸ਼ੂਟਿੰਗ 19 ਅਗਸਤ ਤੋਂ ਸ਼ੁਰੂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਹਿਟ ਐਂਡ ਰਨ ਕੇਸ ਨੂੰ ਲੈ ਕੇ ਕੁਝ ਸਮਾਂ ਪਹਿਲਾਂ ਹੀ ਸਲਮਾਨ ਖਾਨ 'ਤੇ ਦੋਸ਼ ਤੈਅ ਹੋਏ ਹਨ। ਉਸ ਨੂੰ ਦਸ ਸਾਲ ਸਜ਼ਾ ਵੀ ਹੋ ਸਕਦੀ ਹੈ।

# ਅਮਰੀਕਾ ਨੇ ਸੱਦਾਮ ਹੁਸੈਨ ਦੀ ਤਲਵਾਰ ਮੋੜੀ

**ਵਾਸ਼ਿੰਗਟਨ:** ਇਰਾਕ 'ਤੇ ਚੜ੍ਹਾਈ ਵੇਲੇ ਫ਼ੌਜ ਵੱਲੋਂ ਇਰਾਕ ਦੇ ਰਾਸ਼ਟਰਪਤੀ ਸੱਦਾਮ ਹੁਸੈਨ ਦੇ ਦਫ਼ਤਰ 'ਚੋਂ ਲੁੱਟੇ ਸਾਮਾਨ ਵਿਚੋਂ ਸੋਨੇ ਦੀ ਤਲਵਾਰ ਇਰਾਕੀ ਅਧਿਕਾਰੀਆਂ ਨੂੰ ਮੋੜ ਦਿੱਤੀ ਹੈ। ਅੰਦਰੂਨੀ ਸੁਰੱਖਿਆ ਵਿਭਾਗ ਮੁਤਾਬਕ ਇਹ ਤਲਵਾਰ 43 ਇੰਚ ਲੰਮੀ ਹੈ ਅਤੇ ਇਸ ਦੀ ਧਾਰ ਤੇ ਮਿਆਨ ਸੋਨੇ ਦੀ ਹੈ। ਇਸ ਤਲਵਾਰ ਬਾਰੇ ਅਮਰੀਕੀ ਸਰਕਾਰ ਨੂੰ ਜਨਵਰੀ 2012 ਵਿਚ ਉਦੋਂ ਪਤਾ ਲੱਗਿਆ ਸੀ ਜਦੋਂ ਇਹ ਮਾਨਚੈਸਟਰ ਵਿਚ ਨਿਲਾਮੀ ਲਈ ਰੱਖੀ ਗਈ ਸੀ। ਇਹ ਉਦੋਂ 15,000 ਡਾਲਰ 'ਚ ਵਿਕੀ ਸੀ।



ਕੈਂਪ ਵਿਚ ਹਿੱਸਾ ਲੈਣ ਵਾਲੇ ਬੱਚੇ ਆਪਣੇ ਅਧਿਆਪਕਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਨਾਲ

# ਡਾ. ਸਰੂਪ ਸਿੰਘ ਅਲੱਗ ਦਾ ਸਨਮਾਨ

**ਨਿਊ ਯਾਰਕ (ਬਲਦੇਵ ਸਿੰਘ):** ਉਘੇ ਪੰਜਾਬੀ ਸਾਹਿਤਕਾਰ ਡਾ. ਸਰੂਪ ਸਿੰਘ ਅਲੱਗ ਦਾ ਇਥੇ ਰਾਇਲ ਇੰਡੀਆ ਰੈਸਟੋਰੈਂਟ ਵਿਚ ਜੱਸ ਬਰਾਡਕਾਸਟਿੰਗ ਦੇ ਸਹਿਯੋਗ ਨਾਲ ਇਕ ਸਨਮਾਨ ਸਮਾਗਮ ਕੀਤਾ ਗਿਆ ਜਿਸ ਵਿਚ ਸਥਾਨਕ ਸਾਹਿਤਕਾਰਾਂ, ਪੱਤਰਕਾਰਾਂ ਅਤੇ ਕਾਰੋਬਾਰੀ ਵਿਅਕਤੀਆਂ ਨੇ ਹਾਜ਼ਰੀ ਭਰੀ। ਜੱਸ ਬਰਾਡਕਾਸਟਿੰਗ ਦੇ ਮੁਖੀ ਹਰਵਿੰਦਰ ਰਿਆੜ ਨੇ ਸਮਾਗਮ ਦੇ ਸ਼ੁਰੂ ਵਿਚ ਡਾ. ਅਲੱਗ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਡਾ. ਅਲੱਗ ਨੇ ਆਪਣੇ ਸਾਹਿਤਕ ਜੀਵਨ ਬਾਰੇ ਹਾਜ਼ਰ ਵਿਅਕਤੀਆਂ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਆਪਣੀਆਂ ਕਿਤਾਬਾਂ ਦਾ ਇਕ ਇਕ ਸੈਟ ਵੀ ਹਾਜ਼ਰ ਵਿਅਕਤੀਆਂ ਨੂੰ ਭੇਟ ਕੀਤਾ।

ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿਚ ਜਰਨੈਲ ਸਿੰਘ ਸੰਧੂ, ਜਗੀਰ ਸਿੰਘ ਬੈਂਸ, ਹਿੰਮਤ ਸਿੰਘ, ਕੁਲਵੰਤ ਸਿੰਘ, ਕੁਲਵਿੰਦਰ ਸਿੰਘ, ਮਨਜੀਤ ਸਿੰਘ ਕਾਹਲੋਂ, ਰਾਜਿੰਦਰ ਸਿੰਘ, ਜਸਵਿੰਦਰ ਸਿੰਘ ਖੱਖ, ਬਲਵਿੰਦਰ ਸਿੰਘ ਬਾਜਵਾ, ਗੁਰਮੀਤ ਸਿੰਘ (ਆਪਣਾ ਪੰਜਾਬ), ਹਰਬਖਸ਼ ਸਿੰਘ ਟਾਹਲੀ (ਸ਼ਾਨੇ ਪੰਜਾਬ), ਅਨੂਪ ਸਿੰਘ ਸੰਧੂ, ਇੰਦਰਜੀਤ ਸ਼ਰਮਾ, ਸੁਖਵੰਤ ਢੱਟ, ਦੀਪਕ ਧੀਮਾਨ ਤੇ ਸੂਰਤ ਸਿੰਘ ਪੱਡਾ ਹਾਜ਼ਰ ਸਨ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਚ ਲੱਗਾ ਬੱਚਿਆਂ ਦਾ ਗੁਰਮਤਿ ਕੈਂਪ

**ਨਿਊ ਯਾਰਕ (ਬਲਦੇਵ ਸਿੰਘ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਚ ਬੱਚਿਆਂ ਦਾ ਇਕ ਗੁਰਮਤਿ ਕੈਂਪ ਜੁਲਾਈ ਮਹੀਨੇ ਲਾਇਆ ਗਿਆ ਜਿਸ ਵਿਚ ਬੱਚਿਆਂ ਨੂੰ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ, ਨਿੱਤਨੇਮ ਦੀਆਂ ਬਾਣੀਆਂ ਅਤੇ ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਿਆਦਾ ਬਾਰੇ ਜਾਣਕਾਰੀ ਦਿੱਤੀ ਗਈ। ਬੱਚਿਆਂ ਨੂੰ ਗੁਰਬਾਣੀ ਕੰਠ ਕਰਵਾਈ ਗਈ, ਤਬਲਾ ਅਤੇ ਹਾਰਮੋਨੀਅਮ ਵਜਾਉਣਾ ਸਿਖਾਇਆ ਗਿਆ ਅਤੇ ਗੁਰਬਾਣੀ ਗਾਇਨ ਦੀ ਸਿਖਿਆ ਦਿੱਤੀ ਗਈ।

ਬੱਚਿਆਂ ਵਿਚ ਇਸ ਗੁਰਮਤਿ ਕੈਂਪ ਪ੍ਰਤੀ ਭਾਰੀ ਉਤਸ਼ਾਹ ਸੀ ਅਤੇ ਉਹ ਬੜੀ ਰੁਚੀ ਨਾਲ ਆਪਣਾ ਹੋਮ ਵਰਕ ਅਤੇ ਕਲਾਸ ਦਾ ਕੰਮ ਨਿਪਟਾਉਂਦੇ। ਗੁਰਮਤਿ ਸਕੂਲ ਦੇ ਕਮਰਿਆਂ ਵਿਚ ਉਹ ਗੁਰ ਇਤਿਹਾਸ ਬਾਰੇ ਸੁੰਦਰ ਪ੍ਰਾਜੈਕਟ ਅਤੇ ਵੱਡੇ ਚਾਰਟ ਬਣਾ ਕੇ ਲਾਉਂਦੇ। ਬੱਚੇ ਚਿੱਟੀਆਂ ਪੋਸ਼ਾਕਾਂ ਅਤੇ ਕੇਸਰੀ ਰੰਗ ਦੀਆਂ ਦਸਤਾਰਾਂ ਤੇ ਦੁਪੱਟੇ ਸਜਾਉਂਦੇ। ਕੈਂਪ ਦੌਰਾਨ ਬੱਚਿਆਂ ਨੂੰ ਉਨ੍ਹਾਂ ਦੇ ਮਨ ਭਾਉਂਦੇ ਖਾਣੇ ਜਿਵੇਂ ਪੀਜ਼ਾ, ਆਈਸ ਕਰੀਮ, ਸੈਂਡਵਿਚ ਅਤੇ ਪਾਸਤਾ ਵਗੈਰਾ ਪਰੋਸੇ ਜਾਂਦੇ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦੇ ਮਾਣ-ਸਨਮਾਨ ਵਜੋਂ ਇਨਾਮ ਅਤੇ ਸ਼ੀਲਡਾਂ ਵੀ ਦਿੱਤੀਆਂ ਗਈਆਂ। ਕੈਂਪ ਦੇ ਅਧਿਆਪਕਾਂ ਦਾ ਵੀ ਮਾਣ-ਸਨਮਾਨ ਕੀਤਾ ਗਿਆ। ਇਸ ਕੈਂਪ ਲਈ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਦੇਵ ਸਿੰਘ ਕੰਗ, ਸਿੱਖਿਆ ਚੇਅਰਮੈਨ ਜੋਗਿੰਦਰ ਸਿੰਘ ਮੱਲ੍ਹੀ, ਮੀਡੀਆ ਇੰਚਾਰਜ ਭੁਪਿੰਦਰ ਸਿੰਘ ਅਟਵਾਲ, ਮੋਹਣ ਸਿੰਘ ਖੱਟੜਾ, ਕੈਂਪ ਦੇ ਪ੍ਰਿੰਸੀਪਲ ਰੇਸ਼ਮ ਸਿੰਘ ਅਤੇ ਸਪੋਰਟਸ ਵਿੰਗ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਵਿਸ਼ੇਸ਼ ਯੋਗਦਾਨ ਦਿੱਤਾ। ਕੈਂਪ ਦੌਰਾਨ ਵੀਹ ਜੁਲਾਈ ਨੂੰ ਬੱਚਿਆਂ ਦੀਆਂ ਖੇਡਾਂ ਵੀ ਕਰਵਾਈਆਂ ਗਈਆਂ।



ਡਾ. ਸਰੂਪ ਸਿੰਘ ਅਲੱਗ ਦੇ ਸਨਮਾਨ ਸਮਾਗਮ ਵਿਚ ਹਾਜ਼ਰ ਲੋਕ


PPG PITTSBURGH PAINTS Best Deal in New York
Mercury Paint Corp.
Mercury Paint

Buy Direct From Manufacturers & Save
Visit Our Affiliated New Location

Hillside Paint Depot

255-13 Hillside Ave., Floral Park, New York 11004
Exit: Hillside Ave (28A), Cross Island Parkway-West 1 mile on left
(Across from Dunkin Donuts)
Ph: 718-347-4500



ਘਰਾਂ, ਬਿਜਨਸ ਅਤੇ ਸਨਅਤਾਂ ਲਈ ਪੇਂਟ ਅਤੇ ਪੇਂਟ ਸਪਲਾਈ ਬਹੁਤ ਹੀ ਵਾਜਬ ਰੇਟ 'ਤੇ ਖਰੀਦੋ

One time 10% discount with this ad.

We sell full line of Residential, Commercial, Industrial paints & paint supplies of Government specifications.

Qmar Khokhar, Nadeem Ilahi, Wagley John
Ph: 347-369-3337



## Matrimonials

**ਵਰ ਦੀ ਲੋੜ**

ਜੱਟ ਸਿੱਖ, ਸੋਹਣੀ ਸੁਨੱਖੀ ਅਮਰੀਕੀ ਸਿਟੀਜ਼ਨ ਤਲਾਕਸ਼ੁਦਾ ਲੜਕੀ, ਉਮਰ 38 ਸਾਲ ਕੱਦ 5'-7" ਲਈ 34-40 ਸਾਲ ਉਮਰ ਦੇ ਸੁਹਣੇ-ਸੁਨੱਖੇ ਯੋਗ ਵਰ ਦੀ ਲੋੜ ਹੈ। ਸਿਰਫ਼ ਗੰਭੀਰ ਲੋਕ ਹੀ ਸੰਪਰਕ ਕਰਨ: ਫੋਨ: 916-753-2041 ਜਾਂ ਈਮੇਲ: kaurm707@gmail.com

Wanted suitable US Citizen match for Jatt Sikh girl, 28, 5'-6", diploma in Aviation Management, working with Indigo Airline in New Delhi. Contact with details at e-mail: prince84india@yahoo.com

ਅਮਰੀਕਨ ਸਿਟੀਜ਼ਨ, ਕਸ਼ਯਪ ਰਾਜਪੂਤ, ਉਮਰ 28 ਸਾਲ, ਕੱਦ 5'-4", ਸਰਕਾਰੀ ਜਾਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ 'ਤੇ ਆਏ ਲੜਕੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਫੋਟੋ ਅਤੇ ਬਾਇਓਡਾਟਾ ਈਮੇਲ ਕਰੋ: preetny1@yahoo.com

**ਕੰਨਿਆ ਦੀ ਲੋੜ**

ਕਲੀਨਸ਼ੇਵ ਜੱਟ ਸਿੱਖ ਬੀ-ਟੈਕ (ਸੀ ਐਸ ਈ), ਗਰੀਨ ਕਾਰਡ ਹੋਲਡਰ, ਸ਼ਿਕਾਗੋ ਵਿਚ ਟੈਕਨੀਕਲ ਐਸੋਸੀਏਟ ਵਜੋਂ ਕੰਮ ਕਰਦੇ ਲੜਕੇ, ਉਮਰ 25 ਸਾਲ, ਕੱਦ 5'-5" ਲਈ ਪੜ੍ਹੀ-ਲਿਖੀ ਸੁਨੱਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਈਮੇਲ ਕਰੋ: mannparents1@gmail.com

*To Advertise with Punjab Times*

***Call: 847-359-0746***


# ਜਥੇਦਾਰ ਗਿਆਨੀ ਤਰਲੋਚਨ ਸਿੰਘ ਦਾ ਦੇਹਾਂਤ

**ਅਨੰਦਪੁਰ ਸਾਹਿਬ:** ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਹ ਇੱਥੇ ਮੁਹੱਲਾ ਨਵੀਂ ਆਬਾਦੀ ਸਥਿਤ ਆਪਣੀ ਰਿਹਾਇਸ਼ ਵਿਖੇ ਸੁੱਤੇ ਪਏ ਸਨ ਕਿ 30-31 ਜੁਲਾਈ ਦੀ ਦਰਮਿਆਨੀ ਰਾਤ ਕਰੀਬ ਇਕ ਵਜੇ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਜੋ ਉਨ੍ਹਾਂ ਲਈ ਜਾਨਲੇਵਾ ਸਾਬਿਤ ਹੋਇਆ।

ਜਥੇਦਾਰ ਤਰਲੋਚਨ ਸਿੰਘ ਨੂੰ ਤੁਰੰਤ ਸ੍ਰੀ ਗੁਰੂ ਤੇਗ ਬਹਾਦਰ ਮਲਟੀਸਪੈਸ਼ਲਿਟੀ ਹਸਪਤਾਲ ਵਿਖੇ ਲਿਜਾਇਆ ਗਿਆ ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਅਤੇ ਸਾਰਾ ਸਟਾਫ ਹਾਜ਼ਰ ਸੀ। ਗਿਆਨੀ ਤਰਲੋਚਨ ਸਿੰਘ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਮਾਗਮ 'ਚ ਸ਼ਿਰਕਤ ਕਰਨ ਉਪਰੰਤ ਰਾਤ 9 ਵਜੇ ਦੇ ਕਰੀਬ ਵਾਪਸ



ਅਨੰਦਪੁਰ ਸਾਹਿਬ ਪੁੱਜੇ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਜਥੇਦਾਰ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ ਦੇ ਮੁੱਖ ਸੇਵਾਦਾਰ ਬਾਬਾ ਦਲਜੀਤ ਸਿੰਘ, ਜੋ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਐਕਟਿੰਗ ਜਥੇਦਾਰ ਰਹਿ ਚੁਕੇ ਹਨ, ਨੇ ਜਥੇਦਾਰ ਤਰਲੋਚਨ ਸਿੰਘ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਸਿੱਖ ਪੰਥ ਲਈ ਵੱਡਾ ਘਾਟਾ ਕਰਾਰ ਦਿੱਤਾ ਹੈ। ਉਨ੍ਹਾਂ ਮਰਹੂਮ ਜਥੇਦਾਰ ਦੇ ਪੁੱਤਰ ਨੂੰ ਫੋਨ ਕਰਕੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਵੀ ਵੰਡਾਇਆ।

# ਮਮਨੂਨ ਹੁਸੈਨ ਪਾਕਿਸਤਾਨ ਦੇ ਨਵੇਂ ਰਾਸ਼ਟਰਪਤੀ

**ਇਸਲਾਮਾਬਾਦ:** ਭਾਰਤ ਦੇ ਜੰਮਪਲ ਅਤੇ ਕਾਰੋਬਾਰੀ ਮਮਨੂਨ ਹੁਸੈਨ ਇਕਪਾਸੜ ਮੁਕਾਬਲੇ 'ਚ ਚੋਣ ਜਿੱਤ ਕੇ ਪਾਕਿਸਤਾਨ ਦੇ 12ਵੇਂ ਰਾਸ਼ਟਰਪਤੀ ਬਣ ਗਏ ਹਨ। ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਕਰੀਬੀ 73 ਸਾਲਾ ਹੁਸੈਨ 9 ਸਤੰਬਰ ਨੂੰ ਅਹੁਦਾ ਸੰਭਾਲਣਗੇ। ਉਹ ਮੌਜੂਦਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦੀ ਥਾਂ ਲੈਣਗੇ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਉਮੀਦਵਾਰ ਸਾਬਕਾ ਜੱਜ ਵਜੀਹੁਦੀਨ ਅਹਿਮਦ ਦੇ ਮੁਕਾਬਲੇ ਹੁਸੈਨ ਦੀ ਆਸਾਨ ਜਿੱਤ ਦੇ ਪਹਿਲਾਂ ਹੀ ਕਿਆਸ ਲਾਏ ਜਾ



ਰਹੇ ਸਨ। ਰਾਸ਼ਟਰਪਤੀ ਜ਼ਰਦਾਰੀ ਦੀ ਪਾਕਿਸਤਾਨ ਪੀਪਲਜ਼ ਪਾਰਟੀ ਨੇ ਆਪਣੇ ਉਮੀਦਵਾਰ ਰਜ਼ਾ ਰਬਾਨੀ ਨੂੰ ਬਿਠਾ ਲਿਆ ਸੀ। ਪਾਰਲੀਮੈਂਟ ਅਤੇ ਚਾਰ ਸੂਬਾਈ ਅਸੈਂਬਲੀਆਂ ਦੇ ਦੋਵੇਂ ਸਦਨਾਂ ਦੇ ਮੈਂਬਰਾਂ ਨੇ ਸਿੱਧੇ ਮੁਕਾਬਲੇ 'ਚ ਰਾਸ਼ਟਰਪਤੀ ਦੀ ਚੋਣ ਲਈ ਵੋਟਾਂ ਪਾਈਆਂ। ਸੈਨੇਟ ਅਤੇ ਕੌਮੀ ਅਸੈਂਬਲੀ ਦੀਆਂ 277 ਵੋਟਾਂ ਮਮਨੂਨ ਹੁਸੈਨ ਦੇ ਪੱਖ ਵਿਚ ਪਈਆਂ। ਚੋਣ ਜਿੱਤਣ ਲਈ ਉਨ੍ਹਾਂ ਨੂੰ 263 ਵੋਟਾਂ ਦੀ ਲੋੜ ਸੀ। ਵਜੀਹੁਦੀਨ ਅਹਿਮਦ ਦੇ ਹੱਕ ਵਿਚ 34 ਵੋਟਾਂ ਪਈਆਂ ਜਦਕਿ ਤਿੰਨ ਵੋਟਾਂ ਰੱਦ ਹੋ ਗਈਆਂ। ਖ਼ੈਬਰ ਪਖ਼ਤੂਨਖਵਾ ਅਸੈਂਬਲੀ ਦੇ 110 ਮੈਂਬਰਾਂ ਵਿਚੋਂ 69 ਵੋਟਾਂ ਵਜੀਹੁਦੀਨ ਦੇ ਹੱਕ ਵਿਚ ਅਤੇ 41 ਵੋਟਾਂ ਹੁਸੈਨ ਦੇ ਹੱਕ ਵਿਚ ਪਈਆਂ। ਸਿੰਧ ਅਸੈਂਬਲੀ ਵਿਚ 71 ਵਿਚੋਂ 69 ਮੈਂਬਰਾਂ ਨੇ ਵੋਟਾਂ ਪਾਈਆਂ ਜਿਨ੍ਹਾਂ 'ਚੋਂ 64 ਵੋਟਾਂ ਮਮਨੂਨ ਨੂੰ ਅਤੇ ਪੰਜ ਵੋਟਾਂ ਅਹਿਮਦ ਨੂੰ ਮਿਲੀਆਂ। ਬਲੋਚਿਸਤਾਨ ਅਸੈਂਬਲੀ ਵਿਚ 56 ਵਿਚੋਂ 55 ਵੋਟਾਂ ਪੀ.ਐਮ.ਐਲ. (ਐਨ.) ਦੇ ਉਮੀਦਵਾਰ ਨੂੰ ਅਤੇ ਵਿਰੋਧੀ ਤਹਿਰੀਕ-ਏ-ਇਨਸਾਫ਼ ਦੇ ਉਮੀਦਵਾਰ ਨੂੰ ਸਿਰਫ ਇਕ ਵੋਟ ਮਿਲੀ। ਪੰਜਾਬ ਵਿਚ ਹੁਸੈਨ ਨੂੰ 313 ਅਤੇ ਅਹਿਮਦ ਨੂੰ 24 ਵੋਟਾਂ ਮਿਲੀਆਂ।

ਯਾਦ ਰਹੇ ਕਿ ਭਾਰਤ ਵਾਂਗ ਪਾਕਿਸਤਾਨ ਦੇ ਰਾਸ਼ਟਰਪਤੀ ਕੋਲ ਕਾਰਜਕਾਰੀ ਅਧਿਕਾਰ ਨਹੀਂ ਹਨ ਪਰ ਉਹ ਹਥਿਆਰਬੰਦ ਫੌਜਾਂ ਦਾ ਸੰਵਿਧਾਨਕ ਮੁਖੀ ਹੁੰਦਾ ਹੈ ਹਾਲਾਂਕਿ ਉਸ ਨੂੰ ਫੌਜਾਂ ਤਾਇਨਾਤ ਕਰਨ ਦਾ ਅਧਿਕਾਰ ਨਹੀਂ ਹੁੰਦਾ। ਪ੍ਰਧਾਨ ਮੰਤਰੀ ਦੀ ਸਲਾਹ 'ਤੇ ਰਾਸ਼ਟਰਪਤੀ ਵੱਲੋਂ ਸੈਨਾ ਦੇ ਤਿੰਨੋਂ ਅੰਗਾਂ ਦੇ ਮੁਖੀ ਨਿਯੁਕਤ ਕੀਤੇ ਜਾਂਦੇ ਹਨ।

# ਗਵਾਹਾਂ ਨੇ ਸੱਜਣ ਕੁਮਾਰ ਜਿੰਨੀ ਸੁਰੱਖਿਆ ਮੰਗੀ

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਕੇਸ ਦੇ ਗਵਾਹਾਂ ਨੇ ਦਿੱਲੀ ਦੀ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਉਨ੍ਹਾਂ ਨੂੰ ਸੁਰੱਖਿਆ ਤੇ ਰੋਟੀ-ਰੋਜ਼ੀ ਦਾ ਸਾਧਨ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਹੈ ਤਾਂ ਕਿ ਉਹ 'ਕਿਸੇ ਪ੍ਰਭਾਵ ਤੋਂ ਬਿਨਾਂ ਅਤੇ ਨਿਰਪੱਖ' ਗਵਾਹੀ ਦੇ ਸਕਣ। ਇਨ੍ਹਾਂ ਗਵਾਹਾਂ ਜੋ ਕਤਲੇਆਮ ਦੇ ਪੀੜਤ ਵੀ ਹਨ, ਨੇ ਇੱਥੋਂ ਦੇ ਸੁਲਤਾਨਪੁਰੀ ਇਲਾਕੇ ਵਿਚ ਛੇ ਸਿੱਖਾਂ ਨੂੰ ਮਾਰ ਦਿੱਤੇ ਜਾਣ ਨਾਲ ਸਬੰਧਤ ਕੇਸ ਦੇ ਮੱਦੇਨਜ਼ਰ ਇਹ ਅਰਜ਼ੀ ਦਾਇਰ ਕੀਤੀ ਹੈ। ਯਾਦ ਰਹੇ ਕਿ ਦਿੱਲੀ ਹਾਈ ਕੋਰਟ ਨੇ ਇਸ ਕੇਸ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਕਾਰਵਾਈ ਠੱਪ ਕਰਨ ਦੀ ਉਸ (ਸੱਜਣ ਕੁਮਾਰ) ਦੀ ਅਪੀਲ ਖਾਰਜ ਕਰ ਦਿੱਤੀ ਸੀ। ਇਸ ਤਰ੍ਹਾਂ ਸੱਜਣ ਕੁਮਾਰ ਖ਼ਿਲਾਫ਼ ਕੇਸ ਚਲਾਏ ਜਾਣ ਦਾ ਰਾਹ ਸਾਫ਼ ਹੋ ਗਿਆ ਹੈ। ਜ਼ਿਲ੍ਹਾ ਜੱਜ ਜੇ.ਆਰ. ਆਰੀਅਨ ਨੇ ਸੀ.ਬੀ.ਆਈ. ਨੂੰ ਗਵਾਹਾਂ ਨੂੰ ਸੁਰੱਖਿਆ ਦੇਣ ਦੇ ਜ਼ੁਬਾਨੀ ਹੁਕਮ ਦਿੱਤੇ ਹਨ। ਅਦਾਲਤ ਨੇ ਸੱਜਣ ਕੁਮਾਰ ਖ਼ਿਲਾਫ਼ ਗਵਾਹੀਆਂ ਦਰਜ ਕਰਨ ਲਈ 13 ਅਗਸਤ ਦੀ ਤਰੀਕ ਮਿੱਥੀ ਹੈ।

ਸ਼ਿਕਾਇਤਕਰਤਾ ਸ਼ੀਲਾ ਕੌਰ ਨੇ ਵਕੀਲ ਐਚ.ਐਸ. ਫੂਲਕਾ ਰਾਹੀਂ ਦਿੱਤੀ ਅਰਜ਼ੀ ਵਿਚ ਕਿਹਾ ਹੈ ਕਿ ਅਦਾਲਤ ਹੁਣ ਜਦੋਂ ਗਵਾਹੀਆਂ ਦਰਜ ਕਰਨ ਜਾ ਰਹੀ ਹੈ ਤਾਂ ਗਵਾਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਇਸ ਲਈ ਗਵਾਹਾਂ ਨੂੰ ਘੱਟੋ-ਘੱਟ ਮੁਲਜ਼ਮ ਜਿੰਨੀ ਸੁਰੱਖਿਆ ਜ਼ਰੂਰ ਦਿੱਤੀ ਜਾਵੇ ਤੇ ਉਨ੍ਹਾਂ ਨੂੰ 'ਰੋਜ਼ੀ-ਰੋਟੀ ਦੇ ਬਦਲਵੇਂ ਸਾਧਨ' ਵੀ ਮੁਹੱਈਆ ਕੀਤੇ ਜਾਣ। ਅਰਜ਼ੀ ਵਿਚ ਕਿਹਾ ਗਿਆ ਹੈ ਕਿ ਸਰਕਾਰ ਵੱਲੋਂ ਮੁਲਜ਼ਮ ਸੱਜਣ ਕੁਮਾਰ ਨਾਲ ਵੀ.ਵੀ.ਆਈ.ਪੀ. ਸਲੂਕ ਕੀਤਾ ਜਾ ਰਿਹਾ ਹੈ।

## ਸੱਜਣ ਕੁਮਾਰ ਖ਼ਿਲਾਫ਼ ਚਸ਼ਮਦੀਦ ਗਵਾਹ ਦੀ ਮੌਤ

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੱਛਮੀ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਇਕ ਪਰਿਵਾਰ ਦੇ ਦੋ ਮੈਂਬਰਾਂ ਦੇ ਕਤਲ ਨਾਲ ਸਬੰਧਤ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਬਿਆਨ ਦੇਣ ਵਾਲੀ ਅਹਿਮ ਗਵਾਹ ਭਗਵਾਨੀ ਬਾਈ ਦਾ ਦੇਹਾਂਤ ਹੋ ਗਿਆ। ਉਹ 70 ਸਾਲਾਂ ਦੇ ਸਨ। ਸੀ.ਬੀ.ਆਈ. ਤੇ ਜੁਡੀਸ਼ਲ ਮੈਜਿਸਟ੍ਰੇਟ ਨੂੰ ਸੀ.ਆਰ.ਪੀ.ਸੀ. ਦੀ ਧਾਰਾ 164 ਅਧੀਨ ਦਿੱਤੇ ਆਪਣੇ ਬਿਆਨਾਂ ਵਿਚ ਭਗਵਾਨੀ ਬਾਈ ਨੇ ਕਿਹਾ ਸੀ ਕਿ ਉਸ ਨੇ ਪਹਿਲੀ ਨਵੰਬਰ 1984 ਨੂੰ ਸੱਜਣ ਕੁਮਾਰ ਵੱਲੋਂ ਭੀੜ ਨੂੰ ਸਿੱਖਾਂ ਨੂੰ ਕਤਲ ਕਰਨ ਲਈ ਭੜਕਾਉਂਦਿਆਂ ਵੇਖਿਆ ਸੀ।

ਸੱਜਣ ਕੁਮਾਰ ਵੱਲੋਂ ਫੈਲਾਈ ਗਈ ਇਸ ਭੜਕਾਹਟ ਉਪਰੰਤ ਭੀੜ ਉਸ ਦੇ ਘਰ ਵਿਚ ਵੜ ਆਈ ਸੀ ਤੇ ਉਸ ਦੇ ਦੋ ਪੁੱਤਰਾਂ ਹੁਸ਼ਿਆਰ ਸਿੰਘ ਤੇ ਮੋਹਨ ਸਿੰਘ ਨੂੰ ਲਾਠੀਆਂ ਨਾਲ ਕੁੱਟ-ਕੁੱਟ ਕੇ ਮਾਰਨ ਉਪਰੰਤ ਉਨ੍ਹਾਂ ਦੀਆਂ ਲਾਸ਼ਾਂ ਨੂੰ ਟਰੱਕ ਰਾਹੀਂ ਕਿਧਰੇ ਭੇਜ ਦਿੱਤਾ ਗਿਆ। ਉਪਰੰਤ ਭੀੜ ਨੇ ਸਥਾਨਕ ਗੁਰਦੁਆਰੇ ਨੂੰ ਵੀ ਅੱਗ ਲਾ ਦਿੱਤੀ ਸੀ। ਭਗਵਾਨੀ ਬਾਈ ਦਾ ਇਹ ਵੀ ਕਹਿਣਾ ਸੀ ਕਿ ਸੀਨੀਅਰ ਪੁਲੀਸ ਅਧਿਕਾਰੀਆਂ ਨੇ ਉਸ ਦੇ ਘਰ ਆ ਕੇ ਧਮਕੀ ਦਿੱਤੀ ਸੀ ਕਿ ਉਹ ਸੱਜਣ ਕੁਮਾਰ ਦੇ ਖ਼ਿਲਾਫ਼ ਕੋਈ ਬਿਆਨ ਨਾ ਦੇਵੇ।

# ਕੈਨੇਡਾ ਵਿਚ ਸਭ ਤੋਂ ਵੱਡਾ ਹੀਰਾ ਲੱਭਿਆ

**ਟੋਰਾਂਟੋ:** ਕੈਨੇਡਾ ਦੇ ਓਂਟਾਰੀਓ ਸੂਬੇ ਦੀ ਖਾਣ ਵਿਚੋਂ ਖੁਦਾਈ ਦੌਰਾਨ ਮਹਿੰਗਾ ਅਤੇ ਵੱਡਾ ਹੀਰਾ ਮਿਲਿਆ ਹੈ। ਟੋਰਾਂਟੋ ਤੋਂ ਕੋਈ ਸਾਢੇ ਛੇ ਸੌ ਮੀਲ ਦੂਰ ਅਟਵਾਪਿਸਕਟ ਕਸਬੇ ਲਾਗੇ ਪੈਂਦੀ ਹੀਰਿਆਂ ਦੀ ਖਾਣ ਵਿਚ ਮਿਲਿਆ 35 ਕੈਰਟ ਦਾ ਇਹ ਹੀਰਾ ਹੁਣ ਤੱਕ ਕੈਨੇਡਿਆਈ ਇਤਿਹਾਸ ਦਾ ਸਭ ਤੋਂ ਵੱਡਾ ਹੀਰਾ ਹੈ।

ਉੱਤਰੀ ਓਂਟਾਰੀਓ ਦੀ ਇਹ ਵਿਕਟਰ ਡਾਇਮੰਡ ਖਾਣ 'ਡੇ ਬੀਅਰਜ਼ ਕੈਨੇਡਾ' ਦੀ ਦੇਖ-ਰੇਖ ਵਿਚ ਚਲਦੀ ਹੈ। ਇਸ ਦੇ ਡਾਇਰੈਕਟਰ ਟੌਮ ਔਰਮਸਬੀ ਮੁਤਾਬਕ ਨਵਾਂ ਲੱਭਿਆ ਹੀਰਾ ਵੈਨਕੂਵਰ ਦੀ ਹੀਰੇ ਤਰਾਸ਼ਣ ਵਾਲੀ ਕੰਪਨੀ ਕਰਾਸਵਰਕਸ ਕੋਲ ਭੇਜਿਆ ਗਿਆ ਹੈ, ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਸ ਕੰਮ ਲਈ ਕਿੰਨੀ ਰਕਮ ਤਾਰੀ ਗਈ। ਹੀਰੇ ਦੀ ਕੀਮਤ ਦਾ ਪਤਾ ਇਸ ਨੂੰ ਤਰਾਸ਼ਣ ਤੋਂ ਬਾਅਦ ਹੀ ਲੱਗੇਗਾ। ਕੁਝ ਮਾਹਿਰਾਂ ਮੁਤਾਬਕ ਇਹ ਹੀਰਾ ਲੱਖਾਂ ਡਾਲਰਾਂ ਦਾ ਹੋ ਸਕਦਾ ਹੈ।

ਸ੍ਰੀ ਟੌਮ ਔਰਮਸਬੀ ਮੁਤਾਬਕ ਇਸ ਨੂੰ 15 ਕੈਰਟ ਤੱਕ ਖੁਰਚਿਆ ਜਾਵੇਗਾ ਅਤੇ ਬਾਅਦ ਵਿਚ ਇਸ ਨੂੰ ਦੁਨੀਆਂ ਭਰ ਵਿਚ ਨੁਮਾਇਸ਼ ਲਈ ਭੇਜਿਆ ਜਾਵੇਗਾ। ਸੂਤਰਾਂ ਮੁਤਾਬਕ ਇਸ ਖਾਣ ਵਿਚੋਂ 6 ਲੱਖ ਕੈਰਟ ਦੇ ਹੀਰੇ ਸਾਲਾਨਾ ਕੱਢੇ ਜਾਂਦੇ ਹਨ ਅਤੇ ਇਸ ਅੰਦਰ ਅਜੇ ਸੱਤ ਕੁ ਸਾਲਾਂ ਦਾ ਮਾਲ ਹੈ।

# ਪਾਸ਼ ਦੇ ਪਿਤਾ ਦਾ ਦੇਹਾਂਤ

**ਯੂਨੀਅਨ ਸਿਟੀ:** ਮਰਹੂਮ ਪੰਜਾਬੀ ਸ਼ਾਇਰ ਪਾਸ਼ ਦੇ ਪਿਤਾ ਸੋਹਨ ਸਿੰਘ ਸੰਧੂ ਦਾ ਕੈਲੀਫੋਰਨੀਆ ਦੇ ਸ਼ਹਿਰ ਯੂਨੀਅਨ ਸਿਟੀ ਵਿਚ ਦੇਹਾਂਤ ਹੋ ਗਿਆ। ਉਹ 86 ਵਰ੍ਹਿਆਂ ਦੇ ਸਨ। ਉਹ ਕੁਝ ਸਮੇਂ ਤੋਂ ਢਿੱਲੇ-ਮੱਠੇ ਸਨ। ਪਿਛਲੇ ਸਮੇਂ ਦੌਰਾਨ ਸ੍ਰੀ ਸੰਧੂ ਨੇ ਪਾਸ਼ ਜਿਸ ਦਾ 23 ਮਾਰਚ, 1988 ਨੂੰ ਕਤਲ ਹੋ ਗਿਆ ਸੀ, ਬਾਰੇ ਦੋ ਅਹਿਮ ਕਿਤਾਬਾਂ ਦਾ ਸੰਪਾਦਨ ਕੀਤਾ ਸੀ।

'ਪਾਸ਼ ਤਾਂ ਸੂਰਜ ਸੀ' ਨਾਂ ਦੀ ਕਿਤਾਬ ਵਿਚ ਪਾਸ਼ ਬਾਰੇ ਵੱਖ-ਵੱਖ ਲੇਖਕਾਂ ਦੀਆਂ ਕਵਿਤਾਵਾਂ ਸ਼ਾਮਲ ਹਨ ਜਦਕਿ 'ਸਾਹਿਤ ਦਾ ਸਾਗਰ ਪਾਸ਼' ਨਾਂ ਦੀ ਪੁਸਤਕ ਵਿਚ ਪਾਸ਼ ਦੀ ਕਵਿਤਾ ਤੇ ਜ਼ਿੰਦਗੀ ਬਾਰੇ ਲੇਖ ਸ਼ਾਮਲ ਹਨ। ਹੁਣ ਉਨ੍ਹਾਂ ਦੀ ਇਕ ਹੋਰ ਕਿਤਾਬ ਛੇਤੀ ਹੀ ਛਪਣ ਵਾਲੀ ਹੈ ਜਿਸ ਵਿਚ ਉਨ੍ਹਾਂ ਪਾਸ਼ ਦੀ ਸਾਰੀ ਵਾਰਤਕ ਦਾ ਸੰਪਾਦਨ ਕੀਤਾ ਹੈ। ਉਹ ਖ਼ੁਦ ਸਾਹਿਤਕ ਰੁਚੀਆਂ ਵਾਲੇ ਸਨ ਤੇ ਪਾਸ਼ ਨੂੰ ਸਾਹਿਤ ਦੀ ਚੇਟਕ ਘਰ ਆਉਂਦੇ ਕਿਤਾਬਾਂ ਤੇ ਰਸਾਲਿਆਂ ਤੋਂ ਹੀ ਲੱਗੀ ਸੀ।


Radio Chann Pardesi ਰੇਡੀਓ ਚੰਨ ਪ੍ਰਦੇਸੀ

**ਰੇਡੀਓ ਚੰਨ ਪ੍ਰਦੇਸੀ**

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ

ਹੋਰ ਜਾਣਕਾਰੀ ਲਈ ਕਾਲ ਕਰੋ

ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991

ਸਰਵਣ ਸਿੰਘ ਟਿਵਾਣਾ, ਫੋਨ:219-670-4579

**OKKJI Transfer LLC.**

15238 Radiance Dr., Noblesville, IN, 46060

**ਓਨਰ ਅਪਰੇਟਰ ਚਾਹੀਦੇ ਹਨ**

*ਲੋਕਲ ਤੇ ਲੌਂਗ ਰੂਟ

*ਡਰਾਈ ਅਤੇ ਰੀਫਰ ਲੋਡ

ਕਾਗਜ਼ ਦਿਓ ਤੇ ਪੈਸੇ ਲਓ



ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ

ਸੰਪਰਕ ਕਰੋ:

**Toll Free: 1-855-966-5554**

Manny Sandhu: 317-603-1000, Sam Bhullar: 732-486-9045

Fax: 317-774-9665

MTSBS, LLC **Merchant Solutions**

Independent Gas Stations and Convenience Stores

***Say goodbye to***

Slow credit card terminals
Poor support
Confusing statements
Higher costs

***Say hello to***

Superior support
High speed processing
Better customer service
Higher profits, lower expenses, peace of mind

ਵਧੀਆ ਸਰਵਿਸ

ਬਹੁਤ ਵਾਜਬ ਰੇਟ



**1-800-871-6610**

PAY AT THE PUMP VISA DISCOVER VOYAGER PROFleet Fuelman

# ਸਿੰਘ ਸਾਹਿਬਾਨ ਵੱਲੋਂ ਸਰਨਾ ਨੂੰ ਕੇਸ ਵਾਪਸ ਲੈਣ ਦਾ ਹੁਕਮ

**ਅੰਮ੍ਰਿਤਸਰ:** ਨਵੰਬਰ 1984 ਦੇ ਸਿੱਖ ਕਤਲੇਆਮ ਦੀ ਯਾਦਗਾਰ ਦਿੱਲੀ ਸਥਿਤ ਗੁਰਦੁਆਰਾ ਰਕਾਬ ਗੰਜ ਵਿਖੇ ਬਣਾਉਣ ਖਿਲਾਫ਼ ਦਿੱਲੀ ਹਾਈ ਕੋਰਟ ਵਿਚ ਰਿੱਟ ਦਾਇਰ ਕਰਨ 'ਤੇ ਪੰਜ ਸਿੰਘ ਸਾਹਿਬਾਨ ਨੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਉਨ੍ਹਾਂ ਦੇ ਸਾਥੀ ਮਨਜੀਤ ਸਿੰਘ ਸਰਨਾ ਨੂੰ ਧਾਰਮਿਕ ਸੇਵਾ ਲਾਉਂਦਿਆਂ ਆਦੇਸ਼ ਦਿੱਤਾ ਕਿ ਇਹ ਕੇਸ ਤੁਰੰਤ ਵਾਪਸ ਲੈਣ।

ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਇਹ ਮਾਮਲਾ ਵਿਚਾਰਨ ਮਗਰੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸ. ਸਰਨਾ ਨੂੰ ਇਹ ਧਾਰਮਿਕ ਸੇਵਾ ਸੁਣਾਈ। ਇਸ ਸੇਵਾ ਤਹਿਤ ਉਨ੍ਹਾਂ ਨੂੰ ਗੁਰਦੁਆਰਾ ਰਕਾਬ ਗੰਜ ਦਿੱਲੀ ਵਿਖੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੇ ਹੋਏ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਕਰਾਉਣ, ਗੁਰਬਾਣੀ ਸੁਣਨ, ਵਿੱਤ ਮੁਤਾਬਕ ਲੰਗਰ ਲਾਉਣ, ਸੇਵਾ ਕਰਨ ਤੇ ਹੋਈਆਂ ਭੁੱਲਾਂ ਬਖਸ਼ਾਉਣ ਵਾਸਤੇ ਅਰਦਾਸ ਕਰਾਉਣ ਲਈ ਹਦਾਇਤ ਕੀਤੀ ਹੈ।

ਇਸ ਤੋਂ ਇਲਾਵਾ ਉਨ੍ਹਾਂ ਨੂੰ ਆਦੇਸ਼ ਕੀਤਾ ਕਿ ਉਹ ਤੁਰੰਤ ਅਦਾਲਤੀ ਕੇਸ ਨੂੰ ਵਾਪਸ ਲੈਣ।



*ਅਕਾਲ ਤਖ਼ਤ ਵਿਖੇ ਪੇਸ਼ ਹੋ ਰਹੇ ਪਰਮਜੀਤ ਸਿੰਘ ਸਰਨਾ।*

ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਧਾਰਮਿਕ ਸੇਵਾ ਪ੍ਰਵਾਨ ਹੈ। ਇਸ ਫੈਸਲੇ 'ਤੇ ਸਿੱਧੀ ਟਿੱਪਣੀ ਕਰਨ ਤੋਂ ਗੁਰੇਜ਼ ਕਰਦਿਆਂ ਉਨ੍ਹਾਂ ਆਖਿਆ ਕਿ ਇਹ ਫੈਸਲਾ ਗਲਤ ਹੋਵੇ ਜਾਂ ਠੀਕ ਹੋਵੇ ਪਰ ਇਹ ਫੈਸਲਾ ਸ੍ਰੀ ਅਕਾਲ ਤਖ਼ਤ ਤੋਂ ਕੀਤਾ ਗਿਆ ਹੈ ਤੇ ਉਨ੍ਹਾਂ ਨੂੰ ਪ੍ਰਵਾਨ ਹੈ। ਉਨ੍ਹਾਂ ਆਖਿਆ ਕਿ ਗੁਰਦੁਆਰਿਆਂ ਵਿਚ ਮੜੀਆਂ ਤੇ ਸਮਾਧਾਂ ਬਣਾਉਣ ਬਾਰੇ ਪੰਜ ਸਿੰਘ ਸਾਹਿਬਾਨ ਨੂੰ ਮੁੜ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਉਹ ਇਸ ਫੈਸਲੇ ਨਾਲ ਸਹਿਮਤ ਨਹੀਂ ਹਨ ਕਿ ਗੁਰਦੁਆਰਾ ਰਕਾਬ ਗੰਜ ਜੋ ਨੌਵੇਂ ਗੁਰੂ ਸ੍ਰੀ ਤੇਗ ਬਹਾਦਰ ਸਾਹਿਬ ਨਾਲ ਸਬੰਧਤ ਹੈ, ਵਿਖੇ ਆਮ ਲੋਕਾਂ ਦੀ ਯਾਦਗਾਰ ਬਣਾਈ ਜਾਵੇ।

## ਸਿੰਘ ਸਾਹਿਬਾਨ ਦੀ ਸੁਰ ਨਾ ਮਿਲੀ

**ਅੰਮ੍ਰਿਤਸਰ:** ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਉਨ੍ਹਾਂ ਦੇ ਸਾਥੀ ਮਨਜੀਤ ਸਿੰਘ ਸਰਨਾ ਨੂੰ ਸ੍ਰੀ ਅਕਾਲ ਤਖ਼ਤ ਤੋਂ ਸੁਣਾਈ ਗਈ ਧਾਰਮਿਕ ਸੇਵਾ ਦੇ ਮਾਮਲੇ 'ਤੇ ਪੰਜ ਸਿੰਘ ਸਾਹਿਬਾਨ ਵਿਚ ਆਪਸੀ ਸਹਿਮਤੀ ਦੀ ਘਾਟ ਰਹੀ।

ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਸ. ਸਰਨਾ ਨੂੰ ਸੁਣਾਈ ਗਈ ਤਨਖਾਹ ਨੂੰ ਧਾਰਮਿਕ ਸੇਵਾ ਦੱਸ ਰਹੇ ਸਨ। ਉਹ ਚਾਹੁੰਦੇ ਸਨ ਕਿ ਇਸ ਨੂੰ ਤਨਖਾਹ ਨਾ ਆਖ ਕੇ ਧਾਰਮਿਕ ਸੇਵਾ ਆਖਿਆ ਜਾਵੇ ਜਦੋਂਕਿ ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਕੋਲੋਂ ਜਦੋਂ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਆਖਿਆ ਕਿ ਧਾਰਮਿਕ ਸੇਵਾ ਤੇ ਤਨਖਾਹ ਵਿਚ ਕੋਈ ਵੱਡਾ ਫ਼ਰਕ ਨਹੀਂ।

ਇਸ ਤੋਂ ਪਹਿਲਾਂ ਗਿਆਨੀ ਇਕਬਾਲ ਸਿੰਘ ਨੇ ਇਸ ਗੱਲ 'ਤੇ ਵੀ ਜ਼ੋਰ ਪਾਇਆ ਕਿ ਸੁਣਾਏ ਗਏ ਆਦੇਸ਼ ਵਿਚ ਖ਼ਿਮਾਯਾਚਨਾ ਸ਼ਬਦ ਸ਼ਾਮਲ ਨਾ ਕੀਤਾ ਜਾਵੇ। ਸਿੱਟੇ ਵਜੋਂ ਇਸ ਵਿਚ ਭੁੱਲਾਂ ਦੀ ਅਰਦਾਸ ਸ਼ਬਦ ਸ਼ਾਮਲ ਕੀਤਾ ਗਿਆ। ਇਸੇ ਤਰ੍ਹਾਂ ਜਦੋਂ ਸੇਵਾ ਸੁਣਾਉਣ ਲਈ ਪੰਜ ਸਿੰਘ ਸਾਹਿਬਾਨ ਸਕੱਤਰੇਤ ਤੋਂ ਸ੍ਰੀ ਅਕਾਲ ਤਖ਼ਤ ਵਿਖੇ ਜਾਣ ਲਈ ਨਿਕਲੇ ਤਾਂ ਅਚਾਨਕ ਚਾਰ ਸਿੰਘ ਸਾਹਿਬਾਨ ਰੁਕ ਗਏ ਜਦੋਂਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਅੱਗੇ ਨਿਕਲ ਆਏ ਤੇ ਸ੍ਰੀ ਅਕਾਲ ਤਖ਼ਤ ਵਿਖੇ ਜਾ ਕੇ ਇਕੱਲੇ ਬੈਠ ਗਏ। ਬਾਕੀ ਸਿੰਘ ਸਾਹਿਬਾਨ ਬਾਅਦ ਵਿਚ ਪੁੱਜੇ।

### ਦੋਸ਼ ਸਾਬਤ ਕਰਨ 'ਚ ਨਾਕਾਮ?

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਭਰਾ ਹਰਵਿੰਦਰ ਸਿੰਘ ਸਰਨਾ ਦਾ ਕਹਿਣਾ ਹੈ ਕਿ ਇਕੱਤਰਤਾ ਦੌਰਾਨ ਪੰਜ ਸਿੰਘ ਸਾਹਿਬਾਨ ਕਿਸੇ ਵੀ ਤਰ੍ਹਾਂ ਉਨ੍ਹਾਂ ਦਾ ਦੋਸ਼ ਸਾਬਤ ਕਰਨ ਵਿਚ ਅਸਫਲ ਰਹੇ ਹਨ। ਉਹ ਇਹ ਨਹੀਂ ਦੱਸ ਸਕੇ ਕਿ ਸ. ਸਰਨਾ ਨੇ ਕੀ ਗਲਤੀ ਕੀਤੀ। ਉਨ੍ਹਾਂ ਕਿਹਾ ਕਿ ਉਹ ਸਿੱਖ ਨਸਲਕੁਸ਼ੀ ਦੀ ਯਾਦਗਾਰ ਬਣਾਉਣ ਦੇ ਵਿਰੋਧੀ ਨਹੀਂ ਪਰ ਇਹ ਢੁਕਵੇਂ ਸਥਾਨ 'ਤੇ ਬਣਨੀ ਚਾਹੀਦੀ ਹੈ।

# ਯਾਦਗਾਰ ਗੁਰਦੁਆਰੇ ਦੀ ਹਦੂਦ ਵਿਚ ਨਾ ਬਣੇ: ਸਰਨਾ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਸਮੇਤ ਕੁਝ ਹੋਰ ਆਗੂਆਂ ਨੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਹਾਜ਼ਰ ਹੋ ਕੇ ਆਪਣਾ ਪੱਖ ਰੱਖਿਆ। ਸ. ਸਰਨਾ ਆਪਣੇ ਪੱਖ ਵਿਚ ਵਜ਼ਨਦਾਰ ਤਰਕ ਦਿੱਤੇ। ਉਨ੍ਹਾਂ ਛੇ ਸਫਿਆਂ ਦਾ ਪੱਤਰ ਜਥੇਦਾਰਾਂ ਨੂੰ ਸੌਂਪਿਆ ਜਿਸ ਵਿਚ ਉਨ੍ਹਾਂ ਸਪਸ਼ਟੀਕਰਨ ਦਿੰਦਿਆਂ ਲਿਖਿਆ ਕਿ ਉਹ ਸਿੱਖ ਨਸਲਕੁਸ਼ੀ ਦੀ ਯਾਦਗਾਰ ਬਣਾਉਣ ਦੇ ਵਿਰੋਧੀ ਨਹੀਂ, ਸਗੋਂ ਉਹ ਇਸ ਦੇ ਹੱਕ ਵਿਚ ਹਨ ਤੇ ਯਾਦਗਾਰ ਬਣਾਉਣ ਲਈ ਤਨ, ਮਨ, ਧਨ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨ ਦੇ ਇੱਛੁਕ ਹਨ ਪਰ ਚਾਹੁੰਦੇ ਹਨ ਕਿ ਇਹ ਯਾਦਗਾਰ ਗੁਰਦੁਆਰਾ ਰਕਾਬ ਗੰਜ ਦੀ ਹਦੂਦ ਵਿਚ ਨਾ ਬਣੇ।

ਇਹ ਗੁਰਦੁਆਰਾ ਨੌਵੇਂ ਗੁਰੂ ਦੀ ਸ਼ਹੀਦੀ ਨਾਲ ਸਬੰਧਤ ਹੈ। ਉਨ੍ਹਾਂ ਦੀ ਸ਼ਹਾਦਤ ਸਮੇਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਤੇ ਹੋਰ ਵੀ ਸ਼ਹੀਦ ਹੋਏ ਸਨ ਪਰ ਗੁਰਦੁਆਰੇ ਵਿਚ ਉਨ੍ਹਾਂ ਦੀ ਕੋਈ ਯਾਦਗਾਰ ਨਹੀਂ ਹੈ। ਇਸੇ ਤਰ੍ਹਾਂ ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨਾਂ 'ਤੇ ਉਨ੍ਹਾਂ ਦੇ ਨਾਲ ਸ਼ਹੀਦ ਹੋਏ ਸਿੰਘਾਂ ਦੀ ਕੋਈ ਯਾਦਗਾਰ ਨਹੀਂ ਹੈ।

ਇਸ ਲਈ ਯਾਦਗਾਰ ਹੋਰ ਥਾਂ ਬਣਾਉਣੀ ਚਾਹੀਦੀ ਹੈ। ਇਸੇ ਲਈ ਉਨ੍ਹਾਂ ਰਿੱਟ ਪਾਈ ਸੀ ਜਿਸ ਦਾ ਇਹ ਮਨੋਰਥ ਕਦੇ ਵੀ ਨਹੀਂ ਹੈ ਕਿ ਸਿੱਖ ਯਾਦਗਾਰ ਨਾ ਬਣਾਈ ਜਾਵੇ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਸ. ਸਰਨਾ ਵੱਲੋਂ ਗੁਰਦੁਆਰਾ ਰਕਾਬ ਗੰਜ ਵਿਚ ਯਾਦਗਾਰ ਨਾ ਬਣਾਉਣ ਦੇ ਸੁਝਾਅ 'ਤੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਬਣਾਈ ਜਾਣ ਵਾਲੀ ਯਾਦਗਾਰ ਦੀ ਰੂਪ-ਰੇਖਾ ਸਬੰਧੀ ਜਾਣਕਾਰੀ ਮੰਗਵਾਈ ਗਈ ਹੈ ਜਿਸ ਨੂੰ ਦੇਖਣ ਮਗਰੋਂ ਯਾਦਗਾਰ ਬਾਰੇ ਫੈਸਲਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਹਾਕਮ ਧਿਰ ਮਨਜੀਤ ਸਿੰਘ ਜੀ.ਕੇ. ਵੱਲੋਂ ਅਦਾਲਤ ਵਿਚ ਦਿੱਤੇ ਹਲਫੀਆ ਬਿਆਨ ਦੇ ਵੇਰਵੇ ਵੀ ਮੰਗਵਾਏ ਗਏ ਹਨ। ਇਹ ਦੇਖਣ ਮਗਰੋਂ ਇਸ ਕੇਸ ਬਾਰੇ ਅਗਲੀ ਕਾਰਵਾਈ ਕੀਤੀ ਜਾਵੇਗੀ।

# ਬਾਦਲਾਂ ਨੇ ਯਾਦਗਾਰਾਂ ਦਾ ਮੀਂਹ ਵਰ੍ਹਾਇਆ

**ਚੰਡੀਗੜ੍ਹ:** ਪੰਜਾਬ ਵਿਚ ਇਕ ਵਾਰ ਫਿਰ ਯਾਦਗਾਰਾਂ ਦੀ ਸਿਆਸਤ ਮਘਣ ਲੱਗੀ ਹੈ। ਆਉਂਦੇ ਦੋ ਸਾਲਾਂ ਦੌਰਾਨ ਘੱਟ-ਘੱਟ 10 ਯਾਦਗਾਰਾਂ ਪੰਜਾਬ ਵਿਚ ਉਸਾਰ ਦਿੱਤੀ ਜਾਣਗੀਆਂ। ਪੰਜ ਯਾਦਗਾਰਾਂ ਕੁਝ ਸਮੇਂ ਦੌਰਾਨ ਪਹਿਲਾਂ ਹੀ ਬਣ ਕੇ ਤਿਆਰ ਕਰ ਦਿੱਤੀਆਂ ਗਈਆਂ ਹਨ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਨ੍ਹਾਂ ਯਾਦਗਾਰਾਂ ਦੇ ਮਾਮਲਿਆਂ ਦੀ ਦੇਖ-ਰੇਖ ਖੁਦ ਕਰ ਰਹੇ ਹਨ। ਉਹ ਇਸ ਸਬੰਧੀ ਮਹੀਨੇ ਵਿਚ ਦੋ ਵਾਰ ਸਬੰਧਤ ਅਫਸਰਾਂ ਨੂੰ ਮਿਲ ਰਹੇ ਹਨ ਅਤੇ ਹਦਾਇਤਾਂ ਦਿੰਦੇ ਹਨ ਕਿ ਇਹ ਕੰਮ ਕਿਸੇ ਵੀ ਸੂਰਤ ਪਛੜਨਾ ਨਹੀਂ ਚਾਹੀਦਾ। ਇਨ੍ਹਾਂ ਯਾਦਗਾਰਾਂ ਲਈ ਮੰਤਰੀਆਂ, ਧਾਰਮਿਕ ਆਗੂਆਂ, ਇਤਿਹਾਸਕਾਰਾਂ, ਅਫਸਰਾਂ, ਪੱਤਰਕਾਰਾਂ ਅਤੇ ਆਰਕੀਟੈਕਟਾਂ ਉਤੇ ਆਧਾਰਤ ਕਮੇਟੀਆਂ ਬਣਾ ਦਿੱਤੀਆਂ ਗਈਆਂ ਹਨ।

ਚੇਤੇ ਰਹੇ ਕਿ 2011 ਵਿਚ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖਾਲਸਾ, ਚੱਪੜਚਿੜੀ (ਮੁਹਾਲੀ) ਵਿਖੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ, ਕੁੱਪ ਰੋਹੀੜਾਂ (ਸੰਗਰੂਰ) ਵਿਖੇ ਵੱਡਾ ਘੱਲੂਘਾਰਾ ਯਾਦਗਾਰ ਅਤੇ ਛੰਬ ਕਾਹਨੂੰਵਾਨ ਵਿਖੇ ਛੋਟਾ ਘੱਲੂਘਾਰਾ ਯਾਦਗਾਰ ਬਣਵਾ ਦਿੱਤੀਆਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਣਵਾਈ ਸਾਕਾ ਨੀਲਾ ਤਾਰਾ ਯਾਦਗਾਰ ਦਾ ਉਦਘਾਟਨ ਇਸੇ ਸਾਲ ਕੀਤਾ ਗਿਆ ਹੈ। ਹੁਣ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਯਾਦਗਾਰ ਨਵੀਂ ਦਿੱਲੀ ਵਿਖੇ ਬਣਵਾਈ ਜਾ ਰਹੀ ਹੈ।

ਇਸ ਤੋਂ ਬਾਅਦ ਹੁਣ ਸਭ ਦੀਆਂ ਨਜ਼ਰਾਂ ਜਲੰਧਰ ਨੇੜੇ ਕਰਤਾਰਪੁਰ ਵਿਖੇ ਬਣਨ ਵਾਲੀ ਯਾਦਗਾਰ ਉਤੇ ਹਨ। ਇਹ ਯਾਦਗਾਰ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈਣ ਵਾਲੇ ਪੰਜਾਬੀਆਂ ਨੂੰ ਸਮਰਪਿਤ ਹੋਵੇਗੀ। ਪੱਤਰਕਾਰ ਬਰਜਿੰਦਰ ਸਿੰਘ ਹਮਦਰਦ ਦੀ ਅਗਵਾਈ ਹੇਠ ਬਣਾਈ 10 ਮੈਂਬਰੀ ਕਮੇਟੀ ਇਸ ਪ੍ਰੋਜੈਕਟ ਦਾ ਕੰਮ ਚਲਾ ਰਹੀ ਹੈ। ਇਸ ਯਾਦਗਾਰ ਲਈ ਫਿਲਮਸਾਜ਼ ਸ਼ਿਆਮ ਬੈਨੇਗਲ ਆਜ਼ਾਦੀ ਨਾਲ ਸਬੰਧਤ ਚਾਰ ਦਸਤਾਵੇਜ਼ੀ ਫਿਲਮਾਂ ਬਣਾਉਣਗੇ। ਅੰਮ੍ਰਿਤਸਰ ਵਿਖੇ ਜੰਗੀ ਸ਼ਹੀਦਾਂ ਦੀ ਯਾਦਗਾਰ 7 ਏਕੜਾਂ ਵਿਚ ਬਣਾਈ ਜਾਵੇਗੀ। ਇਸ ਯਾਦਗਾਰ ਵਿਚ ਗੈਲਰੀਆਂ ਤੋਂ ਇਲਾਵਾ ਆਡੀਟੋਰੀਅਮ, ਲੇਜ਼ਰ ਸ਼ੋਅ ਸਹੂਲਤ ਅਤੇ ਰੈਸਟੋਰੈਂਟ ਵੀ ਹੋਣਗੇ। ਦੋ ਸਾਲਾਂ ਵਿਚ ਇਹ ਯਾਦਗਾਰ ਬਣ ਕੇ ਤਿਆਰ ਹੋ ਜਾਵੇਗੀ। ਅੰਮ੍ਰਿਤਸਰ-ਅਟਾਰੀ ਸੜਕ ਉਤੇ ਇਕ ਹੋਰ ਯਾਦਗਾਰ ਬਣੇਗੀ ਜੋ ਸਵਾਮੀ ਵਿਵੇਕਾਨੰਦ ਨਾਲ ਸਬੰਧਤ ਹੋਵੇਗੀ। ਇਸੇ ਤਰ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਖਾਟੀ ਵਿਖੇ ਭਗਵਾਨ ਪਰਸੂ ਰਾਮ ਦੀ ਯਾਦਗਾਰ ਬਣੇਗੀ।

ਇਨ੍ਹਾਂ ਤੋਂ ਇਲਾਵਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਬਾਬਾ ਜੀਵਨ ਸਿੰਘ ਦੀ ਯਾਦਗਾਰ ਦੀ ਤਜਵੀਜ਼ ਹੈ। ਇਸ ਬਾਰੇ 10 ਮੈਂਬਰੀ ਕਮੇਟੀ ਬਣ ਚੁੱਕੀ ਹੈ। ਗੁਰੂ ਰਵੀਦਾਸ ਨੂੰ ਸਮਰਪਿਤ ਯਾਦਗਾਰ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਖੁਰਾਲਗੜ੍ਹ ਵਿਖੇ ਬਣਾਈ ਜਾ ਰਹੀ ਹੈ। ਇਸ ਬਾਰੇ ਵੀ ਕਮੇਟੀ ਬਣ ਚੁੱਕੀ ਹੈ ਜਿਸ ਵਿਚ ਸੰਤ ਨਿਰਮਲ ਦਾਸ ਜੌੜਾ ਅਤੇ ਸੰਤ ਸੁਰਿੰਦਰ ਦਾਸ ਸ਼ਾਮਿਲ ਹਨ। ਸ੍ਰੀ ਆਨੰਦਪੁਰ ਸਾਹਿਬ ਵਿਖੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੀਆਂ ਯਾਦਗਾਰਾਂ ਬਣਾਉਣ ਬਾਰੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। ਇਨ੍ਹਾਂ ਯਾਦਗਾਰਾਂ ਲਈ ਸਿੱਖ ਵਿਦਵਾਨਾਂ ਅਤੇ ਹੋਰ ਸ਼ਖਸੀਅਤਾਂ ਨਾਲ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ।

# ਇਟਲੀ ਵਿਚ ਬਿਆਨ ਹੋਵੇਗਾ ਸਿੱਖ ਕਤਲੇਆਮ ਦਾ ਦਰਦ

## ਵੀਨਸ ਫਿਲਮ ਮੇਲੇ ਵਿਚ ਦਿਖਾਈ ਜਾਵੇਗੀ ਫਿਲਮ 'ਕੁਸ਼'

**ਚੰਡੀਗੜ੍ਹ:** ਮਸੂਰੀ ਵੱਸਦੇ ਨੌਜਵਾਨ ਫ਼ਿਲਮਸਾਜ਼ ਸ਼ੁਭ ਆਸ਼ੀਸ਼ ਬੁਤਿਆਨੀ ਵੱਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਬਣਾਈ 20 ਮਿੰਟਾਂ ਦੀ ਫਿਲਮ 'ਕੁਸ਼' ਸੰਸਾਰ ਦੇ ਸਭ ਤੋਂ ਪੁਰਾਣੇ ਵੀਨਸ (ਇਟਲੀ) ਫਿਲਮ ਮੇਲੇ ਵਿਚ ਦਿਖਾਈ ਜਾਵੇਗੀ। ਇਹ 70ਵਾਂ ਵੀਨਸ ਫ਼ਿਲਮ ਮੇਲਾ 28 ਅਗਸਤ ਤੋਂ 7 ਸਤੰਬਰ ਤੱਕ ਲਾਇਆ ਜਾ ਰਿਹਾ ਹੈ।

ਇਹ ਫਿਲਮ 'ਕੁਸ਼' ਹਿੰਦੀ ਵਿਚ ਬਣਾਈ ਗਈ ਹੈ ਅਤੇ ਇਹ ਫ਼ਿਲਮ ਮੇਲੇ ਦੇ 'ਹੌਰਾਈਜ਼ਨਸ' ਵਾਲੇ ਵਰਗ ਵਿਚ ਦਿਖਾਈ ਜਾ ਰਹੀ ਹੈ। ਇਸ ਫਿਲਮ ਵਿਚ ਸੋਨਿਕਾ ਚੋਪੜਾ ਅਤੇ ਸ਼ਿਆਨ ਸਮੀਰ ਨੇ ਅਹਿਮ ਭੂਮਿਕਾ ਨਿਭਾਈਆਂ ਹਨ। 22 ਸਾਲਾ ਸ਼ੁਭ ਆਸ਼ੀਸ਼ ਬੁਤਿਆਨੀ ਨੇ ਨਿਊ ਯਾਰਕ ਦੇ ਸਕੂਲ ਆਫ਼ ਵਿਜ਼ੂਅਲ ਆਰਟਸ ਤੋਂ ਗਰੈਜੂਏਸ਼ਨ ਕੀਤੀ ਹੈ।

ਇਸ ਸੰਸਥਾ ਵਿਚ ਇਹ ਫਿਲਮ ਇਸੇ ਸਾਲ ਮਈ ਮਹੀਨੇ ਦੌਰਾਨ ਦਿਖਾਈ ਗਈ ਸੀ ਅਤੇ ਇਸ ਨੇ ਆਊਟਸਟੈਂਡਿੰਗ ਫ਼ਿਲਮ ਦਾ ਖ਼ਿਤਾਬ ਜਿੱਤਿਆ। ਇਹ ਫ਼ਿਲਮ ਸੱਚੀ ਕਹਾਣੀ 'ਤੇ ਆਧਾਰਤ ਹੈ, ਜਦੋਂ 1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਇਸ ਫ਼ਿਲਮ ਵਿਚ ਇਕ ਅਧਿਆਪਕ ਵੱਲੋਂ ਇਕ ਸਿੱਖ ਬੱਚੇ ਨੂੰ ਬਚਾਉਣ ਦੀ ਕਹਾਣੀ ਬਿਆਨ ਕੀਤੀ ਗਈ।



*ਫ਼ਿਲਮਸਾਜ਼ ਸ਼ੁਭ ਆਸ਼ੀਸ਼ ਬੁਤਿਆਨੀ ਵੱਲੋਂ ਸਿੱਖ ਕਤਲੇਆਮ ਬਾਰੇ ਬਣਾਈ ਫਿਲਮ 'ਕੁਸ਼' ਦੇ ਦੋ ਦ੍ਰਿਸ਼।*

ਸ਼ੁਭ ਆਸ਼ੀਸ਼ ਬੁਤਿਆਨੀ ਦੱਸਦਾ ਹੈ ਕਿ ਇਕ ਦਿਨ ਉਸ ਦੀ ਅਰਥ ਸ਼ਾਸਤਰ ਦੀ ਅਧਿਆਪਕਾ ਨੇ ਉਨ੍ਹਾਂ ਨੂੰ ਪੜ੍ਹਾਉਂਦਿਆਂ ਇਹ ਦਰਦ ਕਹਾਣੀ ਸੁਣਾਈ। ਬੱਸ ਉਸ ਦਿਨ ਤੋਂ ਹੀ ਇਹ ਕਹਾਣੀ ਉਸ ਦੇ ਜ਼ਿਹਨ ਬੈਠ ਗਈ ਅਤੇ ਆਖਰਕਾਰ ਉਸ ਨੇ ਫ਼ਿਲਮ ਬਣਾ ਦਿੱਤੀ। ਇਹ ਫਿਲਮ ਛੋਟੇ ਬਜਟ ਦੀ ਹੈ ਅਤੇ ਇਸ ਉਤੇ ਕੁੱਲ 10 ਲੱਖ ਰੁਪਏ ਖਰਚ ਹੋਏ ਹਨ। ਇਹ ਫਿਲਮ ਮੁੰਬਈ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਫ਼ਿਲਮਾਈ ਗਈ ਹੈ।

ਵੀਨਸ ਫ਼ਿਲਮ ਮੇਲੇ ਵਿਚ ਦਾਖਲਾ ਮਿਲਣ ਬਾਰੇ ਸ਼ੁਭ ਆਸ਼ੀਸ਼ ਬੁਤਿਆਨੀ ਦੱਸਦਾ ਹੈ, "ਮੇਲੇ ਲਈ ਫ਼ਿਲਮ ਭੇਜਣ ਦਾ ਸੁਝਾਅ ਮੇਰੇ ਡੈਡੀ ਨੇ ਦਿੱਤਾ ਸੀ। ਮੈਂ ਚੁੱਪ-ਚਾਪ ਫਿਲਮ ਭੇਜ ਦਿੱਤੀ, ਪਰ ਮੈਨੂੰ ਬਹੁਤੀ ਆਸ ਨਹੀਂ ਸੀ।

ਉਂਜ ਡੇਢ ਮਹੀਨੇ ਬਾਅਦ ਸਾਨੂੰ ਇਹ ਖੁਸ਼-ਖ਼ਬਰ ਮਿਲ ਗਈ। ਬੁਤਿਆਨੀ ਹੁਣ ਆਪਣੀ ਅਗਲੀ ਨਵੀਂ ਫ਼ਿਲਮ ਦੀ ਤਿਆਰੀ ਕਰ ਰਿਹਾ ਹੈ ਜੋ ਪ੍ਰੇਮ ਕਹਾਣੀ ਹੋਵੇਗੀ, ਪਰ ਫਿਲਮ 'ਕੁਸ਼' ਉਸ ਲਈ ਬਹੁਤ ਸਪੈਸ਼ਲ ਹੈ, ਕਿਉਂਕਿ ਇਸ ਫਿਲਮ ਵਿਚ ਪੇਸ਼ ਦਰਦ ਨਾਲ ਉਸ ਸਿੱਧਾ ਜੁੜਿਆ ਹੋਇਆ ਹੈ। ਉਸ ਨੇ ਦੱਸਿਆ ਕਿ ਉਸ ਦੇ ਪਰਿਵਾਰ ਅਤੇ ਕਜ਼ਨ ਨੇ 1984 ਦਾ ਉਹ ਦੁਖ਼ਾਂਤ ਅੱਖੀਂ ਦੇਖਿਆ ਹੈ। ਉਸ ਤੋਂ ਬਾਅਦ ਜਦੋਂ ਉਸ ਦੀ ਅਧਿਆਪਕਾ ਨੇ ਕਹਾਣੀ ਸੁਣਾਈ ਤਾਂ ਇਹ ਦਰਦ ਦੂਣਾ-ਚੌਣਾ ਹੋ ਗਿਆ ਅਤੇ ਦੇ ਜ਼ਿਹਨ ਵਿਚ ਫਿਲਮ ਬਣਨੀ ਆਰੰਭ ਹੋ ਗਈ।

# ਫਰਜ਼ੀ ਪੁਲਿਸ ਮੁਕਾਬਲਿਆਂ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ

**ਪਟਿਆਲਾ:** ਪੰਜਾਬ ਵਿਚ ਖਾੜਕੂਵਾਦ ਦੇ ਦੌਰ ਸਮੇਂ ਪੰਜਾਬ ਪੁਲਿਸ ਵੱਲੋਂ ਘਰਾਂ ਵਿਚੋਂ ਚੁੱਕ ਕੇ ਮਾਰੇ ਗਏ ਸੈਂਕੜੇ ਬੇਦੋਸ਼ੇ ਨੌਜਵਾਨਾਂ ਦੇ ਮਾਮਲੇ ਇਕ-ਇਕ ਕਰਕੇ ਮੁੜ ਸਾਹਮਣੇ ਆਉਣ ਲੱਗੇ ਹਨ। ਪੰਜਾਬ ਪੁਲਿਸ ਦੇ ਹੀ ਦੋ ਕਰਮਚਾਰੀਆਂ ਵੱਲੋਂ ਕੀਤੇ ਅਹਿਮ ਖੁਲਾਸਿਆਂ ਤੋਂ ਬਾਅਦ ਸਿੱਖ ਜਥੇਬੰਦੀਆਂ ਵੱਲੋਂ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਜਾ ਰਹੀ ਹੈ ਪਰ ਸੱਤਾ 'ਤੇ ਕਾਬਜ਼ ਅਕਾਲੀ ਇਸ ਬਾਰੇ ਖਾਮੋਸ਼ ਹਨ।

ਅਜਿਹੇ ਮਾਮਲਿਆਂ ਬਾਰੇ ਆਰ.ਟੀ.ਆਈ. ਵਰਕਰ ਤੇ ਸਮਾਜ ਸੇਵੀ ਬ੍ਰਿਸ਼ ਭਾਨ ਬੁਜਰਕ ਨੇ ਆਪਣੇ ਪੱਧਰ 'ਤੇ ਤੱਥ ਇਕੱਠੇ ਕਰ ਰਹੇ ਹਨ। ਸ੍ਰੀ ਬੁਜਰਕ ਨੇ ਕਿਹਾ ਕਿ ਦੇਸ਼ ਦੇ 10 ਸੂਬਿਆਂ ਅੰਦਰ ਪਿਛਲੇ ਚਾਰ ਸਾਲਾਂ ਦੌਰਾਨ 555 ਫ਼ਰਜ਼ੀ ਪੁਲਿਸ ਮੁਕਾਬਲਿਆਂ ਬਾਰੇ ਕੇਸ ਦਰਜ ਹੋਏ ਪਰ ਪੰਜਾਬ ਵਿਚ ਹੋਏ ਸੈਂਕੜੇ ਫ਼ਰਜ਼ੀ ਪੁਲਿਸ ਮੁਕਾਬਲਿਆਂ ਵਿਚੋਂ ਇਕਾ ਦੁਕਾ ਮਾਮਲੇ ਹੀ ਦਰਜ ਹੋਏ ਹਨ। ਜੇਕਰ ਪੰਜਾਬ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆਂਦਾ ਜਾਵੇ ਤਾਂ ਪਤਾ ਲੱਗੇਗਾ ਕਿ ਪੁਲਿਸ ਨੇ ਬਹੁਗਿਣਤੀ ਅਜਿਹੇ ਨੌਜਵਾਨਾਂ ਨੂੰ ਮਾਰਿਆ ਹੈ ਜਿਹੜੇ ਅਜੇ ਜਵਾਨੀ ਵਿਚ ਪੈਰ ਹੀ ਧਰ ਰਹੇ ਸਨ।

ਉਨ੍ਹਾਂ ਦੱਸਿਆ ਕਿ ਪੰਦਰਾਂ ਕੁ ਸਾਲ ਦੀ ਉਮਰ ਵਿਚ 21 ਜੂਨ, 1992 ਨੂੰ ਪਿੰਡ ਕੁਲਾਰਾਂ ਤਹਿਸੀਲ ਸਮਾਣਾ ਦਾ ਰਹਿਣ ਵਾਲਾ ਕਸ਼ਮੀਰ ਸਿੰਘ ਭਵਾਨੀਗੜ੍ਹ ਨੇੜੇ ਪੈਂਦੇ ਪਿੰਡ ਕਿਸ਼ਨਪੁਰਾ ਵਿਚ ਆਪਣੀ ਭੈਣ ਨੂੰ ਮਿਲਣ ਗਿਆ ਸੀ। ਉਸ ਨਾਲ ਉਸ ਦੀ ਭੂਆ ਦਾ ਲੜਕਾ ਕੁਲਵੰਤ ਸਿੰਘ ਪੁੱਤਰ ਹੰਸਾ ਸਿੰਘ (17) ਪਿੰਡ ਮਾਜਰੀ ਵੀ ਚਲਾ ਗਿਆ। ਪੁਲਿਸ ਨੇ ਦੋਵਾਂ ਲੜਕਿਆਂ ਨੂੰ ਪੁੱਛ-ਪੜਤਾਲ ਦੇ ਬਹਾਨੇ ਪਿੰਡ ਕਿਸ਼ਨਪੁਰਾ ਵਿਚੋਂ ਚੁੱਕ ਲਿਆ। ਉਸ ਤੋਂ ਬਾਅਦ ਅੱਜ ਤਕ ਦੋਵਾਂ ਦਾ ਕੁਝ ਪਤਾ ਨਹੀਂ ਲੱਗਿਆ। ਇਸ ਤੋਂ ਇਲਾਵਾ ਪਿੰਡ ਕੁਲਾਰਾਂ ਦੇ ਖਾੜਕੂ ਸੁਖਰਾਮ ਸਿੰਘ ਉਰਫ ਸੁੱਖੀ ਦੀ ਮਾਤਾ ਬਚਨ ਕੌਰ ਪਤਨੀ ਜੈਮਲ ਸਿੰਘ ਨੂੰ ਵੀ ਪੁਲਿਸ ਘਰੋਂ ਚੁੱਕ ਕੇ ਲੈ ਗਈ ਤੇ ਪਿੰਡ ਦੇ ਬਾਹਰਵਾਰ ਗੋਲੀਆਂ ਚੱਲਣ ਦੀ ਆਵਾਜ਼ ਆਈ। ਉਸ ਤੋਂ ਬਾਅਦ ਪਤਾ ਨਹੀਂ ਲੱਗਿਆ ਕਿ ਉਹ ਕਿਥੇ ਗਈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸੰਗਰੂਰ ਦੇ ਪਿੰਡ ਕੜੈਲ ਦੇ ਰਹਿਣ ਵਾਲੇ ਰਣਜੀਤ ਸਿੰਘ (40) ਨੂੰ ਵੀ ਪੁਲਿਸ ਨੇ ਖਾੜਕੂਵਾਦ ਦੌਰਾਨ ਗ਼ਾਇਬ ਕਰ ਦਿੱਤਾ। ਸਬ ਡਿਵੀਜ਼ਨ ਪਾਤੜਾਂ ਦੇ ਪਿੰਡ ਸ਼ੁਤਰਾਣਾ ਵਿਚੋਂ ਗ਼ਾਇਬ ਹੋਏ ਅਮਰੀਕ ਸਿੰਘ, ਨਛੱਤਰ ਸਿੰਘ, ਕਸ਼ਮੀਰ ਸਿੰਘ ਤੇ ਲਾਲ ਸਿੰਘ ਦਾ ਵੀ ਅੱਜ ਤਕ ਕੋਈ ਪਤਾ ਨਹੀਂ ਲੱਗਿਆ। ਅਮਰੀਕ ਸਿੰਘ ਗਦਈਆ ਨੂੰ ਵੀ ਪੁੱਛ-ਪੜਤਾਲ ਵਾਸਤੇ ਘਰੋਂ ਚੁੱਕਿਆ ਗਿਆ।

ਉਸ ਤੋਂ ਬਾਅਦ ਅਮਰੀਕ ਸਿੰਘ, ਸੁੱਖਾ ਸਿੰਘ ਤੇ ਤਰਨ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰਦੇ ਸਮੇਂ ਹਥਕੜੀਆਂ ਸਮੇਤ ਫਰਾਰ ਹੋਏ ਵਿਖਾ ਦਿੱਤਾ ਗਿਆ। ਸ਼ੁਤਰਾਣੇ ਤੋਂ ਥੋੜੀ ਦੂਰ ਪੈਂਦੇ ਪਿੰਡ ਕਰਤਾਰਪੁਰ ਦਾ ਬਲਦੇਵ ਸਿੰਘ ਜਿਹੜਾ ਨਾਈਵਾਲੇ ਪਿੰਡ ਦੇ ਗੁਰਦੁਆਰੇ ਵਿਚ ਪਾਠੀ ਸੀ। ਉਹ 1991 ਵਿਚ ਲੋਹੜੀ ਦੀ ਰਾਤ ਨੂੰ ਅਚਾਨਕ ਗ਼ਾਇਬ ਹੋ ਗਿਆ, ਜਿਹੜਾ ਅਜੇ ਤਕ ਨਹੀਂ ਮੁੜਿਆ। 20 ਦਸੰਬਰ, 1992 ਦੀ ਰਾਤ ਨੂੰ ਪਿੰਡ ਬਖਤੜੀ ਦੇ ਦੋ ਨੌਜਵਾਨਾਂ ਨੂੰ ਵੀ ਚੁੱਕਿਆ ਗਿਆ ਸੀ ਜਿਨ੍ਹਾਂ ਦਾ ਅਜੇ ਤਕ ਕੋਈ ਪਤਾ ਨਹੀਂ ਲੱਗਿਆ। ਆਰ.ਟੀ.ਆਈ. ਕਾਰਕੁਨ ਬੁਜਰਕ ਨੇ ਕਿਹਾ ਕਿ ਉਹ ਅਜਿਹੇ ਮਾਮਲਿਆਂ ਬਾਰੇ ਆਪਣੇ ਪੱਧਰ 'ਤੇ ਤੱਥ ਇਕੱਠੇ ਕਰ ਰਹੇ ਹਨ ਤਾਂ ਕਿ ਇਕ ਦਸਤਾਵੇਜ਼ ਬਣਾਇਆ ਜਾ ਸਕੇ। ਇਸ ਪ੍ਰਾਜੈਕਟ ਨੂੰ ਪੂਰ ਚਾੜ੍ਹਨ ਲਈ ਉਨ੍ਹਾਂ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ।




## ਦਮਦਮੀ ਟਕਸਾਲ ਬਾਦਲ ਦੀ ਖਾਮੋਸ਼ੀ ਤੋਂ ਖ਼ਫ਼ਾ

**ਜਲੰਧਰ:** ਦਮਦਮੀ ਟਕਸਾਲ ਨੇ ਪੰਜਾਬ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਧਾਰੀ ਚੁੱਪ 'ਤੇ ਡੂੰਘਾ ਦੁੱਖ ਪ੍ਰਗਟਾਉਂਦਿਆ ਮੰਗ ਕੀਤੀ ਹੈ ਕਿ ਸੂਬੇ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆਂਦਾ ਜਾਵੇ। ਦਮਦਮੀ ਟਕਸਾਲ ਦੇ ਮੁਖੀ ਤੇ ਗੁਰਮਿਤ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਪ੍ਰਧਾਨ ਸੰਤ ਹਰਨਾਮ ਸਿੰਘ ਖਾਲਸਾ ਭਿੰਡਰਾਵਾਲਿਆਂ ਨੇ ਕਿਹਾ ਹੈ ਕਿ ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲੇ ਕਰਵਾਉਣ ਵਾਲਿਆਂ 'ਤੇ ਗੁਜਰਾਤ ਦੀ ਇਸ਼ਰਤ ਜਹਾਂ ਦੇ ਮਾਮਲੇ ਵਾਂਗ ਹੀ ਕੇਸ ਦਰਜ ਕੀਤੇ ਜਾਣ।

ਸ਼੍ਰੋਮਣੀ ਅਕਾਲੀ ਦਲ ਦਾ ਵਿਧਾਨ ਸਭਾ ਚੋਣਾਂ ਵਿਚ ਤੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਾਥ ਦੇਣ ਵਾਲੀ ਦਮਦਮੀ ਟਕਸਾਲ ਨੇ ਝੂਠੇ ਪੁਲਿਸ ਮੁਕਾਬਲਿਆਂ ਦੇ ਮਾਮਲੇ ਵਿਚ ਪਹਿਲੀ ਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਬੁਰੀ ਤਰ੍ਹਾਂ ਘੇਰਿਆ ਹੈ। ਜਥੇਬੰਦੀ ਵੱਲੋਂ ਜਾਰੀ ਕੀਤੇ ਗਏ ਬਿਆਨ ਵਿਚ ਤਾਂ ਇੱਥੋਂ ਤੱਕ ਕਿਹਾ ਗਿਆ ਹੈ ਕਿ ਅੰਗਰੇਜ਼ਾਂ ਨੂੰ ਵੀ ਜਲ੍ਹਿਆਂਵਾਲੇ ਬਾਗ਼ ਵਿਚ ਕੀਤੇ ਗਏ ਕਤਲੇਆਮ ਦੀ ਵੀ ਜਾਂਚ ਕਰਾਉਣੀ ਪਈ ਸੀ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਕੇ ਪੰਜਾਬ ਵਿਚ ਹੋਏ ਝੂਠੇ ਪੁਲੀਸ ਮੁਕਾਬਲਿਆਂ ਦੀ ਜਾਂਚ ਕਰਾਉਣ ਦੀ ਮੰਗ ਕਰਨਗੇ।

ਸੰਤ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਦਮਦਮੀ ਟਕਸਾਲ ਪਹਿਲਾਂ ਵੀ ਕਈ ਵਾਰ ਪੰਜਾਬ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆਉਣ ਲਈ ਆਵਾਜ਼ ਬੁਲੰਦ ਕਰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੀ ਸਾਬਕਾ ਮੁਲਾਜ਼ਮਾਂ ਥਾਣੇਦਾਰ ਸੁਰਜੀਤ ਸਿੰਘ, ਕਸ਼ਮੀਰ ਸਿੰਘ ਤੇ ਸਤਵੰਤ ਸਿੰਘ ਮਾਣਕ ਤੇ ਹੋਰ ਪੁਲਿਸ ਮੁਲਾਜ਼ਮਾਂ ਨੇ ਇਨ੍ਹਾਂ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆਂਦਾ ਹੈ ਤਾਂ ਇਸ ਦੀ ਉਚ ਪੱਧਰੀ ਜਾਂਚ ਕਰਵਾਉਣੀ ਬਣਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪੰਥਕ ਅਖਵਾਉਂਦੀ ਸੂਬਾ ਸਰਕਾਰ ਨੇ ਇਸ ਗੰਭੀਰ ਮਾਮਲੇ 'ਤੇ ਚੁੱਪ ਧਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਉੱਚ ਪੱਧਰੀ ਅਦਾਲਤੀ ਕਮਿਸ਼ਨ ਜਾਂ ਉਚ ਪੱਧਰੀ ਅਦਾਲਤ ਵੱਲੋਂ ਗਠਿਤ ਕੀਤੀ ਉਚ ਪੱਧਰੀ ਪੜਤਾਲੀਆ ਟੀਮ ਤੋਂ ਸਮਾਂਬੱਧ ਜਾਂਚ ਕਰਵਾਈ ਜਾਵੇ।

ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ ਤੇ ਸੰਤ ਸਮਾਜ ਨਾਲ ਜੁੜੇ ਹੋਰ ਸੰਤ ਮਹਾਂਪੁਰਸ਼ਾਂ ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ, ਸੰਤ ਲਖਵੀਰ ਸਿੰਘ ਜੀ ਰੱਤੇਵਾੜੇ ਵਾਲੇ, ਸੰਤ ਬੂਟਾ ਸਿੰਘ ਜੀ ਗੁੜਥਲੀ, ਸੰਤ ਮੇਜਰ ਸਿੰਘ ਵਾਂ, ਸੰਤ ਲੱਖਾ ਸਿੰਘ ਜੀ ਰਾਮਥੰਮਣ ਤੇ ਸੰਤ ਚਰਨਜੀਤ ਸਿੰਘ ਜੀ ਜੱਸੋਵਾਲ ਤੇ ਹੋਰ ਸੰਤਾਂ ਨੇ ਵੀ ਇਸ ਮੰਗ ਦੀ ਪ੍ਰੋੜਤਾ ਕੀਤੀ ਹੈ।

# ਕੇਂਦਰੀ ਸਿੱਖ ਅਜਾਇਬ ਘਰ ਦੀ ਹੋਵੇਗੀ ਕਾਇਆ ਕਲਪ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਦਾ ਨਵੀਨੀਕਰਨ ਕਰਕੇ ਇਸ ਨੂੰ ਆਧੁਨਿਕ ਬਣਾਉਣ ਦੀ ਯੋਜਨਾ ਬਾਰੇ ਮਾਹਰਾਂ ਨੇ ਮੌਜੂਦਾ ਸਥਿਤੀ ਦਾ ਜਾਇਜ਼ਾ ਲਿਆ। ਮਾਹਰਾਂ ਦੀ ਟੀਮ ਵਿਚ ਨੈਸ਼ਨਲ ਮਿਊਜ਼ੀਅਮ ਨਵੀਂ ਦਿੱਲੀ ਦੇ ਰੱਖ ਰਖਾਵ (ਕੰਜਰਵੇਸ਼ਨ) ਬਾਰੇ ਸਾਬਕਾ ਡਾਇਰੈਕਟਰ ਐਸ.ਪੀ. ਸਿੰਘ, ਕੋਲਕਾਤਾ ਤੋਂ ਰੂਪੰਜਨ ਬਿਸਵਾਸ ਤੇ ਹੋਰ ਸ਼ਾਮਲ ਸਨ। ਇਨ੍ਹਾਂ ਨੇ ਕੇਂਦਰੀ ਸਿੱਖ ਅਜਾਇਬ ਘਰ ਦਾ ਜਾਇਜ਼ਾ ਲੈਣ ਮਗਰੋਂ ਇਥੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਸਿੰਘ ਸਾਹਿਬਾਨ ਨਾਲ ਮੀਟਿੰਗ ਵੀ ਕੀਤੀ।

ਸਥਿਤੀ ਦਾ ਜਾਇਜ਼ਾ ਲੈਣ ਮਗਰੋਂ ਮਾਹਰਾਂ ਨੇ ਸੁਝਾਅ ਦਿੱਤਾ ਹੈ ਕਿ ਕੇਂਦਰੀ ਸਿੱਖ ਅਜਾਇਬ ਘਰ ਦਾ ਨਵੀਨੀਕਰਨ ਕਰਨਾ ਜ਼ਰੂਰੀ ਹੈ। ਇਸ ਵੇਲੇ ਸੈਲਾਨੀਆਂ ਦੇ ਆਉਣ ਵਾਸਤੇ ਬਣੀਆਂ ਪੌੜੀਆਂ ਛੋਟੀਆਂ ਤੇ ਤੰਗ ਹਨ। ਮਾਹਰਾਂ ਨੇ ਸੁਝਾਅ ਦਿੱਤਾ ਕਿ ਇਸ ਨੂੰ ਵਾਤਾਨੁਕੂਲਤ ਕੀਤਾ ਜਾਵੇ, ਇਸ ਦੇ ਅੰਦਰ ਰੌਸ਼ਨੀ ਤੇ ਆਵਾਜ਼ ਦਾ ਵੀ ਪ੍ਰਬੰਧ ਕੀਤਾ ਜਾਵੇ, ਬਜ਼ੁਰਗਾਂ ਦੇ ਆਉਣ ਵਾਸਤੇ ਲਿਫਟ ਦਾ ਪ੍ਰਬੰਧ ਕੀਤਾ ਜਾਵੇ, ਅਜਾਇਬ ਘਰ ਵਿਚ ਰੱਖੀਆਂ ਤਸਵੀਰਾਂ ਤੇ ਹੋਰ ਵਸਤਾਂ ਦੀ ਦਰਜਾਬੰਦੀ ਕਰਕੇ ਇਨ੍ਹਾਂ ਦੀ ਸਾਂਭ ਸੰਭਾਲ ਤੇ ਪ੍ਰਦਰਸ਼ਨ ਦਾ ਪ੍ਰਬੰਧ ਕੀਤਾ ਜਾਵੇ।

ਮਾਹਰਾਂ ਵੱਲੋਂ ਇਸ ਬਾਰੇ ਰਿਪੋਰਟ ਤਿਆਰ ਕਰਕੇ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਜਾਵੇਗੀ ਜਿਸ ਦੇ ਆਧਾਰ 'ਤੇ ਕੇਂਦਰੀ ਸਿੱਖ ਅਜਾਇਬ ਘਰ ਦਾ ਨਵੀਨੀਕਰਨ ਹੋਵੇਗਾ। ਇਹ ਅਜਾਇਬ ਘਰ ਇਸ ਵੇਲੇ ਘੰਟਾ ਘਰ ਦੀ ਉਪਰਲੀ ਮੰਜ਼ਲ 'ਤੇ ਬਣਿਆ ਹੋਇਆ ਹੈ ਜਿਸ ਵਿਚ ਸਿੱਖ ਗੁਰੂਆਂ, ਜਰਨੈਲਾਂ, ਸ਼ਹੀਦਾਂ ਦੀਆਂ ਤਸਵੀਰਾਂ, ਅਸਤਰ ਸ਼ਸ਼ਤਰ, ਖਰੜੇ ਤੇ ਹੋਰ ਬਹੁਮੁੱਲਾ ਸਾਮਾਨ ਹੈ।

# ਗੁਰੂਆਂ ਦੀਆਂ ਤਸਵੀਰਾਂ ਦੀ ਬੇਅਦਬੀ ਦਾ ਮੁੱਦਾ ਭਖਿਆ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਫੇਸਬੁੱਕ ਸਮੇਤ ਹੋਰ ਸੋਸ਼ਲ ਸਾਈਟਾਂ 'ਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਤੇ ਗੁਰਬਾਣੀ ਦੀਆਂ ਤੁੱਕਾਂ ਨਾਲ

### *ਸਿੰਘ ਸਾਹਿਬ ਵੱਲੋਂ ਸਿੱਖ ਵਿਦਵਾਨਾਂ ਨਾਲ ਵਿਚਾਰਾਂ*

ਛੇੜਛਾੜ ਕਰਕੇ ਸਿੱਖ ਭਾਵਨਾਵਾਂ ਨੂੰ ਭੜਕਾਉਣ ਦੀਆਂ ਕਾਰਵਾਈਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਇਨ੍ਹਾਂ ਮਾਮਲਿਆਂ ਨੂੰ ਵਿਚਾਰਨ ਲਈ ਸਿੱਖ ਵਿਦਵਾਨਾਂ ਦੀ ਸਲਾਹਕਾਰ ਕਮੇਟੀ ਨਾਲ ਮੀਟਿੰਗ ਕੀਤੀ।

ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਫੇਸਬੁੱਕ 'ਤੇ ਸ੍ਰੀ ਗੁਰੂ ਨਾਨਕ ਦੇਵ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਤਸਵੀਰਾਂ ਨਾਲ ਛੇੜਛਾੜ ਦਾ ਮਾਮਲਾ




ਸਾਹਮਣੇ ਆਇਆ ਹੈ, ਜਿਸ ਨੂੰ ਲੈ ਕੇ ਸਿੱਖ ਭਾਈਚਾਰੇ ਵੱਲੋਂ ਸਖ਼ਤ ਰੋਹ ਦਾ ਪ੍ਰਗਟਾਵਾ ਕੀਤਾ ਗਿਆ। ਇਸ ਦਾ ਭਾਵੇਂ ਸ਼੍ਰੋਮਣੀ ਕਮੇਟੀ ਨੇ ਵੀ ਸਖ਼ਤ ਨੋਟਿਸ ਲਿਆ ਹੈ ਪਰ ਇਸ ਮਾਮਲੇ ਵਿਚ ਹੋਰ ਵੀ ਕਾਫੀ ਕੁਝ ਕਰਨ ਦੀ ਲੋੜ ਹੈ।

ਇਸੇ ਮੁੱਦੇ ਨੂੰ ਲੈ ਕੇ ਸਿੱਖ ਵਿਦਵਾਨਾਂ ਦੀ ਸਲਾਹਕਾਰ ਕਮੇਟੀ ਦੀ ਹੋਈ ਮੀਟਿੰਗ ਵਿਚ ਖਾਲਸਾ ਕਾਲਜ ਦੇ ਪ੍ਰਿੰਸੀਪਲ ਤੇ ਉੱਘੇ ਕਾਨੂੰਨ ਮਾਹਰ ਡਾ. ਦਲਜੀਤ ਸਿੰਘ ਨੇ ਆਖਿਆ ਕਿ ਸਿੱਖ ਜਗਤ ਨੂੰ ਗਿਆਨ ਵਿਗਿਆਨ ਦੀਆਂ ਆਧੁਨਿਕ ਤਕਨੀਕਾਂ ਤੋਂ ਜਾਣੂ ਹੋਣ ਦੀ ਲੋੜ ਹੈ ਤੇ ਖਾਸ ਕਰਕੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਇਸ ਬਾਰੇ ਇਕ ਸਾਈਬਰ ਸੈੱਲ ਸਥਾਪਤ ਕਰੇ ਜਿਸ ਵਿਚ ਕੰਪਿਊਟਰ ਵਿਗਿਆਨ ਨਾਲ ਜੁੜੇ ਮਾਹਰਾਂ ਨੂੰ ਭਰਤੀ ਕੀਤਾ ਜਾਵੇ। ਜੋ ਸਾਈਬਰ ਅਪਰਾਧ ਨਾਲ ਜੁੜੀਆਂ ਇਨ੍ਹਾਂ ਗਤੀਵਿਧੀਆਂ ਦੀ ਤਹਿ ਤੱਕ ਜਾਣ।

ਇਨ੍ਹਾਂ ਦੀ ਜਾਂਚ ਕਰਨ ਮਗਰੋਂ ਇਹ ਮਾਮਲੇ ਪੰਜਾਬ ਸਰਕਾਰ ਤੱਕ ਅਗਲੀ ਕਾਰਵਾਈ ਲਈ ਪੁੱਜਦੇ ਕੀਤੇ ਜਾਣ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ। ਇਸ ਬਾਰੇ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਪਹਿਲਾਂ ਸਾਹਮਣੇ ਆਈਆਂ ਦੋ ਘਟਨਾਵਾਂ ਬਾਰੇ ਕਾਰਵਾਈ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਹੈ।

ਸਿੱਖ ਵਿਦਵਾਨ ਡਾ. ਦਲਜੀਤ ਸਿੰਘ ਵੱਲੋਂ ਦਿੱਤੇ ਗਏ ਸੁਝਾਅ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ ਤੇ ਪ੍ਰਵਾਨਗੀ ਹੋਣ 'ਤੇ ਸ਼੍ਰੋਮਣੀ ਕਮੇਟੀ ਕੋਲ ਅਗਲੀ ਕਾਰਵਾਈ ਲਈ ਭੇਜਿਆ ਜਾਵੇਗਾ।

ਇਸ ਦੌਰਾਨ ਮਾਲੇਰਕੋਟਲਾ ਤੋਂ ਆਏ ਮੁਸਲਮਾਨ ਭਾਈਚਾਰੇ ਦੇ ਇਕ ਵਫਦ ਨੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ ਤੇ ਦਾਅਵਾ ਕੀਤਾ ਕਿ ਉਥੇ ਕੋਈ ਧਰਮ ਪਰਿਵਰਤਨ ਨਹੀਂ ਹੋਇਆ ਹੈ ਸਗੋਂ ਦੇਸ਼ ਵੰਡ ਵੇਲੇ ਇਥੇ ਰਹਿ ਗਏ ਕਈ ਮੁਸਲਮਾਨ ਉਸ ਵੇਲੇ ਸਿੱਖ ਬਣ ਗਏ ਸਨ। ਇਹੀ ਵਿਅਕਤੀ ਹੁਣ ਆਪਣੇ ਮੁਸਲਮ ਧਰਮ ਵਿਚ ਪਰਤੇ ਹਨ। ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਂਚ ਵੀ ਕਰਾਈ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਫੈਡਰੇਸ਼ਨ ਪੀਰ ਮੁਹੰਮਦ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਤੇ ਹੋਰ ਸਿੱਖ ਜਥੇਬੰਦੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮੰਗ ਪੱਤਰ ਦੇ ਕੇ ਦੋਸ਼ ਲਾਇਆ ਸੀ ਕਿ ਮਾਲੇਰਕੋਟਲਾ ਵਿਚ ਸਿੱਖ ਵਿਅਕਤੀਆਂ ਨੂੰ ਜਬਰੀ ਧਰਮ ਪਰਿਵਰਤਨ ਕਰਕੇ ਮੁਸਲਮਾਨ ਬਣਾਇਆ ਜਾ ਰਿਹਾ ਹੈ।

# ਹਰਿਮੰਦਰ ਸਾਹਿਬ ਦੇ ਅੰਦਰ ਕਾਰ ਸੇਵਾ ਅਗਲੇ ਮਹੀਨੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਸੱਚਖੰਡ ਅੰਦਰ ਛੱਤ, ਕੰਧਾਂ ਤੇ ਦਰਵਾਜ਼ਿਆਂ ਦੀਆਂ ਡਾਟਾਂ ਉਪਰ ਤਕਰੀਬਨ ਡੇਢ ਸਦੀ ਪਹਿਲਾਂ ਹੋਇਆ ਸੋਨੇ ਦਾ ਕੰਮ, ਨਕਾਸ਼ੀ ਤੇ ਜੜ੍ਹਤਕਾਰੀ ਦੇ ਕੰਮ ਵਿਚ ਆ ਰਹੀ ਖ਼ਰਾਬੀ ਨੂੰ ਠੀਕ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਤੋਂ ਬਾਅਦ ਪਹਿਲੀ ਵਾਰ ਕਾਰ ਸੇਵਾ ਰਾਹੀਂ ਮੁਰੰਮਤ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਹੈ ਤੇ ਇਹ ਕਾਰ ਸੇਵਾ 18 ਅਗਸਤ ਨੂੰ ਆਰੰਭ ਹੋਵੇਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਅੰਦਰ ਕਾਰ ਸੇਵਾ ਦੌਰਾਨ ਚਲਦੇ ਕੀਰਤਨ ਦੀ ਮਰਿਆਦਾ ਨੂੰ ਕਾਇਮ ਰੱਖਿਆ ਜਾਵੇਗਾ ਤੇ ਇਸ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਹੀਂ ਪਵੇਗਾ। ਕਾਰ ਸੇਵਾ ਦੌਰਾਨ ਇਕ-ਇਕ ਸੋਨੇ ਦਾ ਪੱਤਰਾ ਉਤਾਰਿਆ ਜਾਵੇਗਾ ਤੇ ਮੁਰੰਮਤ ਹੋਣ ਮਗਰੋਂ ਉਸ ਨੂੰ ਦੁਬਾਰਾ ਉਸੇ ਥਾਂ 'ਤੇ ਲਾ ਕੇ ਹੀ ਅਗਲਾ ਪੱਤਰਾ ਉਤਾਰਿਆ ਜਾਵੇਗਾ। ਉਕਤ ਸਾਰੇ ਕੰਮ ਦੀ ਸੇਵਾ ਤੋਂ ਪਹਿਲਾਂ ਵੀਡੀਓਗ੍ਰਾਫੀ ਤੇ ਫੋਟੋਗ੍ਰਾਫੀ ਕਰਵਾਈ ਜਾਵੇਗੀ।

### ਸੋਨੇ ਦੇ 15 ਫੀਸਦੀ ਪੱਤਰੇ ਨਵੇਂ ਲੱਗਣਗੇ



ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਪਾਸ ਕੀਤੇ ਗਏ ਮਤੇ ਰਾਹੀਂ ਇਹ ਕਾਰ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ ਤੇ ਇਸ ਨੂੰ ਅਗਸਤ ਵਿਚ ਆਰੰਭ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਮੁਤਾਬਕ ਸੱਚਖੰਡ ਵਿਖੇ ਤਕਰੀਬਨ 40 ਫ਼ੀਸਦੀ ਸੋਨੇ ਦੇ ਪੱਤਰਿਆਂ ਦਾ ਰੰਗ ਪ੍ਰਭਾਵਿਤ ਹੋਇਆ ਹੈ। ਇਹ ਪੱਤਰੇ ਆਪਣੀ ਚਮਕ ਛੱਡ ਕੇ ਕਾਲੇ ਹੋ ਗਏ ਹਨ ਤੇ ਕਈ ਪੱਤਰੇ ਉਖੜ ਰਹੇ ਹਨ। ਹੁਣ ਕਾਰ ਸੇਵਾ ਰਾਹੀਂ ਪ੍ਰਭਾਵਿਤ ਪੱਤਰਿਆਂ 'ਤੇ ਮੁੜ ਸੋਨਾ ਚੜ੍ਹਾਇਆ ਜਾਵੇਗਾ।

ਕਾਰ ਸੇਵਾ ਦੌਰਾਨ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ ਕਿ ਸੱਚਖੰਡ ਵਿਖੇ ਹੋਏ ਕਲਾ ਦੇ ਇਸ ਵਿਸ਼ੇਸ਼ ਕੰਮ ਦੀ ਅਸਲੀਅਤ ਨੂੰ ਬਰਕਰਾਰ ਰੱਖਿਆ ਜਾਵੇ। ਇਸ ਲਈ ਸਿਰਫ ਉਹੀ ਪੱਤਰ ਨਵੇਂ ਲਾਏ ਜਾਣਗੇ ਜੋ ਬਿਲਕੁਲ ਗਲ ਚੁੱਕੇ ਹਨ ਤੇ ਉਨ੍ਹਾਂ ਨੂੰ ਬਦਲੇ ਬਿਨਾਂ ਗੁਜ਼ਾਰਾ ਨਹੀਂ ਹੈ। ਅਜਿਹੇ ਪੱਤਰੇ ਸਿਰਫ਼ 15 ਫੀਸਦੀ ਹਨ ਤੇ 85 ਫੀਸਦੀ ਪੱਤਰੇ ਠੀਕ ਹਨ। ਬਾਕੀ ਖ਼ਰਾਬ ਹੋਏ ਪੱਤਰਿਆਂ ਤੋਂ ਸੋਨਾ ਉਤਾਰਨ ਮਗਰੋਂ ਮੁੜ ਉਸੇ ਪੱਤਰੇ 'ਤੇ ਹੀ ਨਵੇਂ ਸੋਨੇ ਦੀਆਂ ਪਰਤਾਂ ਚੜ੍ਹਾਈਆਂ ਜਾਣਗੀਆਂ।

ਇਹ ਪਰਤਾਂ ਚੜ੍ਹਾਉਣ ਸਮੇਂ ਮਾਹਰਾਂ ਦੀ ਨਿਗਰਾਨੀ ਹੇਠ ਕੰਮ ਹੋਵੇਗਾ ਤੇ ਧਿਆਨ ਰੱਖਿਆ ਜਾਵੇਗਾ ਕਿ ਪਰਤਾਂ ਚੜ੍ਹਾਉਣ ਸਮੇਂ ਪਾਰੇ ਨੂੰ ਚੰਗੀ ਤਰ੍ਹਾਂ ਸਾੜ ਲਿਆ ਜਾਵੇ ਤਾਂ ਜੋ ਭਵਿੱਖ ਵਿਚ ਸੋਨੇ ਦੇ ਰੰਗ ਤੇ ਚਮਕ 'ਤੇ ਕੋਈ ਪ੍ਰਭਾਵ ਨਾ ਪਵੇ। ਇਸੇ ਤਰ੍ਹਾਂ ਨਕਾਸ਼ੀ ਦਾ ਵੀ ਸਿਰਫ਼ ਉਹੀ ਕੰਮ ਨਵੇਂ ਸਿਰਿਓਂ ਕੀਤਾ ਜਾਵੇਗਾ ਜੋ ਬਿਲਕੁਲ ਖ਼ਤਮ ਹੋ ਚੁੱਕਿਆ ਹੈ ਜਦਕਿ ਬਾਕੀ ਕੰਮ ਦੀ ਅਸਲੀਅਤ ਨੂੰ ਕਾਇਮ ਰੱਖਦਿਆਂ ਉਸ ਉਪਰ ਹੀ ਦੁਬਾਰਾ ਨਕਾਸ਼ੀ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਮੁੱਖ ਇਮਾਰਤ ਦੇ ਬਾਹਰਲੇ ਪਾਸੇ ਲੱਗੇ ਸੋਨੇ ਦੀ ਪਹਿਲੀ ਕਾਰ ਸੇਵਾ 1995 ਵਿਚ ਨਿਸ਼ਕਾਮ ਸੇਵਕ ਜੱਥਾ ਬਰਮਿੰਘਮ ਵੱਲੋਂ ਕੀਤੀ ਗਈ ਸੀ ਤੇ ਇਹ ਕਾਰ ਸੇਵਾ 1999 ਵਿਚ ਮੁਕੰਮਲ ਹੋਈ ਸੀ। ਉਸ ਵੇਲੇ ਸ਼੍ਰੋਮਣੀ ਕਮੇਟੀ ਨੇ ਇਮਾਰਤ ਦੇ ਅੰਦਰ ਤੇ ਬਾਹਰ ਦੋਵੇਂ ਪਾਸੇ ਕਾਰ ਸੇਵਾ ਕਰਾਉਣ ਦਾ ਫ਼ੈਸਲਾ ਕੀਤਾ ਸੀ ਪਰ ਸਿਰਫ਼ ਬਾਹਰਲੇ ਪਾਸੇ ਦੀ ਕਾਰ ਸੇਵਾ ਹੀ ਮੁਕੰਮਲ ਕੀਤੀ ਗਈ ਸੀ ਤੇ ਇਮਾਰਤ ਦੇ ਅੰਦਰਲੇ ਹਿੱਸੇ ਦੀ ਰਹਿ ਗਈ ਸੇਵਾ ਨੂੰ ਹੁਣ ਸ਼ੁਰੂ ਕਰਾਇਆ ਜਾ ਰਿਹਾ ਹੈ।

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੁੱਕ ਨਹੀਂ ਰਹੀ ਪੰਜਾਬ ਕਾਂਗਰਸ ਦੀ ਧੜੇਬੰਦੀ

*(ਸਫਾ ਇਕ ਦੀ ਬਾਕੀ)*

ਐਲਾਨ ਕਰੇਗੀ।

ਇਸ ਰੇੜਕੇ ਕਰ ਕੇ ਅਹੁਦੇਦਾਰਾਂ ਦਾ ਐਲਾਨ ਕੁਝ ਸਮਾਂ ਹੋਰ ਲਟਕ ਗਿਆ ਹੈ ਤੇ ਨਵੇਂ ਅਹੁਦੇਦਾਰਾਂ ਦੀ ਸੂਚੀ 15 ਅਗਸਤ ਦੇ ਆਜ਼ਾਦੀ ਸਮਾਗਮਾਂ ਤੋਂ ਬਾਅਦ ਹੀ ਜਾਰੀ ਹੋਣ ਦੀ ਉਮੀਦ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸ. ਬਾਜਵਾ ਨੇ ਪ੍ਰਦੇਸ਼ ਕਾਂਗਰਸ ਦੇ ਨਵੇਂ ਅਹੁਦੇਦਾਰਾਂ ਦੀ ਸੂਚੀ ਜੁਲਾਈ ਦੇ ਦੂਜੇ ਹਫ਼ਤੇ ਦੇ ਸ਼ੁਰੂ ਵਿਚ ਹਾਈ ਕਮਾਂਡ ਨੂੰ ਸੌਂਪ ਦਿੱਤੀ ਸੀ ਤੇ 15 ਜੁਲਾਈ ਤੱਕ ਹਾਈ ਕਮਾਨ ਵੱਲੋਂ ਇਸ ਨੂੰ ਪ੍ਰਵਾਨਗੀ ਮਿਲਣ ਦੀ ਸੰਭਾਵਨਾ ਦੇ ਮੱਦੇਨਜ਼ਰ ਹਲਕਾ ਪੱਧਰ 'ਤੇ ਮੀਟਿੰਗਾਂ ਤੇ ਰੈਲੀਆਂ ਦਾ ਪ੍ਰੋਗਰਾਮ ਵੀ ਐਲਾਨ ਦਿੱਤਾ ਸੀ। ਸ. ਬਾਜਵਾ ਵੱਲੋਂ ਮੀਟਿੰਗਾਂ ਦਾ ਇਹ ਸਿਲਸਿਲਾ ਭਾਵੇਂ ਜਾਰੀ ਰੱਖਿਆ ਜਾ ਰਿਹਾ ਹੈ, ਪਰ ਅਹੁਦੇਦਾਰਾਂ ਬਾਰੇ ਅਸਪਸ਼ਟਤਾ ਕਾਰਨ ਪਾਰਟੀ ਵਿਚ ਗੈਰ ਯਕੀਨੀ ਹਾਲਾਤ ਬਣੇ ਹੋਏ ਹਨ ਅਤੇ ਇਸ ਦਾ ਪਾਰਟੀ ਦੇ ਕੰਮਕਾਜ ਤੇ ਪ੍ਰੋਗਰਾਮਾਂ 'ਤੇ ਵੀ ਅਸਰ ਨਜ਼ਰ ਆ ਰਿਹਾ ਹੈ। ਪਾਰਟੀ ਸੂਤਰਾਂ ਅਨੁਸਾਰ ਹਾਈ ਕਮਾਨ ਪੰਜਾਬ ਕਾਂਗਰਸ ਵਿਚਲੇ ਵੱਖ-ਵੱਖ ਧੜਿਆਂ ਨੂੰ ਇਕਮੁੱਠ ਕਰ ਕੇ ਤੋਰਨਾ ਚਾਹੁੰਦੀ ਹੈ। ਇਸੇ ਕਰ ਕੇ ਹੀ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਕਈ ਵਾਰ ਪੰਜਾਬ ਦੇ ਗੇੜੇ ਲਾ ਚੁੱਕੇ ਹਨ ਤੇ ਪੰਜਾਬ ਦੇ ਆਗੂਆਂ ਨੂੰ ਇਕਮੁੱਠ ਹੋ ਕੇ ਚੱਲਣ ਦੀਆਂ ਨਸੀਹਤਾਂ ਦੇ ਚੁੱਕੇ ਹਨ।

ਪਤਾ ਲੱਗਾ ਹੈ ਕਿ ਸ੍ਰੀ ਰਾਹੁਲ ਗਾਂਧੀ ਵੱਲੋਂ ਪ੍ਰਦੇਸ਼ ਕਾਂਗਰਸ ਦੇ ਕੰਮਕਾਜ ਦੀ ਪੜਚੋਲ ਲਈ ਬੀਤੇ ਦਿਨੀਂ ਦਿੱਲੀ ਵਿਚ ਕੀਤੀ ਗਈ ਮੀਟਿੰਗ ਦੌਰਾਨ ਸ੍ਰੀ ਸ਼ਕੀਲ ਅਹਿਮਦ ਵੱਲੋਂ ਵੀ ਇਹ ਇਤਰਾਜ਼ ਉਠਾਇਆ ਗਿਆ ਸੀ ਕਿ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਇਕਮੁੱਠ ਨਹੀਂ ਹਨ ਜਿਸ 'ਤੇ ਰਾਹੁਲ ਗਾਂਧੀ ਨੇ ਸਪਸ਼ਟ ਕੀਤਾ ਸੀ ਕਿ ਪ੍ਰਦੇਸ਼ ਕਾਂਗਰਸ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸਾਰੇ ਆਗੂਆਂ ਨੂੰ ਨਾਲ ਲੈ ਕੇ ਚੱਲੇ।

ਸੂਤਰਾਂ ਅਨੁਸਾਰ ਸ੍ਰੀ ਜਾਖੜ ਨੇ ਇਸ ਮੌਕੇ ਸਪਸ਼ਟ ਕੀਤਾ ਸੀ ਕਿ ਉਹ ਹਮੇਸ਼ਾ ਵਿਧਾਨਕਾਰ ਦਲ ਨੂੰ ਪ੍ਰਦੇਸ਼ ਕਾਂਗਰਸ ਦਾ ਵਿੰਗ ਅਤੇ ਅੰਗ ਸਮਝ ਕੇ ਕੰਮ ਕਰਦੇ ਹਨ ਤੇ ਪਾਰਟੀ ਹਿੱਤ ਉਨ੍ਹਾਂ ਲਈ ਹਮੇਸ਼ਾ ਸਭ ਤੋਂ ਅਹਿਮ ਰਹੇ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਕੈਪਟਨ ਅਮਰਿੰਦਰ ਸਿੰਘ ਦੇ ਉਪਾਸ਼ਕ ਹੋਣਾ ਤੇ ਉਨ੍ਹਾਂ ਨੂੰ ਮਹਾਨ ਲੀਡਰ ਮੰਨਣਾ ਕਈਆਂ ਨੂੰ ਪਸੰਦ ਨਹੀਂ। ਸ੍ਰੀ ਜਾਖੜ ਦੇ ਸਪਸ਼ਟੀਕਰਨ 'ਤੇ ਸ੍ਰੀ ਰਾਹੁਲ ਗਾਂਧੀ ਨੇ ਕਿਹਾ ਕਿ ਕੈਪਟਨ ਲੋਕਾਂ ਦੇ ਹਰਮਨ ਪਿਆਰੇ ਆਗੂ ਹਨ ਪਰ ਪਾਰਟੀ ਨੂੰ ਇਕਮੁੱਠ ਹੋ ਕੇ ਕੰਮ ਕਰਨਾ ਚਾਹੀਦਾ ਹੈ।

ਉਧਰ, ਲੋਕ ਚੋਣਾਂ ਨੂੰ ਮੁੱਖ ਰੱਖ ਕੇ ਪਾਰਟੀ ਹਾਈ ਕਮਾਨ ਵੱਲੋਂ ਪ੍ਰਦੇਸ਼ ਕਾਂਗਰਸ ਨੂੰ ਲਗਾਤਾਰ ਸਰਗਰਮ ਹੋਣ ਲਈ ਹੁਕਮ ਦਿੱਤੇ ਜਾ ਰਹੇ ਹਨ। ਪੰਜਾਬ ਵਿਚ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਕਾਰਗੁਜ਼ਾਰੀ ਕਾਫ਼ੀ ਚੰਗੀ ਰਹੀ ਸੀ ਤੇ ਪਾਰਟੀ ਹਾਈ ਕਮਾਨ ਨੂੰ ਇਸ ਵਾਰ ਵੀ ਅੱਧੀ ਦਰਜਨ ਤੋਂ ਵੱਧ ਸੀਟਾਂ ਮਿਲਣ ਦੀ ਉਮੀਦ ਹੈ।

## ਕੈਂਸਰ ਦੇ ਇਲਾਜ ਲਈ ਨਵਾਂ ਢੰਗ ਲੱਭਿਆ

**ਲੰਡਨ:** ਕੈਂਸਰ ਦੇ ਇਲਾਜ ਦਾ ਵਿਗਿਆਨੀਆਂ ਨੇ ਇਕ ਅਜਿਹਾ ਢੰਗ-ਤਰੀਕਾ ਲੱਭਿਆ ਹੈ ਜਿਸ ਤਹਿਤ ਕੈਂਸਰ ਦੇ ਸ਼ਿਕਾਰ ਸੈੱਲਾਂ ਨੂੰ 'ਭੁੱਖੇ ਮਾਰ' ਦਿੱਤਾ ਜਾਂਦਾ ਹੈ ਤੇ ਇਸ ਨਾਲ ਸਿਹਤਮੰਦ ਸੈੱਲਾਂ ਦਾ ਵੀ ਕੋਈ ਨੁਕਸਾਨ ਨਹੀਂ ਹੁੰਦਾ। ਰਵਾਇਤੀ ਇਲਾਜ ਵਿਧੀਆਂ ਰੇਡੀਓਥਰੈਪੀ ਜਿਹੇ ਢੰਗਾਂ ਨਾਲ ਸਰੀਰ ਦੇ ਸਿਹਤਮੰਦ ਸੈੱਲਾਂ ਦਾ ਵੀ ਨੁਕਸਾਨ ਹੁੰਦਾ ਸੀ।

ਯੂਨੀਵਰਸਿਟੀ ਆਫ਼ ਸਾਊਥੈਂਪਟਨ ਯੂ.ਕੇ ਵਿਚ ਬਾਇਲੋਜੋਕੀਲ ਸਾਇੰਸਿਜ਼ ਵਿਭਾਗ ਵਿਚ ਪ੍ਰੋਫੈਸਰ ਕਰਿਸ ਪ੍ਰਾਊਡ ਮੁਤਾਬਕ ਕੈਂਸਰ ਸੈੱਲ ਆਮ ਸੈੱਲਾਂ ਨਾਲੋਂ ਕਿਤੇ ਤੇਜ਼ੀ ਨਾਲ ਤਕਸੀਮ ਹੋ ਕੇ ਗਿਣਤੀ ਵਿਚ ਬਹੁਤ ਛੇਤੀ ਵਧਦੇ ਹਨ ਤੇ ਇਸ ਦਾ ਸਿੱਧਾ ਜਿਹਾ ਮਤਲਬ ਇਹ ਵੀ ਹੈ ਕਿ ਇਨ੍ਹਾਂ ਨੂੰ ਖੁਰਾਕ ਤੇ ਆਕਸੀਜਨ ਦੀ ਭਾਰੀ ਲੋੜ ਰਹਿੰਦੀ ਹੈ।

# ਕੇਂਦਰ ਵੱਲੋਂ ਪੰਜਾਬ ਨਾਲ ਮੁੜ ਧੱਕਾ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਪੰਜਾਬ ਤੋਂ ਖੋਹ ਕੇ ਰਾਜਸਥਾਨ ਨੂੰ ਦਿੱਤੇ ਪਹਿਲੇ ਸੜਕ ਹਾਦਸਿਆਂ ਦੇ ਸ਼ਿਕਾਰਾਂ ਦੇ ਮੁਫ਼ਤ ਇਲਾਜ ਦਾ ਪ੍ਰਾਜੈਕਟ ਗੁੜਗਾਉਂ-ਜੈਪੁਰ ਸੜਕ ਉਪਰ ਚਾਲੂ ਹੋਣ ਨਾਲ ਪੰਜਾਬੀਆਂ ਵਿਚ ਰੋਸ ਹੈ। 2013 ਦੇ ਸਾਲ ਦੌਰਾਨ ਜਨਵਰੀ ਤੋਂ ਹੁਣ ਤੱਕ ਅੰਮ੍ਰਿਤਸਰ-ਪਠਾਨਕੋਟ ਸੜਕ ਉਪਰ ਸੜਕ ਹਾਦਸਿਆਂ ਵਿਚ 150 ਮੌਤਾਂ ਹੋ ਚੁੱਕੀਆਂ ਹਨ ਤੇ 200 ਤੋਂ ਵੱਧ ਲੋਕ ਗੰਭੀਰ ਜ਼ਖ਼ਮੀ ਹੋਏ ਹਨ। ਇਹ ਅੰਕੜਾ ਭਾਰਤ ਸਰਕਾਰ ਵੱਲੋਂ ਚੁਣੀ ਗਈ ਸੜਕ ਤੋਂ ਕਿਤੇ ਵੱਧ ਹੈ।

ਜੇਕਰ ਅੰਮ੍ਰਿਤਸਰ-ਪਠਾਨਕੋਟ ਵਾਲੀ ਪੰਜਾਬ ਦੀ ਸੜਕ ਉਪਰ ਇਹ ਪ੍ਰਾਜੈਕਟ ਸ਼ੁਰੂ ਹੋ ਜਾਂਦਾ ਤਾਂ ਮੌਤਾਂ ਵਿਚ ਘੱਟੋ-ਘੱਟ 20 ਫ਼ੀਸਦੀ ਕਮੀ ਹੋਣੀ ਸੀ। ਪਾਇਲਟ ਪ੍ਰਾਜੈਕਟ ਦੇ ਸ਼ੁਰੂ ਹੋਣ ਦੀਆਂ ਸਾਰੀਆਂ ਰਸਮੀ ਕਾਰਵਾਈਆਂ ਤੇ ਸ਼ਰਤਾਂ ਪੂਰੀਆਂ ਹੋਣ ਦੇ ਬਾਵਜੂਦ ਬਿਨਾਂ ਕੋਈ ਕਾਰਨ ਦੇ ਇਹ ਪ੍ਰਾਜੈਕਟ ਬਦਲ ਦਿੱਤਾ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਸਾਰੀ ਤਿਆਰੀ ਤੋਂ ਬਾਅਦ ਵੀ ਪੰਜਾਬ ਵਿਚ ਇਸ ਪ੍ਰਾਜੈਕਟ ਨੂੰ ਇਕ ਸਾਲ ਤੱਕ ਲਟਕਾਈ ਰੱਖਿਆ ਤੇ ਹੁਣ ਚਾਲੂ ਕਰਨ ਲਈ ਹਫ਼ਤਾ ਵੀ ਨਹੀਂ ਲੱਗਣ ਦਿੱਤਾ।

ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿਚ 100 ਹਾਦਸਿਆਂ ਪਿੱਛੇ ਮੌਤ ਦਰ 75.8 ਫ਼ੀਸਦੀ ਹੈ ਜੋ ਕਿ ਦੇਸ਼ ਅੰਦਰ ਸਭ ਤੋਂ ਵੱਧ ਹੈ। ਜਦਕਿ ਰਾਜਸਥਾਨ ਵਿਚ ਇਹ ਦਰ 41.5 ਫ਼ੀਸਦੀ ਹੈ। ਧਾਰਮਿਕ ਯਾਤਰੀਆਂ ਦੀ ਆਵਾਜਾਈ ਕਾਰਨ ਇਸ ਸੜਕ ਉਪਰ ਗੱਡੀਆਂ ਦੀ ਆਵਾਜਾਈ ਬਹੁਤ ਜ਼ਿਆਦਾ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਵੈਸ਼ਨੋ ਦੇਵੀ ਮੰਦਿਰ ਨੂੰ ਜੋੜਨ ਵਾਲੀ ਇਹੀ ਸੜਕ ਹੈ। ਪੰਜਾਬ ਸੜਕ ਸੁਰੱਖਿਆ ਕੌਂਸਲ ਦੇ ਉਪ ਚੇਅਰਮੈਨ ਡਾ. ਕਮਲਜੀਤ ਸਿੰਘ ਸੋਈ ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ ਦੇ ਚਾਲੂ ਹੋਣ ਨਾਲ ਹਾਈਵੇ ਉਪਰ ਹਾਦਸਿਆਂ ਦੇ ਪੀੜਤਾਂ ਦਾ ਮੁਫ਼ਤ ਇਲਾਜ ਹੋਣਾ ਸੀ ਤੇ ਪਹਿਲੇ 48 ਘੰਟੇ ਹਸਪਤਾਲ ਦੀ ਸਹੂਲਤ ਮਿਲਣੀ ਸੀ।

## ਬੰਗਲਾਦੇਸ਼ ਦੇ ਸਿਆਸਤਦਾਨ ਸਭ ਤੋਂ ਵੱਧ ਭ੍ਰਿਸ਼ਟ

**ਢਾਕਾ:** ਬੰਗਲਾਦੇਸ਼ ਵਿਚ ਸਿਆਸਤਦਾਨ, ਜੱਜ ਤੇ ਪੁਲਿਸ ਸਭ ਤੋਂ ਵੱਧ ਭ੍ਰਿਸ਼ਟ ਸਮਝੇ ਜਾ ਰਹੇ ਹਨ ਜਦਕਿ ਸੰਸਦ ਤੇ ਸਰਕਾਰੀ ਪ੍ਰਸ਼ਾਸਨ ਦਾ ਬਾਅਦ ਵਿਚ ਨੰਬਰ ਆਉਂਦਾ ਹੈ। ਇਹ ਖੁਲਾਸਾ ਵਿਸ਼ਵ ਪੱਧਰ ਦੀ ਸੰਸਥਾ 'ਟਰਾਂਸਪੇਰੈਂਸੀ ਇੰਟਰਨੈਸ਼ਨਲ' ਨੇ ਆਪਣੀ ਰਿਪੋਰਟ ਵਿਚ ਕੀਤਾ ਹੈ। ਰਿਪੋਰਟ ਮੁਤਾਬਕ 72 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਪੁਲਿਸ ਸਭ ਤੋਂ ਵੱਧ ਭ੍ਰਿਸ਼ਟ ਹੈ ਜਦੋਂਕਿ 63 ਫੀਸਦੀ ਨਿਆਂਪਾਲਿਕਾ ਨੂੰ ਇਹ ਦਰਜਾ ਦਿੰਦੇ ਹਨ। ਇਸ ਤੋਂ ਬਾਅਦ ਭੂਮੀ ਸੇਵਾ ਨੂੰ 44 ਫੀਸਦੀ, ਲਾਇਸੈਂਸ ਤੇ ਪਰਮਿਟ ਸੇਵਾ ਨੂੰ 33 ਫੀਸਦੀ, ਸਿਹਤ ਤੇ ਮੈਡੀਕਲ ਸੇਵਾਵਾਂ ਨੂੰ 16 ਫੀਸਦੀ, ਸਿੱਖਿਆ ਖੇਤਰ ਨੂੰ 12 ਤੇ ਕਰ ਸੇਵਾਵਾਂ ਨੂੰ 8 ਫੀਸਦੀ ਲੋਕ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋਈਆਂ ਮੰਨਦੇ ਹਨ। ਭ੍ਰਿਸ਼ਟਾਚਾਰ ਬਾਰੇ ਟਰਾਂਸਪੇਰੈਂਸੀ ਇੰਟਰਨੈਸ਼ਨਲ ਦਾ ਸਰਵੇਖਣ ਵਿਸ਼ਵ ਵਿਚ ਸਭ ਤੋਂ ਭਰੋਸੇਯੋਗ ਮੰਨਿਆ ਜਾਂਦਾ ਹੈ।

# ਨਰੇਂਦਰ ਮੋਦੀ ਗੁਜਰਾਤੀ ਸਿੱਖਾਂ ਨੂੰ ਉਜਾੜਨ ਲਈ ਬਜ਼ਿਦ

*(ਸਫਾ ਇਕ ਦੀ ਬਾਕੀ)*

ਜ਼ਮੀਨਾਂ ਦੇ ਖਾਤੇ ਸੀਲ ਕਰ ਦਿੱਤੇ ਹਨ। ਹੁਣ ਉਹ ਆਪਣੀਆਂ ਜ਼ਮੀਨਾਂ ਉਪਰ ਨਾ ਕੋਈ ਕਰਜ਼ਾ ਲੈ ਸਕਦੇ ਹਨ ਤੇ ਨਾ ਹੀ ਕਿਸੇ ਵੀ ਕਿਸਮ ਦੀ ਖੇਤੀ ਲਈ ਸਬਸਿਡੀ ਹੀ ਲੈ ਸਕਦੇ ਹਨ। ਕਮਿਸ਼ਨ ਦਾ ਕਹਿਣਾ ਹੈ ਕਿ ਇਕ ਤਰ੍ਹਾਂ ਨਾਲ ਕਿਸਾਨਾਂ ਦੀ ਘੇਰਾਬੰਦੀ ਕਰ ਦਿੱਤੀ ਗਈ ਹੈ। ਗੁਜਰਾਤ ਸਰਕਾਰ ਦੇ ਸਿੱਖ ਕਿਸਾਨ ਵਿਰੋਧੀ ਫ਼ੈਸਲੇ ਨੂੰ ਗੁਜਰਾਤ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਹਾਈ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ ਲਗਾਤਾਰ 5 ਦਿਨ ਸੁਣਵਾਈ ਕਰਦਿਆਂ ਸਿੱਖ ਕਿਸਾਨਾਂ ਦੇ ਹੱਕ 'ਚ ਹੁਕਮ ਸੁਣਾਇਆ, ਪਰ ਮੋਦੀ ਸਰਕਾਰ ਨੇ ਹਾਈਕੋਰਟ ਦੇ ਸਿੱਖ ਕਿਸਾਨ ਪੱਖੀ ਫ਼ੈਸਲੇ ਨੂੰ ਰੱਦ ਕਰਵਾਉਣ ਲਈ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਦਿੱਤੀ ਹੈ।

ਡਾ. ਅਜੈਬ ਸਿੰਘ ਦਾ ਕਹਿਣਾ ਹੈ ਕਿ ਗੁਜਰਾਤ ਵਿਚ ਘੱਟ ਗਿਣਤੀਆਂ ਨੂੰ ਦਬਕਾਉਣਾ ਨਰੇਂਦਰ ਮੋਦੀ ਦੀ ਆਦਤ ਬਣ ਗਈ ਹੈ ਤੇ ਹੁਣ ਉਹ ਆਪਣੀ ਇਸੇ ਮਾਨਸਿਕਤਾ ਦਾ ਸਿੱਖ ਕਿਸਾਨਾਂ ਨੂੰ ਸ਼ਿਕਾਰ ਬਣਾ ਰਿਹਾ ਹੈ। ਕਮਿਸ਼ਨ ਨੇ ਇਸ ਗੱਲ ਉਪਰ ਵੀ ਚਾਨਣਾ ਪਾਇਆ ਹੈ ਕਿ ਗੁਜਰਾਤ ਸਰਕਾਰ ਨੇ ਸੂਬੇ ਵਿਚ ਘੱਟ ਗਿਣਤੀ ਕਮਿਸ਼ਨ ਵੀ ਨਹੀਂ ਬਣਾਇਆ ਹੈ। ਕਮਿਸ਼ਨ ਨੇ ਸੂਬੇ ਅੰਦਰ ਘੱਟ ਗਿਣਤੀ ਕਮਿਸ਼ਨ ਬਣਾਏ ਜਾਣ ਦੀ ਵੀ ਸਿਫ਼ਾਰਸ਼ ਕੀਤੀ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਦਖ਼ਲ ਦੇਣ ਦੀ ਮੰਗ ਵੀ ਕੀਤੀ ਹੈ।

ਇਸੇ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਹੈ ਕਿ ਗੁਜਰਾਤ ਵਿਚ ਨਰੇਂਦਰ ਮੋਦੀ ਸਰਕਾਰ ਦੇ ਦੌਰ ਵਿਚ ਸਿੱਖ ਕਿਸਾਨਾਂ ਨਾਲ ਜ਼ਿਆਦਤੀ ਕੀਤੀ ਜਾ ਰਹੀ ਹੈ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਇਸ ਬਾਰੇ ਚੁੱਪ ਕਰ ਕੇ ਬੈਠੀ ਹੈ।

### ਮੋਦੀ ਬਾਰੇ ਬਾਦਲ ਖਾਮੋਸ਼

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ 'ਤੇ ਚੁੱਪ ਹੀ ਵੱਟ ਲਈ ਹੈ। ਯਾਦ ਰਹੇ ਕਿ ਭਾਜਪਾ ਵਿਚ ਤਰੱਕੀ ਤੋਂ ਬਾਅਦ ਨਰੇਂਦਰ ਮੋਦੀ ਨੇ ਸਭ ਤੋਂ ਪਹਿਲੀ ਰੈਲੀ ਪੰਜਾਬ ਆ ਕੇ ਹੀ ਕੀਤੀ ਸੀ। ਉਨ੍ਹਾਂ ਨਾਲ ਸ. ਬਾਦਲ ਦੀ ਨਿੱਜੀ ਸਾਂਝ ਵੀ ਹੈ, ਪਰ ਇਸ ਮਾਮਲੇ 'ਤੇ ਉਨ੍ਹਾਂ ਸ੍ਰੀ ਮੋਦੀ ਨਾਲ ਗੱਲ ਤੱਕ ਨਹੀਂ ਕੀਤੀ। ਇਸ ਮਾਮਲੇ ਬਾਰੇ ਗੁਜਰਾਤੀ ਕਿਸਾਨਾਂ ਦਾ ਵਫਦ ਕੁਝ ਮਹੀਨੇ ਪਹਿਲਾਂ ਚੰਡੀਗੜ੍ਹ ਵਿਖੇ ਸ. ਬਾਦਲ ਨੂੰ ਮਿਲਿਆ ਸੀ।

# ਭਾਰਤ ਦਾ 29ਵਾਂ ਸੂਬਾ ਬਣੇਗਾ ਤਿਲੰਗਾਨਾ

**ਨਵੀਂ ਦਿੱਲੀ:** ਤਿਲੰਗਾਨਾ ਭਾਰਤ ਦਾ 29ਵਾਂ ਸੂਬਾ ਬਣੇਗਾ। ਤਕਰੀਬਨ ਚਾਰ ਸਾਲ ਇਸ ਮਾਮਲੇ ਨੂੰ ਲਟਕਾਈ ਰੱਖਣ ਤੋਂ ਬਾਅਦ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਤੇ ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਨੇ ਆਖ਼ਰਕਾਰ ਸਰਬਸੰਮਤੀ ਨਾਲ ਆਂਧਰਾ ਪ੍ਰਦੇਸ਼ ਵਿਚੋਂ ਵੱਖਰਾ ਤਿਲੰਗਾਨਾ ਸੂਬਾ ਬਣਾਉਣ ਦੀ ਸਿਫਾਰਸ਼ ਕਰ ਦਿੱਤੀ। ਕਾਂਗਰਸ ਨੇ ਸਰਕਾਰ ਨੂੰ ਇਹ ਵੀ ਸਿਫਾਰਸ਼ ਕੀਤੀ ਹੈ ਕਿ ਹੈਦਰਾਬਾਦ ਨੂੰ ਪ੍ਰਸਤਾਵਤ ਨਵੇਂ ਸੂਬੇ ਤੇ ਦੂਜੇ ਖੇਤਰਾਂ ਰਾਇਲਸੀਮਾ ਤੇ ਤੱਟੀ ਆਂਧਰਾ ਲਈ 10 ਸਾਲ ਦੇ ਸਮੇਂ ਲਈ ਸਾਂਝੀ ਰਾਜਧਾਨੀ ਬਣਾਇਆ ਜਾਵੇ। ਨਵੇਂ ਸੂਬੇ ਵਿਚ ਅਣਵੰਡੇ ਆਂਧਰਾ ਪ੍ਰਦੇਸ਼ ਦੇ 23 ਜ਼ਿਲ੍ਹਿਆਂ ਵਿਚੋਂ 10 ਜ਼ਿਲ੍ਹੇ ਸ਼ਾਮਲ ਕੀਤੇ ਜਾਣਗੇ। ਇਨ੍ਹਾਂ ਕਿਆਸਰਾਈਆਂ, ਕਿ ਨਵੇਂ ਸੂਬੇ ਦਾ ਨਾਂ ਰਾਇਲਸੀਮਾ ਦੇ ਦੋ ਜ਼ਿਲ੍ਹੇ ਸ਼ਾਮਲ ਕਰ ਕੇ ਰਾਇਲ ਤਿਲੰਗਾਨਾ ਰੱਖਿਆ ਜਾ ਸਕਦਾ ਹੈ, ਦੇ ਉਲਟ ਨਵੇਂ ਸੂਬੇ ਦੇ ਅੀਦਲਾਬਾਦ, ਕਰੀਮਨਗਰ, ਖਮਾਮ, ਮਹਿਬੂਬਨਗਰ, ਮੇਡਕ, ਨਲਗੋਂਡਾ, ਨਿਜ਼ਾਮਾਬਾਦ. ਰੰਗਾਰੈਡੀ ਤੇ ਵਾਰੰਗਲ ਜ਼ਿਲ੍ਹਿਆਂ ਦੇ ਨਾਲ-ਨਾਲ ਹੈਦਰਾਬਾਦ ਹਿੱਸਾ ਹੋਣਗੇ। ਕਾਂਗਰਸ ਦੇ ਆਂਧਰਾ ਪ੍ਰਦੇਸ਼ ਮਾਮਲਿਆਂ ਦੇ ਇੰਚਾਰਜ ਦਿਗਵਿਜੇ ਸਿੰਘ ਨੇ ਕਿਹਾ ਹੈ ਕਿ ਇਸ ਪਲ ਤਾਂ ਤਿਲੰਗਾਨਾ ਵਿਚ 10 ਜ਼ਿਲ੍ਹੇ ਸ਼ਾਮਲ ਕਰਨ ਦਾ ਵਿਚਾਰ ਹੈ, ਪਰ ਮੰਤਰੀਆਂ ਦਾ ਸਮੂਹ ਹੋਰ ਇਲਾਕਿਆਂ ਨੂੰ ਇਸ ਵਿਚ ਸ਼ਾਮਲ ਕਰਨ ਦੀਆਂ ਮੰਗਾਂ 'ਤੇ ਵਿਚਾਰ ਕਰੇਗਾ। ਚੇਤੇ ਰਹੇ ਕਿ ਆਂਧਰਾ ਪ੍ਰਦੇਸ਼ ਦੀਆਂ 42 ਲੋਕ ਸਭਾ ਅਤੇ 294 ਵਿਧਾਨ ਸਭਾ ਸੀਟਾਂ ਵਿਚੋਂ ਤਿਲੰਗਾਨਾ ਨੂੰ 17 ਲੋਕ ਸਭਾ ਅਤੇ 119 ਵਿਧਾਨ ਸਭਾ ਸੀਟਾਂ ਮਿਲਣ ਦੀ ਉਮੀਦ ਹੈ। ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਦਾ ਕਹਿਣਆ ਹੈ ਕਿ ਵੱਖਰੇ ਤਿਲੰਗਾਨਾ ਸੂਬਾ ਬਣਾਉਣ ਦੇ ਫ਼ੈਸਲੇ ਨਾਲ ਸਮੁੱਚੇ ਆਂਧਰਾ ਖੇਤਰ ਨੂੰ ਮਦਦ ਮਿਲੇਗੀ। ਨਵਾਂ ਤਿਲੰਗਾਨਾ ਸੂਬਾ ਬਣਾਉਣ ਲਈ ਤਕਰੀਬਨ ਛੇ ਮਹੀਨੇ ਲੱਗ ਸਕਦੇ ਹਨ ਕਿਉਂਕਿ ਸੰਸਦ ਵੱਲੋਂ ਸਾਧਾਰਨ ਬਹੁਮਤ ਨਾਲ ਸੂਬਾ ਪੁਨਰਗਠਨ ਬਿੱਲ ਨੂੰ ਪਾਸ ਕਰਨ ਸਮੇਤ ਕਈ ਕਦਮੇ ਚੁੱਕਣੇ ਪੈਣਗੇ। ਬਿੱਲ ਨੂੰ ਲੋਕ ਸਭਾ ਤੇ ਰਾਜ ਸਭਾ ਵੱਲੋਂ ਦੋ ਤਿਹਾਈ ਬਹੁਮਤ ਨਾਲ ਪਾਸ ਕਰਨ ਦੀ ਲੋੜ ਨਹੀਂ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਸੈਰ ਸਪਾਟੇ 'ਚ ਪੰਜਾਬ ਨੂੰ 12ਵਾਂ ਸਥਾਨ

## ਵਿਦੇਸ਼ੀ ਸੈਲਾਨੀਆਂ ਦਾ ਮਨਪਸੰਦ ਸੂਬਾ ਮਹਾਰਾਸ਼ਟਰ



**ਚੰਡੀਗੜ੍ਹ:** ਸਾਲ 2012 ਦੌਰਾਨ ਆਂਧਰਾ ਪ੍ਰਦੇਸ਼ ਘਰੇਲੂ ਸੈਲਾਨੀਆਂ ਵਿਚ ਸਭ ਤੋਂ ਵੱਧ ਮਕਬੂਲ ਰਿਹਾ ਜਦਕਿ ਵਿਦੇਸ਼ੀ ਸੈਲਾਨੀਆਂ ਦਾ ਮਨਪਸੰਦ ਸੂਬਾ ਮਹਾਰਾਸ਼ਟਰ ਰਿਹਾ। ਕੇਂਦਰੀ ਸੈਰ ਸਪਾਟਾ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸੂਬਿਆਂ ਵਿਚ ਸੈਰ ਸਪਾਟੇ ਲਈ ਘਰੇਲੂ ਸੈਲਾਨੀਆਂ ਦੀ ਗਿਣਤੀ 2011 ਦੇ ਮੁਕਾਬਲੇ 19.87 ਫੀਸਦੀ ਵਧੀ ਹੈ।

2012 ਵਿਚ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਇਕ ਅਰਬ ਤਿੰਨ ਕਰੋੜ ਲੋਕਾਂ ਨੇ ਦੌਰਾ ਕੀਤਾ ਜਦਕਿ 2011 ਵਿਚ ਇਹ ਗਿਣਤੀ 86 ਕਰੋੜ 50 ਲੱਖ ਸੀ। ਘਰੇਲੂ ਸੈਲਾਨੀਆਂ ਵਿਚ ਮਕਬੂਲੀਅਤ ਦੇ ਆਧਾਰ 'ਤੇ ਆਂਧਰਾ ਪ੍ਰਦੇਸ਼ ਪਿੱਛੋਂ ਤਾਮਿਲਨਾਡੂ ਤੇ ਉੱਤਰ ਪ੍ਰਦੇਸ਼ ਦਾ ਨਾਂ ਦੂਜੇ ਤੇ ਤੀਜੇ ਨੰਬਰ 'ਤੇ ਆਉਂਦਾ ਹੈ। ਇਨ੍ਹਾਂ ਅੰਕੜਿਆਂ ਮੁਤਾਬਕ ਵਿਦੇਸ਼ੀ ਸੈਲਾਨੀਆਂ ਲਈ ਮਹਾਰਾਸ਼ਟਰ ਪਹਿਲਾ ਮਨਪਸੰਦ ਸੂਬਾ ਸੀ। ਜਦਕਿ ਤਾਮਿਲਨਾਡੂ ਤੇ ਦਿੱਲੀ ਦੂਜੇ ਤੇ ਤੀਜੇ ਸਥਾਨ 'ਤੇ ਹਨ। ਪੰਜਾਬ ਦਾ ਨਾਂ ਭਾਵੇਂ ਪਹਿਲੇ 10 ਮਸ਼ਹੂਰ ਰਾਜਾਂ ਵਿਚ ਸ਼ਾਮਲ ਨਹੀਂ ਪਰ 2012 ਵਿਚ ਭਾਰਤ ਸਰਕਾਰ ਵੱਲੋਂ ਕਰਵਾਏ ਸਰਵੇਖਣ ਮੁਤਾਬਕ ਪੰਜਾਬ ਨੂੰ ਸੈਰ ਸਪਾਟਾ ਮੰਤਰਾਲੇ ਵੱਲੋਂ 12ਵਾਂ ਸਥਾਨ ਪ੍ਰਾਪਤ ਹੋਇਆ ਹੈ। ਪੰਜਾਬ ਨੇ ਇਹ ਮੁਕਾਮ 28ਵੇਂ ਸਥਾਨ ਤੋਂ ਉੱਪਰ ਆਉਂਦਿਆਂ ਹਾਸਲ ਕੀਤਾ ਹੈ। ਇਹ ਸਥਾਨ ਹਾਸਲ ਕਰਨ ਲਈ ਪੰਜਾਬ ਸਰਕਾਰ ਨੇ ਬੁਨਿਆਦੀ ਢਾਂਚੇ ਦੇ ਖੇਤਰ ਵਿਚ ਕਈ ਪਹਿਲਕਦਮੀਆਂ ਕੀਤੀਆਂ ਹਨ।

ਅੰਮ੍ਰਿਤਸਰ, ਰੋਪੜ, ਸੰਗਰੂਰ, ਪਟਿਆਲਾ, ਕਪੂਰਥਲਾ ਤੇ ਹੁਸ਼ਿਆਰਪੁਰ ਵਰਗੀਆਂ ਥਾਵਾਂ ਨੂੰ ਹੋਰ ਵਿਕਸਤ ਕਰਨ ਲਈ ਸਰਕਾਰ ਨੇ 50 ਕਰੋੜ ਰੁਪਏ ਦੀ ਰਕਮ ਤੈਅ ਕੀਤੀ ਸੀ। ਸੈਲਾਨੀਆਂ ਲਈ ਖਿੱਚ ਦਾ ਕੇਂਦਰ ਸਿਰਫ ਅੰਮ੍ਰਿਤਸਰ ਦਾ ਸ੍ਰੀ ਹਰਿਮੰਦਰ ਸਾਹਿਬ ਹੀ ਨਹੀਂ ਜਿਸ ਨੂੰ 2008 ਵਿਚ 'ਲਵਲੀ ਪਲੈਨਟ' ਵੱਲੋਂ ਦੁਨੀਆ ਦਾ ਸਭ ਤੋਂ ਵਧੀਆ ਧਾਰਮਿਕ ਸਥਾਨ ਕਰਾਰ ਦਿੱਤਾ ਗਿਆ ਸੀ ਸਗੋਂ ਬਠਿੰਡਾ ਦੇ ਪੁਰਾਤਨ ਤੇ ਕਪੂਰਥਲਾ ਤੇ ਪਟਿਆਲਾ ਵਿਚ ਭਵਨ ਨਿਰਮਾਣ ਦੇ ਸ਼ਾਹਕਾਰ ਨਮੂਨੇ ਤੇ ਚੰਡੀਗੜ੍ਹ ਵਰਗੀ ਆਧੁਨਿਕ ਰਾਜਧਾਨੀ ਵੀ ਸ਼ਾਮਲ ਹੈ।

# ਰੁਪਏ ਦੇ ਕਮਜ਼ੋਰ ਪੈਣ ਨਾਲ ਵਿਦੇਸ਼ੀ ਸੈਰਾਂ ਵੀ ਘਟੀਆਂ

**ਕੋਲਕਾਤਾ:** ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਹਾਲਤ ਪਤਲੀ ਹੋਣ ਕਾਰਨ ਭਾਰਤ ਤੋਂ ਵਿਦੇਸ਼ਾਂ ਵਿਚ ਸੈਰ-ਸਪਾਟੇ ਲਈ ਜਾਂਦੇ ਸੈਲਾਨੀ ਹੁਣ ਮੁਲਕ ਵਿਚ ਹੀ ਛੋਟੀਆਂ-ਮੋਟੀਆਂ ਥਾਵਾਂ 'ਤੇ ਘੁੰਮ ਕੇ ਬਜਟ ਨੂੰ ਸਾਵਾਂ ਰੱਖਣ ਲਈ ਮਜਬੂਰ ਹਨ। ਖਾਸ ਕਰ ਯੂਰਪ, ਅਮਰੀਕਾ ਤੇ ਦੱਖਣੀ ਏਸ਼ਿਆਈ ਮੁਲਕਾਂ ਵਿਚ ਭਾਰਤੀਆਂ ਦਾ ਸੈਰ-ਸਪਾਟੇ ਲਈ ਜਾਣਾ ਖਾਸਾ ਘਟ ਗਿਆ ਹੈ।



ਸਸਤੇ ਹਵਾਈ ਭਾੜਿਆਂ ਤੇ ਲਭਾਊ ਟੂਰ ਪੈਕੇਜ ਸਦਕਾ ਸ਼ੁਰੂ ਜਿਹੇ ਵਿਚ ਵਿਦੇਸ਼ਾਂ ਵਿਚ ਸੈਰ-ਸਪਾਟੇ ਲਈ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਵਧੀ ਸੀ। ਇਹ ਟੂਰ ਪੈਕੇਜ ਇੰਨੇ ਸਸਤੇ ਸਨ ਕਿ ਥਾਈਲੈਂਡ ਤੇ ਚੀਨ ਜਿਹੇ ਦੱਖਣ ਏਸ਼ਿਆਈ ਮੁਲਕਾਂ ਵਿਚ ਤਿੰਨ ਰਾਤਾਂ ਤੇ ਚਾਰ ਦਿਨਾਂ ਦਾ ਠਹਿਰਾਅ ਗੋਆ ਜਾਂ ਕੇਰਲਾ ਵਿਚ ਇੰਨੇ ਹੀ ਸਮੇਂ ਦੇ ਠਹਿਰਾਅ ਨਾਲੋਂ ਸਸਤਾ ਸੀ ਪਰ ਰੁਪਏ ਦੀ ਡਾਲਰ ਦੇ ਮੁਕਾਬਲੇ ਬਹੁਤ ਕੀਮਤ ਡਿੱਗਣ ਕਾਰਨ ਸਾਰੀ ਸਥਿਤੀ ਉਲਟ ਗਈ ਹੈ। ਪਿਛਲੇ ਦਿਨੀਂ ਤਾਂ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ 60 'ਤੇ ਆ ਗਈ ਸੀ।

ਟਰਿੱਪ ਐਡਵਾਇਜ਼ਰ ਦੇ ਕੰਟਰੀ ਮੈਨੇਜਰ (ਇੰਡੀਆ) ਨਿਖਿਲ ਗੰਜੂ ਦਾ ਮੰਨਣਾ ਹੈ ਕਿ ਲੋਕ ਹੁਣ ਭਾਰਤ ਵਿਚ ਹੀ ਵੱਖ-ਵੱਖ ਥਾਈਂ ਛੋਟੇ-ਛੋਟੇ ਟਰਿੱਪ ਕਰਨ ਲੱਗੇ ਹਨ। ਉਨ੍ਹਾਂ ਕਿਹਾ ਕਿ ਰੁਪਏ ਦੀ ਕੀਮਤ ਘਟਣ ਨਾਲ ਵਿਦੇਸ਼ਾਂ ਵਿਚ ਸੈਰ-ਸਪਾਟੇ ਲਈ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਬਹੁਤ ਘਟੀ ਹੈ। ਇਥੋਂ ਤੱਕ ਕਿ ਯੂਰਪੀ ਮੁਲਕਾਂ ਵਿਚ ਜਾਣ ਦੇ ਚਾਹਵਾਨ ਹੁਣ ਬਜਟ ਸਾਵਾਂ ਰੱਖਣ ਲਈ ਟਰਿੱਪ ਛੋਟਾ ਕਰਨ ਲੱਗੇ ਹਨ।

ਗੰਜੂ ਮੁਤਾਬਕ ਵਿਦੇਸ਼ੀ ਸੈਲਾਨੀਆਂ ਦੇ ਮਨਪਸੰਦ ਵੱਖ-ਵੱਖ ਭਾਰਤੀ ਟਿਕਾਣੇ ਜਿਵੇਂ ਕਸ਼ਮੀਰ, ਲੱਦਾਖ, ਦਾਰਜੀਲਿੰਗ, ਅੰਡੇਮਾਨ, ਕੇਰਲਾ, ਗੋਆ ਤੇ ਰਾਜਸਥਾਨ ਮੁੜ ਵਿਗਸਣ ਲੱਗੇ ਹਨ। ਟਰੈਵਲ ਏਜੰਟਸ ਫੈਡਰੇਸ਼ਨ ਆਫ ਇੰਡੀਆ ਦੇ ਚੇਅਰਮੈਨ (ਈਸਟਰਨ ਚੈਪਟਰ) ਅਨਿਲ ਪੰਜਾਬੀ ਦੀ ਵੀ ਇਹੀ ਰਾਏ ਹੈ। ਉਨ੍ਹਾਂ ਮੁਤਾਬਕ ਪਿਛਲੇ ਸਾਲ 10 ਦਿਨ ਦਾ ਯੂਰਪ ਦਾ ਟੂਰ ਕਿਸੇ ਨੂੰ 1.5 ਲੱਖ ਰੁਪਏ ਵਿਚ ਪੈਂਦਾ ਸੀ ਉਹ ਹੁਣ ਦੋ ਲੱਖ ਰੁਪਏ ਤੋਂ ਵੀ ਵੱਧ ਮਹਿੰਗਾ ਪੈ ਰਿਹਾ ਹੈ।

# ਟੈਂਡਰ ਬਗੈਰ ਹੀ ਖਰੀਦਿਆ 38 ਕਰੋੜੀ ਹੈਲੀਕਾਪਟਰ

**ਚੰਡੀਗੜ੍ਹ:** ਦੂਜੀ ਵਾਰ ਪੰਜਾਬ ਦਾ ਮੁੱਖ ਮੰਤਰੀ ਬਣਨ ਪਿੱਛੋਂ ਪ੍ਰਕਾਸ਼ ਸਿੰਘ ਬਾਦਲ ਲਈ ਹੈਲੀਕਾਪਟਰ ਖਰੀਦਣ ਵਿਚ ਅਜਿਹੀ ਬੇਸਬਰੀ ਵਿਖਾਈ ਕਿ ਬਿਨਾਂ ਟੈਂਡਰਾਂ ਤੋਂ ਹੀ ਕਰੋੜਾਂ ਰੁਪਏ ਖਰਚ ਦਿੱਤੇ। ਸੂਤਰਾਂ ਮੁਤਾਬਕ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਦੇ ਠੀਕ 20 ਦਿਨਾਂ ਮਗਰੋਂ ਹੀ ਨਵਾਂ ਹੈਲੀਕਾਪਟਰ ਤੇ ਏਅਰ ਕਰਾਫਟ ਖਰੀਦਣ ਦੀ ਕਾਰਵਾਈ ਸ਼ੁਰੂ ਹੋ ਗਈ ਸੀ।



ਸਰਕਾਰ ਨੇ ਕੌਮਾਂਤਰੀ ਟੈਂਡਰ ਕਰਨ ਦੀ ਥਾਂ ਚਾਰ ਕੰਪਨੀਆਂ ਤੋਂ ਕੁਟੇਸ਼ਨਾਂ ਲੈ ਕੇ 38 ਕਰੋੜ ਦਾ ਹੈਲੀਕਾਪਟਰ ਖਰੀਦਿਆ ਹੈ।

ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਸ਼ਹਿਰੀ ਹਵਾਬਾਜ਼ੀ ਵਿਭਾਗ ਤੋਂ ਨਵੇਂ ਹੈਲੀਕਾਪਟਰ ਦੀ ਖਰੀਦ ਬਾਰੇ ਜੋ ਦਸਤਾਵੇਜ਼ ਪ੍ਰਾਪਤ ਹੋਏ ਹਨ, ਉਨ੍ਹਾਂ ਤੋਂ ਖਰੀਦ ਬਾਰੇ ਕਈ ਸਵਾਲ ਖੜ੍ਹੇ ਹੁੰਦੇ ਹਨ। ਸਰਕਾਰੀ ਸੂਚਨਾ ਮੁਤਾਬਕ ਪੰਜਾਬ ਸਰਕਾਰ ਨੇ ਬਿਨਾਂ ਕੋਈ ਕੌਮਾਂਤਰੀ ਟੈਂਡਰ ਕੀਤੇ ਸਿਰਫ਼ ਚਾਰ ਕੰਪਨੀਆਂ ਤੋਂ ਕੁਟੇਸ਼ਨਾਂ ਤੇ ਤਜਵੀਜ਼ਾਂ ਲੈ ਲਈਆਂ। ਇਕੱਲਾ ਵਿੱਤ ਵਿਭਾਗ ਪੰਜਾਬ ਨਹੀਂ ਬਲਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵੀ ਹੁਕਮ ਹਨ ਕਿ ਕੋਈ ਵੀ ਵੱਡੀ ਖਰੀਦ ਬਿਨਾਂ ਟੈਂਡਰਾਂ ਤੋਂ ਨਹੀਂ ਕੀਤੀ ਜਾ ਸਕਦੀ।

ਪੰਜਾਬ ਸਰਕਾਰ ਨੇ ਕੁਟੇਸ਼ਨਾਂ ਨੂੰ ਇਸ ਤਰਕ 'ਤੇ ਜਾਇਜ਼ ਦੱਸਿਆ ਹੈ ਕਿ ਮਹਾਰਾਸ਼ਟਰ, ਉੱਤਰਾਖੰਡ ਤੇ ਯੂ.ਪੀ. ਨੇ ਵੀ ਹੈਲੀਕਾਪਟਰ ਖਰੀਦਣ ਲਈ ਇਹੋ ਖਰੀਦ ਪ੍ਰਕਿਰਿਆ ਅਪਣਾਈ ਹੈ। ਸੂਤਰਾਂ ਅਨੁਸਾਰ ਕੌਮਾਂਤਰੀ ਟੈਂਡਰ ਹੁੰਦੇ ਤਾਂ ਮੁਕਾਬਲੇ ਵਿਚ ਹੈਲੀਕਾਪਟਰ ਸਸਤੇ ਭਾਅ ਵਿਚ ਮਿਲ ਜਾਣਾ ਸੀ। ਕੁਟੇਸ਼ਨਾਂ ਮੁਤਾਬਕ ਸਿਰੋਕਸੀ ਕੰਪਨੀ ਨੇ 11.5 ਮਿਲੀਅਨ ਡਾਲਰ, ਯੂਰੋਕੋਪਟਰ ਨੇ ਦੋ ਵੱਖ-ਵੱਖ ਮਾਡਲਾਂ ਦੇ ਵੱਖ-ਵੱਖ ਰੇਟ 11.5 ਮਿਲੀਅਨ ਯੂਰੋ (ਈ.ਸੀ 155) ਤੇ ਡੌਫਿਨ ਐਨ-ਇੰਨ ਦਾ 9.0 ਮਿਲੀਅਨ ਯੂਰੋ ਰੇਟ ਭਰਿਆ ਸੀ। ਬੈਲ ਟੈਕਸਟਰੌਨ ਨੇ ਬੈਲ 429 ਦਾ ਰੇਟ 6.7 ਮਿਲੀਅਨ ਡਾਲਰ ਪੇਸ਼ਕਸ਼ ਕੀਤਾ ਸੀ।

ਹੈਲੀਕਾਪਟਰ ਦੀ ਚੋਣ ਲਈ ਮੁੱਖ ਸਕੱਤਰ ਪੰਜਾਬ ਦੀ ਅਗਵਾਈ ਵਿਚ ਬਣਾਈ ਕੈਬਨਿਟ ਸਬ ਕਮੇਟੀ ਨੇ ਬੈਲ ਟੈਕਸਟਰੌਨ ਕੰਪਨੀ ਤੋਂ ਬੈਲ 429 ਹੈਲੀਕਾਪਟਰ ਖਰੀਦਣ ਦਾ ਫੈਸਲਾ ਕਰ ਲਿਆ। ਕੁਟੇਸ਼ਨਾਂ ਵਿਚ ਸਭ ਤੋਂ ਘੱਟ ਰੇਟ 6.7 ਮਿਲੀਅਨ ਡਾਲਰ ਬੈਲ ਟੈਕਸਟਰੌਨ ਕੰਪਨੀ ਦਾ ਹੀ ਸੀ ਪਰ ਕਮੇਟੀ ਨੇ ਮੀਟਿੰਗਾਂ ਵਿਚ ਇਸੇ ਕੰਪਨੀ ਦੇ ਹੈਲੀਕਾਪਟਰ ਦੀ ਹਰ ਖੂਬੀ ਦੀ ਚਰਚਾ ਕੀਤੀ ਜਦੋਂਕਿ ਕੁਟੇਸ਼ਨਾਂ ਦੇਣ ਵਾਲੀਆਂ ਬਾਕੀ ਕੰਪਨੀਆਂ ਦੇ ਹੈਲੀਕਾਪਟਰ ਦੀ ਖੂਬੀ ਜਾਂ ਖਾਮੀ ਦਾ ਕਿਤੇ ਵੀ ਕੋਈ ਜ਼ਿਕਰ ਨਹੀਂ ਕੀਤਾ ਗਿਆ। ਬੈਲ 429 ਦੀ ਖਰੀਦ ਸਮੇਂ ਕੰਪਨੀ ਤੋਂ ਇਹ ਸਰਟੀਫਿਕੇਟ ਵੀ ਲੈ ਲਿਆ ਗਿਆ ਕਿ ਉਨ੍ਹਾਂ ਨੇ ਖਰੀਦ ਵਿਚ ਕਿਸੇ ਨੂੰ ਕੋਈ ਕਮਿਸ਼ਨ ਨਹੀਂ ਦਿੱਤਾ ਤੇ ਹੈਲੀਕਾਪਟਰ ਦੀ ਕੀਮਤ ਦੂਜੇ ਖਰੀਦਦਾਰਾਂ ਨਾਲੋਂ ਜ਼ਿਆਦਾ ਨਹੀਂ ਲਾਈ ਹੈ।

ਹੈਲੀਕਾਪਟਰ ਖਰੀਦਣ ਲਈ ਧੜਾਧੜ ਮੀਟਿੰਗਾਂ ਹੋਈਆਂ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 4 ਅਪਰੈਲ 2012 ਨੂੰ ਨਵੇਂ ਹੈਲੀਕਾਪਟਰ ਦੀ ਖਰੀਦ ਬਾਰੇ ਪੰਜ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਸੀ।

ਪੰਜਾਬ ਦੇ ਮੁੱਖ ਸਕੱਤਰ ਨੇ 10 ਅਪਰੈਲ 2012 ਨੂੰ ਹੀ ਸਵੇਰੇ ਸਵਾ ਗਿਆਰਾਂ ਵਜੇ ਮੀਟਿੰਗ ਕਰ ਲਈ। ਇਸੇ ਦਿਨ ਹੀ 10 ਅਪਰੈਲ ਨੂੰ ਮੁੱਖ ਮੰਤਰੀ ਨੇ ਸਵਾ ਚਾਰ ਵਜੇ ਮੀਟਿੰਗ ਕਰ ਲਈ। ਇਨ੍ਹਾਂ ਦੋਹਾਂ ਮੀਟਿੰਗਾਂ ਵਿਚ ਹੀ ਅਹਿਮ ਫੈਸਲੇ ਲੈ ਲਏ ਗਏ। ਰਾਤੋ ਰਾਤ ਹੀ ਕੰਪਨੀਆਂ ਤੋਂ ਹੈਲੀਕਾਪਟਰ ਦੀ ਖਰੀਦ ਬਾਰੇ ਕੁਟੇਸ਼ਨਾਂ ਪ੍ਰਾਪਤ ਕਰ ਲਈਆਂ।

ਪੰਜਾਬ ਦੇ ਮੁੱਖ ਮੰਤਰੀ ਨੇ ਇਨ੍ਹਾਂ ਮੀਟਿੰਗਾਂ ਵਿਚ ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਕਰਕੇ ਬੈਲ 429 ਹੈਲੀਕਾਪਟਰ ਖਰੀਦਣ ਦੀ ਹਰੀ ਝੰਡੀ ਦੇ ਦਿੱਤੀ ਤੇ ਮੁੱਖ ਸਕੱਤਰ ਨੂੰ ਕੰਪਨੀ ਨਾਲ ਖਰੀਦ ਬਾਰੇ ਗੱਲਬਾਤ ਕਰਨ ਵਾਸਤੇ ਆਖਿਆ ਗਿਆ। ਸਾਰਾ ਕੰਮ ਇਕੋ ਦਿਨ ਵਿਚ ਨਿਬੇੜ ਲਿਆ ਗਿਆ। ਦਿਲਚਸਪ ਗੱਲ ਇਹ ਹੈ ਕਿ ਸਰਕਾਰ ਵੱਲੋਂ ਕੁਟੇਸ਼ਨਾਂ ਪਹਿਲਾਂ ਲੈ ਲਈਆਂ ਗਈਆਂ ਸਨ ਜਦੋਂ ਕਿ ਕੁਟੇਸ਼ਨਾਂ ਮੰਗਣ ਦੀ ਪ੍ਰਵਾਨਗੀ ਮਗਰੋਂ ਦਿੱਤੀ ਗਈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838


# ਔਰਤਾਂ ਉਪਰ ਘਰੇਲੂ ਹਿੰਸਾ ਜਾਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਭਾਵੇਂ ਔਰਤਾਂ ਨੂੰ ਘਰੇਲੂ ਹਿੰਸਾ ਤੋਂ ਬਚਾਉਣ ਤੇ ਹਿੰਸਾ ਰੋਕਣ ਲਈ ਪੁਲਿਸ ਤੇ ਪ੍ਰਸ਼ਾਸਕੀ ਕਦਮ ਚੁੱਕਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਸ਼ਿਕਾਇਤਾਂ ਨੂੰ ਦੇਖ ਕੇ ਇਹ ਕਦਮ ਬੇਅਸਰ ਤੇ ਨਾਕਾਫੀ ਨਜ਼ਰ ਆ ਰਹੇ ਹਨ। ਪੰਜਾਬ ਵਿਚ ਇਹ ਮਾਮਲੇ ਦਿਨ-ਬ-ਦਿਨ ਵਧ ਰਹੇ ਹਨ। ਇਸ ਦਾਅਵੇ ਦੀ ਪੁਸ਼ਟੀ ਰਾਜ ਮਹਿਲਾ ਕਮਿਸ਼ਨ ਕੋਲ ਪੁੱਜੀਆਂ ਸ਼ਿਕਾਇਤਾਂ ਤੋਂ ਹੁੰਦੀ ਹੈ।

ਪੰਜਾਬ ਰਾਜ ਮਹਿਲਾ ਕਮਿਸ਼ਨ ਕੋਲੋਂ ਮਿਲੇ ਅੰਕੜਿਆਂ ਮੁਤਾਬਕ 15 ਸਾਲਾਂ ਵਿਚ ਉਨ੍ਹਾਂ ਕੋਲ 11,179 ਸ਼ਿਕਾਇਤਾਂ ਪੁੱਜੀਆਂ ਸਨ ਜਿਨ੍ਹਾਂ ਵਿਚ ਜ਼ਿਆਦਾਤਰ ਘਰੇਲੂ ਹਿੰਸਾ ਨਾਲ ਸਬੰਧਤ ਸਨ। ਹਰ ਸਾਲ ਸ਼ਿਕਾਇਤਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ। ਸਾਲ 1998 ਵਿਚ ਕਮਿਸ਼ਨ ਨੂੰ ਸਿਰਫ਼ 151 ਸ਼ਿਕਾਇਤਾਂ ਹੀ ਮਿਲੀਆਂ ਸਨ, 1999 ਵਿਚ 155, 2000 ਵਿਚ 166, 2001 ਵਿਚ 346, 2002 ਵਿਚ 330, 2003 ਵਿਚ 531, 2004 ਵਿਚ 532, 2005 ਵਿਚ 612, 2006 ਵਿਚ 813, 2009 ਵਿਚ 1048 ਤੇ 2010 ਵਿਚ 1341 ਸ਼ਿਕਾਇਤਾਂ ਪੁੱਜੀਆਂ। ਮੌਜੂਦਾ ਸਾਲ ਦੇ ਜਨਵਰੀ ਤੋਂ ਜੂਨ ਮਹੀਨੇ ਤੱਕ ਹੀ ਪੰਜਾਬ ਰਾਜ ਮਹਿਲਾ ਕਮਿਸ਼ਨ ਪਾਸ 807 ਸ਼ਿਕਾਇਤਾਂ ਪੁੱਜ ਚੁੱਕੀਆਂ ਹਨ।

ਮੌਜੂਦਾ ਸਾਲ ਦੇ ਜੂਨ ਮਹੀਨੇ ਤੱਕ ਪੰਜਾਬ ਰਾਜ ਮਹਿਲਾ ਕਮਿਸ਼ਨ ਕੋਲ ਘਰੇਲੂ ਹਿੰਸਾ ਦੇ 262 ਕੇਸ, ਦਾਜ ਨਾਲ ਸਬੰਧਤ 132, ਸਰੀਰਕ ਸ਼ੋਸ਼ਣ ਦੇ 59, ਜਾਇਦਾਦ ਨਾਲ ਸਬੰਧਤ 42, ਬਲਾਤਕਾਰ ਦੇ 13, ਪੁਲਿਸ ਖਿਲਾਫ਼ 12, ਐਨ.ਸੀ.ਡਬਲਿਊ ਤੋਂ ਪ੍ਰਾਪਤ 279 ਮਾਮਲੇ ਪੁੱਜੇ ਹਨ। ਕਤਲ, ਨਾਜਾਇਜ਼ ਸਬੰਧ ਤੇ ਐਨ.ਆਰ.ਆਈ ਤੋਂ ਤੰਗ-ਪ੍ਰੇਸ਼ਾਨ ਕਰਨ ਦਾ ਕੋਈ ਮਾਮਲਾ ਪੰਜਾਬ ਰਾਜ ਮਹਿਲਾ ਕਮਿਸ਼ਨ ਕੋਲ ਨਹੀਂ ਪੁੱਜਿਆ। ਪਿਛਲੇ ਸਾਲ ਤੋਂ ਹੁਣ ਤੱਕ ਕਮਿਸ਼ਨ ਵੱਲੋਂ 2113 ਮਾਮਲੇ ਨਿਪਟਾਏ ਗਏ ਹਨ।

# ਨਸ਼ਿਆਂ ਦੇ ਦਰਿਆ ਵਿਚ ਹੜ੍ਹੀ ਪੰਜਾਬ ਦੀ ਨੌਜਵਾਨੀ

**ਚੰਡੀਗੜ੍ਹ:** ਪੰਜ ਪਾਣੀਆਂ ਦੇ ਨਾਂ ਨਾਲ ਜਾਣੀ ਜਾਂਦੀ ਧਰਤੀ ਪੰਜਾਬ ਵਿਚ ਨਸ਼ੇ ਰੂਪੀ ਛੇਵੇਂ ਦਰਿਆ ਨੇ ਹੜ੍ਹ ਦਾ ਰੂਪ ਅਖਤਿਆਰ ਕਰ ਲਿਆ ਹੈ। ਇਸ ਵਿਚ ਮੁੱਛ-ਫੁੱਟ ਗੱਭਰੂ ਬੁਰੀ ਤਰ੍ਹਾਂ ਡੁੱਬ ਚੁੱਕੇ ਹਨ। ਇਸ ਦੀ ਤਾਜ਼ਾ ਮਿਸਾਲ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਫ਼ੌਜ ਦੀ ਭਰਤੀ ਤੋਂ ਮਿਲਦੀ ਹੈ ਜਿਸ ਵਿਚ ਪੂਰੇ ਪੰਜਾਬ ਦੇ ਤਕਰੀਬਨ 40,000 ਨੌਜਵਾਨਾਂ ਨੇ ਹਿੱਸਾ ਲਿਆ ਜਿਨ੍ਹਾਂ ਦੀ ਉਮਰ ਤਕਰੀਬਨ 18 ਤੋਂ 21 ਸਾਲ ਦੇ ਵਿਚਕਾਰ ਸੀ। ਇਨ੍ਹਾਂ 40,000 ਗੱਭਰੂਆਂ ਵਿਚੋਂ ਸਿਰਫ 2000 ਹੀ ਸਰੀਰਿਕ ਟੈਸਟ ਪਾਸ ਕਰ ਸਕੇ ਜੋ ਕਿ ਪੰਜ ਪ੍ਰਤੀਸ਼ਤ ਬਣਦਾ ਹੈ। ਕਈ ਨੌਜਵਾਨ ਦੌੜਦੇ-ਦੌੜਦੇ ਬੇਹੋਸ਼ ਹੋ ਰਹੇ ਤੇ ਕਈਆਂ ਦੀਆਂ ਦਿਲ ਦੀਆਂ ਧੜਕਨਾਂ ਵਧ ਰਹੀਆਂ ਸਨ।

ਇਸ ਉਮਰ ਵਿਚ ਨੌਜਵਾਨ ਪੂਰੀ ਤਾਕਤ ਵਿਚ ਤੇ ਫਿਕਰ ਰਹਿਤ ਹੁੰਦੇ ਹਨ ਪਰ ਇਸ ਭਰਤੀ ਨੇ ਆਰਮੀ ਦੇ ਉਚ ਅਧਿਕਾਰੀਆਂ ਨੂੰ ਵੀ ਫਿਕਰ ਵਿਚ ਪਾ ਦਿੱਤਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪਿਛਲੇ ਸਾਲ ਅਗਸਤ 2012 ਦੇ ਮਹੀਨੇ ਇਸ ਫ਼ੌਜ ਦੀ ਭਰਤੀ ਵਿਚ ਪੂਰੇ ਪੰਜਾਬ ਤੋਂ 35000 ਦੇ ਕਰੀਬ ਨੌਜਵਾਨ ਆਏ ਸੀ ਜਿਨ੍ਹਾਂ ਵਿਚੋਂ ਤਕਰੀਬਨ 3500 ਨੇ ਦੌੜ ਟੈਸਟ ਤੇ ਹੋਰ ਸਰੀਰਿਕ ਟੈਸਟ ਪਾਸ ਕੀਤੇ ਸਨ ਜੋ ਕੁੱਲ ਆਏ



ਨੌਜਵਾਨਾਂ ਦਾ 10 ਪ੍ਰਤੀਸ਼ਤ ਸੀ।

ਇਸ ਤੋਂ ਪਹਿਲਾਂ ਖਾਸਾ ਕੈਂਟ ਵਿਚ ਹੀ ਨਵੰਬਰ 2011 ਵਿਚ ਹੋਈ ਭਰਤੀ ਦੌਰਾਨ ਪੰਜਾਬ ਦੇ ਸਿਰਫ ਚਾਰ ਜ਼ਿਲ੍ਹਿਆਂ ਤੋਂ 30000 ਨੌਜਵਾਨ ਆਏ ਜਿਨ੍ਹਾਂ ਵਿਚੋਂ ਤਕਰੀਬਨ 3100 ਨੌਜਵਾਨ ਦੌੜ ਟੈਸਟ ਵਿਚੋਂ ਪਾਸ ਹੋਏ। ਇਹ ਵੀ ਆਏ ਨੌਜਵਾਨਾਂ ਦਾ 10 ਪ੍ਰਤੀਸ਼ਤ ਸੀ। ਇਹ ਅੰਕੜੇ ਦੇਖ ਫੌਜੀ ਅਧਿਕਾਰੀ ਵੀ ਹੈਰਾਨ ਸਨ ਕਿ ਉਹ ਪੰਜਾਬ ਵਿਚ ਬੜੇ ਖੁਸ਼ ਹੋ ਕੇ ਭਰਤੀ ਵਾਸਤੇ ਆਉਂਦੇ ਹਨ ਤੇ ਇਸ ਵੀ ਕੋਈ ਸ਼ੱਕ ਨਹੀਂ ਹੈ ਕਿ ਪੂਰੇ ਭਾਰਤ ਵਿਚੋਂ ਸਭ ਤੋਂ ਵੱਧ ਨੌਜਵਾਨ ਪੰਜਾਬ ਵਿਚੋਂ ਭਰਤੀ ਹੁੰਦੇ ਸਨ ਪਰ ਹੁਣ ਹਾਲਾਤ ਬਦਲ ਰਹੇ ਹਨ।

ਦੂਜੇ ਪਾਸੇ ਪੰਜਾਬ ਸਰਕਾਰ ਵੀ ਨਸ਼ਿਆਂ ਨੂੰ ਰੋਕਣ ਲਈ ਸੁਹਿਰਦ ਨਹੀਂ। ਮਿਲੀ ਜਾਣਕਾਰੀ ਮੁਤਾਬਕ ਪੰਜਾਬ ਵਿਚ ਇਸ ਵੇਲੇ ਦਵਾਈਆਂ ਵੇਚਣ ਵਾਲੀਆਂ ਦੁਕਾਨਾਂ/ਮੈਡੀਕਲ ਸਟੋਰਾਂ ਦੀ ਗਿਣਤੀ 20 ਹਜ਼ਾਰ ਤੋਂ ਜ਼ਿਆਦਾ ਹੈ ਤੇ ਦਵਾਈਆਂ ਤਿਆਰ ਕਰਨ ਵਾਲੀਆਂ ਛੋਟੀਆਂ-ਵੱਡੀਆਂ ਫੈਕਟਰੀਆਂ ਦੀ ਗਿਣਤੀ 150 ਹੈ।

ਦੂਜੇ ਪਾਸੇ ਨਿਯਮ ਇਹ ਕਹਿੰਦੇ ਹਨ ਕਿ ਦਵਾਈਆਂ ਦੀਆਂ ਹਰ 200 ਦੁਕਾਨਾਂ ਪਿੱਛੇ ਇਕ ਡਰੱਗ ਇੰਸਪੈਕਟਰ ਤੇ ਦਵਾਈਆਂ ਤਿਆਰ ਕਰਨ ਵਾਲੀਆਂ ਹਰ 25 ਫੈਕਟਰੀਆਂ ਪਿੱਛੇ ਇਕ ਡਰੱਗ ਇੰਸਪੈਕਟਰ ਲਾਜ਼ਮੀ ਹੋਣਾ ਚਾਹੀਦਾ ਹੈ। ਇਸ ਮੁਤਾਬਕ ਸੂਬੇ ਵਿਚ ਉਪਰੋਕਤ ਮੈਡੀਕਲ ਦੁਕਾਨਾਂ ਤੇ ਫੈਕਟਰੀਆਂ ਦੀ ਚੈਕਿੰਗ ਲਈ 110 ਤੋਂ ਜ਼ਿਆਦਾ ਡਰੱਗ ਇੰਸਪੈਕਟਰ ਚਾਹੀਦੇ ਹਨ ਪਰ ਪੰਜਾਬ ਸਰਕਾਰ ਚਾਹ ਕੇ ਵੀ ਅਜਿਹਾ ਨਹੀਂ ਕਰ ਸਕਦੀ ਕਿਉਂਕਿ ਸੂਬੇ ਦੇ 22 ਜ਼ਿਲ੍ਹਿਆਂ ਲਈ ਸਿਹਤ ਵਿਭਾਗ ਕੋਲ ਕੁੱਲ 50 ਡਰੱਗ ਇੰਸਪੈਕਟਰ ਹਨ ਜਿਨ੍ਹਾਂ ਵਿਚੋਂ ਚਾਰ ਛੁੱਟੀ 'ਤੇ ਹਨ ਜਦਕਿ ਪੰਜ ਇੰਸਪੈਕਟਰ ਜ਼ੋਨਲ ਮੁਖੀਆਂ ਵਜੋਂ ਸੇਵਾ ਨਿਭਾ ਰਹੇ ਹਨ। ਕੁੱਲ ਮਿਲਾ ਕੇ 41 ਡਰੱਗ ਇੰਸਪੈਕਟਰ ਡਿਊਟੀ 'ਤੇ ਹਨ।

## ਪੰਜਾਬ ਦੇ ਸਿੱਖ ਵੀ ਸੰਘ ਨਾਲ ਜੁੜੇ: ਅਡਵਾਨੀ

**ਨਵੀਂ ਦਿੱਲੀ:** ਭਾਜਪਾ ਆਗੂ ਐਲ.ਕੇ. ਅਡਵਾਨੀ ਨੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰਐਸਐਸ) ਦੀ ਤਾਰੀਫ਼ ਕਰਦਿਆਂ ਕਿਹਾ ਕਿ ਜਾਤ ਦੇ ਨਾਂ 'ਤੇ ਸੰਘ ਜਾਤ-ਪਾਤ ਨਹੀਂ ਮੰਨਦਾ ਤੇ ਉਹ ਹਮੇਸ਼ਾ ਦਲਿਤਾਂ ਦਾ ਮਦਦਗਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਮਗਰੋਂ ਸਿੱਖ ਵੀ ਸੰਘ ਦੀਆਂ ਮੀਟਿੰਗਾਂ ਵਿਚ ਜਾਣ ਲੱਗੇ ਹਨ। ਉਨ੍ਹਾਂ ਕਿਹਾ ਅਕਾਲੀ-ਭਾਜਪਾ ਗੱਠਜੋੜ ਤੋਂ ਪਹਿਲਾਂ ਆਰ ਐਸ ਐਸ ਦੀਆਂ ਮੀਟਿੰਗਾਂ ਵਿਚ ਸਿੱਖ ਸ਼ਾਮਲ ਨਹੀਂ ਹੁੰਦੇ ਸਨ ਪਰ ਹੋਰ ਸਾਰੇ ਸ਼ਾਮਲ ਹੋਇਆ ਕਰਦੇ ਸਨ। ਹੁਣ ਮਾਹੌਲ ਬਦਲ ਗਿਆ ਹੈ ਤੇ ਕਿਸੇ ਕਿਸਮ ਦਾ ਤਣਾਅ ਨਹੀਂ ਰਿਹਾ। ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਪਾਰਟੀ ਵਿਚ ਤਰੱਕੀ ਮਿਲਣ ਮਗਰੋਂ ਸ੍ਰੀ ਅਡਵਾਨੀ ਤੇ ਸੰਘ ਦੇ ਸਬੰਧਾਂ ਵਿਚ ਕੜਵਾਹਟ ਆ ਗਈ ਸੀ। ਇਥੇ ਪਾਰਟੀ ਦੇ ਅਨੁਸੂਚਿਤ ਜਾਤੀ ਫਰੰਟ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਉਦਘਾਟਨੀ ਭਾਸ਼ਣ ਦੌਰਾਨ ਸ੍ਰੀ ਅਡਵਾਨੀ ਨੇ ਕਿਹਾ ਕਿ ਸੰਘ ਦਾ ਜਾਤ-ਪਾਤ ਵਿਚ ਵਿਸ਼ਵਾਸ ਨਹੀਂ ਹੈ ਤੇ ਉਹ ਸਮਾਜ ਦੇ ਹਰ ਵਰਗ ਨੂੰ ਇਕ ਬਰਾਬਰ ਮੰਨਦਾ ਹੈ। ਭਾਜਪਾ ਅਗਾਮੀ ਲੋਕ ਸਭਾ ਚੋਣਾਂ ਵਿਚ ਦਲਿਤਾਂ ਦੀਆਂ ਵੋਟਾਂ ਖਿੱਚਣ ਲਈ ਜ਼ੋਰ ਲਾ ਰਹੀ ਹੈ ਤੇ ਉਸ ਦਾ ਇਰਾਦਾ ਦਲਿਤਾਂ ਦੀਆਂ 10 ਫੀਸਦੀ ਵੋਟਾਂ ਨੂੰ ਹੂੰਝਣਾ ਹੈ।

# ਪੰਜਾਬ ਵਿਚ ਹੁਣ ਧਨਾਢਾਂ ਦੇ ਲਾਡਲੇ ਹੀ ਬਣ ਸਕਣਗੇ ਡਾਕਟਰ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਧਨਾਢਾਂ ਦੇ ਲਾਡਲੇ ਹੀ ਡਾਕਟਰ ਬਣ ਸਕਣਗੇ। ਆਮ ਲੋਕਾਂ ਵਾਸਤੇ ਡਾਕਟਰ ਬਣਨ ਦੀ ਇੱਛਾ ਇਕ ਸੁਫਨਾ ਬਣਨ ਵਾਲੀ ਹੈ ਕਿਉਂਕਿ ਸਰਕਾਰ ਨੇ ਐਮ.ਬੀ.ਬੀ.ਐਸ. ਤੇ ਬੀ.ਡੀ.ਐਸ. ਦੀ ਫੀਸ ਵਿਚ 33 ਫੀਸਦੀ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਇਹ ਵਾਧਾ ਇਸੇ ਵਿਦਿਅਕ ਸੈਸ਼ਨ ਤੋਂ ਲਾਗੂ ਹੋਵੇਗਾ। ਮੈਡੀਕਲ ਸਿੱਖਿਆ ਵਿਭਾਗ ਦੇ ਭਰੋਸੇਯੋਗ ਸੂਤਰਾਂ ਨੇ ਦੱਸਿਆ ਕਿ ਪ੍ਰਾਈਵੇਟ ਮੈਡੀਕਲ ਕਾਲਜਾਂ ਦੀ ਜਨਰਲ ਤੇ ਮੈਨੇਜਮੈਂਟ ਕੋਟੇ ਦੀ ਫੀਸ ਵਿਚ ਵਾਧਾ ਕੀਤਾ ਗਿਆ ਹੈ ਜਦੋਂਕਿ ਐਨ.ਆਰ.ਆਈ. ਕੋਟੇ ਦੀ ਫੀਸ ਪਹਿਲਾਂ ਜਿੰਨੀ ਹੀ ਰਹੇਗੀ। ਮੈਨੇਜਮੈਂਟ ਕੋਟੇ ਦੀਆਂ 35 ਤੇ ਐਨ.ਆਰ.ਆਈ. ਕੋਟੇ ਦੀਆਂ 15 ਫੀਸਦੀ ਸੀਟਾਂ ਹੁੰਦੀਆਂ ਹਨ ਜਦੋਂਕਿ ਜਨਰਲ ਵਰਗ ਲਈ 50 ਫੀਸਦੀ ਸੀਟਾਂ ਹਨ।

ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਫੀਸਾਂ ਵਿਚ ਵਾਧੇ ਲਈ ਗਠਿਤ ਕਮੇਟੀ ਨੇ 33 ਫੀਸਦੀ ਵਾਧਾ ਕਰਨ ਦਾ ਫੈਸਲਾ ਲਿਆ ਹੈ। ਪੰਜਾਬ ਸਰਕਾਰ ਨੇ 2007 ਵਿਚ ਇਕ ਪੱਤਰ ਜਾਰੀ ਕਰਕੇ ਹਰ ਤਿੰਨ ਸਾਲਾਂ ਬਾਅਦ 15 ਫੀਸਦੀ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਸੀ ਪਰ ਇਸ ਦੇ ਉਲਟ ਸਰਕਾਰ ਨੇ 2010 ਵਿਚ 31 ਫੀਸਦੀ ਤੇ 2012 ਵਿਚ 23 ਫੀਸਦੀ ਦਾ ਵਾਧਾ ਕਰ ਦਿੱਤਾ ਤੇ ਇਹ ਤੀਸਰਾ ਸਭ ਤੋਂ ਵੱਡਾ ਵਾਧਾ ਹੈ। ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਸਾਬਕਾ ਰਜਿਸਟਰਾਰ ਤੇ ਚਿੰਤਕ ਡਾਕਟਰ ਪਿਆਰੇ ਲਾਲ ਗਰਗ ਨੇ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਸ ਸਟੇਜ 'ਤੇ ਵਾਧਾ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਉਨ੍ਹਾਂ ਕਿਹਾ ਕਿ ਇਸ ਨਾਲ ਮੈਰਿਟ ਵਿਚ ਆਏ ਹੁਸ਼ਿਆਰ ਬੱਚਿਆਂ ਦੇ ਮੈਡੀਕਲ ਕਾਲਜਾਂ ਵਿਚੋਂ ਬਾਹਰ ਰਹਿਣ ਤੇ ਅਮੀਰਾਂ ਦੇ ਆਮ ਬੱਚਿਆਂ ਦੇ ਡਾਕਟਰ ਬਣਨ ਦੀ ਸੰਭਾਵਨਾ ਵਧ ਗਈ ਹੈ।

ਪੰਜਾਬ ਵਿਚ ਡਾਕਟਰੀ ਦੀ ਪੜ੍ਹਾਈ ਹੋਰ ਰਾਜਾਂ ਨਾਲੋਂ ਮਹਿੰਗੀ ਹੈ। ਇਥੋਂ ਦੇ ਮੈਡੀਕਲ ਕਾਲਜ ਪਹਿਲਾਂ ਹੀ ਐਮ.ਬੀ.ਬੀ.ਐਸ. ਤੇ ਬੀ.ਡੀ.ਐਸ. ਦੀ ਫੀਸ ਜ਼ਿਆਦਾ ਵਸੂਲ ਰਹੇ ਹਨ ਤੇ ਉਪਰੋਂ ਸਰਕਾਰ ਨੇ ਫੀਸ ਵਿਚ ਹੋਰ ਵਾਧਾ ਕਰ ਦਿੱਤਾ ਹੈ। ਪੰਜਾਬ ਵਿਚ ਐਮ.ਬੀ.ਬੀ.ਐਸ. ਦੀ ਸਾਲਾਨਾ ਫੀਸ 1.50 ਲੱਖ ਰੁਪਏ ਤੇ ਬੀ.ਡੀ.ਐਸ. ਦੀ ਫੀਸ 1.10 ਲੱਖ ਰੁਪਏ ਹੈ। ਮਹਾਰਾਸ਼ਟਰ ਵਿਚ ਇਹ ਫੀਸ ਕ੍ਰਮਵਾਰ ਇਕ ਲੱਖ ਰੁਪਏ ਤੇ 60 ਹਜ਼ਾਰ ਰੁਪਏ ਹੈ। ਮੱਧ ਪ੍ਰਦੇਸ਼ ਵਿਚ ਡਾਕਟਰੀ ਦੀ ਇਕ ਸਾਲ ਦੀ ਫੀਸ 1.32 ਲੱਖ ਰੁਪਏ ਹੈ ਜਦੋਂਕਿ ਬੀ.ਡੀ.ਐਸ. ਦੀ ਸਾਲ ਦੀ ਫੀਸ 60 ਹਜ਼ਾਰ ਰੁਪਏ ਹੈ। ਤਾਮਿਲਨਾਡੂ ਵਿਚ ਐਮ.ਬੀ.ਬੀ.ਐਸ. ਤੇ ਬੀ.ਡੀ.ਐਸ. ਦੀ ਸਾਲਾਨਾ ਫੀਸ ਕ੍ਰਮਵਾਰ 1.30 ਲੱਖ ਰੁਪਏ ਤੇ ਇਕ ਲੱਖ ਰੁਪਏ ਹੈ।

# ਹੁਣ ਨਹਿਰੀ ਮਹਿਕਮੇ ਦੀਆਂ ਜ਼ਮੀਨਾਂ ਵੀ ਗਈਆਂ!

**ਚੰਡੀਗੜ੍ਹ:** ਪੰਜਾਬ ਸਰਕਾਰ ਹੁਣ ਨਹਿਰੀ ਮਹਿਕਮੇ ਦੀਆਂ ਜ਼ਮੀਨਾਂ ਵੇਚ ਕੰਮ ਚਲਾਏਗੀ। ਸਰਕਾਰ ਨੇ ਨਹਿਰੀ ਮਹਿਕਮੇ ਦੇ ਤਕਰੀਬਨ 50 ਆਰਾਮਘਰ ਵੇਚਣ ਦੀ ਤਿਆਰੀ ਵਿੱਢ ਦਿੱਤੀ ਹੈ। ਮਹਿਕਮੇ ਦੀ ਕਰੀਬ ਦੋ ਹਜ਼ਾਰ ਏਕੜ ਜ਼ਮੀਨ ਵੀ ਨਿਲਾਮ ਕੀਤੀ ਜਾਣੀ ਹੈ। ਸਿੰਜਾਈ ਵਿਭਾਗ ਨੇ ਆਪਣੀ ਇਸ ਜਾਇਦਾਦ ਦੇ ਵੇਰਵੇ ਤੇ ਪੂਰਾ ਪ੍ਰਾਜੈਕਟ ਪੂਡਾ ਨੂੰ ਸੌਂਪ ਦਿੱਤਾ ਹੈ ਤੇ ਹੁਣ ਪੂਡਾ ਵੱਲੋਂ ਇਨ੍ਹਾਂ ਜਾਇਦਾਦਾਂ ਵਿਚੋਂ ਚੰਗੀ ਕਮਾਈ ਵਾਲੀ ਸੰਪਤੀ ਦੀ ਸ਼ਨਾਖ਼ਤ ਕੀਤੀ ਜਾ ਰਹੀ ਹੈ।

ਪਿਛਲੇ ਕਾਫ਼ੀ ਸਮੇਂ ਤੋਂ ਸਿੰਜਾਈ ਵਿਭਾਗ ਦੀ ਇਸ ਜਾਇਦਾਦ ਦਾ ਮਾਮਲਾ ਠੰਢੇ ਬਸਤੇ ਵਿਚ ਪਿਆ ਹੋਇਆ ਸੀ। ਸਿੰਜਾਈ ਵਿਭਾਗ ਪੰਜਾਬ ਨੇ ਹੁਣ ਡਿਪਟੀ ਕਮਿਸ਼ਨਰਾਂ ਨੂੰ ਮਹਿਕਮੇ ਦੀ ਵੇਚਣਯੋਗ ਸੰਪਤੀ ਦੀ ਸੂਚੀ ਭੇਜ ਦਿੱਤੀ ਹੈ ਤੇ ਆਖਿਆ ਹੈ ਕਿ ਇਸ ਵਿਚੋਂ ਖਾਸ ਨੁਕਤਿਆਂ ਤਹਿਤ ਜਾਇਦਾਦ ਛਾਂਟ ਲਈ ਜਾਵੇ। ਹਦਾਇਤ ਹੈ ਕਿ ਜੋ ਸੰਪਤੀ ਸ਼ਹਿਰੀ, ਝਗੜੇ ਤੋਂ ਰਹਿਤ ਤੇ ਮੁਕਦਮੇਬਾਜ਼ੀ ਤੋਂ ਮੁਕਤ ਹੈ, ਉਸ ਦੀ ਛਾਂਟੀ ਕਰ ਕੇ ਸੂਚਨਾ ਭੇਜ ਦਿੱਤੀ ਜਾਵੇ।

ਸਿੰਜਾਈ ਵਿਭਾਗ ਨੇ 15 ਮਈ 2013 ਤੋਂ ਇਨ੍ਹਾਂ ਜਾਇਦਾਦਾਂ ਨੂੰ ਨਿਲਾਮ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਹੋਈ ਹੈ। ਸਿੰਜਾਈ ਵਿਭਾਗ ਨੇ ਨਹਿਰੀ ਆਰਾਮਘਰਾਂ ਤੋਂ ਬਿਨਾਂ ਰੱਦੀ ਕੱਸੀਆਂ, ਨਹਿਰੀ ਕਲੋਨੀਆਂ ਤੇ ਰੱਦੀ ਖਾਲ਼ਿਆਂ ਤੇ ਪੁਰਾਣੇ ਦਫ਼ਤਰਾਂ ਦੀ ਜਾਇਦਾਦ ਦੀ ਸੂਚੀ ਵੀ ਤਿਆਰ ਕੀਤੀ ਹੈ। ਬਠਿੰਡਾ ਵਿਕਾਸ ਅਥਾਰਟੀ ਨੇ ਇਨ੍ਹਾਂ ਵਿਚੋਂ 45



ਸੰਪਤੀਆਂ ਦੀ ਸ਼ਨਾਖ਼ਤ ਕਰ ਲਈ ਹੈ ਜੋ ਫਾਇਦੇ ਵਾਲੀਆਂ ਹਨ ਤੇ ਚੰਗੀ ਕਮਾਈ ਹੋ ਸਕਦੀ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਮਾਲਵਾ ਖ਼ਿੱਤੇ ਦੀਆਂ ਜਿਨ੍ਹਾਂ ਜਾਇਦਾਦਾਂ ਦੀ ਨਿਲਾਮੀ ਲਈ ਸ਼ਨਾਖ਼ਤ ਕੀਤੀ ਗਈ ਹੈ, ਉਨ੍ਹਾਂ ਵਿਚ ਪਿੰਡ ਬਹਿਮਣ ਜੱਸਾ ਸਿੰਘ, ਭੈਣੀ ਬਾਘਾ, ਬੀਰੋਕੇ ਕਲਾਂ, ਰਾਮਨਗਰ, ਜੋਗਾ, ਉੱਭਾ, ਸ਼ੇਰਪੁਰ, ਸੇਖਾ, ਜਲਵੇੜਾ, ਕੋਟਸ਼ਮੀਰ, ਚੱਕ ਰਾਮ ਸਿੰਘ ਵਾਲਾ, ਪੂਹਲਾ, ਟੱਲੇਵਾਲ, ਵਿਰਕ ਕਲਾਂ, ਰਾਏਕੇ ਖ਼ੁਰਦ, ਕਲਿਆਣ, ਤਖ਼ਤੂਪੁਰਾ ਤੇ ਨਿਉਰ ਦੇ ਨਹਿਰੀ ਆਰਾਮਘਰ ਹਨ। ਸਰਕਲ ਫ਼ਿਰੋਜ਼ਪੁਰ ਦੇ 16 ਨਹਿਰੀ ਆਰਾਮਘਰਾਂ ਦੀ ਨਿਲਾਮੀ ਵਾਸਤੇ ਸ਼ਨਾਖ਼ਤ ਕੀਤੀ ਗਈ ਹੈ। ਹੰਡਿਆਇਆ, ਲੌਂਗੋਵਾਲ ਤੇ ਲੱਡਾ ਨਹਿਰੀ ਕੋਠੀ ਵੀ ਇਸ ਸੂਚੀ ਵਿਚ ਸ਼ਾਮਲ ਹੈ। ਮਾਝਾ ਖੇਤਰ ਦੇ ਜੋ ਨਹਿਰੀ ਆਰਾਮਘਰ ਸ਼ਨਾਖ਼ਤ ਕੀਤੇ ਗਏ ਹਨ, ਉਨ੍ਹਾਂ ਵਿਚ ਕੋਟਫੱਤੂਹੀ, ਬੰਗਾ, ਰਣੀਕੇ, ਬਦਰਾ, ਦੁਬਰਜੀ, ਤਿਬੜੀ ਤੇ ਧਾਰੀਵਾਲ ਪਿੰਡਾਂ ਦੇ ਆਰਾਮਘਰ ਸ਼ਾਮਲ ਹਨ। ਸਰਹਿੰਦ ਨਹਿਰ ਮੰਡਲ ਲੁਧਿਆਣਾ ਦੀ ਕੁੱਲ 336 ਏਕੜ ਜ਼ਮੀਨ ਦੀ ਸ਼ਨਾਖ਼ਤ ਕੀਤੀ ਗਈ ਹੈ ਜਿਸ ਤੋਂ ਚੰਗੀ ਆਮਦਨ ਹੋਣ ਦੀ ਉਮੀਦ ਹੈ। ਪੰਜਾਬ ਸਰਕਾਰ ਵੱਲੋਂ ਓ.ਯੂ.ਵੀ.ਜੀ.ਐਲ. ਸਕੀਮ ਤਹਿਤ ਇਨ੍ਹਾਂ ਸੰਪਤੀਆਂ ਨੂੰ ਪੂਡਾ ਨੂੰ ਤਬਦੀਲ ਕੀਤਾ ਜਾਣਾ ਹੈ।

ਨਹਿਰੀ ਮਹਿਕਮੇ ਦਾ ਕਹਿਣਾ ਹੈ ਕਿ ਇਹ ਬੇਕਾਰ ਸੰਪਤੀਆਂ ਹਨ ਜਿਨ੍ਹਾਂ ਦੀ ਵਰਤੋਂ ਨਹੀਂ ਹੋ ਰਹੀ। ਇਨ੍ਹਾਂ ਵਿਚੋਂ ਕਾਫ਼ੀ ਜਾਇਦਾਦਾਂ ਮੁਕੱਦਮੇਬਾਜ਼ੀ ਵਿਚ ਫਸੀਆਂ ਹੋਈਆਂ ਹਨ ਤੇ ਕਾਫ਼ੀ ਨਾਜਾਇਜ਼ ਕਬਜ਼ੇ ਹੇਠ ਹਨ। ਬਿਸਤ ਦੁਆਬ ਮੰਡਲ ਜਲੰਧਰ ਦੀ 232 ਏਕੜ ਜ਼ਮੀਨ ਸ਼ਨਾਖ਼ਤ ਕੀਤੀ ਗਈ ਹੈ। ਭਾਖੜਾ ਮੇਨ ਲਾਈਨ ਦੀਆਂ 52 ਸੰਪਤੀਆਂ ਦੀ ਸ਼ਨਾਖ਼ਤ ਕੀਤੀ ਹੈ ਜਿਸ ਦਾ 388 ਏਕੜ ਰਕਬਾ ਬਣਦਾ ਹੈ।

ਫ਼ਿਰੋਜ਼ਪੁਰ ਸਰਕਲ ਦੀਆਂ 67 ਜਾਇਦਾਦਾਂ ਦਾ ਰਕਬਾ 207 ਏਕੜ ਬਣਦਾ ਹੈ। ਅਪਰਬਾਰੀ ਦੁਆਬ ਹਲਕਾ ਅੰਮ੍ਰਿਤਸਰ ਦੀ 236 ਏਕੜ ਜ਼ਮੀਨ ਦੀ ਸ਼ਨਾਖ਼ਤ ਹੋਈ ਹੈ ਜਿਸ ਤੋਂ ਕੁਲੈਕਟਰ ਰੇਟ ਮੁਤਾਬਕ 8.93 ਕਰੋੜ ਦੀ ਆਮਦਨ ਹੋਣ ਦੀ ਉਮੀਦ ਹੈ। ਇਵੇਂ ਹੀ ਰੱਦੀ ਕੱਸੀਆਂ ਦਾ ਰਕਬਾ ਵੀ ਇਸ ਵਿਚ ਸ਼ਾਮਲ ਕੀਤਾ ਗਿਆ ਹੈ।

# ਕੇਂਦਰ ਦੀ ਕਣਕ ਨਾਲ ਸਿਆਸੀ ਰੋਟੀਆਂ ਪਕਾਏਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਕੇਂਦਰ ਸਰਕਾਰ ਵੱਲੋਂ ਅੰਨ ਸੁਰੱਖਿਆ ਕਾਨੂੰਨ ਤਹਿਤ ਦਿੱਤੀ ਜਾਣ ਵਾਲੀ ਕਣਕ ਨਾਲ ਸਿਆਸੀ ਰੋਟੀਆਂ ਸੇਕਣ ਦੀ ਵਿਉਂਤ ਬਣਾ ਰਹੀ ਹੈ। ਉਂਜ, ਅਜੇ ਤੱਕ ਪੰਜਾਬ ਸਰਕਾਰ ਨੂੰ ਅੰਨ ਸੁਰੱਖਿਆ ਆਰਡੀਨੈਂਸ ਲਾਗੂ ਕਰਨ ਲਈ ਕੋਈ ਦਿਸ਼ਾ ਨਿਰਦੇਸ਼ ਨਾ ਹੋਣ ਕਾਰਨ ਇਹ ਮਾਮਲਾ ਮੀਟਿੰਗਾਂ ਤੱਕ ਸੀਮਤ ਹੈ। ਰਾਜ ਸਰਕਾਰ ਨੇ ਕੇਂਦਰ ਦੀ ਇਸ ਯੋਜਨਾ ਨੂੰ ਲਾਗੂ ਕਰਨ ਲਈ ਮੁਢਲੀਆਂ ਤਿਆਰੀਆਂ ਬੇਸ਼ੱਕ ਆਰੰਭ ਦਿੱਤੀਆਂ ਹਨ ਪਰ ਰਾਜ ਸਰਕਾਰ ਫੈਸਲਾ ਲੈਣ ਤੋਂ ਅਸਮਰੱਥ ਹੈ।

ਸੂਤਰਾਂ ਮੁਤਾਬਕ ਅਕਾਲੀ-ਭਾਜਪਾ ਸਰਕਾਰ ਕੇਂਦਰ ਸਰਕਾਰ ਵੱਲੋਂ ਸਸਤਾ ਅਨਾਜ ਦੇਣ ਦੀ ਯੋਜਨਾ 'ਤੇ ਆਪਣੀਆਂ 'ਰਾਜਸੀ ਰੋਟੀਆਂ ਸੇਕਣ' ਦਾ ਜੁਗਾੜ ਕਰਨ ਦੀ ਵਿਉਂਤ ਬਣਾ ਰਹੀ ਹੈ। ਇਸ ਵਿਉਂਤ ਤਹਿਤ ਕੇਂਦਰ ਸਰਕਾਰ ਦੀ ਕਣਕ ਦੇ ਨਾਲ ਦਾਲ ਰਾਜ ਸਰਕਾਰ ਵੱਲੋਂ ਦੇਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਯੋਜਨਾ



ਦੇ ਪ੍ਰਵਾਨ ਚੜ੍ਹਨ ਦੇ ਆਸਾਰ ਹਨ।

ਪੰਜਾਬ ਸਰਕਾਰ ਵੱਲੋਂ ਪਿਛਲੇ ਛੇਆਂ ਵਰ੍ਹਿਆਂ ਤੋਂ 15.40 ਲੱਖ ਪਰਿਵਾਰਾਂ ਨੂੰ ਆਟਾ ਦਾਲ ਯੋਜਨਾ ਤਹਿਤ ਕਣਕ ਤੇ ਦਾਲ ਦਿੱਤੀ ਜਾ ਰਹੀ ਹੈ। ਰਾਜ ਸਰਕਾਰ ਵੱਲੋਂ ਕਣਕ ਚਾਰ ਰੁਪਏ ਤੇ ਦਾਲ 20 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਪ੍ਰਤੀ ਜੀਅ ਪੰਜ ਕਿਲੋ ਕਣਕ ਤੇ ਅੱਧਾ ਕਿਲੋ ਦਾਲ ਤਹਿਤ ਇਕ ਪਰਿਵਾਰ ਨੂੰ ਵੱਧ ਤੋਂ ਵੱਧ 25 ਕਿਲੋ ਕਣਕ ਤੇ ਢਾਈ ਕਿਲੋ ਦਾਲ ਦਿੱਤੀ ਜਾ ਰਹੀ ਹੈ। ਰਾਜ ਸਰਕਾਰ ਵੱਲੋਂ ਚਲੰਤ ਮਾਲੀ ਸਾਲ ਦੇ ਬਜਟ ਵਿਚ ਇਸ ਯੋਜਨਾ ਲਈ 300 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਸੀ। ਇਸ ਵਿਚੋਂ ਦਾਲਾਂ ਦੀ ਖਰੀਦ 'ਤੇ ਤਕਰੀਬਨ ਸੌ ਕੁ ਕਰੋੜ ਰੁਪਏ ਸਲਾਨਾ ਖਰਚ ਹੁੰਦੇ ਹਨ। ਕੇਂਦਰ ਦੀ ਯੋਜਨਾ ਤਹਿਤ ਪੰਜ ਕਿਲੋ ਕਣਕ ਪ੍ਰਤੀ ਜੀਅ ਦੋ ਰੁਪਏ ਕਿਲੋ ਦੇ ਹਿਸਾਬ ਨਾਲ ਦਿੱਤੀ ਜਾਣੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜੇ ਤੱਕ ਇਸ ਗੱਲ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਕੇਂਦਰ ਸਰਕਾਰ ਕਣਕ ਦੀ ਖਰੀਦ 'ਤੇ ਆਉਣ ਵਾਲੇ ਪੈਸੇ ਦੀ ਅਦਾਇਗੀ ਰਾਜ ਸਰਕਾਰ ਨੂੰ ਕਿਸ ਰੂਪ ਵਿਚ ਕਰੇਗੀ। ਪੰਜਾਬ ਲਈ ਵੱਡੀ ਚੁਣੌਤੀ ਡਿਪੂਆਂ ਰਾਹੀਂ ਜਨਤਕ ਵੰਡ ਪ੍ਰਣਾਲੀ ਨੂੰ ਚਲਾਉਣਾ ਹੈ। ਮਿੱਟੀ ਦੇ ਤੇਲ ਦੀ ਸਪਲਾਈ ਘਟਣ ਤੋਂ ਬਾਅਦ ਸੂਬੇ ਵਿਚ ਵੱਡੀ ਪੱਧਰ 'ਤੇ ਡਿਪੂ ਹੋਲਡਰਾਂ ਨੇ ਲਾਇਸੈਂਸ ਵਾਪਸ ਕਰ ਦਿੱਤੇ ਸਨ। ਡਿਪੂਆਂ ਤੋਂ ਬਿਨਾਂ ਯੋਜਨਾ ਚਲਾਉਣੀ ਮੁਸ਼ਕਲ ਹੈ।

ਪੰਜਾਬ ਸਰਕਾਰ ਅੱਗੇ ਸਭ ਤੋਂ ਵੱਡੀ ਚੁਣੌਤੀ ਆਪਣੀ ਆਟਾ ਦਾਲ ਨੂੰ ਲੋਕਾਂ ਵਿਚ ਪ੍ਰਚੱਲਤ ਰੱਖਣਾ ਤੇ ਕੇਂਦਰ ਸਰਕਾਰ ਦੀ ਸਸਤੀ ਯੋਜਨਾ ਦਾ ਲਾਭ ਲੈਣਾ ਹੈ। ਕੇਂਦਰ ਸਰਕਾਰ ਦੀ ਯੋਜਨਾ ਤਹਿਤ ਸੂਬੇ ਦੇ ਤਕਰੀਬਨ 33 ਲੱਖ ਪਰਿਵਾਰ ਇਸ ਯੋਜਨਾ ਅਧੀਨ ਆ ਜਾਣਗੇ। ਇਸ ਤਰ੍ਹਾਂ ਨਾਲ ਕੁੱਲ ਅਬਾਦੀ 1.82 ਕਰੋੜ ਬਣਦੀ ਹੈ। ਸੂਤਰਾਂ ਮੁਤਾਬਕ ਰਾਜ ਸਰਕਾਰ ਦੀ ਕਣਕ ਤਾਂ ਕੇਂਦਰ ਦੀ ਤੇ ਦਾਲ ਆਪਣੀ ਦੇਣ ਦੀ ਯੋਜਨਾ ਹੈ।

ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਜੇਕਰ ਰਾਜ ਸਰਕਾਰ 33 ਲੱਖ ਪਰਿਵਾਰਾਂ ਨੂੰ ਪ੍ਰਤੀ ਮਹੀਨਾ ਚਾਰ ਕਿਲੋ ਦਾਲ ਦੀ ਸਪਲਾਈ ਦਿੰਦੀ ਹੈ ਜਿਸ ਤਰ੍ਹਾਂ ਕਿ 15 ਲੱਖ 40 ਹਜ਼ਾਰ ਪਰਿਵਾਰਾਂ ਨੂੰ ਦਾਲ ਦਿੱਤੀ ਜਾ ਰਹੀ ਹੈ ਤਾਂ ਵੀ ਰਾਜ ਸਰਕਾਰ ਦਾ ਖਰਚਾ (33 ਲੱਖ ਪਰਿਵਾਰਾਂ ਨੂੰ ਦਾਲ ਦੇ ਕੇ) 300 ਕਰੋੜ ਦੇ ਕਰੀਬ ਸਾਲਾਨਾ ਹੀ ਆਵੇਗਾ ਸਗੋਂ ਕਣਕ ਦੀ ਖਰੀਦ 'ਤੇ ਹੋਣ ਵਾਲੇ ਖਰਚ ਦੀ ਬਚਤ ਹੋਵੇਗੀ। ਸੂਤਰਾਂ ਮੁਤਾਬਕ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕੇਂਦਰ ਦੇ ਆਰਡੀਨੈਂਸ 'ਤੇ ਕੰਮ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ।

# ਸੁਰਜੀਤ ਹਾਂਸ ਦਾ ਵਿਲੀਅਮ ਸ਼ੇਕਸਪੀਅਰ ਤੇ ਨਿੱਕ-ਸੁੱਕ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਵੱਡੇ ਕੰਮਾਂ ਦਾ ਮੁਲ ਕਿਸੇ ਦੇ ਜੀਉਂਦੇ ਜੀਅ ਪੈਣਾ, ਹੈ ਤਾਂ ਅਚੰਭਾ ਪਰ ਅਚੰਭੇ ਹੋਣੇ ਵੀ ਅਸੰਭਵ ਨਹੀਂ। ਸੁਰਜੀਤ ਹਾਂਸ ਵਲੋਂ ਵਿਲੀਅਮ ਸ਼ੇਕਸਪੀਅਰ ਦੀਆਂ ਸਾਢੇ ਤਿੰਨ ਦਰਜਨ ਪੁਸਤਕਾਂ ਦਾ ਪੰਜਾਬੀ ਕਵਿਤਾ ਵਿਚ ਅਨੁਵਾਦ ਇਸ ਸ਼੍ਰੇਣੀ ਵਿਚ ਆਉਂਦਾ ਹੈ। ਮੰਨਿਆ ਹਾਂਸ ਇਕ ਸਿਰੜੀ ਤੇ ਸਿਆਣਾ ਕਾਮਾ ਹੈ ਪਰ ਜੇ ਉਸ ਨੂੰ ਪੰਜਾਬੀ ਯੂਨੀਵਰਸਿਟੀ ਦੀ ਸਰਪ੍ਰਸਤੀ ਨਾ ਮਿਲਦੀ ਤਾਂ ਏਨਾ ਵੱਡਾ ਤੇ ਕਠਿਨ ਕਾਰਜ ਨੇਪਰੇ ਚੜ੍ਹਨਾ ਸੌਖਾ ਨਹੀਂ ਸੀ। ਯੂਨੀਵਰਸਿਟੀ ਨੇ ਇਸ ਕੰਮ ਲਈ ਬਣਦਾ-ਸਰਦਾ ਖਰਚਾ ਹੀ ਨਹੀਂ ਦਿੱਤਾ ਇਸ ਨੂੰ ਪ੍ਰਕਾਸ਼ਤ ਵੀ ਕੀਤਾ ਹੈ। ਸ਼ੇਕਸਪੀਅਰ ਦੀ ਜਨਮ ਭੂਮੀ ਵਿਚ ਇਸ ਦਾ ਸਲਾਹਿਆ ਜਾਣਾ ਦਸਦਾ ਹੈ ਕਿ ਸਿਰਜਣ ਕਲਾ ਦੇ ਉਸ ਅਖਾੜੇ ਵਿਚ ਵਿਦਵਾਨਾਂ, ਬੁੱਧੀਮਾਨੀਆਂ ਤੇ ਕਦਰਦਾਨਾਂ ਦੀ ਕਮੀ ਨਹੀਂ।

ਮੈਂ ਹਾਂਸ ਨੂੰ ਉਦੋਂ ਦਾ ਜਾਣਦਾ ਹਾਂ ਜਦੋਂ ਉਹ ਉਸ ਧਰਤੀ ਵਿਚ ਡਾਕੀਏ ਦਾ ਕੰਮ ਕਰਦਾ ਸੀ। ਉਦੋਂ 1980 ਵਿਚ ਉਥੋਂ ਦੇ ਪੰਜਾਬੀ ਪਿਆਰਿਆਂ ਨੇ ਬਰਤਾਨੀਆ ਦੀ ਧਰਤੀ ਵਿਚ ਪੰਦਰਾਂ ਰੋਜ਼ਾ ਵਿਸ਼ਵ ਪੰਜਾਬੀ ਕਾਨਫਰੰਸ ਰਚਾ ਕੇ ਜਿਹੜਾ ਗੁੱਡਾ ਬੰਨ੍ਹਿਆ ਸੀ ਉਸ ਨੂੰ ਪਿਛੋਂ ਵਾਲੀਆਂ ਕਈ ਦਰਜਨ ਕਾਨਫਰੰਸਾਂ ਵੀ ਮਾਤ ਨਹੀਂ ਪਾ ਸਕੀਆਂ। ਉਹੀਓ ਸਨ ਜਿਨ੍ਹਾਂ ਨੇ ਸੋਹਣ ਸਿੰਘ ਜੋਸ਼, ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ ਵਰਗਿਆਂ ਨੂੰ ਲਗਭਗ ਸਾਰਾ ਬਰਤਾਨੀਆਂ ਘੁੰਮਾਇਆ, ਤੇ ਉਹ ਵੀ ਥਾਂ ਥਾਂ ਸਾਹਿਤਕ ਸਮਾਗਮ ਰਚਾ ਕੇ। ਕਿਸੇ ਵਿਧ ਮੈਂ ਵੀ ਜਾ ਵੜਿਆ ਸਾਂ। ਉਹ ਮੇਰੀ ਪ੍ਰਥਮ ਤੇ ਮਹੱਤਵਪੂਰਨ ਵਿਦੇਸ਼ ਯਾਤਰਾ ਸੀ।

ਹਾਂਸ ਉਸ ਤੋਂ ਪਿੱਛੋਂ ਪੋਸਟਮੈਨੀ ਛੱਡ ਕੇ ਪੰਜਾਬ ਦੇ ਦੋ ਵਿਸ਼ਵ ਵਿਦਿਆਲਿਆਂ ਵਿਚ ਪ੍ਰੋਫੈਸਰ, ਫੈਲੋ ਤੇ ਵਿਜ਼ਟਿੰਗ ਪ੍ਰੋਫੈਸਰ ਰਿਹਾ ਪਰ ਸਭ ਤੋਂ ਵਧੀਆ ਸੰਪਰਕ ਪੰਜਾਬੀ ਯੂਨੀਵਰਸਿਟੀ ਵਾਲਾ ਸੀ ਜਿਸ ਦਾ ਫਲ ਇਹ ਅਨੁਵਾਦ ਹੈ। ਮੈਂ ਉਸ ਦੇ ਇਸ ਪੂਰੇ ਘੋਲ ਨੂੰ ਵੀਹ ਸਾਲ ਤੱਕਿਆ ਤੇ ਇਸ ਦੀ ਸਫਲਤਾ ਉਤੇ ਇਸ ਕਾਲਮ ਵਿਚ



ਸੁਰਜੀਤ ਹਾਂਸ



ਵਿਲੀਅਮ ਸ਼ੇਕਸਪੀਅਰ

2013 ਦੇ ਫਰਵਰੀ ਮਹੀਨੇ ਵਿਸਥਾਰ ਨਾਲ ਲਿਖਿਆ ਸੀ। ਫੇਰ ਮੇਰੇ ਲਿਖੇ ਕਾਲਮ ਦਾ 'ਹਿੰਦੁਸਤਾਨ ਟਾਈਮਜ਼' ਨੇ ਨੋਟਿਸ ਲਿਆ ਤਾਂ ਹੋਰ ਸਮਾਚਾਰ ਪੱਤਰਾਂ ਤੋਂ ਬਿਨਾਂ ਬੀ ਬੀ ਸੀ ਤੇ ਆਸਟ੍ਰੇਲੀਅਨ ਬ੍ਰਾਡਕਾਸਟਿੰਗ ਹਾਊਸ ਵਾਲਿਆਂ ਨੇ ਵੀ ਇਸ ਨੂੰ ਗੌਲਿਆ।

ਵਲਾਇਤ ਵਿਚ ਹਾਂਸ ਦਾ ਸਨਮਾਨ ਉਸ ਹੀ ਲੜੀ ਵਿਚ ਆਉਂਦਾ ਹੈ। ਚੇਤੇ ਰਹੇ 33 ਵਰ੍ਹੇ ਪਹਿਲਾਂ ਵਾਲੀ ਇਤਿਹਾਸਕ ਕਾਨਫਰੰਸ ਵੀ ਸਾਡੇ ਮਿੱਤਰ ਰਣਜੀਤ ਧੀਰ ਦੀ ਦੇਣ ਸੀ ਜਿਸ ਨੇ ਪਿਛਲੇ ਦਿਨੀਂ ਈਲਿੰਗ ਦੇ ਮੇਅਰ ਕਮਲਜੀਤ ਢੀਂਡਸਾ ਦੇ ਹੱਥੋਂ ਇਹ ਸਨਮਾਨ ਹਾਂਸ ਨੂੰ, ਜਿਸ ਵਿਚ ਸ਼ੇਕਸਪੀਅਰ ਦਾ ਬੁੱਤ ਸ਼ਾਮਲ ਸੀ, ਦਿਲਵਾਇਆ। ਉਹ ਖੁਦ ਈਲਿੰਗ ਦੀ ਲੇਬਰ ਪਾਰਟੀ ਦਾ ਡਿਪਟੀ ਲੀਡਰ ਹੈ। ਸਮਾਗਮ ਸਮੇਂ ਈਲਿੰਗ ਤੇ ਹੈਲਿੰਗਡਨ ਦੇ ਸਾਰੇ ਪ੍ਰਮੁੱਖ ਪਤਵੰਤੇ ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਲੇਬਰ ਪਾਰਟੀ ਦੇ ਐਮ ਪੀ ਵਰਿੰਦਰ ਸ਼ਰਮਾ, ਉਂਕਾਰ ਸਹੋਤਾ ਤੇ ਹੋਰ ਲੋਕ ਹਾਜ਼ਰ ਸਨ। ਮੈਂ ਖੁਸ਼ ਹਾਂ ਕਿ ਮੇਰਾ 'ਨਿੱਕ ਸੁੱਕ' ਵੀ ਸਤ ਸਮੁੰਦਰ ਪਾਰ ਤੱਕ ਮਾਰ ਕਰਦਾ ਹੈ। ਮੈਂ ਸ਼ੇਕਸਪੀਅਰ ਪ੍ਰੇਮੀਆਂ ਦਾ ਹਾਂਸ ਜਿੰਨਾ ਹੀ ਧੰਨਵਾਦੀ ਹਾਂ। ਹਾਂਸ ਤੋਂ ਸਾਨੂੰ ਹੋਰ ਵੀ ਆਸਾਂ ਹਨ।

**ਕਾਹਨ ਸਿੰਘ ਪੰਨੂੰ ਤੇ ਉਹਦੇ ਵਰਗੇ**

ਪਹਿਲਾਂ ਕ੍ਰਿਸ਼ਨ ਕੁਮਾਰ ਤੇ ਹੁਣ ਕਾਹਨ ਸਿੰਘ ਪੰਨੂੰ ਵਰਗੇ ਚੰਗੇ ਅਫਸਰਾਂ ਨੂੰ ਜਿਵੇਂ ਰਾਜ ਸਰਕਾਰ ਏਧਰ ਓਧਰ ਧੱਕ ਰਹੀ ਹੈ, ਇਹ ਇਸ ਗੱਲ ਦਾ ਸੂਚਕ ਹੈ ਕਿ ਹੁਣ ਕੰਮ ਕਰਨ ਵਾਲੇ ਵਧੀਆ ਅਫਸਰਾਂ ਦਾ ਸਮਾਂ ਨਹੀਂ ਰਿਹਾ। ਉਹ ਵੇਲੇ ਲੱਦ ਗਏ ਜਦੋਂ ਪੰਜਾਬ ਵਿਚ ਪ੍ਰਤਾਪ ਸਿੰਘ ਕੈਰੋਂ ਤੇ ਕੇਂਦਰ ਵਿਚ ਸਰਦਾਰ ਪਟੇਲ ਵਰਗੇ ਨੇਤਾ ਮਹਿੰਦਰ ਸਿੰਘ ਰੰਧਾਵਾ ਦੀ ਕਦਰ ਪਾਉਂਦੇ ਸਨ। ਮੈਂ ਲੰਮਾ ਸਮਾਂ ਸਰਕਾਰੀ ਨੌਕਰੀ ਕੀਤੀ ਹੈ ਤੇ ਵੇਖਿਆ ਹੈ ਕਿ ਕੰਮ ਕਰਨ ਵਾਲਿਆਂ ਦੀ ਥਾਂ ਹੁਣ ਜੀ ਹਜ਼ੂਰੀ ਕਰਨ ਵਾਲਿਆਂ ਨੇ ਲੈ ਲਈ ਹੈ। ਦੁਖ ਇਹ ਹੈ ਕਿ ਚੰਗੇ ਅਫਸਰਾਂ ਦੇ ਕੰਮ ਵਿਚ ਰੋੜੇ ਅਟਕਾਉਣਾ ਆਉਣ ਵਾਲੇ ਸਮਿਆਂ ਲਈ ਘਾਤਕ ਹੈ, ਬਹੁਤਾ ਇਸ ਲਈ ਕਿ ਇਹ ਭਵਿੱਖ ਦੇ ਅਧਿਕਾਰੀਆਂ ਨੂੰ ਕੰਮ ਦੀ ਥਾਂ ਜੀ ਹਜ਼ੂਰੀ ਲਈ ਪ੍ਰੇਰਦਾ ਹੈ।

**ਅੰਤਿਕਾ:** (ਅਫਜ਼ਲ ਅਹਿਸਨ ਰੰਧਾਵਾ)
ਲੱਖ ਦਰਿਆ ਜਹਾਨ ਵਿਚ,
ਪਹਿਲਾ ਨਾਓਂ ਸਵਾਂ ਦਾ
ਬੜ੍ਹਕਾਂ ਮਾਰੇ ਸਾਨ੍ਹ ਹੈ,
ਦਰਕੇ ਜਾਇਆ ਗਾਂ ਦਾ।
ਅੱਧ ਮਰਲੇ ਵਿਚ ਸੌਂ ਰਿਹਾ,
ਮਾਲਕ ਸੌ ਘੁਮਾਂ ਦਾ।
ਅਫਜ਼ਲ ਅਹਿਸਨ ਖਿੱਚ ਨਾ,
ਨਕਸ਼ਾ ਏਸ ਸਰਾਂ ਦਾ।

# ਡੇਰਾ ਵਿਵਾਦ ਮਾਮਲੇ ਵਿਚ ਸੱਤ ਸਿੱਖਾਂ ਨੂੰ ਕੈਦ

**ਸਿਰਸਾ:** ਸਿਰਸਾ ਦੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਡੱਬਵਾਲੀ ਵਿਖੇ ਡੇਰਾ ਸਿੱਖ ਵਿਵਾਦ ਦੌਰਾਨ ਹੋਏ ਝੱਗੜੇ ਦੇ ਮਾਮਲੇ ਵਿਚ ਸੱਤ ਸਿੱਖਾਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ 7-7 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਸਿੱਖ ਸੰਗਤ ਵਿਚ ਰੋਹ ਹੈ। ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਖਾਲਸਾ ਨੇ ਇਸ ਫੈਸਲੇ ਨੂੰ ਸਿੱਖ ਵਿਰੋਧੀ ਕਰਾਰ ਦਿੱਤਾ ਹੈ।

ਚੇਤੇ ਰਹੇ ਕਿ ਡੇਰਾ ਮੁਖੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਨਕਲ ਕਰਨ ਨੂੰ ਲੈ ਕੇ ਸਿੱਖ ਸੰਗਤ ਤੇ ਡੇਰਾ ਪ੍ਰੇਮੀਆਂ ਵਿਚਾਲੇ ਪੈਦਾ ਹੋਈ ਤਲਖੀ ਤੋਂ ਬਾਅਦ 18 ਜੁਲਾਈ, 2008 ਨੂੰ ਮੰਡੀ ਡੱਬਵਾਲੀ ਵਿਖੇ ਸਿੱਖ ਸੰਗਤ ਤੇ ਡੇਰਾ ਪ੍ਰੇਮੀਆਂ ਵਿਚਕਾਰ ਖ਼ੂਨੀ ਝੜਪ ਹੋ ਗਈ ਸੀ ਜਿਸ ਵਿਚ ਇਕ ਸਿੱਖ ਨੌਜਵਾਨ ਹਰਮੰਦਰ ਸਿੰਘ ਦੀ ਮੌਤ ਹੋ ਗਈ ਸੀ ਜਦੋਂਕਿ ਇਕ ਡੇਰਾ ਪ੍ਰੇਮੀ ਲੀਲੂ ਰਾਮ ਨੂੰ ਸੱਟਾਂ ਲੱਗੀਆਂ ਸਨ।

ਇਸ ਮਾਮਲੇ ਵਿਚ ਪੁਲਿਸ ਨੇ ਸਿੱਖ ਧਿਰ ਦੇ ਅੱਠ ਵਿਅਕਤੀਆਂ ਸ਼ਿਵਰਾਜ ਸਿੰਘ ਵਾਸੀ ਅਲੀਕਾਂ, ਬਲਕਰਨ ਸਿੰਘ ਵਾਸੀ ਡੱਬਵਾਲੀ, ਅਮਰਜੀਤ ਸਿੰਘ ਵਾਸੀ ਅਲੀਕਾਂ, ਨਿਰਮਲ ਸਿੰਘ ਵਾਸੀ ਡੱਬਵਾਲੀ, ਗੁਰਪ੍ਰੀਤ ਸਿੰਘ ਵਾਸੀ ਡੱਬਵਾਲੀ, ਗਿਆਨੀ ਉਰਫ਼ ਰਾਜੂ ਵਾਸੀ ਗੋਨਿਆਣਾ ਮੰਡੀ ਤੇ ਸੋਨੂੰ ਉਰਫ਼ ਗੁਰਬਿੰਦਰ ਸਿੰਘ ਵਾਸੀ ਡੱਬਵਾਲੀ ਤੇ ਪੱਪੂ ਦੇ ਖ਼ਿਲਾਫ਼ ਵੱਖ-ਵੱਖ ਧਾਰਵਾਂ ਤਹਿਤ ਮਾਮਲਾ ਦਰਜ ਕਰਕੇ ਚਲਾਨ ਪੇਸ਼ ਕੀਤਾ ਸੀ।

ਇਸ ਕੇਸ ਦੀ ਸੁਣਵਾਈ ਕਰਦਿਆਂ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਸੰਦੀਪ ਸਿੰਘ ਨੇ ਸੱਤ ਵਿਅਕਤੀਆਂ ਨੂੰ ਸੱਤ-ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ ਜਦੋਂ ਕਿ ਸੁਣਵਾਈ ਦੌਰਾਨ ਇਕ ਵਿਅਕਤੀ ਪੱਪੂ ਦੀ ਮੌਤ ਹੋ ਗਈ ਸੀ। ਅਦਾਲਤ ਦਾ ਇਹ ਫੈਸਲਾ ਆਉਣ ਤੋਂ ਬਾਅਦ ਸਿੱਖ ਸੰਗਤ ਵਿਚ ਭਾਰੀ ਰੋਹ ਪੈਦਾ ਹੋ ਗਿਆ। ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਾਬਾ ਬਲਜੀਤ ਸਿੰਘ ਨੇ ਕਿਹਾ ਕਿ ਅਦਾਲਤ ਦਾ ਸਨਮਾਨ ਕਰਨਾ ਸਭ ਦਾ ਫਰਜ਼ ਹੈ ਪਰ ਇਹ ਫੈਸਲਾ ਪੂਰਨ ਰੂਪ ਵਿਚ ਸਿੱਖ ਵਿਰੋਧੀ ਹੈ ਤੇ ਇਸ ਫੈਸਲੇ ਦੇ ਖਿਲਾਫ਼ ਸਿੱਖ ਜਥੇਬੰਦੀਆਂ ਨਾਲ ਸਲਾਹ ਕਰਕੇ ਅਗਲਾ ਪ੍ਰੋਗਰਾਮ ਉਲੀਕਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਡੱਬਵਾਲੀ ਵਿਚ ਡੇਰਾ ਸਿੱਖ ਵਿਵਾਦ ਦੇ ਦੌਰਾਨ ਸ਼ਹੀਦ ਹੋਏ ਸਿੰਘ ਭਾਈ ਹਰਮੰਦਰ ਸਿੰਘ ਦੇ ਕਾਤਲਾਂ ਨੂੰ ਕੋਈ ਸਜ਼ਾ ਨਹੀਂ ਪਰ ਉਸ ਦੇ ਕਤਲ ਤੋਂ ਬਾਅਦ ਹੋਈ ਸਾੜ ਫੂਕ ਵਿਚ ਸਿੱਖ ਨੌਜਵਾਨਾਂ ਨੂੰ ਸੱਤ-ਸੱਤ ਸਾਲ ਦੀ ਸਜ਼ਾ ਕਰ ਦਿੱਤੀ ਗਈ। ਇਸ ਫੈਸਲਾ ਅਨਿਆ ਪੂਰਨ ਹੈ ਤੇ ਇਸ ਫੈਸਲੇ ਦੇ ਖਿਲਾਫ਼ ਉੱਚ ਅਦਾਲਤ ਵਿਚ ਅਪੀਲ ਪਾਈ ਜਾਵੇਗੀ।

ਉਨ੍ਹਾਂ ਕਿਹਾ ਸਿੱਖ ਜਥੇਬੰਦੀਆਂ ਵੱਲੋਂ ਜੋ ਫੈਸਲਾ ਲਿਆ ਜਾਵੇਗਾ, ਉਸ ਅਨੁਸਾਰ ਸੰਘਰਸ਼ ਜਾਰੀ ਰਹੇਗਾ। ਦੂਜੇ ਪਾਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਖਾਲਸਾ ਨੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਸਿਰਸਾ ਵਿਖੇ ਪ੍ਰੈਸ ਕਾਨਫਰੰਸ ਕਰਕੇ ਦੱਸਿਆ ਕਿ ਉਹ ਇਸ ਫੈਸਲੇ ਤੋਂ ਸੰਤੁਸ਼ਟ ਨਹੀਂ ਹਨ। ਉਹ ਇਸ ਫੈਸਲੇ ਦੇ ਵਿਰੁੱਧ ਹਾਈ ਕੋਰਟ ਜਾਣਗੇ।

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*

**Philips-66 Truck Stop**
**Convenience Store**
***For Lease to Own***
**11 Pumps, 30 Truck Parkings**
**Diesel & Gas With Restaurant, Liquor, Lottery**
*Good Profit Margin*
**Prime Location (4 States Traffic Area on State Hwy 71/I-44 in Missouri)**
**Also available commercial bulding (SCF), partially rented in Mohali, India**
**Commercial plot in business growing area (in Walmart, Home Office area)**
Serious Parties Only, Please.
**Contact: 417-825-7602**
Email:shaanmann5@gmail.com

RADIO CHARDI KALA
ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ
ਰੇਡੀਓ ਚੜ੍ਹਦੀ ਕਲਾ
ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600
*Radio CK, PO Box 296, Fremont, CA 94537*

# ਅਕਾਲੀਆਂ ਨੇ ਚੋਣਾਂ ਜਿੱਤਣ ਲਈ ਪਾਣੀ ਵਾਂਗ ਵਹਾਇਆ ਸੀ ਪੈਸਾ !

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਲਗਾਤਰ ਚੋਣਾਂ ਜਿੱਤਣ ਦਾ ਇਕ ਰਾਜ਼ ਪਾਣੀ ਵਾਂਗ ਪੈਸਾ ਵਹਾਉਣਾ ਵੀ ਹੈ। ਅਕਾਲੀਆਂ ਨੇ ਪੰਜਾਬ ਵਿਚ ਮੁੜ ਹਕੂਮਤ ਬਣਾਉਣ ਲਈ ਹਰ ਫਰੰਟ 'ਤੇ ਕੋਈ ਕਸਰ ਬਾਕੀ ਨਾ ਛੱਡੀ ਜਦੋਂਕਿ ਕਾਂਗਰਸ ਪਾਰਟੀ ਨੇ ਹਰ ਪਾਸੇ ਹੱਥ ਘੁੱਟ ਕੇ ਖਰਚ ਕੀਤਾ। ਚੋਣ ਕਮਿਸ਼ਨ ਕੋਲ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਪਾਰਟੀ ਵੱਲੋਂ ਵਿਧਾਨ ਚੋਣਾਂ 2012 ਵਿਚ ਕੀਤੇ ਚੋਣ ਖਰਚ ਤੇ ਆਮਦਨ ਦੀ ਪੇਸ਼ ਕੀਤੀ ਗਈ ਰਿਟਰਨ ਵਿਚ ਦਿਲਚਸਪ ਤੱਥ ਸਾਹਮਣੇ ਆਏ ਹਨ।

ਇਨ੍ਹਾਂ ਰਿਟਰਨਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਚੋਣਾਂ ਵਿਚ 23.55 ਕਰੋੜ ਰੁਪਏ ਖਰਚਾ ਕੀਤਾ ਹੈ ਜਦੋਂਕਿ ਕਾਂਗਰਸ ਪਾਰਟੀ ਨੇ ਪਾਰਟੀ ਵੱਲੋਂ 20.02 ਕਰੋੜ ਰੁਪਏ ਖਰਚ ਕੀਤਾ ਗਿਆ। ਉਂਜ, ਇਹ ਸਿਰਫ ਉਹ ਅੰਕੜਾ ਹੈ ਜਿਹੜਾ ਰਿਕਾਰਡ ਵਿਚ ਲਿਆਂਦਾ ਗਿਆ ਹੈ ਜਦੋਂਕਿ ਅਸਲ ਖਰਚਾ ਇਸ ਤੋਂ ਵੀ ਕਈ ਗੁਣਾ ਵੱਧ ਹੈ। ਚੋਣਾਂ ਦੇ ਦਿਨਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਚੰਦਾ ਜ਼ਿਆਦਾ ਮਿਲਿਆ ਜਦੋਂਕਿ ਕਾਂਗਰਸ ਨੂੰ ਘੱਟ ਮਿਲਿਆ।

### ਰਿਕਾਰਡ ਮੁਤਾਬਕ 23.55 ਕਰੋੜ ਰੁਪਏ ਖਰਚੇ; ਅਸਲ ਖਰਚਾ ਕਈ ਗੁਣਾ ਵੱਧ



ਸ਼੍ਰੋਮਣੀ ਅਕਾਲੀ ਦਲ ਨੂੰ ਲੋਕਾਂ ਨੇ ਚੋਣਾਂ ਵਿਚ 17.04 ਕਰੋੜ ਨਕਦ ਰੂਪ ਵਿਚ ਚੰਦਾ ਦਿੱਤਾ ਜਦੋਂਕਿ ਚੈੱਕ ਤੇ ਡਰਾਫਟ ਦੇ ਰੂਪ ਵਿਚ 3.38 ਕਰੋੜ ਰੁਪਏ ਦਾ ਚੰਦਾ ਪ੍ਰਾਪਤ ਹੋਇਆ। ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਨੂੰ ਇਹ ਵੇਰਵੇ ਦਿੱਤੇ ਗਏ ਹਨ। ਇਨ੍ਹਾਂ ਵੇਰਵਿਆਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੇ ਦੋ ਕਰੋੜ ਰੁਪਏ ਕਰਜ਼ਾ ਤੇ ਅਡਵਾਂਸ ਵਜੋਂ ਵੀ ਪ੍ਰਾਪਤ ਕੀਤੇ।

ਦੂਜੇ ਪਾਸੇ ਕਾਂਗਰਸ ਪਾਰਟੀ ਨੂੰ ਲੋਕਾਂ ਤੇ ਫਰਮਾਂ ਤੋਂ 5.50 ਕਰੋੜ ਰੁਪਏ ਚੰਦਾ ਨਗਦ ਮਿਲਿਆ ਜਦੋਂਕਿ 13.90 ਕਰੋੜ ਰੁਪਏ ਦਾ ਚੰਦਾ ਚੈੱਕ ਤੇ ਡਰਾਫਟ ਰਾਹੀਂ ਮਿਲਿਆ। ਹਾਲਾਂਕਿ ਉਨ੍ਹਾਂ ਦਿਨਾਂ ਵਿਚ ਕਾਂਗਰਸ ਪਾਰਟੀ ਦੀ ਹਕੂਮਤ ਬਣਨ ਦੇ ਚਰਚੇ ਸਨ ਪਰ ਫਿਰ ਵੀ ਜ਼ਿਆਦਾ ਚੰਦਾ ਅਕਾਲੀ ਦਲ ਨੂੰ ਹੀ ਮਿਲਿਆ। ਵਿਧਾਨ ਸਭਾ ਚੋਣਾਂ ਵਿਚ ਹੋਏ ਇਹ ਉਸ ਖਰਚ ਦੇ ਵੇਰਵੇ ਹਨ ਜੋ ਸਿਆਸੀ ਧਿਰਾਂ ਨੇ ਖੁਦ ਕੀਤਾ ਹੈ। ਉਮੀਦਵਾਰਾਂ ਵੱਲੋਂ ਕੀਤਾ ਗਿਆ ਖਰਚਾ ਵੱਖਰਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਵੱਡਾ ਖਰਚਾ ਪ੍ਰਚਾਰ 'ਤੇ ਕੀਤਾ ਤੇ ਇਹ 21.90 ਕਰੋੜ ਰੁਪਏ ਬਣਦਾ ਹੈ। ਅਕਾਲੀ ਦਲ ਨੇ ਅਖ਼ਬਾਰਾਂ ਤੇ ਮੈਗਜ਼ੀਨਾਂ ਨੂੰ ਚੋਣਾਂ ਦੇ 10.47 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਤੇ ਇਸ ਪਾਰਟੀ ਨੇ ਇਲੈਕਟ੍ਰੋਨਿਕ ਮੀਡੀਏ ਨੂੰ ਦਿੱਤੇ ਇਸ਼ਤਿਹਾਰਾਂ 'ਤੇ 9.98 ਕਰੋੜ ਰੁਪਏ ਖਰਚੇ। ਇਸ ਮਾਮਲੇ ਵਿਚ ਕਾਂਗਰਸ ਪਛੜੀ ਰਹੀ। ਕਾਂਗਰਸ ਪਾਰਟੀ ਨੇ ਪ੍ਰਚਾਰ 'ਤੇ ਸਿਰਫ਼ ਅੱਠ ਕਰੋੜ ਰੁਪਏ ਹੀ ਖਰਚ ਕੀਤੇ। ਕਾਂਗਰਸ ਪਾਰਟੀ ਨੇ ਅਖ਼ਬਾਰਾਂ ਤੇ ਮੈਗਜ਼ੀਨਾਂ ਨੂੰ 6.26 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਤੇ ਇਲੈਕਟ੍ਰੋਨਿਕ ਮੀਡੀਏ ਨੂੰ ਤਾਂ ਸਿਰਫ਼ 50 ਲੱਖ ਰੁਪਏ ਦੇ ਹੀ ਇਸ਼ਤਿਹਾਰ ਦਿੱਤੇ।

ਕਾਂਗਰਸ ਪਾਰਟੀ ਨੇ ਜ਼ਿਆਦਾ ਰਾਸ਼ੀ ਉਮੀਦਵਾਰਾਂ ਨੂੰ ਹੀ ਵੰਡੀ। ਕਾਂਗਰਸ ਪਾਰਟੀ ਨੇ ਚੋਣਾਂ ਵਿਚ ਖੜ੍ਹੇ 117 ਉਮੀਦਵਾਰਾਂ ਨੂੰ 10 ਲੱਖ ਰੁਪਏ ਪ੍ਰਤੀ ਉਮੀਦਵਾਰ ਰਾਸ਼ੀ ਦਿੱਤੀ। ਕਾਂਗਰਸ ਨੇ 11.70 ਕਰੋੜ ਰੁਪਏ ਤਾਂ ਸਿੱਧੇ ਉਮੀਦਵਾਰਾਂ ਨੂੰ ਹੀ ਚੋਣ ਖਰਚ ਵਾਸਤੇ ਦੇ ਦਿੱਤੇ ਸਨ। ਕਾਂਗਰਸ ਪਾਰਟੀ ਨੇ ਉੱਤਰ ਪ੍ਰਦੇਸ਼ ਵਿਚ ਹਰ ਉਮੀਦਵਾਰ ਨੂੰ 12 ਲੱਖ ਰੁਪਏ, ਪੰਜਾਬ ਵਿਚ ਪ੍ਰਤੀ ਉਮੀਦਵਾਰ 10 ਲੱਖ ਰੁਪਏ, ਉੱਤਰਾਖੰਡ ਵਿਚ ਹਰ ਉਮੀਦਵਾਰ ਨੂੰ ਅੱਠ ਲੱਖ ਰੁਪਏ ਤੇ ਗੋਆ ਵਿਚ ਹਰ ਉਮੀਦਵਾਰ ਨੂੰ ਚੋਣ ਲੜਨ ਲਈ ਪੰਜ ਲੱਖ ਰੁਪਏ ਦੀ ਰਾਸ਼ੀ ਪਾਰਟੀ ਵੱਲੋਂ ਦਿੱਤੀ ਸੀ।

ਸ਼੍ਰੋਮਣੀ ਅਕਾਲੀ ਦਲ ਨੇ ਉਮੀਦਵਾਰਾਂ ਨੂੰ ਏਦਾਂ ਕੋਈ ਰਾਸ਼ੀ ਨਹੀਂ ਦਿੱਤੀ। ਕਾਂਗਰਸ ਨੇ ਪੰਜਾਬ ਵਿਚ ਪਾਰਟੀ ਦਫ਼ਤਰ ਤੇ ਚੋਣ ਮੁਹਿੰਮ ਚਲਾਉਣ ਲਈ 4.23 ਲੱਖ ਰੁਪਏ ਖਰਚ ਕੀਤੇ ਤੇ ਜਨਤਕ ਮੀਟਿੰਗਾਂ 'ਤੇ 10.04 ਲੱਖ ਰੁਪਏ ਖਰਚ ਕੀਤੇ। ਇਸੇ ਤਰ੍ਹਾਂ ਕਾਰਾਂ ਅਤੇ ਦੋ ਪਹੀਆ ਵਾਹਨਾਂ 'ਤੇ 3.45 ਲੱਖ ਰੁਪਏ ਖਰਚਾ ਦਿਖਾਇਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਕਾਰਾਂ ਆਦਿ 'ਤੇ ਪਾਰਟੀ ਵੱਲੋਂ ਖਰਚਾ 1.08 ਲੱਖ ਰੁਪਏ ਦਿਖਾਇਆ ਹੈ। ਅਕਾਲੀ ਦਲ ਨੇ ਪਾਰਟੀ ਦਫ਼ਤਰ ਤੇ ਮੁਹਿੰਮ ਚਲਾਉਣ ਲਈ 15.09 ਲੱਖ ਰੁਪਏ ਦਾ ਖਰਚਾ ਕੀਤਾ ਤੇ ਜਨਤਕ ਮੀਟਿੰਗਾਂ 'ਤੇ 85,894 ਰੁਪਏ ਖਰਚ ਕੀਤੇ।

# ਲੌਂਗੋਵਾਲ ਦੀ ਬਰਸੀ ਮੌਕੇ ਪੱਤੇ ਖੋਲ੍ਹੇਗਾ ਸਾਂਝਾ ਮੋਰਚਾ

**ਚੰਡੀਗੜ੍ਹ:** ਸਾਂਝਾ ਮੋਰਚਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਆਪਣੀ ਚੋਣ ਰਣਨੀਤੀ ਦਾ ਐਲਾਨ ਕਰੇਗਾ। ਇਸ ਬਾਰੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਗ੍ਰਹਿ 'ਤੇ ਲੰਘੀ ਦਿਨੀਂ ਸਾਂਝੇ ਮੋਰਚੇ ਦੀ ਮੀਟਿੰਗ ਦੌਰਾਨ ਸ. ਬਰਨਾਲਾ, ਪੀ.ਪੀ.ਪੀ. ਦੇ ਆਗੂ ਮਨਪ੍ਰੀਤ ਸਿੰਘ ਬਾਦਲ ਤੇ ਸੀਪੀਆਈ ਆਗੂ ਚਰਨ ਸਿੰਘ ਵਿਰਦੀ ਨੇ ਕਿਹਾ ਕਿ ਸਾਂਝੇ ਮੋਰਚੇ ਵੱਲੋਂ 25 ਅਗਸਤ ਨੂੰ ਲੌਂਗੋਵਾਲ ਵਿਚ ਸੰਤ ਲੌਂਗੋਵਾਲ ਦੀ ਬਰਸੀ ਮਨਾਈ ਜਾਵੇਗੀ। ਬਰਸੀ ਸਮਾਗਮ ਦੌਰਾਨ ਸਾਂਝੇ ਮੋਰਚੇ ਵੱਲੋਂ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾਵੇਗਾ ਤੇ ਲੋਕ ਸਭਾ ਚੋਣਾਂ ਦੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ।



ਇਸ ਐਲਾਨਨਾਮੇ ਵਿਚ ਲੋਕਾਂ ਨੂੰ ਪੇਸ਼ ਆ ਰਹੀਆਂ ਆਰਥਿਕ, ਸਮਾਜਿਕ ਤੇ ਪ੍ਰਸ਼ਾਸਨਕ ਸਮੱਸਿਆਵਾਂ ਦੇ ਹੱਲ ਦੀ ਵੀ ਗੱਲ ਕੀਤੀ ਜਾਵੇਗੀ। ਰਾਜੀਵ-ਲੌਂਗੋਵਾਲ ਸਮਝੌਤੇ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੰਤ ਲੌਂਗੋਵਾਲ ਦੀ ਬਰਸੀ ਮਨਾਉਣ ਦਾ ਕੋਈ ਹੱਕ ਨਹੀਂ। ਸੂਬੇ ਦੇ ਸਕੂਲ ਅਧਿਆਪਕਾਂ ਖੁਣੋਂ ਪਏ ਹਨ। ਹਸਪਤਾਲਾਂ ਵਿਚ ਡਾਕਟਰਾਂ ਵਾਝੋਂ ਮਰੀਜ਼ਾਂ ਦਾ ਬੁਰਾ ਹਾਲ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਕਾਸ ਦੇ ਦਾਅਵੇ ਕਰੀ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਵੇਲੇ ਸਰਕਾਰ ਖਜ਼ਾਨੇ ਦਾ ਮੂੰਹ ਬੰਦ ਰੱਖਦੀ ਪਰ ਹੈਲੀਕਾਪਟਰ ਖਰੀਦਣ ਵੇਲੇ ਖਜ਼ਾਨੇ ਦਾ ਮੂੰਹ ਖੁੱਲ੍ਹ ਜਾਂਦਾ ਹੈ। ਇਸ ਤਰ੍ਹਾਂ ਜੇਕਰ ਬਾਦਲ ਸਰਕਾਰ ਲੋਕਾਂ ਨੂੰ ਖੁਸ਼ਹਾਲੀ ਨਹੀਂ ਦੇ ਸਕਦੀ ਤਾਂ ਘੱਟੋ ਘੱਟ ਲੋਕ ਮਾਰੂ ਨੀਤੀਆਂ ਦਾ ਜ਼ਰੂਰ ਤਿਆਗ ਕਰੇ।

ਸ. ਮਨਪ੍ਰੀਤ ਬਾਦਲ ਨੇ ਹਾਲ ਹੀ ਵਿਚ ਹੋਈਆਂ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਦਾ ਲੇਖਾ-ਜੋਖਾ ਕਰਦਿਆਂ ਭਵਿੱਖਬਾਣੀ ਕੀਤੀ ਹੈ ਕਿ ਆਗਾਮੀ ਲੋਕ ਸਭਾ ਚੋਣਾਂ ਵਿਚ ਹਾਕਮ ਧਿਰ ਅਕਾਲੀ-ਭਾਜਪਾ ਗਠਜੋੜ ਨੂੰ 13 ਦੀਆਂ 13 ਸੀਟਾਂ 'ਤੇ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਹਾਕਮ ਧਿਰ ਲੋਕਾਂ ਦੀਆਂ ਇਛਾਵਾਂ 'ਤੇ ਹੀ ਖ਼ਰੀ ਨਹੀਂ ਉਤਰੀ ਬਲਕਿ ਲੋਕਾਂ 'ਤੇ ਟੈਕਸ ਲਾ ਕੇ ਆਪਣੇ ਲਈ ਐਸ਼ੋ-ਆਰਾਮ ਦੀਆਂ ਸਥਿਤੀਆਂ ਪੈਦਾ ਕਰ ਰਹੀ ਹੈ।

ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸਰਕਾਰੀ ਖ਼ਜ਼ਾਨੇ 'ਤੇ ਬੇਹਿਸਾਬਾ ਭਾਰ ਪਾ ਕੇ ਖਰੀਦੀਆਂ ਜਾ ਰਹੀਆਂ ਕਾਰਾਂ ਤੇ ਹੈਲੀਕਪਟਰਾਂ ਦੀ ਗੱਲ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਇਹ ਸਭ ਕੁਝ ਉਸ ਮੌਕੇ ਹੋ ਰਿਹਾ ਹੈ ਜਦੋਂ ਸਰਕਾਰ ਨੂੰ ਆਪਣੇ ਰੋਜ਼ਾਨਾ ਦੇ ਖਰਚਿਆਂ ਨੂੰ ਚਲਾਉਣ ਲਈ ਸਰਕਾਰੀ ਜਾਇਦਾਦਾਂ ਵੇਚਣੀਆਂ ਪੈ ਰਹੀਆਂ ਹਨ। ਉਨ੍ਹਾ ਕਿਹਾ ਕਿ ਸੂਬੇ ਦੇ ਖਰਚ ਜਾਇਦਾਦਾਂ ਵੇਚ ਕੇ ਪੂਰੇ ਨਹੀਂ ਕੀਤੇ ਜਾ ਸਕਦੇ।

ਸ. ਮਨਪ੍ਰੀਤ ਬਾਦਲ ਨੇ ਕਿਹਾ ਕਿ ਕਾਂਗਰਸ ਨਾਲ ਉਨ੍ਹਾਂ ਦੀ ਰਸਮੀ ਜਾਂ ਗ਼ੈਰ-ਰਸਮੀ ਕੋਈ ਗੱਲ ਨਹੀਂ ਹੋਈ ਸਿਰਫ਼ ਮੀਡੀਆ ਉਨ੍ਹਾਂ ਨੂੰ ਕਾਂਗਰਸ ਵੱਲ ਝੁਕੇ ਦਰਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸੀ.ਪੀ.ਆਈ. (ਐਮ.) ਕੋਰ ਕਮੇਟੀ ਦੇ ਮੈਂਬਰ ਵਿਜੈ ਮਿਸ਼ਰਾ ਨੇ ਕਿਹਾ ਕਿ ਸੂਬੇ ਅੰਦਰ ਗੁੰਡਾਗਰਦੀ ਇਸ ਕਦਰ ਹੋ ਗਈ ਹੈ ਕਿ ਮਾਪਿਆਂ ਨੂੰ ਆਪਣੀਆਂ ਧੀਆਂ ਦੀ ਸੁਰੱਖਿਆ ਦਾ ਫਿਕਰ ਵੱਢ ਵੱਢ ਖਾ ਰਿਹਾ ਹੈ। ਕਸਬਿਆਂ ਦੇ ਜਥੇਦਾਰ ਥਾਣੇਦਾਰ ਬਣੇ ਹੋਏ ਹਨ ਤੇ ਪੁਲਿਸ ਮੂਕ ਬਣੀ ਹੋਈ ਹੈ।

# ਪੰਜਾਬ ਮੰਤਰੀ ਮੰਡਲ ਵਿਚ ਸ਼ਾਮਲ ਭਾਜਪਾ ਮੰਤਰੀਆਂ ਦੀ ਝਾੜਝੰਬ

**ਚੰਡੀਗੜ੍ਹ:** ਭਾਜਪਾ ਦਾ ਹਾਈਕਮਾਨ ਪੰਜਾਬ ਵਿਚ ਆਪਣੇ ਮੰਤਰੀਆਂ ਦੀ ਕਾਰਗੁਜ਼ਾਰੀ ਤੋਂ ਖੁਸ਼ ਨਹੀਂ ਹੈ। ਲੰਘੇ ਦਿਨੀਂ ਪਾਰਟੀ ਦੀ ਸੂਬਾਈ ਕਾਰਜਕਰਨੀ ਦੀ ਮੀਟਿੰਗ ਦੌਰਾਨ ਪਾਰਟੀ ਦੇ ਸੀਨੀਅਰ ਆਗੂਆਂ ਨੇ ਚਾਰ ਮੰਤਰੀਆਂ ਦੇ ਰਵੱਈਏ ਤੇ ਕਾਰਗੁਜ਼ਾਰੀ ਨੂੰ ਲੈ ਕੇ ਨਿਸ਼ਾਨਾ ਬਣਾਇਆ। ਪਾਰਟੀ ਦੇ ਸੀਨੀਅਰ ਆਗੂਆਂ ਨੇ ਸਭ ਤੋਂ ਪਹਿਲਾਂ ਸੂਬਾਈ ਅਹੁਦੇਦਾਰਾਂ, ਬੋਰਡਾਂ ਨਿਗਮਾਂ ਦੇ ਸਾਬਕਾ ਚੇਅਰਮੈਨਾਂ ਤੇ ਹੋਰਾਂ ਤੋਂ ਭਾਜਪਾ ਮੰਤਰੀਆਂ ਤੇ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਲਈ।

ਇਸ ਤੋਂ ਬਾਅਦ ਪਾਰਟੀ ਨਾਲ ਸਬੰਧਤ ਚਾਰੇ ਮੰਤਰੀਆਂ ਭਗਤ ਚੂਨੀ ਲਾਲ, ਮਦਨ ਮੋਹਨ ਮਿੱਤਲ, ਅਨਿਲ ਜੋਸ਼ੀ ਤੇ ਸੁਰਜੀਤ ਕੁਮਾਰ ਜਿਆਣੀ ਨੂੰ ਇਕੱਲੇ ਇਕੱਲੇ ਬੁਲਾਇਆ ਤੇ ਉਨ੍ਹਾਂ ਦੀ ਖਿਚਾਈ ਕੀਤੀ। ਇਨ੍ਹਾਂ ਮੰਤਰੀਆਂ 'ਤੇ ਵਰਕਰਾਂ ਨਾਲ ਦੁਰਵਿਵਹਾਰ ਕਰਨ ਤੇ ਸਰਕਾਰ ਦੇ ਲੋਕ ਵਿਰੋਧੀ ਫੈਸਲਿਆਂ 'ਤੇ ਚੁੱਪ ਧਾਰਨ ਦੇ ਦੋਸ਼ ਲਾਏ ਗਏ। ਸੂਤਰਾਂ ਮੁਤਾਬਕ ਮੀਟਿੰਗ ਦੌਰਾਨ ਸਰਕਾਰ 'ਤੇ ਆਪ ਮੁਹਾਰੇ ਚੱਲਣ ਦੇ ਦੋਸ਼ ਲਾਏ ਗਏ ਤੇ ਭਾਜਪਾ ਆਗੂਆਂ ਨੇ ਕਿਹਾ ਕਿ ਪਾਰਟੀ ਦੀ ਸਰਕਾਰ ਵਿਚ ਕੋਈ ਪੁੱਛ ਨਹੀਂ ਹੈ।

ਆਗੂਆਂ ਨੇ ਇਹ ਵੀ ਕਿਹਾ ਕਿ ਪਾਰਟੀ ਦਫ਼ਤਰ ਵਿਚ ਮੰਤਰੀਆਂ ਕੋਲ ਕੰਮਾਂ ਕਾਰਾਂ ਲਈ ਆਉਂਦੇ ਭਾਜਪਾ ਵਰਕਰਾਂ ਨੂੰ ਜਲੀਲ ਹੋਣਾ ਪੈਂਦਾ ਹੈ। ਪਾਰਟੀ ਦੇ ਸੂਬਾਈ ਅਹੁਦੇਦਾਰਾਂ ਨੇ ਕਿਹਾ ਕਿ ਬਿਨਾਂ ਸ਼ੱਕ ਪਾਰਟੀ ਛੇ ਸਾਲਾਂ ਤੋਂ ਸੱਤਾ ਵਿਚ ਹੈ ਪਰ ਮੰਤਰੀਆਂ ਦੇ ਇਰਦ ਗਿਰਦ ਪਾਰਟੀ ਵਰਕਰਾਂ ਦੀ ਥਾਂ ਚਾਪਲੂਸ ਹਨ। ਭਾਜਪਾ ਦੇ ਸੂਬਾਈ ਆਗੂਆਂ ਨੇ ਆਪਣੇ ਕੇਂਦਰੀ ਨੇਤਾਵਾਂ ਨੂੰ ਸਪੱਸ਼ਟ ਕਿਹਾ ਕਿ ਜੇਕਰ ਮੰਤਰੀਆਂ ਦਾ ਰਵੱਈਆ ਨਾ ਬਦਲਿਆ ਤਾਂ ਪਾਰਟੀ ਨੂੰ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਭਾਰੀ ਨੁਕਸਾਨ ਝੱਲਣਾ ਪੈ ਸਕਦਾ ਹੈ। ਪਾਰਟੀ ਆਗੂਆਂ ਨੇ ਕਿਹਾ ਕਿ ਸਰਕਾਰ ਦੇ ਕਈ ਫੈਸਲੇ ਪਾਰਟੀ ਲਈ ਸਿਆਸੀ ਤੌਰ 'ਤੇ ਫਿੱਟ ਨਹੀਂ ਜਿਸ ਕਰਕੇ ਸਰਕਾਰ ਨੂੰ ਫੈਸਲਿਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਇਸ ਮਾਮਲੇ ਵਿਚ ਅਣ ਅਧਿਕਾਰਤ ਕਲੋਨੀਆਂ ਨੂੰ ਨਿਯਮਤ ਕਰਨ ਦੀ ਨੀਤੀ ਦਾ ਮਾਮਲਾ ਚਰਚਾ ਦਾ ਕੇਂਦਰ ਰਿਹਾ। ਭਾਜਪਾ ਦੇ ਕਈ ਆਗੂਆਂ ਨੇ ਇਥੋਂ ਤੱਕ ਕਿਹਾ ਕਿ ਪਾਰਟੀ ਨਾਲ ਸਬੰਧਤ ਮੰਤਰੀ ਸਰਕਾਰ ਵੱਲੋਂ ਫੈਸਲੇ ਕੀਤੇ ਜਾਣ ਸਮੇਂ ਉਪ ਮੁੱਖ ਮੰਤਰੀ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ ਜਦਕਿ ਕਈ ਫੈਸਲੇ ਅਜਿਹੇ ਹੁੰਦੇ ਹਨ ਜਿਨ੍ਹਾਂ ਨਾਲ ਪਾਰਟੀ ਨੂੰ ਰਾਜਸੀ ਤੌਰ 'ਤੇ ਨੁਕਸਾਨ ਹੁੰਦਾ ਹੈ। ਮੀਟਿੰਗ ਦੌਰਾਨ ਪਾਰਟੀ ਦੇ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਕਾਰਗੁਜ਼ਾਰੀ ਬਾਰੇ ਵੀ ਚਰਚਾ ਹੋਈ।

# ਸ਼ਹੀਦਾਂ ਦਾ ਖੂਨ ਜਾਇਆ ਨਹੀਂ ਜਾਵੇਗਾ: ਸਿਮਰਨਜੀਤ ਸਿੰਘ ਮਾਨ

**ਜੰਮੂ:** ਕਸ਼ਮੀਰ ਦੇ ਦੌਰੇ ਦੌਰਾਨ ਗੰਦਰਬਲ ਵਿਖੇ ਕਸ਼ਮੀਰੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸ਼ਹੀਦਾਂ ਦਾ ਖੂਨ ਕਦੇ ਵੀ ਜਾਇਆ ਨਹੀਂ ਜਾਵੇਗਾ ਤੇ ਉਹ ਦਿਨ ਦੂਰ ਨਹੀਂ ਜਦੋਂ ਦੋਵੇਂ ਕੌਮਾਂ ਆਜ਼ਾਦੀ ਦਾ ਨਿੱਘ ਮਾਨਣਗੀਆ। ਸ. ਮਾਨ ਸ਼ਹੀਦ ਹੋਏ ਕਸ਼ਮੀਰੀ ਨੌਜਵਾਨਾਂ ਦੇ ਘਰਾਂ ਵਿਚ ਗਏ ਜਿਥੇ ਉਨ੍ਹਾਂ ਪੀੜਤ ਪਰਿਵਾਰ ਵਾਲਿਆਂ ਨਾਲ ਮਿਲ ਕੇ ਹਮਦਰਦੀ ਪ੍ਰਗਟ ਕਰਦੇ ਹੋਏ ਕਿਹਾ ਕਿ ਆਜ਼ਾਦੀ ਦੀ ਮੰਗ ਕਰਨਾ ਹਰ ਇਨਸਾਨ ਦਾ ਹੱਕ ਹੈ।

ਉਨ੍ਹਾਂ ਕਿਹਾ ਕਿ ਜੇਕਰ ਅੰਗਰੇਜ਼ਾਂ ਤੋਂ ਭਾਰਤੀ ਆਜ਼ਾਦੀ ਹਾਸਲ ਕਰਨ ਲਈ ਜਦੋਜਹਿਦ ਕਰ ਸਕਦੇ ਹਨ ਤਾਂ ਫੇਰ ਪੰਜਾਬੀ ਤੇ ਕਸ਼ਮੀਰੀ ਕਿਉਂ ਨਹੀਂ ਕਰ ਸਕਦੇ। ਪਾਰਟੀ ਦੇ ਜਰਨਲ ਸਕੱਤਰ ਜਸਕਰਨ ਸਿੰਘ ਨੇ ਦੱਸਿਆ ਕਿ ਸ. ਮਾਨ ਉਤਰੀ ਕਸ਼ਮੀਰ ਦੇ ਬਾਂਦੀਪੁਰਾ ਦੇ ਪਿੰਡ ਮਾਰਕੰਡਾਲ, ਤੰਗ ਮੁਹੱਲਾ ਵਿਚ ਪਹੁੰਚੇ ਜਿਥੇ ਫ਼ੌਜ ਨੇ 16 ਸਾਲ ਦੇ ਲੜਕੇ ਇਰਫਾਨ ਅਹਿਮਦ ਗਨਈ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਰਫਾਨ ਦੇ ਪਿਤਾ ਗੁਲਾਮ ਨਬੀ ਨੇ ਉਸ ਦਿਨ ਦੀ ਘਟਨਾ ਦਾ ਜ਼ਿਕਰ ਕਰਦੇ ਹੋਏ ਸ. ਮਾਨ ਨੂੰ ਦੱਸਿਆ ਕਿ ਫ਼ੌਜ ਦੇ ਜਵਾਨਾਂ ਨੇ ਉਸ ਦੇ ਪੁੱਤਰ ਇਰਫਾਨ ਨੂੰ ਪਹਿਲਾਂ ਤਾਂ ਘਰੋਂ ਬਾਹਰ ਕੱਢ ਕੇ ਮਾਰਿਆ-ਕੁੱਟਿਆ ਤੇ ਫੇਰ ਸਿਰ ਵਿਚ ਗੋਲੀ ਮਾਰ ਕੇ ਹਲਾਕ ਕਰ ਦਿੱਤਾ।



ਉਨ੍ਹਾਂ ਦੱਸਿਆ ਕਿ ਇਸ ਘਟਨਾ ਦੇ ਰੋਸ ਵਜੋਂ ਜਦੋਂ ਲੋਕਾਂ ਨੇ ਪ੍ਰਦਰਸ਼ਨ ਕੀਤਾ ਤਾਂ ਫ਼ੌਜ ਨੇ ਗੋਲੀ ਚਲਾ ਕੇ ਤਾਰੀਕ ਅਹਿਮਦ (23) ਪੁੱਤਰ ਗੁਲਾਮ ਕਾਦਰ ਵਾਸੀ ਗਰੀਨ ਕਲੋਨੀ ਨਾਂ ਦੇ ਨੌਜਵਾਨ ਨੂੰ ਵੀ ਹਲਾਕ ਕਰ ਦਿੱਤਾ ਜੋ ਕਿ ਬਰਸੋਬਲ ਗੰਦਰਬਾਲ ਇਲਾਕੇ ਤੋਂ ਪਿੰਡ ਮਾਰਕੰਡਾਲ ਵਿਖੇ ਵਿਆਹ ਵਿਚ ਸ਼ਾਮਲ ਹੋਣ ਲਈ ਆਇਆ ਸੀ। ਇਕੱਠ ਨੂੰ ਸੰਬੋਧਨ ਕਰਦੇ ਹੋਏ ਸ. ਮਾਨ ਨੇ ਕਸ਼ਮੀਰੀ ਆਵਾਮ ਨੂੰ ਭਰੋਸਾ ਦਿੱਤਾ ਕਿ ਸੰਸਾਰ ਦੇ ਕਿਸੇ ਵੀ ਕੋਨੇ ਰਹਿ ਰਿਹਾ ਸਿੱਖ ਕਸ਼ਮੀਰੀਆਂ ਦੇ ਆਜ਼ਾਦੀ ਲਈ ਉਨ੍ਹਾਂ ਦੇ ਨਾਲ ਖੜ੍ਹਾ ਹੈ।

ਆਪਣੇ ਦਸ ਦਿਨਾਂ ਦੇ ਦੌਰੇ ਨੂੰ ਸਫਲ ਦੱਸਦੇ ਹੋਏ ਸ. ਮਾਨ ਨੇ ਕਿਹਾ ਕਿ ਦੌਰੇ ਦੌਰਾਨ ਰਿਆਸਤ ਵਿਚ ਵਸ ਰਹੇ ਸਿੱਖ ਭਾਈਚਾਰੇ ਦੀਆਂ ਮੁਸ਼ਕਲਾਂ ਤੇ ਆਜ਼ਾਦੀ ਲਈ ਲੜ ਰਹੀ ਕਸ਼ਮੀਰੀ ਅਵਾਮ 'ਤੇ ਹੋ ਰਹੇ ਜ਼ੁਲਮਾਂ ਨੂੰ ਨਜ਼ਦੀਕ ਤੋਂ ਦੇਖਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਦਾ ਮਸਲਾ ਕੰਟਰੋਲ ਰੇਖਾ ਨੂੰ ਕੌਮਾਂਤਰੀ ਰੇਖਾ ਬਣਾ ਕੇ ਹੱਲ ਹੋਣ ਵਾਲਾ ਨਹੀਂ। ਕਸ਼ਮੀਰ ਦਾ ਮਸਲਾ ਸਿਰਫ ਤੇ ਸਿਰਫ ਜੰਮੂ-ਕਸ਼ਮੀਰ ਨੂੰ ਸੰਪੂਰਨ ਆਜ਼ਾਦੀ ਦੇ ਕੇ ਹੀ ਹੱਲ ਹੋਣਾ ਹੈ।

ਉਨ੍ਹਾਂ ਕਿਹਾ ਕਿ ਰਿਆਸਤ ਵਿਚ ਹਿੰਦੂ ਭਾਈਚਾਰੇ ਲਈ ਗਵਰਨਰ, ਮੁਸਲਮਾਨਾਂ ਲਈ ਮੁੱਖ ਮੰਤਰੀ ਤੇ ਲੱਦਾਖੀਆਂ ਲਈ ਹਿੱਲ ਕੌਂਸਲ ਸਥਾਪਤ ਕੀਤੀ ਗਈ ਹੈ ਪਰ ਸਿੱਖ ਭਾਈਚਾਰੇ ਲਈ ਕੁਝ ਨਹੀਂ ਕੀਤਾ ਗਿਆ। ਸਿੱਖਾਂ ਨੂੰ ਨਾ ਤਾਂ ਵਿਧਾਨ ਸਭਾ ਤੇ ਨਾ ਹੀ ਵਿਧਾਨ ਪ੍ਰੀਸ਼ਦ ਵਿਚ ਬਣਦੀ ਨੁਮਾਇੰਦਗੀ ਦਿੱਤੀ ਜਾਂਦੀ ਹੈ ਤੇ ਨਾ ਹੀ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ। ਉਨ੍ਹਾਂ ਰਿਆਸਤ ਵਿਚ ਸਿੱਖਾਂ ਨੂੰ ਨੌਕਰੀਆਂ ਵਿਚ ਰਿਜ਼ਰਵੇਸ਼ਨ, ਅਖਨੂਰ ਤੋਂ ਪੁਣਛ ਤਕ ਦੀ ਸੜਕ ਦਾ ਨਾਮ ਬਾਬਾ ਬੰਦਾ ਸਿੰਘ ਬਹਾਦਰ ਰੱਖਣ, 1947 ਦੇ ਸ਼ਰਨਾਰਥੀਆਂ ਦੇ ਮਸਲੇ, ਸਰਵਿਸ ਕਮਿਸ਼ਨ ਵਿਚ ਸਿੱਖ ਮੈਂਬਰ ਲਏ ਜਾਣ ਦੀ ਵਕਾਲਤ ਕੀਤੀ।

# ਸਿਆਸੀ ਆਗੂਆਂ ਦੀ ਬੇਹੂਦਾ ਬੋਲਬਾਣੀ ਤੇ ਆਮ ਆਦਮੀ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਬੀਤੇ ਇੱਕੋ ਹਫਤੇ ਵਿਚ ਅਸੀਂ ਘੱਟੋ-ਘੱਟ ਚਾਰ ਆਗੂਆਂ ਨੂੰ ਕੁਝ ਨਾ ਕੁਝ ਬਿਨਾਂ ਸੋਚੇ ਬੋਲ ਕੇ ਫਿਰ ਆਪ ਹੀ ਕਹੇ ਗਏ ਸ਼ਬਦਾਂ ਨੂੰ ਵਾਪਸ ਲੈਂਦੇ ਵੇਖਿਆ ਹੈ। ਉਹ ਸਾਰੇ ਕਿਸੇ ਇੱਕੋ ਪਾਰਟੀ ਦੇ ਨਹੀਂ, ਸਗੋਂ ਵੱਖੋ-ਵੱਖ ਧਿਰਾਂ ਵਿਚੋਂ ਹਨ ਤੇ ਬਹੁਤੇ ਉਨ੍ਹਾਂ ਦੋ ਮੁੱਖ ਧਿਰਾਂ; ਕਾਂਗਰਸ ਪਾਰਟੀ ਤੇ ਭਾਰਤੀ ਜਨਤਾ ਪਾਰਟੀ, ਵਿਚੋਂ ਹਨ, ਜਿਨ੍ਹਾਂ ਦੀ ਭਾਰਤ ਦੇ ਉਚੇ ਤਖਤ ਉਤੇ ਕਬਜ਼ੇ ਦੀ ਦੌੜ ਚੱਲ ਰਹੀ ਹੈ। ਇਸ ਦੌੜ ਦਾ ਰਾਜਸੀ ਪੱਖ ਤੋਂ ਉਨ੍ਹਾਂ ਨੂੰ ਪੂਰਾ ਹੱਕ ਹੈ। ਉਹ ਭਾਸ਼ਣਾਂ ਤੇ ਟਿਪਣੀਆਂ ਦੇ ਚੱਕਰ ਵਿਚ ਆਪੋ ਵਿਚ ਮਰਿਆਦਾ ਦੀਆਂ ਹੱਦਾਂ ਪਾਰ ਕਰ ਜਾਣ ਤਾਂ ਲੋਕਾਂ ਨੂੰ ਬੁਰਾ ਲੱਗੇਗਾ, ਪਰ ਇਸ ਤੋਂ ਵੀ ਬੁਰੀ ਗੱਲ ਇਹ ਹੈ ਕਿ ਇਸ ਤਰ੍ਹਾਂ ਖੇਹ ਉਡਾਉਣ ਦੀ ਖੇਡ ਵਿਚ ਲੋਕਾਂ ਦੀ ਜ਼ਿੰਦਗੀ ਦਾ ਉਹ ਮੁੱਦਾ ਬਹਿਸ ਤੋਂ ਬਾਹਰ ਹੋਈ ਜਾ ਰਿਹਾ ਹੈ, ਜਿਹੜਾ ਇਸ ਵਕਤ ਸੌ ਮੁੱਦਿਆਂ ਦਾ ਮੁੱਦਾ ਹੋਣਾ ਚਾਹੀਦਾ ਹੈ।***

ਭਾਰਤ ਦੀ ਸਭ ਤੋਂ ਵੱਡੀ ਰਾਜਨੀਤਕ ਪਾਰਟੀ ਕਾਂਗਰਸ ਦੇ ਸਿਖਰਲੇ ਆਗੂਆਂ ਵਿਚੋਂ ਇੱਕ ਗਿਣੇ ਜਾ ਸਕਦੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਨੇ ਪਾਰਲੀਮੈਂਟ ਦੀ ਆਪਣੀ ਹੀ ਪਾਰਟੀ ਦੀ ਇੱਕ ਮੈਂਬਰ ਬੀਬੀ ਜੈਅੰਤੀ ਨਟਰਾਜਨ ਬਾਰੇ ਇੱਕ ਟਿਪਣੀ ਕਰ ਦਿੱਤੀ ਹੈ। ਟਿਪਣੀ ਇੱਕ ਦਮ ਭੱਦੀ ਜਾਪਦੀ ਹੈ। ਜਿਸ ਦੇ ਖਿਲਾਫ ਟਿਪਣੀ ਕੀਤੀ ਗਈ ਹੈ, ਉਹ ਬੀਬੀ ਕਹਿੰਦੀ ਹੈ ਕਿ ਦਿਗਵਿਜੇ ਸਿੰਘ ਨੇ ਇਸ ਤਰ੍ਹਾਂ ਕਰ ਕੇ ਉਸ ਦੀ ਸਿਫਤ ਕਰਨ ਦੇ ਪੱਖੋਂ ਕਮਾਲ ਕਰ ਦਿੱਤੀ ਹੈ ਤੇ ਉਸ ਦਾ ਮਾਣ ਵਧਾਇਆ ਹੈ। ਉਸ ਨੂੰ ਕੋਈ ਇਤਰਾਜ਼ ਨਹੀਂ ਤੇ ਦੂਸਰੇ ਲੋਕ ਦਿਗਵਿਜੇ ਦੀ ਇਹੋ ਟਿਪਣੀ ਲੈ ਕੇ ਉਸ ਉਤੇ ਬਦਤਮੀਜ਼ੀ ਦਾ ਦੋਸ਼ ਲਾ ਰਹੇ ਹਨ। ਇਹ ਵੀ ਕਮਾਲ ਦੀ ਰਾਜਨੀਤੀ ਹੈ। ਆਖਿਆ ਦਿਗਵਿਜੇ ਸਿੰਘ ਨੇ ਇਹ ਕਿ ਮੈਂ ਉਹ ਪਾਰਖੂ ਅੱਖ ਵਾਲਾ ਜੌਹਰੀ ਹਾਂ, ਜਿਹੜਾ ਖੋਟੇ-ਖਰੇ ਦੀ ਪਛਾਨ ਕਰਨੀ ਜਾਣਦਾ ਹਾਂ ਤੇ ਇਸੇ ਪਰਖ ਦੇ ਆਧਾਰ ਉਤੇ ਕਹਿ ਸਕਦਾ ਹਾਂ ਕਿ ਸਾਡੀ ਪਾਰਲੀਮੈਂਟ ਮੈਂਬਰ ਜੈਅੰਤੀ ਨਟਰਾਜਨ ਸੌ ਫੀਸਦੀ 'ਟੰਚ ਮਾਲ' ਹੈ। ਕਿਸੇ ਵੀ ਔਰਤ ਬਾਰੇ ਇਹੋ ਜਿਹੇ ਸ਼ਬਦ ਵਰਤਣਾ ਬਹੁਤ ਭੱਦਾ ਲੱਗਦਾ ਹੈ। ਬੀਬੀ ਜੈਅੰਤੀ ਇਸ ਬਾਰੇ ਬੁਰਾ ਮਨਾਉਣ ਦੀ ਥਾਂ ਜੇ ਇਹ ਕਹਿੰਦੀ ਹੈ ਕਿ ਇਸ ਦਾ ਉਸ ਨੂੰ ਗੁੱਸਾ ਨਹੀਂ ਲੱਗਾ ਤੇ ਇਸ ਨਾਲ ਸਗੋਂ ਮਾਣ ਮਹਿਸੂਸ ਹੋਇਆ ਹੈ ਤਾਂ ਸ਼ਾਇਦ ਇਸ ਲਈ ਕਹਿ ਰਹੀ ਹੋਵੇ ਕਿ ਉਸ ਨੂੰ ਮਾਮਲਾ ਠੱਪਣ ਲਈ ਕੋਈ ਉਪਰੋਂ ਹਦਾਇਤ ਆ ਗਈ ਹੋਵੇ ਜਾਂ ਦਿਗਵਿਜੇ ਸਿੰਘ ਨੇ ਅੰਦਰਖਾਤੇ ਮੁਆਫੀ ਮੰਗ ਲਈ ਹੋਵੇ। ਇਹ ਉਸ ਰਾਜਸੀ ਪਾਰਟੀ ਦਾ ਆਪਣਾ ਮਾਮਲਾ ਹੈ। ਹੁਣ ਜਦੋਂ ਉਹ ਬੀਬੀ ਆਪ ਹੀ ਇਸ ਗੱਲ ਨੂੰ ਅੱਗੇ ਨਹੀਂ ਚੁੱਕਣਾ ਚਾਹੁੰਦੀ ਤਾਂ ਕਿਸੇ ਹੋਰ ਵੱਲੋਂ ਵੀ ਇਸ ਬਾਰੇ ਬਹੁਤੀ ਚਰਚਾ ਕਰਨ ਦਾ ਕੋਈ ਲਾਭ ਨਹੀਂ ਹੋਣਾ।

ਕਾਂਗਰਸ ਪਾਰਟੀ ਦੇ ਆਗੂ ਇਸ ਮਾਮਲੇ ਨੂੰ ਅੰਦਰ ਬੈਠ ਕੇ ਨਿਪਟਾਉਣ ਜਾਂ ਬਾਹਰ ਜਨਤਕ ਰੌਲਾ ਪਾ ਕੇ ਇਸ ਦੀ ਖੇਹ ਉਡਾਉਣ, ਇਹ ਤਾਂ ਉਨ੍ਹਾਂ ਦਾ ਅੰਦਰੂਨੀ ਮਾਮਲਾ ਹੋ ਸਕਦਾ ਹੈ, ਪਰ ਜਨਤਕ ਜੀਵਨ ਵਿਚ ਬਦਤਮੀਜ਼ੀ ਹੱਦਾਂ ਪਾਰ ਕਰਦੀ ਜਾਵੇ, ਇਹ ਕਿਸੇ ਪਾਰਟੀ ਦਾ ਅੰਦਰੂਨੀ ਮਾਮਲਾ ਨਹੀਂ ਹੋ ਸਕਦਾ। ਪਿਛਲੇ ਸਮੇਂ ਵਿਚ ਬਦਤਮੀਜ਼ੀ ਦੀਆਂ ਜਿਹੜੀਆਂ ਹੱਦਾਂ ਪਾਰ ਕੀਤੀਆਂ ਜਾ ਰਹੀਆਂ ਹਨ ਤੇ ਇਹ ਕੁਝ ਸਾਡੇ ਦੇਸ਼ ਦੇ ਆਗੂ ਹੀ ਕਰ ਰਹੇ ਹਨ, ਉਨ੍ਹਾਂ ਤੋਂ ਦੇਸ਼ ਦੇ ਲੋਕਾਂ ਨੂੰ ਸ਼ਰਮ ਆਉਂਦੀ ਹੈ। ਇਸ ਮਾਮਲੇ ਵਿਚ ਕਿਸੇ ਇੱਕ ਪਾਰਟੀ ਦੇ ਆਗੂ ਨਹੀਂ, ਸਾਰੀਆਂ ਵੱਡੀਆਂ ਪਾਰਟੀਆਂ ਵਾਲੇ ਕਿਸੇ ਥਾਂ ਕੁਝ ਵੀ ਕਹਿ ਜਾਂਦੇ ਹਨ। ਮਿਸਾਲ ਵਜੋਂ ਇੱਕ ਵਾਰੀ ਲਾਲੂ ਪ੍ਰਸਾਦ ਯਾਦਵ ਨੇ ਬਿਹਾਰ ਦੇ ਲੋਕਾਂ ਨਾਲ ਇਹ ਵਾਅਦਾ ਕਰ ਦਿੱਤਾ ਸੀ ਕਿ ਉਹ ਆਪਣੇ ਰਾਜ ਦੀਆਂ ਸੜਕਾਂ ਨੂੰ ਫਿਲਮ ਸਟਾਰ ਹੇਮਾ ਮਾਲਿਨੀ ਦੀਆਂ ਗੱਲ੍ਹਾਂ ਵਰਗੀਆਂ ਬਣਾ ਦੇਵੇਗਾ। ਇਸ ਦਾ ਰੌਲਾ ਪਿਆ ਤਾਂ ਹੇਮਾ ਮਾਲਿਨੀ ਨੇ, ਜਿਹੜੀ ਉਦੋਂ ਤੱਕ ਰਾਜਨੀਤੀ ਵਿਚ ਨਹੀਂ ਸੀ ਆਈ, ਇਹ ਕਹਿ ਦਿੱਤਾ ਕਿ ਲਾਲੂ ਜੀ ਨੇ ਮੇਰੀ ਤਾਰੀਫ ਕੀਤੀ ਹੈ। ਅਗਲੀਆਂ ਚੋਣਾਂ ਵਿਚ ਬਿਹਾਰ ਦੀਆਂ ਟੁੱਟੀਆਂ ਸੜਕਾਂ ਅਤੇ ਲਾਲੂ ਪ੍ਰਸਾਦ ਦੇ ਵਾਅਦੇ ਦਾ ਜ਼ਿਕਰ ਵਿਰੋਧੀ ਧਿਰ ਦੇ ਮੰਚ ਤੋਂ ਇੱਕ ਭਾਜਪਾ ਨੇਤਾ ਨੇ ਕੀਤਾ ਤਾਂ ਉਸ ਦੇ ਨਾਲ ਬੈਠੇ ਜਨਤਾ ਦਲ ਯੂਨਾਈਟਿਡ ਦੇ ਇੱਕ ਆਗੂ ਨੇ ਬਾਅਦ ਵਿਚ ਆਪਣੇ ਭਾਸ਼ਣ ਵਿਚ ਕਹਿ ਦਿੱਤਾ ਸੀ ਕਿ ਲਾਲੂ ਨੇ ਸੜਕਾਂ ਹੇਮਾ ਮਾਲਿਨੀ ਦੀਆਂ ਗੱਲ੍ਹਾਂ ਵਰਗੀਆਂ ਹੀ ਬਣਾਈਆਂ ਹਨ, ਉਸ ਦੀਆਂ ਗੱਲ੍ਹਾਂ ਵਿਚ ਵੀ ਟੋਏ ਹਨ। ਇਹ ਰਾਜਨੀਤੀ ਦਾ ਨੀਵਾਂ ਪੱਧਰ ਸੀ, ਜਿਸ ਦੇ ਆਧਾਰ ਉਤੇ ਇਹ ਚਰਚਾ ਹੁੰਦੀ ਰਹੀ ਅਤੇ ਹੇਮਾ ਮਾਲਿਨੀ ਹੱਸ ਕੇ ਟਾਲ ਜਾਂਦੀ ਰਹੀ।

ਪੰਜਾਬ ਵਿਚ ਕੋਈ ਪੰਜਤਾਲੀ ਸਾਲ ਪਹਿਲਾਂ



*ਜੈਅੰਤੀ ਨਟਰਾਜਨ*

ਇੱਕ ਅਕਾਲੀ ਮੁੱਖ ਮੰਤਰੀ ਜਦੋਂ ਆਪਣੀ ਹੀ ਪਾਰਟੀ ਦੇ ਪ੍ਰਧਾਨ ਨਾਲ ਖਹਿਬੜ ਪਿਆ ਤਾਂ ਉਸ ਸੰਤ ਦੇ ਸੰਤਪੁਣੇ ਦੇ ਬਾਰੇ ਪੁੱਠਾ-ਸਿੱਧਾ ਕਹਿ ਗਿਆ। ਸੰਤ ਨੇ ਅਗਲੇ ਦਿਨ ਮੋੜਵਾਂ ਹੱਲਾ ਕਰਦਿਆਂ ਕਹਿ ਦਿੱਤਾ ਕਿ ਹਾਥੀ ਚੱਲਦਾ ਰਹਿੰਦਾ ਹੈ ਤੇ ਕੁੱਤੇ ਭੌਂਕਦੇ ਰਹਿੰਦੇ ਹਨ। ਮੁੱਖ ਮੰਤਰੀ ਨੇ ਹੱਸ ਕੇ ਕਿਹਾ ਕਿ ਸੰਤ ਨੇ ਮੇਰੇ ਬਾਰੇ ਜੋ ਵੀ ਕਿਹਾ ਹੋਵੇ, ਆਪਣੇ ਆਪ ਨੂੰ ਹਾਥੀ ਕਹਿ ਕੇ ਖੁਦ ਨੂੰ ਵੀ ਜਾਨਵਰਾਂ ਦੀ ਬਰਾਦਰੀ ਵਿਚ ਹੀ ਰੱਖਿਆ ਹੈ। ਇਸ ਦੇ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਹਾਥੀ ਤੇ ਕੁੱਤਾ ਵਿਚੋਂ ਇੱਜ਼ਤਦਾਰ ਜਾਨਵਰ ਕੌਣ ਤੇ ਦੋਵਾਂ ਵਿਚੋਂ ਮਨੁੱਖ ਦਾ ਵਫਾਦਾਰ ਵੱਧ ਕੌਣ ਹੈ, ਇਸ ਦੀ ਚਰਚਾ ਸਟੇਜੀ ਭਾਸ਼ਣਾਂ ਵਿਚ ਹੁੰਦੀ ਤੇ ਅਖਬਾਰਾਂ ਵਿਚ ਵੀ ਛਪਦੀ ਰਹੀ ਸੀ। ਫਿਰ ਇੱਕ ਵਾਰੀ ਇੱਕ ਮੁੱਖ ਮੰਤਰੀ ਨੇ ਇੱਕ ਸਾਬਕਾ ਮੁੱਖ ਮੰਤਰੀ ਬੀਬੀ ਨੂੰ 'ਗਾਂ ਵਾਂਗ ਭੂਤਰੀ' ਵੀ ਕਹਿ ਦਿੱਤਾ ਸੀ ਤੇ ਇੱਕ ਵਾਰੀ ਇੱਕ ਸਾਬਕਾ ਮੰਤਰੀ ਨੇ ਮੌਕੇ ਦੇ ਮੁੱਖ ਮੰਤਰੀ ਬਾਰੇ ਇਹ ਵੀ ਕਹਿ ਦਿੱਤਾ ਸੀ ਕਿ ਉਹ ਆਪਣੀ ਮਾਂ ਦੀ ਔਲਾਦ ਵੀ ਨਹੀਂ ਜਾਪਦਾ। ਗੱਲ ਇਸ ਕਰ ਕੇ ਟਲ ਗਈ ਕਿ ਉਸ ਨੇ 'ਮਾਂ ਦੀ ਔਲਾਦ' ਹੀ ਕਿਹਾ ਸੀ, ਜੇ ਇਸ ਦੀ ਥਾਂ 'ਆਪਣੇ ਬਾਪ ਦੀ ਔਲਾਦ ਵੀ ਨਹੀਂ ਜਾਪਦਾ' ਕਿਹਾ ਹੁੰਦਾ ਤਾਂ ਗੱਲ ਬਹੁਤ ਅੱਗੇ ਵਧ ਸਕਦੀ ਸੀ।

ਇਹ ਕੁਝ ਕਿਸੇ ਇੱਕ ਜਾਂ ਦੂਸਰੀ ਥਾਂ ਨਹੀਂ, ਕੇਂਦਰ ਤੋਂ ਲੈ ਕੇ ਰਾਜਾਂ ਤੱਕ ਹਰ ਪੱਧਰ ਉਤੇ ਆਮ ਹੀ ਵਾਪਰਦਾ ਰਹਿੰਦਾ ਹੈ ਤੇ ਚਾਰ ਦਿਨ ਰੌਲਾ ਪੈਣ ਤੋਂ ਬਾਅਦ ਭਾਰਤ ਦੀ ਬਹੁਤ ਵੱਡੇ ਹਾਜ਼ਮੇ ਵਾਲੀ ਰਾਜਨੀਤੀ ਇਸ ਨੂੰ ਵਕਤ ਦਾ ਕੂੜਾ-ਕਚਰਾ ਸਮਝ ਕੇ ਹਜ਼ਮ ਕਰ ਜਾਂਦੀ ਹੈ। ਪਿਛਲੇ ਹਫਤੇ ਇਸ ਵਿਚ ਇੱਕ ਮੋੜਾ ਆਉਣ ਦੀ ਕੁਝ ਉਮੀਦ ਬੱਝਣ ਲੱਗੀ ਸੀ, ਪਰ ਜਿਸ ਮੰਚ ਉਤੋਂ ਬੱਝਣ ਲੱਗੀ ਸੀ, ਉਸੇ ਤੋਂ ਇਸ ਦਾ ਰਾਹ ਰੋਕਣ ਵਾਲੀ ਗੱਲ ਕਹਿ ਦਿੱਤੀ ਗਈ ਹੈ। ਕਾਂਗਰਸ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਆਪਣੀ ਪਾਰਟੀ ਦੇ ਜਨਤਕ ਬੁਲਾਰਿਆਂ ਤੇ ਮੀਡੀਆ ਬਹਿਸਾਂ ਵਿਚ ਪਾਰਟੀ ਦਾ ਪੱਖ ਪੇਸ਼ ਕਰਨ ਵਾਲਿਆਂ ਦੀ ਕਲਾਸ ਲਾਈ ਤੇ ਕਿਹਾ ਸੀ ਕਿ ਬੋਲ-ਬਾਣੀ ਕਾਬੂ ਵਿਚ ਰੱਖਿਆ ਕਰੋ। ਇੱਕ ਕਾਂਗਰਸੀ ਆਗੂ ਨੇ ਕਿਹਾ ਕਿ ਅਸੀਂ ਜਵਾਬੀ ਵਾਰ ਕਰਦੇ ਹਾਂ, ਪਹਿਲ ਸਾਡੇ ਰਾਜਨੀਤਕ ਵਿਰੋਧੀਆਂ ਵੱਲੋਂ ਕੀਤੀ ਜਾਂਦੀ ਹੈ।

ਰਾਹੁਲ ਗਾਂਧੀ ਨੇ ਕਿਹਾ ਸੀ ਕਿ ਉਹ ਪਹਿਲ ਵੀ ਕਰਨ ਤਾਂ ਏਨੇ ਨੀਵੇਂ ਨਾ ਉਤਰੋ। ਉਸ ਨੇ ਇਹ ਵੀ ਕਿਹਾ ਸੀ ਕਿ ਤੁਸੀਂ ਆਪਣੇ ਆਪ ਨੂੰ ਮਹਾਤਮਾ ਗਾਂਧੀ ਤੇ ਪੰਡਿਤ ਨਹਿਰੂ ਦੀ ਵਿਰਾਸਤ ਦੇ ਮਾਲਕ ਕਹਿੰਦੇ ਹੋ, ਜਿਨ੍ਹਾਂ ਨੇ ਕਦੀ ਵੀ ਕਿਸੇ ਵਿਰੋਧੀ ਬਾਰੇ ਭੱਦੇ ਸ਼ਬਦ ਨਹੀਂ ਸਨ ਬੋਲੇ, ਤੁਹਾਡੇ ਵਿਰੋਧੀਆਂ ਕੋਲ ਇਹੋ ਜਿਹੀ ਕੋਈ ਵਿਰਾਸਤ ਨਹੀਂ ਹੈ, ਜਿਸ ਦੀ ਉਨ੍ਹਾਂ ਨੂੰ ਚਿੰਤਾ ਕਰਨੀ ਪੈਂਦੀ ਹੋਵੇ। ਇਸ਼ਾਰਾ ਉਸ ਦਾ ਮੁੱਖ ਤੌਰ ਉਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲ ਸੀ, ਜਿਨ੍ਹਾਂ ਵਿਚੋਂ ਕੁਝਨਾਂ ਨੇ ਪਿਛਲੇ ਦਿਨਾਂ ਵਿਚ ਬਹੁਤ ਨੀਵੇਂ ਪੱਧਰ ਦੀਆਂ ਟਿਪਣੀਆਂ ਕੀਤੀਆਂ ਸਨ ਤੇ ਜਵਾਬ ਦੇਣ ਵੇਲੇ ਕਾਂਗਰਸੀ ਲੀਡਰ ਵੀ ਵਾਹਵਾ ਮੂੰਹ ਪਾੜ ਕੇ ਬੋਲੇ ਸਨ। ਨਰਿੰਦਰ ਮੋਦੀ ਨੇ ਇੱਕ ਭਾਈਚਾਰੇ ਦੇ ਲੋਕਾਂ ਦੇ ਗੁਜਰਾਤ ਵਿਚ ਹੋਏ ਕਤਲਾਂ ਦੀ ਤੁਲਨਾ ਕਾਰ ਹੇਠ ਆ ਕੇ ਮਾਰੇ ਗਏ ਕਤੂਰੇ ਨਾਲ ਕਰ ਦਿੱਤੀ ਤਾਂ ਕਾਂਗਰਸ ਦੇ ਇੱਕ ਕੇਂਦਰੀ ਮੰਤਰੀ ਨੇ ਭਾਸ਼ਣ ਕਰਦਿਆਂ ਜਨਤਕ ਮੰਚ ਤੋਂ ਕਹਿ ਦਿੱਤਾ ਕਿ ਕੁਝ ਕੁੱਤੇ ਇਸ ਦੇਸ਼ ਦੀ ਧਰਮ-ਨਿਰਪੱਖਤਾ ਲਈ ਖਤਰਾ ਬਣ ਰਹੇ ਹਨ, ਕਿਸੇ ਨੂੰ ਵੀ ਉਨ੍ਹਾਂ ਕੁੱਤਿਆਂ ਨੂੰ ਵੋਟ ਨਹੀਂ ਦੇਣੀ ਚਾਹੀਦੀ। ਰਾਹੁਲ ਗਾਂਧੀ ਦੇ ਤਾਜ਼ਾ ਉਪਦੇਸ਼ ਦੇ ਬਾਅਦ ਵੀ ਉਸ ਦੀ ਪਾਰਟੀ ਦੇ ਆਗੂ ਵਿਰੋਧੀਆਂ ਬਾਰੇ ਜ਼ੁਬਾਨ ਸੰਭਾਲ ਕੇ ਨਹੀਂ ਬੋਲ ਸਕੇ ਤੇ ਹੁਣ ਦਿਗਵਿਜੇ ਸਿੰਘ ਨੇ ਆਪਣੀ ਪਾਰਟੀ ਦੀ ਆਗੂ ਬਾਰੇ ਵੀ 'ਟੰਚ ਮਾਲ' ਵਾਲੀ ਟਿਪਣੀ ਕਰ ਮਾਰੀ ਹੈ।

ਜਦੋਂ ਇਨ੍ਹਾਂ ਟਿਪਣੀਆਂ ਦੀ ਗੱਲ ਚੱਲਦੀ ਹੈ, ਉਦੋਂ ਕਈ ਕੁਝ ਹੋਰ ਵੀ ਭਾਰਤੀ ਰਾਜਨੀਤੀ ਵਿਚ ਵਾਪਰਦੇ ਰਹੇ ਦੀ ਯਾਦ ਆ ਜਾਂਦੀ ਹੈ। ਜਿਹੜੇ ਹੋਰ ਕਈ ਕੁਝ ਬਾਰੇ ਚੇਤਾ ਆਉਂਦਾ ਹੈ, ਉਸ ਵਿਚ ਇੱਕ ਘਟਨਾ ਮੁੰਬਈ ਵਿਚ ਕੀਤੇ ਗਏ ਸਭ ਤੋਂ ਵੱਡੇ ਦਹਿਸ਼ਤਗਰਦ ਹਮਲੇ ਦੇ ਵਕਤ ਦੀ ਹੈ। ਉਦੋਂ ਲੋਕ ਬਹੁਤ ਗੁੱਸੇ ਵਿਚ ਸਨ। ਮੁੰਬਈ ਦੀਆਂ ਸੜਕਾਂ ਉਤੇ ਉਹ ਮੋਮਬੱਤੀਆਂ ਬਾਲ ਕੇ ਪਹਿਲੀ ਵਾਰ ਇਹ ਕਹਿਣ ਲਈ ਨਿਕਲੇ ਸਨ ਕਿ ਜੇ ਦੇਸ਼ ਦੇ ਲੋਕਾਂ ਦੀ ਸੁਰੱਖਿਆ ਦੀ ਕੋਈ ਗਾਰੰਟੀ ਨਹੀਂ ਦੇਣ ਜੋਗੇ ਤਾਂ ਇਸ ਦੇਸ਼ ਦੇ ਲੀਡਰਾਂ ਅਤੇ ਮਹੱਤਵਪੂਰਨ ਅਖਵਾਉਂਦੇ ਵਿਅਕਤੀਆਂ ਵਾਸਤੇ ਵੀ ਕੋਈ ਸੁਰੱਖਿਆ ਨਹੀਂ ਹੋਣੀ ਚਾਹੀਦੀ। ਮੁੰਬਈ ਸ਼ਹਿਰ ਵਾਲੇ ਮਹਾਰਾਸ਼ਟਰ ਵਿਚ ਕਾਂਗਰਸ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਦਾ ਰਾਜ ਸੀ ਅਤੇ ਕੇਂਦਰ ਸਰਕਾਰ ਵੀ ਉਨ੍ਹਾਂ ਦੀ ਸੀ ਤੇ ਲੋਕਾਂ ਦੇ ਰੋਹ ਦਾ ਸਾਹਮਣਾ ਕਰਨਾ ਵੀ ਇਸ ਪਾਰਟੀ ਦੇ ਆਗੂਆਂ ਦਾ ਕੰਮ ਸੀ। ਉਹ ਚੁੱਪ ਰਹੇ ਸਨ, ਪਰ ਭਾਜਪਾ ਆਗੂ ਮੁਖਤਾਰ ਅੱਬਾਸ ਨਕਵੀ ਬੋਲ ਪਿਆ ਤੇ ਇਹੋ ਜਿਹਾ ਬੋਲਿਆ ਕਿ ਸਾਰੇ ਪਾਸੇ ਤੋਂ ਲਾਹਨਤਾਂ ਪੈਂਦੀਆਂ ਵੇਖ ਕੇ ਉਸ ਦੀ ਆਪਣੀ ਪਾਰਟੀ ਨੇ ਆਪਣੇ ਬੁਲਾਰੇ ਵੱਲੋਂ ਆਖੇ ਸ਼ਬਦਾਂ ਬਾਰੇ ਮੁਆਫੀ ਵੀ ਮੰਗੀ ਤੇ ਇਸ ਟਿਪਣੀ ਨੂੰ ਉਸ ਦੇ ਨਿੱਜੀ ਸ਼ਬਦ ਵੀ ਕਿਹਾ। ਨਕਵੀ ਨੇ ਆਖਿਆ ਸੀ ਕਿ ਕੁਝ ਖਾਂਦੇ-ਪੀਂਦੇ ਘਰਾਂ ਦੀਆਂ ਔਰਤਾਂ 'ਲਾਲੀ ਲਪਿਸਟਿਕ ਲਾ ਕੇ' ਵਿਖਾਵੇ ਕਰਦੀਆਂ ਹਨ। ਉਸ ਨੂੰ 'ਲਿਪਸਟਿਕ' ਵੀ ਨਹੀਂ ਸੀ ਕਹਿਣਾ ਆਉਂਦਾ, ਇਸ ਦੀ ਥਾਂ 'ਲਪਿਸਟਿਕ' ਕਹਿੰਦਾ ਸੀ, ਪਰ ਇਸਤਰੀ ਵਰਗ ਦੀ ਇੱਕ ਤਰ੍ਹਾਂ



*ਦਿਗਵਿਜੇ ਸਿੰਘ*

ਨਾਲ ਤੌਹੀਨ ਕਰਨ ਵਾਲੀ ਘਟੀਆ ਗੱਲ ਬਿਨਾਂ ਵਜ੍ਹਾ ਕਹਿ ਕੇ ਬੁਰੀ ਤਰ੍ਹਾਂ ਫਸ ਗਿਆ ਸੀ।

ਜਿਹੜੀ ਭਾਜਪਾ ਨੇ ਆਪਣੇ ਇਸ ਆਗੂ ਦੀ ਕਹੀ ਗੱਲ ਦੀ ਉਦੋਂ ਮੁਆਫੀ ਮੰਗੀ ਸੀ, ਉਸ ਨੇ ਆਪਣੇ ਗੁਜਰਾਤ ਵਾਲੇ ਮੁੱਖ ਮੰਤਰੀ ਦੀਆਂ ਕਹੀਆਂ ਗੱਲਾਂ ਦੀ ਕਦੀ ਮੁਆਫੀ ਨਹੀਂ ਮੰਗੀ। ਨਰਿੰਦਰ ਮੋਦੀ ਨੇ ਇੱਕ ਚੋਣ ਸਮੇਂ ਜਦੋਂ ਚੋਣ ਕਮਿਸ਼ਨਰ ਮਿਸਟਰ ਲਿੰਗਡੋਹ ਨੂੰ ਸਖਤੀ ਕਰਦਾ ਵੇਖਿਆ ਤਾਂ ਇਹ ਕਹਿ ਦਿੱਤਾ ਸੀ ਕਿ ਲਿੰਗਡੋਹ ਅਤੇ ਸੋਨੀਆ ਗਾਂਧੀ ਦੋਵੇਂ ਈਸਾਈ ਹਨ, ਐਤਵਾਰ ਦੇ ਦਿਨ ਚਰਚ ਵਿਚ ਜਾ ਕੇ ਮਿਲਦੇ ਹਨ। ਭਾਜਪਾ ਨੇ ਕਿਹਾ ਸੀ ਕਿ ਇਸ ਵਿਚ ਗਲਤ ਕੁਝ ਨਹੀਂ, ਇਹ ਇੱਕ ਸਾਧਾਰਨ ਟਿਪਣੀ ਹੈ। ਉਸ ਦੇ ਬਾਅਦ ਮੋਦੀ ਨੂੰ ਸ਼ਹਿ ਮਿਲ ਗਈ ਤੇ ਉਸ ਦੇ ਜੋੜੀਦਾਰਾਂ ਨੂੰ ਵੀ ਇਸ਼ਾਰਾ ਮਿਲ ਗਿਆ ਕਿ ਕੁਝ ਵੀ ਕਹੀ ਜਾਓ। ਇੱਕ ਹੋਰ ਮੌਕੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਅੱਗ ਉਗਲੱਛਣ ਵਾਲਾ ਆਗੂ ਪ੍ਰਵੀਣ ਤੋਗੜੀਆ ਹੱਦਾਂ ਭੁੱਲ ਕੇ ਸੋਨੀਆ ਗਾਂਧੀ ਬਾਰੇ ਉਹ ਕੁਝ ਕਹਿ ਗਿਆ, ਜਿਸ ਦਾ ਜ਼ਿਕਰ ਕਰਨ ਵਿਚ ਸਾਨੂੰ ਵੀ ਝਿਜਕ ਹੈ, ਪਰ ਸਾਰੀ ਭਾਜਪਾ ਅਤੇ ਉਸ ਦੇ ਪਿੱਛੇ ਖੜੇ ਸੰਘ ਪਰਿਵਾਰ ਵਾਲਿਆਂ ਨੇ ਇਸ ਦਾ ਅਫਸੋਸ ਕਰਨ ਤੋਂ ਪਾਸਾ ਵੱਟ ਲਿਆ ਸੀ। ਉਦੋਂ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਤੀਸਰੇ ਦਿਨ ਚੁੱਪ ਤੋੜੀ ਤੇ ਇਹ ਕਿਹਾ ਸੀ ਕਿ ਰਾਜਸੀ ਵਿਰੋਧ ਆਪਣੀ ਥਾਂ ਹੈ, ਪਰ ਜਿਹੜੀ ਭਾਸ਼ਾ ਸੋਨੀਆ ਗਾਂਧੀ ਲਈ ਵਰਤੀ ਗਈ ਹੈ, ਉਸ ਦੇ ਬਾਰੇ ਕਿਸੇ ਨੂੰ ਵੀ ਅਫਸੋਸ ਹੋਣਾ ਚਾਹੀਦਾ ਹੈ, ਕਿਉਂਕਿ ਇਹ ਨਾ ਸਿਰਫ ਇਸਤਰੀ ਜਾਤੀ ਦੇ ਸਨਮਾਨ ਵਿਰੁੱਧ ਅਸਲੋਂ ਬਦਤਮੀਜ਼ ਗੱਲ ਕਹੀ ਗਈ ਹੈ, ਸਗੋਂ ਜਨਤਕ ਜੀਵਨ ਨੂੰ ਵੀ ਲੀਹ ਤੋਂ ਲਾਹੁਣ ਵਾਲੀ ਹੈ। ਤੋਗੜੀਏ ਨੂੰ ਸੰਘ ਪਰਿਵਾਰ ਦੀ ਸਰਪ੍ਰਸਤੀ ਕਾਰਨ ਫਿਰ ਵੀ ਮੁਰਲੀ ਮਨੋਹਰ ਜੋਸ਼ੀ ਤੋਂ ਬਿਨਾਂ ਇੱਕ ਵੀ ਭਾਜਪਾ ਆਗੂ ਨੇ ਇਸ ਦੀ ਨਿੰਦਾ ਨਹੀਂ ਸੀ ਕੀਤੀ।

ਬੀਤੇ ਇੱਕੋ ਹਫਤੇ ਵਿਚ ਅਸੀਂ ਘੱਟੋ-ਘੱਟ ਚਾਰ ਆਗੂਆਂ ਨੂੰ ਕੁਝ ਨਾ ਕੁਝ ਬਿਨਾਂ ਸੋਚੇ ਬੋਲ ਕੇ ਫਿਰ ਆਪ ਹੀ ਕਹੇ ਗਏ ਸ਼ਬਦਾਂ ਨੂੰ ਵਾਪਸ ਲੈਂਦੇ ਵੇਖਿਆ ਹੈ। ਉਹ ਸਾਰੇ ਕਿਸੇ ਇੱਕੋ ਪਾਰਟੀ ਦੇ ਨਹੀਂ, ਸਗੋਂ ਵੱਖੋ-ਵੱਖ ਧਿਰਾਂ ਵਿਚੋਂ ਹਨ ਤੇ ਬਹੁਤੇ ਉਨ੍ਹਾਂ ਦੋ ਮੁੱਖ ਧਿਰਾਂ; ਕਾਂਗਰਸ ਪਾਰਟੀ ਤੇ ਭਾਰਤੀ ਜਨਤਾ ਪਾਰਟੀ, ਵਿਚੋਂ ਹਨ, ਜਿਨ੍ਹਾਂ ਦੀ ਭਾਰਤ ਦੇ ਉਚੇ ਤਖਤ ਉਤੇ ਕਬਜ਼ੇ ਦੀ ਦੌੜ ਚੱਲ ਰਹੀ ਹੈ। ਇਸ ਦੌੜ ਦਾ ਰਾਜਸੀ ਪੱਖ ਤੋਂ ਉਨ੍ਹਾਂ ਨੂੰ ਪੂਰਾ ਹੱਕ ਹੈ। ਉਹ ਭਾਸ਼ਣਾਂ ਤੇ ਟਿਪਣੀਆਂ ਦੇ ਚੱਕਰ ਵਿਚ ਆਪੋ ਵਿਚ ਮਰਿਆਦਾ ਦੀਆਂ ਹੱਦਾਂ ਪਾਰ ਕਰ ਜਾਣ ਤਾਂ ਲੋਕਾਂ ਨੂੰ ਬੁਰਾ ਲੱਗੇਗਾ, ਪਰ ਇਸ ਤੋਂ ਵੀ ਬੁਰੀ ਗੱਲ ਇਹ ਹੈ ਕਿ ਇਸ ਤਰ੍ਹਾਂ ਖੇਹ ਉਡਾਉਣ ਦੀ ਖੇਡ ਵਿਚ ਲੋਕਾਂ ਦੀ ਜ਼ਿੰਦਗੀ ਦਾ ਉਹ ਮੁੱਦਾ ਬਹਿਸ ਤੋਂ ਬਾਹਰ ਹੋਈ ਜਾ ਰਿਹਾ ਹੈ, ਜੋ ਇਸ ਵਕਤ ਸੌ ਮੁੱਦਿਆਂ ਦਾ ਮੁੱਦਾ ਹੋਣਾ ਚਾਹੀਦਾ ਹੈ।

ਅਜੇ ਚੋਣਾਂ ਵਿਚ ਪੌਣਾ ਸਾਲ ਪਿਆ ਹੈ ਤੇ ਇਹ ਪੌਣਾ ਸਾਲ ਸੌ ਕਿਸਮ ਦੇ ਹੋਰ ਉਹ ਭੱਦੇ ਨਜ਼ਾਰੇ ਪੇਸ਼ ਕਰ ਸਕਦਾ ਹੈ, ਜਿਨ੍ਹਾਂ ਬਾਰੇ ਆਮ ਆਦਮੀ ਨੇ ਸੋਚਿਆ ਵੀ ਨਾ ਹੋਵੇ। ਇਹ ਫੈਸਲਾ ਆਮ ਆਦਮੀ ਨੇ ਕਰਨਾ ਹੈ ਕਿ ਉਸ ਨੇ ਮੁੱਦਿਆਂ ਵੱਲ ਵੇਖਣਾ ਹੈ ਜਾਂ ਇਹ ਸੋਚ ਕੇ ਵੋਟ ਪਾ ਦੇਣੀ ਹੈ ਕਿ ਫਲਾਣੇ ਦਾ ਮੂੰਹ ਵੱਧ ਪਾਟਾ ਹੈ ਤੇ ਫਲਾਣਾ 'ਕਾਸੇ ਜੋਗਾ ਹੀ ਨਹੀਂ' ਜਾਪਦਾ।

## ਸ਼ਾਹੀ ਵਾਰਸ ਜਾਰਜ ਅਲੈਗਜ਼ੈਂਡਰ ਲੂਈਸ

**ਲੰਡਨ:** ਬਰਤਾਨੀਆ ਦੇ ਨਵੇਂ ਜਨਮੇ ਸ਼ਹਿਜ਼ਾਦੇ ਦਾ ਨਾਮਕਰਨ ਹੋ ਗਿਆ ਹੈ ਤੇ ਇਸ ਦਾ ਭਾਰਤੀ ਕੁਨੈਕਸ਼ਨ ਵੀ ਹੈ। ਸ਼ਾਹੀ ਤਖ਼ਤ ਦੇ ਤੀਜੇ ਵਾਰਸ ਅਤੇ ਆਪਣੇ ਪੁੱਤਰ ਦਾ ਨਾਂ ਜਾਰਜ ਅਲੈਗਜ਼ੈਂਡਰ ਲੂਈਸ ਰੱਖਦਿਆਂ ਸ਼ਹਿਜ਼ਾਦਾ ਵਿਲੀਅਮ ਅਤੇ ਉਨ੍ਹਾਂ ਦੀ ਪਤਨੀ ਕੇਟ ਮਿਡਲਟਨ ਨੇ 300 ਸਾਲ ਪੁਰਾਣੀ ਸ਼ਾਹੀ ਪਰੰਪਰਾ ਨੂੰ ਗਲ ਨਾਲ ਲਾ ਲਿਆ ਹੈ। ਸ਼ਾਹੀ ਇਤਿਹਾਸਕਾਰਾਂ ਮੁਤਾਬਕ ਬੱਚੇ ਦੇ ਨਾਂ ਦਾ ਪਿਛੇਤਰ ਲੂਈਸ ਪਰਿਵਾਰ ਦੀ ਪਰੰਪਰਾ ਦਾ ਪ੍ਰਤੀਕ ਹੈ ਤੇ 1947 ਵਿਚ ਭਾਰਤ ਦੇ ਆਖਰੀ ਬਰਤਾਨਵੀ ਵਾਇਸਰਾਏ ਲਾਰਡ ਲੂਈਸ ਮਾਊਂਟਬੈਟਨ ਦੀ ਵੀ ਯਾਦ ਦਿਵਾਉਂਦਾ ਹੈ।



ਸ਼ਹਿਜ਼ਾਦਾ ਚਾਰਲਸ ਆਪਣੇ ਚਾਚੇ ਲਾਰਡ ਮਾਊਂਟਬੈਟਨ ਨਾਲ ਬਹੁਤ ਤੇਹ ਰੱਖਦਾ ਹੈ ਜਿਸ ਨੂੰ ਸ਼ਾਹੀ ਖਾਨਦਾਨ ਵਿਚ ਅੰਕਲ ਡਿਕੀ ਕਹਿ ਕੇ ਸੱਦਿਆ ਜਾਂਦਾ ਸੀ। ਉਨ੍ਹਾਂ ਦਾ ਅਗਸਤ 1979 ਵਿਚ ਆਈ.ਆਰ.ਏ. ਨੇ ਕਤਲ ਕਰ ਦਿੱਤਾ ਸੀ। ਸ਼ਾਹੀ ਇਤਿਹਾਸਕਾਰਾਂ ਮੁਤਾਬਕ ਜਾਰਜ ਸ਼ਾਹੀ ਠਾਠ ਦਾ ਅਹਿਸਾਸ ਜਗਾਉਂਦਾ ਹੈ ਜਦਕਿ ਅਲੈਗਜ਼ੈਂਡਰ ਉਨ੍ਹਾਂ ਦੀ ਪਸੰਦ ਦਾ ਸਬੱਬ ਹੋ ਸਕਦਾ ਹੈ। ਜਾਰਜ ਪਿਛਲੇ 300 ਸਾਲਾਂ ਤੋਂ ਸ਼ਾਹੀ ਖਾਨਦਾਨ ਦਾ ਸਭ ਤੋਂ ਵੱਧ ਲੋਕਪ੍ਰਿਆ ਨਾਂ ਹੈ। ਹੁਣ ਤੱਕ ਛੇ ਕਿੰਗ ਜਾਰਜ ਹੋਏ ਹਨ ਤੇ ਤਖ਼ਤ ਦਾ ਨਵਾਂ ਵਾਰਸ ਬਣਿਆ ਤਾਂ ਕਿੰਗ ਜਾਰਜ ਸੱਤਵਾਂ ਅਖਵਾਏਗਾ।

**Store For Sale**

Convenience store for sale in Bay Town, TX, 4500 sq feet beer, wine, fast food, kitchen (to go) potential to add as pizza (eat or delivery), money order, Western Union, check cashing etc. additional 500 sq feet land available.

Asking price $389,000.00 with property.
For more info. Call, Lakhvinder Mroke
**Ph: 281-515-0255**

**ਕਨਵੀਨੀਐਂਸ ਸਟੋਰ ਵਿਕਾਊ ਹੈ**

ਬੇਅ ਟਾਊਨ, ਟੈਕਸਸ ਵਿਚ ਕਨਵੀਨੀਐਂਸ ਸਟੋਰ ਪ੍ਰਾਪਰਟੀ ਸਮੇਤ ਵਿਕਾਊ ਹੈ। ਬੀਅਰ, ਵਾਈਨ, ਫਾਸਟ ਫੂਡ, ਕਿਚਨ, ਪੀਜ਼ਾ (ਖਾਓ ਜਾਂ ਡਿਲਿਵਰੀ ਕਰਵਾਓ), ਮਨੀ ਆਰਡਰ, ਵੈਸਟਰਨ ਯੂਨੀਅਨ, ਚੈਕ ਕੈਸ਼ਿੰਗ ਆਦਿ ਦਾ ਬਿਜਨਸ ਵਧਾਉਣ ਦੀ ਸੰਭਾਵਨਾ। 500 ਵਰਗ ਫੁੱਟ ਹੋਰ ਜ਼ਮੀਨ ਉਪਲਬਧ।
ਕੀਮਤ: 389,000 ਡਾਲਰ
ਹੋਰ ਜਾਣਕਾਰੀ ਲਈ ਸੰਪਰਕ ਕਰੋ, ਲਖਵਿੰਦਰ ਮਰੋਕ
ਫੋਨ:281-515-0255

ਪੰਜਾਬ ਟਾਈਮਜ਼

*ਸਨਿਚਰਵਾਰ, 3 ਅਗਸਤ 2013*

## ਯਾਦਗਾਰਾਂ ਦੀ ਸਿਆਸਤ

ਭਾਰਤ ਵਿਚ ਲੋਕ ਸਭਾ ਚੋਣਾਂ ਸਿਰ ਉਤੇ ਹਨ ਅਤੇ ਇਸੇ ਪ੍ਰਥਾਏ ਸਿਆਸਤ ਦਾ ਪਿੜ ਲਗਾਤਾਰ ਭਖ ਰਿਹਾ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਫਟਾ-ਫਟ ਮੁੱਦੇ ਛਾਂਟ ਰਹੀਆਂ ਹਨ। ਇਨ੍ਹਾਂ ਚੋਣਾਂ ਕਰ ਕੇ ਮੀਡੀਆ ਵੀ ਤਿੱਖੀ ਸਰਗਰਮੀ ਵਿਚ ਰੁੱਝ ਗਿਆ ਹੈ। ਹਰ ਪਹਿਲੂ ਦੀਆਂ ਤਾਰਾਂ ਇਸ ਚੋਣ ਸਿਆਸਤ ਨਾਲ ਹੀ ਜੁੜਦੀਆਂ ਜਾਪਦੀਆਂ ਹਨ। ਆਉਣ ਵਾਲੇ ਦਿਨਾਂ, ਮਹੀਨਿਆਂ ਵਿਚ ਹਰ ਮੋੜ-ਮੁਹੱਲੇ ਵਿਚ ਇਸ ਬਾਰੇ ਹੀ ਗੱਲਾਂ ਚੱਲਣੀਆਂ ਹਨ। ਇਸ ਮਾਮਲੇ ਵਿਚ ਆਪਣਾ ਪੰਜਾਬ ਵੀ ਕਿਸੇ ਤੋਂ ਪਿੱਛੇ ਨਹੀਂ ਹੈ। ਉਥੇ ਵੀ ਸਾਰੀਆਂ ਪਾਰਟੀਆਂ ਨੇ ਵੋਟਰਾਂ ਲਈ ਲੁਭਾਉਣੇ ਰਾਹ ਬਣਾਉਣੇ ਅਰੰਭ ਕਰ ਦਿੱਤੇ ਹਨ। ਆਗੂਆਂ ਨੂੰ ਅਚਾਨਕ ਰਾਤੋ-ਰਾਤ ਪਹੀਏ ਲੱਗ ਗਏ ਹਨ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਇਸ ਮਾਮਲੇ ਵਿਚ ਦੋ ਕਦਮ ਅੱਗੇ ਹੈ। ਇਸ ਦੀ ਨਿਗ੍ਹਾ ਵਿਚ ਹਰ ਉਹ ਮੋਰਚਾ ਹੈ ਜਿਹੜਾ ਬੱਸ ਹੁਣੇ ਫਤਿਹ ਕਰਨਾ ਹੈ। ਸੱਤਾਧਾਰੀ ਹੋਣ ਦਾ ਲਾਭ ਤਾਂ ਹੈ ਹੀ। ਇਸ ਦੇ ਆਗੂ ਇਕ ਪਾਸੇ ਇਹ ਹਿੰਦੂ ਵੋਟਰਾਂ ਨੂੰ ਖਿੱਚਣ ਲਈ ਜਥੇਬੰਦੀ ਵਿਚ ਹਿੰਦੂ-ਭਰਤੀ ਬਾਰੇ ਗੱਲਾਂ ਚਲਾ ਰਹੇ ਹਨ ਅਤੇ ਦੂਜੇ ਪਾਸੇ ਸਿੱਖ ਮਸਲਿਆਂ ਤੇ ਸ਼ਖ਼ਸੀਅਤਾਂ ਨਾਲ ਸਬੰਧਤ ਯਾਦਗਾਰਾਂ ਨੂੰ ਮੁੱਦਾ ਬਣਾ ਕੇ ਉਭਾਰ ਰਹੇ ਹਨ। ਦਿੱਲੀ ਵਿਚ ਸਿੱਖ ਕਤਲੇਆਮ ਬਾਰੇ ਯਾਦਗਾਰ ਦਾ ਮਾਮਲਾ ਜਿਸ ਢੰਗ-ਤਰੀਕੇ ਨਾਲ ਧਰੂਹਿਆ ਗਿਆ ਹੈ, ਉਸ ਨੇ ਹਰ ਸੰਜੀਦਾ ਸ਼ਖਸ ਨੂੰ ਦੰਗ ਕਰ ਕੇ ਰੱਖ ਦਿੱਤਾ ਹੈ। ਅਜਿਹੀ ਕਿਸੇ ਵੀ ਯਾਦਗਾਰ ਬਾਰੇ ਕਿਸੇ ਨੂੰ ਭਲਾ ਕੀ ਇਤਰਾਜ਼ ਹੋ ਸਕਦਾ ਹੈ? ਪਰ ਇਹ ਮੁੱਦਾ, ਮਸਲਾ ਉਦੋਂ ਬਣਦਾ ਹੈ ਜਦੋਂ ਨਿਰੋਲ ਸਿਆਸਤ ਦੇ ਦਰਵਾਜੇ ਖੋਲ੍ਹ ਦਿੱਤੇ ਜਾਂਦੇ ਹਨ ਅਤੇ ਸਿਆਸਤ ਦੇ ਇਸ ਹੜ੍ਹ ਵਿਚ ਸਿੱਖੀ ਬਹੁਤ ਪਿਛਾਂਹ ਰਹਿ ਜਾਂਦੀ ਹੈ। ਗੱਲ ਭਾਵੇਂ ਮੀਰੀ ਅਤੇ ਪੀਰੀ ਦੀ ਕੀਤੀ ਜਾਂਦੀ ਹੈ ਪਰ ਇਸ ਸਿਧਾਂਤ ਦੇ ਅਸਲ ਅਰਥ, ਸਸਤੀ ਸਿਆਸਤ ਦੀ ਭੇਟ ਚੜ੍ਹ ਜਾਂਦੇ ਹਨ। ਮੀਰੀ ਅਤੇ ਪੀਰੀ ਦਾ ਸਿਧਾਂਤ ਅਸਲ ਵਿਚ ਸਿੱਖੀ ਦੀ ਬੁਲੰਦੀ ਹੈ। ਇਸ ਵਿਚ ਧਰਮ (ਸਿੱਖੀ) ਦੀ ਪਹਿਲ ਅਤੇ ਸਿਆਸਤ ਦੀ ਦੂਜ ਹੈ ਪਰ ਯਾਦਗਾਰਾਂ ਦੇ ਮਾਮਲੇ ਵਿਚ ਸਿੱਖੀ ਦੀ ਥਾਂ ਸਿਆਸਤ ਨੂੰ ਪਹਿਲ ਦਿੱਤੀ ਗਈ। ਕਿਸੇ ਵੀ ਯਾਦਗਾਰ ਦਾ ਕੋਈ ਮਕਸਦ ਅਤੇ ਮਤਲਬ ਹੁੰਦਾ ਹੈ। ਇਹ ਸਬੰਧਤ ਸ਼ਖਸੀਅਤ ਜਾਂ ਮੁੱਦੇ ਦੀ ਲਾਟ ਜਗਦੀ ਰੱਖਣ ਲਈ, ਤੇ ਅਗਾਂਹ ਇਸ ਬਾਰੇ ਚਾਨਣ ਵੰਡਣ ਦਾ ਜ਼ਰੀਆ ਹੁੰਦੀ ਹੈ ਪਰ ਸੱਤਾਧਾਰੀ ਆਗੂਆਂ ਨੇ ਪਿਛਲੇ ਸਮੇਂ ਦੌਰਾਨ ਯਾਦਗਾਰਾਂ ਦੇ ਪ੍ਰਸੰਗ ਵਿਚ ਜਿੰਨੇ ਵੀ ਫੈਸਲੇ ਕੀਤੇ ਹਨ, ਉਨ੍ਹਾਂ ਵਿਚ ਸਿੱਖੀ ਦੇ ਪ੍ਰਚਾਰ ਦਾ ਮੁੱਦਾ ਗੌਲਿਆ ਹੀ ਨਹੀਂ ਹੈ। ਸਾਰਾ ਜ਼ੋਰ ਆਪਣੀ ਸਿਆਸਤ ਚਮਕਾਉਣ ਉਤੇ ਹੀ ਲੱਗਾ ਰਿਹਾ ਹੈ। ਇਹ ਮਸਲਾ ਧਰਮ ਨਾਲ ਜੁੜਿਆ ਹੋਣ ਕਰ ਕੇ ਇਸ ਬਾਰੇ ਕਿਸੇ ਵੀ ਪ੍ਰਕਾਰ ਦੀ ਬਹਿਸ ਜਾਂ ਵਿਚਾਰ ਨੂੰ ਹੋਰ ਹੀ ਰੰਗ ਵਿਚ ਪੇਸ਼ ਕਰ ਦਿੱਤਾ ਜਾਂਦਾ ਹੈ। ਆਪਣੇ ਸਿਆਸੀ ਵਿਰੋਧੀਆਂ ਨੂੰ ਚਿੱਤ ਕਰਨ ਲਈ ਇਸ ਨੂੰ ਸਭ ਤੋਂ ਵੱਡੇ ਅਤੇ ਅਚੂਕ ਹਥਿਆਰ ਵਜੋਂ ਵਰਤਿਆ ਜਾਂਦਾ ਹੈ।

ਮੀਡੀਆ ਵਿਚ ਬੜੇ ਜ਼ੋਰ-ਸ਼ੋਰ ਵਾਲੀ ਚਰਚਾ ਚੱਲ ਰਹੀ ਹੈ ਕਿ ਸੂਬੇ ਵਿਚ ਆਉਂਦੇ 2 ਸਾਲਾਂ ਵਿਚ 10 ਯਾਦਗਾਰਾਂ ਹੋਰ ਉਸਰ ਜਾਣਗੀਆਂ। ਪੰਜ ਯਾਦਗਾਰਾਂ ਪਿਛਲੇ ਕੁਝ ਕੁ ਸਮੇਂ ਦੌਰਾਨ ਉਸਰ ਚੁੱਕੀਆਂ ਹਨ। ਇਹ ਕੋਈ ਇਤਫਾਕ ਨਹੀਂ ਹੈ ਕਿ ਇਨ੍ਹਾਂ ਪੰਜ ਯਾਦਗਾਰਾਂ ਦੀ ਉਸਾਰੀ ਉਸ ਵਕਤ ਹੋਈ, ਜਾਂ ਅਰੰਭ ਹੋਈ ਜਦੋਂ 2 ਸਾਲ ਪਹਿਲਾਂ ਪੰਜਾਬ ਵਿਧਾਨ ਸਭਾ ਚੋਣਾਂ ਸਿਰ ਉਤੇ ਸਨ। ਜ਼ਾਹਿਰ ਹੈ ਕਿ 2 ਸਾਲ ਪਹਿਲਾਂ ਵੀ, ਅਤੇ ਹੁਣ ਵੀ ਜਦੋਂ ਯਾਦਗਾਰਾਂ ਬਾਰੇ ਗੱਲਾਂ ਚੱਲ ਰਹੀਆਂ ਤਾਂ ਇਸ ਦਾ ਮੁੱਖ ਉਦੇਸ਼ ਸਿੱਖੀ ਜਾਂ ਸਿੱਖੀ ਦਾ ਪ੍ਰਚਾਰ ਨਹੀਂ, ਸਗੋਂ ਇਸ ਦੇ ਐਨ ਪਿੱਛੇ ਲੁਕੇ, ਸੁਧੇ ਸਿਆਸੀ ਮੁਫਾਦ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਚਿਰਾਂ ਬਾਅਦ ਹੋਇਆ ਹੈ ਅਤੇ ਇਨ੍ਹਾਂ ਨੇ ਕਬਜ਼ਾ ਹੁੰਦੇ ਸਾਰ ਉਥੇ ਲੰਮੇ ਸਮੇਂ ਤੱਕ ਕਬਜ਼ੇ ਦੀ ਰਣਨੀਤੀ ਤਹਿਤ ਕਾਰਵਾਈਆਂ ਅਰੰਭ ਦਿੱਤੀਆਂ ਹਨ। ਕਹਿਣ-ਸੁਣਨ ਦੀ ਲੋੜ ਨਹੀਂ ਕਿ ਇਨ੍ਹਾਂ ਕਾਰਵਾਈਆਂ ਦਾ ਸਿੱਖੀ ਜਾਂ ਸਿੱਖੀ ਦੇ ਪ੍ਰਚਾਰ ਨਾਲ ਕਿੰਨਾ ਕੁ ਵਾਹ-ਵਾਸਤਾ ਹੈ! ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਿੱਤ ਨੂੰ ਤਾਂ ਸਗੋਂ ਅਗਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰ ਖੜ੍ਹੇ ਕਰਨ ਦਾ ਆਧਾਰ ਬਣਾਇਆ ਜਾ ਰਿਹਾ ਹੈ। ਦਿੱਲੀ ਵਿਚ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਅਜੇ ਤੱਕ ਕਿਸੇ ਅਦਾਲਤ ਨੇ ਕੋਈ ਸਜ਼ਾ ਨਹੀਂ ਦਿੱਤੀ, ਇਹ ਤਾਂ ਇਕ ਮਸਲਾ ਹੈ; ਪਰ ਉਸ ਕਤਲੇਆਮ ਤੋਂ ਲੈ ਕੇ ਹੁਣ ਤੱਕ ਹਜ਼ਾਰਾਂ ਸਿੱਖ ਰੁਲ ਰਹੇ ਰਹੇ ਹਨ, ਉਨ੍ਹਾਂ ਦੀ ਖਬਰ-ਸਾਰ ਲੈਣ ਤੋਂ ਕਿਸੇ ਨੂੰ ਕੋਈ ਨਹੀਂ ਰੋਕ ਰਿਹਾ! ਇਸ ਪਾਸੇ ਕਦੀ ਕੋਈ ਸਰਗਰਮੀ ਵਿੱਢੀ ਗਈ ਹੋਵੇ, ਕਦੀ ਪੜ੍ਹਿਆ-ਸੁਣਿਆ ਨਹੀਂ। ਹੁਣ ਦਿੱਲੀ ਵਿਚੋਂ ਹੌਲੀ-ਹੌਲੀ ਕਰ ਕੇ ਪੰਜਾਬੀ ਨੂੰ ਪਾਸੇ ਕੀਤਾ ਜਾ ਰਿਹਾ ਹੈ, ਪਰ ਇਸ ਪਾਸੇ ਕੋਈ ਲਾਮਬੰਦੀ ਨਹੀਂ ਕੀਤੀ ਜਾ ਰਹੀ। ਇਹ ਸਾਰਾ ਕੁਝ ਨਿਰੋਲ ਸਿਆਸਤ ਨੂੰ ਪਹਿਲ ਦੇਣ ਕਰ ਕੇ ਹੋਇਆ ਹੈ। ਹੋਰ ਤਾਂ ਹੋਰ ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਨੂੰ ਵੀ, ਸਿਆਸਤ ਦੀ ਇਸ ਕਦੀ ਵੀ ਨਾ ਮੁੱਕਣ ਵਾਲੀ ਦੌੜ ਨਾਲ ਜੋੜ ਲਿਆ ਗਿਆ ਹੈ। ਇਨ੍ਹਾਂ ਸੰਸਥਾਵਾਂ ਨੂੰ ਸਿਆਸਤ ਦੀ ਇੰਨੀ ਪਾਣ ਚਾੜ੍ਹ ਦਿੱਤੀ ਗਈ ਹੈ ਕਿ ਇਸ ਦੇ ਕਰਤਾ-ਧਰਤਾ ਅਸਲ ਕਾਰਜ ਨੂੰ ਲਾਂਭੇ ਕਰ ਕੇ ਸਿਆਸਤ ਦਾ ਢੋਲ ਵਜਾ ਰਹੇ ਹਨ। ਸਿਆਸੀ ਅਤੇ ਧਾਰਮਿਕ ਆਗੂਆਂ ਵਿਚਕਾਰ ਫਰਕ ਹੀ ਕੋਈ ਨਹੀਂ ਰਹਿ ਗਿਆ; ਸਗੋਂ ਕਹਿਣਾ ਚਾਹੀਦਾ ਹੈ ਕਿ ਧਾਰਮਿਕ ਆਗੂਆਂ ਦੇ ਮੁਕਾਬਲੇ ਸਿਆਸੀ ਆਗੂਆਂ ਦਾ ਕੱਦ-ਕਾਠ ਹੀ ਇੰਨਾ ਜ਼ਿਆਦਾ ਵੱਡਾ ਹੈ ਕਿ ਸਾਰਾ ਕੁਝ ਸਿਆਸੀ ਆਗੂਆਂ ਦੀਆਂ ਨੀਤੀਆਂ ਤੇ ਰਣਨੀਤੀਆਂ ਮੁਤਾਬਕ ਚੱਲ ਰਿਹਾ ਹੈ। ਇਹੀ ਉਹ ਮੋੜ ਹੈ ਜਿਥੇ ਪੁੱਜ ਕੇ ਮੀਰੀ-ਪੀਰੀ ਦਾ ਸਿਧਾਂਤ ਲਾਂਭੇ ਕਰ ਕੇ ਇਸ ਨੂੰ ਸਿਰਫ ਸਿਆਸਤ ਚਲਾਉਣ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ। ਅਜਿਹੀ ਸਿਆਸਤ ਤੋਂ ਖਹਿੜਾ ਹੁਣ ਛੁਟਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜੱਸ ਮਿਲੇ ਬਿਨ ਮੰਗਿਆਂ!*

ਲੜ ਛੱਡੋ ਨਾ ਮਿੱਠਤ ਦਾ ਭੁੱਲ ਕੇ ਵੀ, ਕੌੜਾ ਬੋਲ ਕੇ ਜਾਇਓ ਨਾ ਫਸ ਯਾਰੋ।
ਨਾਪ ਤੋਲ ਕੇ ਇੱਦਾਂ ਦੇ ਸ਼ਬਦ ਵਰਤੋ, ਡੂੰਘੇ ਦਿਲਾਂ ਵਿਚ ਜਾਣ ਜੋ ਧਸ ਯਾਰੋ।
ਰੁੱਸੇ ਹੋਏ ਨੂੰ ਸ਼ਹਿਦ ਜਿਹੀ ਗੱਲ ਆਖੋ, ਬਾਹਾਂ ਅੱਡ ਕੇ ਮਿਲੇਗਾ ਨੱਸ ਯਾਰੋ।
ਗੁੱਸੇ-ਖੋਰ ਜਿਹੇ ਸੱਜਣ ਨੂੰ ਨਰਮ ਬੋਲੋ, ਉਹ ਵੀ ਅੱਗਿਉਂ ਪਵੇਗਾ ਹੱਸ ਯਾਰੋ।
ਮੋਹ ਭਿੱਜੀਆਂ ਪਈਆਂ ਗਲਵਕੜੀਆਂ ਦੀ, ਵਰ੍ਹਿਆਂ ਬਾਦ ਵੀ ਭੁੱਲਦੀ ਨਾ ਕੱਸ ਯਾਰੋ।
ਨੀਅਤਾਂ ਨੇਕ ਤੇ ਅਮਲ ਵੀ ਹੋਣ ਪੱਲੇ, ਬਿਨਾਂ ਮੰਗਿਆਂ ਮਿਲਦਾ ਏ ਜੱਸ ਯਾਰੋ।

# ਗਰੀਬੀ ਹਟਾਓ ਬਨਾਮ ਗਰੀਬ ਮਿਟਾਓ

## *ਝੂਠੇ ਹਕੂਮਤੀ ਦਾਅਵੇ ਅਤੇ ਜ਼ਮੀਨੀ ਹਕੀਕਤਾਂ*

ਬੂਟਾ ਸਿੰਘ
ਫ਼ੋਨ: 91-94634-74342

ਕੀ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਦੀਆਂ ਹਾਲੀਆ ਦੋ ਦਾਅਵੇਦਾਰੀਆਂ ਦਾ ਹਕੀਕਤ ਨਾਲ ਕੋਈ ਸਬੰਧ ਹੈ, ਜਾਂ ਇਹ ਮਹਿਜ਼ 2014 'ਚ ਆ ਰਹੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਦੇ ਮੱਦੇਨਜ਼ਰ ਅੰਕੜਿਆਂ ਦੇ ਹੇਰ-ਫੇਰ ਰਾਹੀਂ ਮੁਲਕ ਦੇ ਆਵਾਮ ਨੂੰ ਗੁੰਮਰਾਹ ਕਰ ਕੇ ਆਪਣਾ ਵੋਟ ਬੈਂਕ ਯਕੀਨੀ ਬਣਾਉਣ ਦੀ ਸਿਆਸੀ ਕਵਾਇਦ ਹੀ ਹਨ?

ਇੰਦਰਾ ਗਾਂਧੀ ਆਪਣੇ ਕਾਰਜ ਕਾਲ 'ਚ ਨਾਅਰਾ ਤਾਂ 'ਗ਼ਰੀਬੀ ਹਟਾਓ' ਦਾ ਦਿੰਦੀ ਰਹੀ, ਪਰ ਉਸ ਦੀ ਅਸਲ ਨੀਤੀ 'ਗ਼ਰੀਬ ਮਿਟਾਓ' ਦੀ ਸੀ। ਅੱਜ ਉਸ ਦੀ ਨੂੰਹ ਅਤੇ ਪੋਤਰੇ ਦੀ ਅਗਵਾਈ ਹੇਠਲੀ ਹਕੂਮਤ ਐਨ ਉਸੇ ਦੇ ਨਕਸ਼ੇ-ਕਦਮਾਂ 'ਤੇ ਚੱਲ ਕੇ ਗ਼ਰੀਬੀ ਵਧਾਉਣ, ਪਰ ਗ਼ਰੀਬਾਂ ਦੀ ਗਿਣਤੀ ਘਟਾ ਕੇ ਪੇਸ਼ ਕਰਨ ਦੀ ਸਿਆਸੀ ਨੀਤੀ ਅਮਲ 'ਚ ਲਿਆ ਰਹੀ ਹੈ। ਭਲਾ ਉਹ ਆਪਣੇ ਪੁਰਖਿਆਂ ਦੀ ਲੁਭਾਉਣੇ ਨਾਅਰੇ ਦੇਣ ਦੀ ਰਾਜਨੀਤਕ ਵਿਰਾਸਤ ਨੂੰ ਕਿਵੇਂ ਭੁੱਲ ਸਕਦੇ ਹਨ! ਪ੍ਰਭਾਵ ਇਹ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਦੇਖੋ, ਹਕੂਮਤ ਗ਼ਰੀਬਾਂ ਪ੍ਰਤੀ ਕਿੰਨੀ ਫ਼ਿਕਰਮੰਦ ਹੈ! ਹਕੂਮਤ ਵਾਰ-ਵਾਰ ਅਧਿਐਨ ਕਰਵਾ ਕੇ ਉਨ੍ਹਾਂ ਦੀ ਅਸਲ ਗਿਣਤੀ ਪਤਾ ਲਾਉਣ ਲਈ ਕਿੰਨੇ ਯਤਨ ਜੁਟਾ ਰਹੀ ਹੈ? ਅਧਿਐਨਾਂ ਦਾ ਉਦੇਸ਼ ਕੇਂਦਰੀ ਹਕੂਮਤ ਦੇ ਗ਼ਰੀਬੀ ਹਟਾਓ ਯੋਜਨਾਵਾਂ ਦੇ ਦੋ ਲੱਖ ਕਰੋੜ ਰੁਪਏ ਦੇ ਬਜਟ ਨੂੰ ਸਹੀ ਲੋੜਵੰਦਾਂ ਤੱਕ ਪਹੁੰਚਾਉਣਾ ਦੱਸਿਆ ਜਾ ਰਿਹਾ ਹੈ।

ਪਿਛਲੇ ਹਫ਼ਤੇ ਕੇਂਦਰੀ ਯੋਜਨਾ ਕਮਿਸ਼ਨ ਵਲੋਂ ਜਾਰੀ ਅਧਿਐਨ ਦੇ ਅੰਕੜਿਆਂ ਵਿਚ ਦਰਸਾਇਆ ਗਿਆ ਕਿ 2011-12 ਵਿਚ ਭਾਰਤ ਵਿਚ ਸਿਰਫ਼ 21.9 ਫ਼ੀ ਸਦੀ (21.6 ਕਰੋੜ) ਲੋਕ ਹੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਗਏ ਹਨ; ਸ਼ਹਿਰੀ ਇਲਾਕਿਆਂ ਵਿਚ 13.7 ਫ਼ੀ ਸਦੀ ਅਤੇ ਪੇਂਡੂ ਇਲਾਕਿਆਂ ਵਿਚ 25.7। 1993-94 ਵਿਚ ਇਨ੍ਹਾਂ ਦੀ ਤਾਦਾਦ 45.3 ਫ਼ੀ ਸਦੀ (ਪਿੰਡਾਂ ਵਿਚ 50.1 ਫ਼ੀ ਸਦੀ ਅਤੇ ਸ਼ਹਿਰਾਂ ਵਿਚ 31.8ਫ਼ੀ ਸਦੀ), 1997 'ਚ 42 ਫ਼ੀ ਸਦੀ, 2004-05 ਵਿਚ 37.2 ਫ਼ੀ ਸਦੀ ਅਤੇ 2009-10 ਵਿਚ 29.8 ਫ਼ੀਸਦੀ ਦੱਸੀ ਗਈ ਸੀ। ਯੋਜਨਾ ਕਮਿਸ਼ਨ ਦੇ ਚੌਖਟੇ ਅਨੁਸਾਰ ਮਹਿਜ਼ ਉਹ ਬੰਦਾ ਹੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਹੈ ਜਿਸ ਦੀ ਸਮਰੱਥਾ ਅੱਜ ਦੇ ਭਾਅ ਅਨੁਸਾਰ ਰੋਜ਼ਾਨਾ ਸਵਾ ਸਤਾਈ ਰੁਪਏ ਤੋਂ ਘੱਟ ਖ਼ਰਚ ਕਰਨ ਦੀ ਹੈ; ਭਾਵ ਜਿਸ ਕੋਲ ਖ਼ਰਚਣ ਲਈ 28 ਰੁਪਏ ਜਾਂ (ਮਹੀਨੇ ਵਿਚ ਖ਼ਰਚਣ ਲਈ 850 ਰੁਪਏ ਹਨ), ਉਹ ਗ਼ਰੀਬ ਨਹੀਂ ਹੈ। ਕਮਿਸ਼ਨ ਦੇ ਅੰਕੜਿਆਂ ਅਨੁਸਾਰ ਹਕੂਮਤ ਦੀਆਂ ਨੀਤੀਆਂ ਨੇ ਗਿਣਨਯੋਗ ਤਾਦਾਦ 'ਚ ਲੋਕਾਂ ਦੀ ਜ਼ਿੰਦਗੀ ਬਿਹਤਰ ਬਣਾ ਦਿੱਤੀ ਹੈ ਜਿਸ ਨਾਲ ਗ਼ਰੀਬਾਂ ਦੀ ਗਿਣਤੀ ਵਿਚ 15 ਫ਼ੀ ਸਦੀ ਕਮੀ ਆ ਗਈ ਹੈ। ਇਸ ਦਾ ਦਾਅਵਾ ਹੈ ਕਿ 2004-05 ਤੋਂ ਲੈ ਕੇ 2011-12 ਦੇ ਅਰਸੇ ਦੌਰਾਨ 13 ਕਰੋੜ 70 ਲੱਖ ਲੋਕਾਂ ਨੂੰ ਗ਼ਰੀਬੀ ਦੀ ਰੇਖਾ ਤੋਂ ਉੱਪਰ ਚੁੱਕ ਦਿੱਤਾ ਗਿਆ ਹੈ।

ਸਿਆਸੀ ਮਜਬੂਰੀਵੱਸ ਹੁਕਮਰਾਨਾਂ ਨੂੰ ਕੀ ਕੀ ਪਾਪੜ ਵੇਲਣੇ ਪੈਂਦੇ ਹਨ, ਇਸ ਦੀ ਇਕ ਹੋਰ ਮਿਸਾਲ ਖ਼ੁਰਾਕ ਸੁਰੱਖਿਆ ਬਿੱਲ ਹੈ। 'ਆਜ਼ਾਦੀ' ਤੋਂ ਸਾਢੇ ਛੇ ਦਹਾਕੇ ਬਾਅਦ ਹੁਕਮਰਾਨ ਹੁੱਬ ਕੇ ਐਲਾਨ ਕਰਦੇ ਹਨ ਕਿ ਦੇਖੋ! ਉਨ੍ਹਾਂ ਨੇ ਮੁਲਕ ਦੇ ਗ਼ਰੀਬਾਂ ਨੂੰ 'ਖਾਣੇ' ਦੀ ਸੁਰੱਖਿਆ ਦੇਣ ਲਈ ਕਾਨੂੰਨ ਬਣਾ ਕੇ ਕਿੰਨਾ ਵੱਡਾ ਮਾਅਰਕਾ ਮਾਰਿਆ ਹੈ।

ਕਾਬਲੇ-ਗ਼ੌਰ ਹੈ ਕਿ ਹੁਕਮਰਾਨਾਂ ਨੂੰ ਸਾਢੇ ਛੇ ਦਹਾਕੇ ਬਾਅਦ ਕਦੇ ਰੋਜ਼ਗਾਰ ਗਾਰੰਟੀ ਦੇਣ ਦਾ ਚੇਤਾ ਆ ਰਿਹਾ ਹੈ ਅਤੇ ਕਦੇ ਖਾਣਾ ਯਕੀਨੀ ਬਣਾਉਣ ਦੇ ਦੌਰੇ ਪੈ ਰਹੇ ਹਨ। ਇਸ ਦਾ ਸਾਫ਼ ਮਤਲਬ ਇਹ ਹੈ ਕਿ ਮੁਲਕ ਦੇ ਜ਼ਿਆਦਾਤਰ ਆਵਾਮ ਨੂੰ ਹੁਣ ਤਕ ਦੋ ਡੰਗ ਦਾ ਖਾਣਾ ਵੀ ਨਸੀਬ ਨਹੀਂ ਹੁੰਦਾ ਰਿਹਾ ਅਤੇ ਐਨਾ ਲੰਮਾ ਸਮਾਂ ਇਹ ਕਦੇ ਵੀ ਹੁਕਮਰਾਨਾਂ ਲਈ ਕੋਈ ਫ਼ਿਕਰਮੰਦੀ ਦਾ ਮੁੱਦਾ ਨਹੀਂ ਰਿਹਾ। ਹੁਣ ਜਦੋਂ ਚੋਣਾਂ ਸਿਰ 'ਤੇ ਹਨ, ਉਨ੍ਹਾਂ ਨੂੰ ਗ਼ਰੀਬਾਂ ਨੂੰ ਖਾਣੇ ਦੀ ਸੁਰੱਖਿਆ ਦੀ ਜ਼ਾਮਨੀ ਦੇਣ ਦਾ ਹੇਜ਼ ਕਿਥੋਂ ਜਾਗ ਪਿਆ? ਜਦੋਂ ਇਕ ਪਾਸੇ ਲੋੜਵੰਦ ਲੋਕਾਂ ਤਕ ਨਿਗੂਣੀ ਜਿਹੀ ਮਾਤਰਾ 'ਚ ਸਸਤਾ ਰਾਸ਼ਨ ਸਪਲਾਈ ਕਰਨ ਦੀ ਸਕੀਮ (ਜਨਤਕ ਵੰਡ ਪ੍ਰਣਾਲੀ) ਦਾ ਸੋਚ-ਸਮਝ ਕੇ ਪੂਰੀ ਤਰ੍ਹਾਂ ਭੋਗ ਪਾ ਦੇਣ ਦੇ ਉਪਰਾਲੇ ਜ਼ੋਰ-ਸ਼ੋਰ ਨਾਲ ਕੀਤੇ ਜਾ ਰਹੇ ਹਨ (ਅਤੇ ਲਗਭਗ ਇਸ ਦਾ ਭੋਗ ਪਾ ਹੀ ਦਿੱਤਾ ਗਿਆ ਹੈ), ਉਨ੍ਹਾਂ ਹਾਲਾਤ ਵਿਚ ਖਾਣੇ ਦੀ ਸੁਰੱਖਿਆ ਬਾਬਤ ਕਾਨੂੰਨ ਬਣਾਉਣ ਦੇ ਕੀ ਮਾਇਨੇ ਹੋ ਸਕਦੇ ਹਨ? ਸਿਵਾਏ ਵੋਟਰਾਂ ਨੂੰ ਭਰਮਾਉਣ ਵਾਲੇ ਰਾਜਸੀ ਸਟੰਟ ਤੋਂ?

ਇਸ ਰਾਜਸੀ ਨਾਟਕ ਦੀ ਆੜ ਹੇਠ ਹਕੀਕਤ ਵਿਚ ਆਵਾਮ ਨੂੰ ਕਿਵੇਂ ਫ਼ਾਕਾਕਸ਼ੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਇਸ ਦੀ ਇਕ ਮਿਸਾਲ ਮਾਓਵਾਦੀਆਂ ਦੇ ਅਸਰ ਵਾਲੇ ਇਲਾਕੇ ਹਨ। ਹਕੂਮਤ ਦੇ ਕਿਸੇ ਵੀ ਪੈਮਾਨੇ ਅਨੁਸਾਰ ਗ਼ਰੀਬਾਂ ਵਿਚੋਂ ਸਭ ਤੋਂ ਗ਼ਰੀਬ ਉਹ ਆਦਿਵਾਸੀ ਤੇ ਸਭ ਤੋਂ ਦੱਬੇ ਕੁਚਲੇ ਹਿੱਸੇ ਹਨ ਜਿਨ੍ਹਾਂ ਨੂੰ ਅਜੇ ਤਕ "ਮੁੱਖਧਾਰਾ" ਨਾਲ ਵੀ ਨਹੀਂ ਜੋੜਿਆ ਜਾ ਸਕਿਆ। ਜਿਨ੍ਹਾਂ ਲਈ ਖਾਣੇ ਦੀ ਸੁਰੱਖਿਆ ਤਰਜੀਹੀ ਆਧਾਰ 'ਤੇ ਅਤੇ ਸਭ ਤੋਂ ਪਹਿਲਾਂ ਯਕੀਨੀ ਬਣਾਏ ਜਾਣ ਦੀ ਲੋੜ ਹੈ। ਨੌਂ ਸੂਬਿਆਂ ਵਿਚ ਫੈਲੀ ਇਹ ਆਦਿਵਾਸੀ ਪੱਟੀ ਮਾਓਵਾਦੀ ਕਮਿਊਨਿਸਟ ਇਨਕਲਾਬੀਆਂ ਦੇ ਪ੍ਰਭਾਵ ਹੇਠ ਹੈ। ਇਹ ਚੇਤੇ ਰੱਖਣਾ ਹੋਵੇਗਾ ਕਿ ਜਦੋਂ ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਮਹੇਂਦਰ ਕਰਮਾ ਦੀ ਅਗਵਾਈ ਹੇਠ ਸਲਵਾ ਜੂਡਮ ਮੁਹਿੰਮ ਚਲਾਈ ਗਈ ਸੀ ਤਾਂ ਕਤਲੋਗ਼ਾਰਤ ਤੇ ਸਮੂਹਿਕ ਜਬਰ ਜਨਾਹਾਂ ਰਾਹੀਂ ਵਿਆਪਕ ਦਹਿਸ਼ਤ ਪਾਉਣ ਦੇ ਨਾਲ ਨਾਲ ਇਸ ਦਾ ਇਕ ਵੱਡਾ ਨਿਸ਼ਾਨਾ ਆਦਿਵਾਸੀ ਆਰਥਿਕਤਾ ਨੂੰ ਤਬਾਹ ਕਰਨਾ ਵੀ ਸੀ ਜੋ ਪਹਿਲਾਂ ਹੀ ਬੇਹੱਦ ਪਛੜੀ ਹੋਈ ਅਤੇ ਕਮਜ਼ੋਰ ਹੈ। ਇਸ ਪਿੱਛੋਂ ਓਪਰੇਸ਼ਨ ਗਰੀਨ ਹੰਟ ਤਹਿਤ ਹਥਿਆਰਬੰਦ ਕਾਰਵਾਈਆਂ ਚਲਾ ਰਹੇ ਸੁਰੱਖਿਆ ਬਲਾਂ ਅਤੇ ਪੁਲਿਸ ਦਾ ਵੀ ਇਹ ਤਰਜੀਹੀ 'ਕਾਰਜ' ਬਣਿਆ ਹੋਇਆ ਹੈ। ਸਲਵਾ ਜੂਡਮ ਨਾਲ ਆਦਿਵਾਸੀਆਂ ਵਲੋਂ ਘਰਾਂ 'ਚ ਸੰਕਟ ਮੌਕੇ ਵਰਤਣ ਲਈ ਸਾਂਭਿਆ ਅਨਾਜ, ਖੜ੍ਹੀਆਂ ਫ਼ਸਲਾਂ ਬੁਰੀ ਤਰ੍ਹਾਂ ਤਬਾਹ ਕੀਤੀਆਂ ਗਈਆਂ, ਜਾਂ ਅਨਾਜ ਵਿਚ ਮਿੱਟੀ ਦਾ ਤੇਲ ਜਾਂ ਰੇਤ ਮਿਲਾ ਕੇ ਉਨ੍ਹਾਂ ਨੂੰ ਵਰਤਣ ਦੇ ਅਯੋਗ ਬਣਾ ਦਿੱਤਾ ਗਿਆ। ਅੱਜ ਇਹੀ ਕੰਮ ਓਪਰੇਸ਼ਨ ਗਰੀਨ ਹੰਟ ਵਲੋਂ ਕੀਤਾ ਜਾ ਰਿਹਾ ਹੈ।

ਮਾਓਵਾਦੀ ਲਹਿਰ ਦੇ ਸਦਰ ਮੁਕਾਮ ਅਬੂਝਮਾੜ (ਬਸਤਰ) ਅੰਦਰ ਰਾਮਾਕ੍ਰਿਸ਼ਨਾ ਮਿਸ਼ਨ ਵਲੋਂ ਵਿਵੇਕਾਨੰਦ ਵਿਦਿਆ ਮੰਦਰ ਦੇ ਨਾਂ ਹੇਠ ਅਕਾਬੇੜਾ, ਇਰਕਭਾਟੀ, ਕਾਛਾਪਾਲ, ਕੁੰਡਲਾ ਅਤੇ ਕੁਤੁਲ ਵਿਚ ਪੰਜ ਸਕੂਲ ਚਲਾਏ ਜਾ ਰਹੇ ਸਨ। ਉਹ ਇਨ੍ਹਾਂ ਥਾਵਾਂ 'ਤੇ ਸਿਹਤ ਕੇਂਦਰ ਅਤੇ ਸਸਤੇ ਰਾਸ਼ਨ ਦੀਆਂ ਦੁਕਾਨਾਂ ਵੀ ਚਲਾਉਂਦੇ ਹਨ। ਪਿਛਲੇ ਸਮੇਂ ਤੋਂ ਰਾਸ਼ਨ ਦੀਆਂ ਦੁਕਾਨਾਂ ਬੰਦ ਕਰਾ ਦਿੱਤੀਆਂ ਗਈਆਂ ਹਨ ਅਤੇ ਨਾਮਨਿਹਾਦ ਸਿਹਤ ਕੇਂਦਰਾਂ ਨੂੰ ਵੀ ਤਾਲੇ ਜੜ ਦਿੱਤੇ ਗਏ ਹਨ; ਇਹ ਕਹਿ ਕੇ ਕਿ ਇਸ ਨਾਲ ਮਾਓਵਾਦੀਆਂ ਨੂੰ ਇਲਾਜ ਦੀ ਸਹੂਲਤ ਹਾਸਲ ਹੋ ਜਾਂਦੀ ਹੈ ਅਤੇ ਰਾਸ਼ਨ ਉਨ੍ਹਾਂ ਲਈ ਲਿਜਾਇਆ ਜਾਂਦਾ ਹੈ। ਦਰ ਹਕੀਕਤ ਪੂਰੀ ਤਰ੍ਹਾਂ ਫ਼ੌਜੀ ਘੇਰਾਬੰਦੀ ਤਹਿਤ ਇਸ ਇਲਾਕੇ ਦੀ ਮੁਕੰਮਲ ਆਰਥਿਕ ਨਾਕਾਬੰਦੀ ਕੀਤੀ ਹੋਈ ਹੈ। ਇਸ ਦਾ ਵਿਹਾਰਕ ਮਤਲਬ ਇਹ ਹੈ ਕਿ ਇਸ ਦੇ ਅੰਦਰ ਰਾਸ਼ਨ ਜਾਂ ਦਵਾਈਆਂ ਦੀ ਸਪਲਾਈ ਸੁਰੱਖਿਆ ਤਾਕਤਾਂ/ਪੁਲਿਸ ਦੀ ਇਜਾਜ਼ਤ ਬਗ਼ੈਰ ਨਹੀਂ ਪਹੁੰਚ ਸਕਦੀ। ਇਹ ਯਕੀਨੀ ਬਣਾਇਆ ਗਿਆ ਹੈ ਕਿ ਰਾਸ਼ਨ ਅਤੇ ਹੋਰ ਸਪਲਾਈ ਪੂਰੀ ਤਰ੍ਹਾਂ ਹਕੂਮਤੀ ਕੰਟਰੋਲ 'ਚ ਰਹੇ; ਭ੍ਰਿਸ਼ਟਾਚਾਰ ਅਤੇ ਦੁਰਵਰਤੋਂ ਰੋਕਣ ਲਈ ਨਹੀਂ, ਸਗੋਂ ਮਾਓਵਾਦੀਆਂ ਦਾ ਪ੍ਰਭਾਵ ਕਬੂਲਦੇ ਆਦਿਵਾਸੀਆਂ ਤੱਕ ਪਹੁੰਚਣ ਤੋਂ ਰੋਕਣ ਲਈ। ਪਹਿਲਾਂ ਆਮ ਵਸੋਂ ਦੇ ਇਲਾਕਿਆਂ ਅੰਦਰ ਜੋ ਹਫ਼ਤਾਵਾਰ ਹਾਟ ਬਜ਼ਾਰ ਲੱਗਦੇ ਸਨ, ਉਥੇ ਆ ਕੇ ਆਦਿਵਾਸੀ ਲੋਕ ਜੰਗਲ ਦੀਆਂ ਉਪਜਾਂ ਵੇਚ ਕੇ ਇਨ੍ਹਾਂ ਬਦਲੇ ਲੂਣ, ਤੇਲ, ਚੌਲ ਬਗ਼ੈਰਾ ਹਾਸਲ ਕਰਦੇ ਸਨ। ਹੁਣ ਉਹ ਸਾਰੇ ਸਰਕਾਰੀ ਹਥਿਆਰਬੰਦ ਤਾਕਤਾਂ ਦੇ ਕੈਂਪਾਂ ਦੇ ਅੰਦਰ ਲਿਜਾਏ ਗਏ ਹਨ। ਉਥੇ ਆਉਣਾ-ਜਾਣਾ ਹੁਣ ਸੁਰੱਖਿਆ ਬਲਾਂ ਤੇ ਵਿਸ਼ੇਸ਼ ਪੁਲਿਸ ਦੇ ਇਨ੍ਹਾਂ ਕੈਂਪਾਂ ਦੀ ਮਰਜ਼ੀ ਮੁਤਾਬਕ ਹੈ।

ਰਾਮਾਕ੍ਰਿਸ਼ਨਾ (ਆਰ.ਕੇ.) ਮਿਸ਼ਨ ਸਕੂਲ ਦੇ ਸਟਾਫ਼ ਮੈਂਬਰ ਜੋ ਰਾਸ਼ਨ ਆਪਣੀਆਂ ਰਾਸ਼ਨ ਦੀਆਂ ਦੁਕਾਨਾਂ ਲਈ ਹਾਸਲ ਕਰਦੇ ਸਨ, ਉਨ੍ਹਾਂ ਉੱਪਰ ਵੀ ਕਰੜੀਆਂ ਪਾਬੰਦੀਆਂ ਆਇਦ ਕਰ ਦਿੱਤੀਆਂ ਗਈਆਂ ਹਨ। ਸਤੰਬਰ 2008 ਤੋਂ ਸਟਾਫ਼ ਲਈ ਵਿਸ਼ੇਸ਼ ਸਫ਼ਰ ਪਾਸ ਲਾਜ਼ਮੀ ਕਰ ਦਿੱਤੇ ਗਏ ਹਨ ਜਿਨ੍ਹਾਂ ਨੂੰ ਨਰਾਇਣਪੁਰ ਦਾ ਪੁਲਿਸ ਸੁਪਰਡੈਂਟ ਦਸਤਖ਼ਤ ਕਰ ਕੇ ਜਾਰੀ ਕਰਦਾ ਹੈ। ਨਾਕੇ ਉੱਤੇ, ਉਨ੍ਹਾਂ ਨੂੰ ਆਪਣੇ ਨਾਂ ਦਰਜ ਕਰਨੇ ਪੈਂਦੇ ਹਨ; ਦੱਸਣਾ ਪੈਂਦਾ ਹੈ ਕਿ ਉਹ ਕਿੱਥੇ ਤੇ ਕਾਹਦੇ ਲਈ ਜਾ ਰਹੇ ਹਾਂ। ਅੰਦਰ ਜਾਣ ਸਮੇਂ, ਕੋਲ ਜੋ ਵੀ ਸਮਾਨ ਹੁੰਦਾ ਹੈ, ਦਿਖਾਉਣਾ ਪੈਂਦਾ ਹੈ ਕਿ ਇਹ ਰਸੀਦ ਦੇ ਮੁਤਾਬਿਕ ਹੀ ਹੈ, ਤੇ ਫਿਰ ਤਲਾਸ਼ੀ ਲਈ ਜਾਂਦੀ ਹੈ। ਜਿੱਥੋਂ ਕੈਂਪਾਂ ਤੋਂ ਉਹ ਸਮਾਨ ਖ਼ਰੀਦਦੇ ਹਨ, ਉਨ੍ਹਾਂ ਨੂੰ ਇਹ ਜਾਣਕਾਰੀ ਦਰਜ ਕਰਾਉਣੀ ਪੈਂਦੀ ਹੈ, ਜਿਵੇਂ ਪਿੰਡਾਂ ਵਾਲਿਆਂ ਨੂੰ ਕਰਨਾ ਪੈਂਦਾ ਹੈ, ਕਿ ਕਿੰਨੇ ਮੈਂਬਰ ਹਨ; ਫਿਰ ਰਾਸ਼ਨ ਦਿੱਤਾ ਜਾਂਦਾ ਹੈ। ਕੈਂਪਾਂ ਵਿਖੇ ਉਨ੍ਹਾਂ ਨੂੰ ਖ਼ਤਰਾ ਹੁੰਦਾ ਹੈ, ਕਿਉਂਕਿ ਉਥੇ ਅਕਸਰ ਹੀ ਐੱਸ.ਪੀ.ਓ. ਹੁੰਦੇ ਹਨ ਜਿਨ੍ਹਾਂ ਦੇ ਕਹਿਣ 'ਤੇ ਕਿਸੇ ਬੰਦੇ ਨੂੰ ਵੀ ਮਾਓਵਾਦੀਆਂ ਦਾ ਹਮਾਇਤੀ ਕਹਿ ਕੇ ਚੁੱਕ ਲਿਆ ਜਾਂਦਾ ਹੈ, ਕੁੱਟ-ਮਾਰ ਕੀਤੀ ਜਾਂਦੀ ਹੈ, ਜੇਲ੍ਹ 'ਚ ਸੁੱਟ ਦਿੱਤਾ ਜਾਂਦਾ ਹੈ, ਜਾਂ ਫਿਰ ਵੱਢੀ ਲੈ ਕੇ ਹੀ ਛੱਡਿਆ ਜਾਂਦਾ ਹੈ।

ਪਾਬੰਦੀਆਂ ਵਾਲੇ ਅਜਿਹੇ ਹਾਲਾਤ ਵਿਚ ਕੀ ਆਦਿਵਾਸੀ ਲੋਕਾਂ ਤੱਕ ਰਾਸ਼ਨ ਅਤੇ ਖਾਣੇ ਦੀ ਸੁਰੱਖਿਆ ਪਹੁੰਚ ਸਕਦੇ ਹਨ? ਜ਼ਿਆਦਾਤਰ ਆਦਿਵਾਸੀ ਕਹਿੰਦੇ ਹਨ ਕਿ ਉਹ ਨਹੀਂ ਚਾਹੁੰਦੇ ਕਿ ਲੰਮਾ ਸਫ਼ਰ ਕਰ ਕੇ ਰਾਸ਼ਨ ਲੈਣ ਜਾਇਆ ਜਾਵੇ, ਕਿਉਂਕਿ ਬਹੁਤ ਜ਼ਿਆਦਾ ਤੰਗ-ਪ੍ਰੇਸ਼ਾਨ ਤੇ ਜ਼ਲੀਲ ਹੋਣਾ ਪੈਂਦਾ ਹੈ ਅਤੇ ਨਾਲ ਹੀ ਜਿੰਨਾ ਉਨ੍ਹਾਂ ਨੇ ਖ਼ਰੀਦਣਾ ਹੁੰਦਾ ਹੈ, ਹਮੇਸ਼ਾ ਇਹ ਕਹਿ ਕੇ ਉਸ ਤੋਂ ਕਿਤੇ ਘੱਟ ਦਿੱਤਾ ਜਾਂਦਾ ਹੈ ਕਿ ਉਹ ਮਾਓਵਾਦੀਆਂ ਲਈ ਸਮਾਨ ਲਿਜਾ ਰਹੇ ਹਨ। ਜਦੋਂ ਉਹ ਕੈਂਪ ਦੇ ਨੇੜੇ ਜਾ ਪਹੁੰਚਦੇ ਹਨ ਤਾਂ ਵਾੜ ਕੀਤੇ ਲਾਂਘੇ ਵਿਚੋਂ ਦੀ ਕਤਾਰ ਬਣਾ ਕੇ ਲੰਘਾ ਕੇ ਵੱਖਰਾ ਜ਼ਲੀਲ ਕੀਤਾ ਜਾਂਦਾ ਹੈ।

ਇਨ੍ਹਾਂ ਇਲਾਕਿਆਂ ਵਿਚ ਸਟੇਟ ਵਲੋਂ 1947 ਤੋਂ ਹੀ ਖੇਤੀਬਾੜੀ ਦੇ ਵਿਕਾਸ ਅਤੇ ਸਿੰਜਾਈ ਸਹੂਲਤਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤੇ ਜਾਣ ਕਾਰਨ ਉਥੇ ਅਕਸਰ ਸੋਕੇ ਅਤੇ ਕਾਲ ਦੀ ਹਾਲਤ ਬਣੀ ਰਹਿੰਦੀ ਹੈ। ਕਈ ਵਾਰ ਤਾਂ ਸਾਲ ਵਿਚੋਂ ਛੇ ਮਹੀਨੇ ਆਦਿਵਾਸੀਆਂ ਨੂੰ ਅਨਾਜ ਦੀ ਅਣਹੋਂਦ 'ਚ ਜੰਗਲੀ ਕੰਦ-ਮੂਲ ਨਾਲ ਹੀ ਢਿੱਡ ਭਰਨਾ ਪੈਂਦਾ ਹੈ। ਇਹ ਕੌੜਾ ਸੱਚ ਹੈ ਕਿ ਪਹਿਲੀ ਵਾਰ ਮਾਓਵਾਦੀਆਂ ਵਲੋਂ ਹੀ ਆਦਿਵਾਸੀਆਂ ਨੂੰ ਖੇਤੀ ਦੇ ਆਧੁਨਿਕ ਢੰਗਾਂ ਨਾਲ ਜੋੜਨ ਦੇ ਸੰਜੀਦਾ ਯਤਨ ਕੀਤੇ ਗਏ।

ਉਨ੍ਹਾਂ ਦੇ ਖੇਤੀਬਾੜੀ ਦੇ ਯਤਨਾਂ ਨੂੰ ਤਬਾਹ ਕਰਨ ਲਈ ਹਕੂਮਤ ਪੂਰਾ ਜ਼ੋਰ ਲਗਾ ਰਹੀ ਹੈ। ਅਜਿਹੀ ਹਾਲਤ ਵਿਚ ਜੇ ਮਾਓਵਾਦ ਨੂੰ ਕੁਚਲਣ ਦੇ ਨਾਂ ਹੇਠ ਮੁਕੰਮਲ ਆਰਥਿਕ ਨਾਕਾਬੰਦੀ ਕਰ ਕੇ ਬਾਹਰੋਂ ਰਾਸ਼ਨ ਤੇ ਦਵਾਈਆਂ ਦੀ ਸਪਲਾਈ ਰੋਕ ਦਿੱਤੀ ਜਾਂਦੀ ਹੈ ਤਾਂ ਇਹ ਗ਼ਰੀਬਾਂ ਵਿਚੋਂ ਸਭ ਤੋਂ ਗ਼ਰੀਬ ਲੋਕਾਂ ਨੂੰ ਗਿਣ-ਮਿੱਥ ਕੇ ਫ਼ਾਕਾਕਸ਼ੀ ਦਾ ਸ਼ਿਕਾਰ ਬਣਾ ਕੇ ਮਾਰਨ ਦੀ ਨੀਤੀ ਨਹੀਂ ਤਾਂ ਹੋਰ ਕੀ ਹੈ! ਮਸ਼ਹੂਰ ਮਨੁੱਖੀ ਅਧਿਕਾਰ ਘੁਲਾਟੀਏ ਡਾ. ਬਿਨਾਇਕ ਸੇਨ ਦਾ ਕਹਿਣਾ ਹੈ ਕਿ ਓਪਰੇਸ਼ਨ ਗਰੀਨ ਹੰਟ ਜ਼ਰੀਏ ਇਨ੍ਹਾਂ ਇਲਾਕਿਆਂ ਉੱਪਰ ਜਿਸ ਤਰ੍ਹਾਂ ਦੀ ਜੰਗ ਥੋਪੀ ਗਈ ਹੈ, ਉਸ ਨਾਲ ਉਥੇ ਕੁਪੋਸ਼ਣ, ਭੁੱਖਮਰੀ, ਬਿਮਾਰੀਆਂ ਨਾਲ ਆਦਿਵਾਸੀਆਂ ਦੀਆਂ ਮੌਤਾਂ, ਖ਼ਾਸ ਕਰ ਕੇ ਬੱਚਿਆਂ ਦੀਆਂ ਮੌਤਾਂ ਦਾ ਖ਼ਤਰਾ ਪਹਿਲਾਂ ਦੇ ਮੁਕਾਬਲੇ ਕਈ ਗੁਣਾ ਜ਼ਿਆਦਾ ਹੋ ਗਿਆ ਹੈ। ਸੰਯੁਕਤ ਰਾਸ਼ਟਰ ਦੀ ਨਸਲਕੁਸ਼ੀ ਦੀ ਪ੍ਰੀਭਾਸ਼ਾ ਇਨ੍ਹਾਂ ਹਾਲਾਤ ਉੱਪਰ ਐਨ ਢੁੱਕਵੀਂ ਹੈ। ਭਾਰਤੀ ਹੁਕਮਰਾਨਾਂ ਦੀ ਇਹ ਕਾਰਵਾਈ ਸਮਾਜ ਦੇ ਇਕ ਖ਼ਾਸ ਹਿੱਸੇ ਦੀ ਨਸਲਕੁਸ਼ੀ ਦਾ ਸੰਗੀਨ ਜੁਰਮ ਬਣਦੀ ਹੈ। ਇਨ੍ਹਾਂ ਭਿਆਨਕ ਹਾਲਾਤ ਵਿਚ ਰਹਿ ਰਹੇ ਇਨ੍ਹਾਂ ਸਭ ਤੋਂ ਦੱਬੇ-ਕੁਚਲੇ ਅਤੇ ਹਰ ਸਹੂਲਤ ਤੋਂ ਵਾਂਝੇ ਹਿੱਸਿਆਂ ਲਈ ਗ਼ਰੀਬਾਂ ਦੀ ਗਿਣਤੀ ਘਟ ਜਾਣ ਅਤੇ ਖਾਣੇ ਦੀ ਸੁਰੱਖਿਆ ਦਾ ਕਾਨੂੰਨ ਬਣਾਉਣ ਦੇ ਹਕੂਮਤੀ ਦਾਅਵੇ ਉਨ੍ਹਾਂ ਨਾਲ ਕੋਝਾ ਮਜ਼ਾਕ ਨਹੀਂ ਤਾਂ ਹੋਰ ਕੀ ਹਨ?

# ਸਮਾਜਕ ਬੇਲਾਗਤਾ ਦੀ 'ਕਲਾ' ਬਨਾਮ ਕੌਮੀ ਸ਼ਰਮਸਾਰੀ

ਦਿੱਲੀ ਦੇ 'ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਦਿ ਆਰਟਸ' ਵਿਚ ਹੁੰਦੀ ਸਰਗਰਮੀ ਵਿਚ ਮੀਡੀਆ ਦੀ ਲਗਾਤਾਰ ਦਿਲਚਸਪੀ ਰਹਿੰਦੀ ਹੈ। ਸਵਾ ਸੌ ਕਰੋੜ ਸ਼ਹਿਰੀਆਂ ਦੇ ਮੁਲਕ ਦੀ ਰਾਜਧਾਨੀ ਵਿਚ ਅਜਿਹਾ ਕਲਾ ਕੇਂਦਰ ਮੀਡੀਆ ਦੀ ਨਜ਼ਰ ਵਿਚ ਰਹਿੰਦਾ ਹੈ। ਪਤਵੰਤਿਆਂ ਦੀ ਹਾਜ਼ਰੀ ਵਿਚ ਇਸ ਕੇਂਦਰ ਵਿਚ ਕਲਾ ਪੇਸ਼ਕਾਰੀਆਂ ਅਤੇ ਨੁਮਾਇਸ਼ਾਂ ਹੁੰਦੀਆਂ ਹਨ। ਕਲਾਕਾਰਾਂ, ਕਲਾ ਰਸੀਆਂ, ਕਲਾ ਮਾਹਰਾਂ, ਕਲਾ ਪਾਰਖੂਆਂ, ਪੱਤਰਕਾਰਾਂ ਅਤੇ ਪੜਚੋਲੀਆਂ ਦੇ ਨਾਲ-ਨਾਲ ਅਹਿਲਕਾਰਾਂ ਤੋਂ ਲੈ ਕੇ ਮੰਤਰੀਆਂ-ਸੰਤਰੀਆਂ ਦੀ ਹਾਜ਼ਰੀ ਇਸ ਥਾਂ ਉੱਤੇ ਲੱਗਦੀ ਰਹਿੰਦੀ ਹੈ। ਇਸ ਥਾਂ ਤੋਂ ਕਲਾ ਜਗਤ ਦੀ ਸੂਹਜ ਅਤੇ ਸੂਝ ਦੀ ਥਾਹ ਪੈਂਦੀ ਹੈ। ਪਿਛਲੇ ਦਿਨੀਂ ਇਸ ਕੇਂਦਰ ਵਿਚੋਂ ਹੀ ਅਜਿਹੇ ਰੁਝਾਨ ਦੀ ਤਸਦੀਕ ਹੋਈ ਹੈ ਜੋ ਇਸੇ ਤਬਕੇ ਦੇ ਵਿਹਾਰ




ਦਲਜੀਤ ਅਮੀ

ਫੋਨ: 91-97811-21873


ਦੇ ਗ਼ੈਰ-ਮਨੁੱਖੀ ਪੱਖ ਨੂੰ ਉਘਾੜ ਕੇ ਪੇਸ਼ ਕਰਦਾ ਹੈ। ਇਸ ਕੇਂਦਰ ਵਿਚ 14 ਜੁਲਾਈ ਨੂੰ ਤਿੰਨ ਸਫ਼ਾਈ ਕਾਮੇ ਮਾਰੇ ਗਏ। ਇਹ ਸੀਵਰੇਜ ਸਾਫ਼ ਕਰ ਰਹੇ ਸਨ। ਇਸ ਵਾਰਦਾਤ ਦੀ ਹੌਲਨਾਕ ਤਫ਼ਸੀਲ ਮੌਕੇ ਉੱਤੇ ਬਚ ਗਏ ਕਾਮੇ ਛੋਟੂ ਅਤੇ ਉਸ ਦੀ ਮਾਂ ਦੇ ਹਵਾਲੇ ਨਾਲ ਸਾਹਮਣੇ ਆਈ ਹੈ।

ਛੋਟੂ ਉਸ ਦਿਨ ਸਵੇਰੇ ਤਰਲੋਕਪੁਰੀ ਤੋਂ ਆਪਣੇ ਸਾਥੀਆਂ ਨਾਲ ਕੰਮ ਕਰਨ ਆਇਆ ਸੀ। ਇਨ੍ਹਾਂ ਦਿਹਾੜੀਦਾਰ ਕਾਮਿਆਂ ਨੂੰ ਦੱਸਿਆ ਗਿਆ ਸੀ ਕਿ ਪਾਣੀ ਵਾਲਾ ਟੈਂਕ ਸਾਫ਼ ਕਰਨਾ ਹੈ, ਪਰ ਦਰਅਸਲ ਉਨ੍ਹਾਂ ਨੇ ਹੌਦੀਆਂ ਸਾਫ਼ ਕਰਨੀਆਂ ਸਨ। ਸਭ ਤੋਂ ਛੋਟਾ ਹੋਣ ਕਾਰਨ ਛੋਟੂ ਦੇ ਹਿੱਸੇ ਸਭ ਤੋਂ ਵੱਧ ਕੰਮ ਆਇਆ। ਉਨ੍ਹਾਂ ਨੇ ਸਵੇਰ ਸਾਢੇ ਅੱਠ ਵਜੇ ਤੋਂ ਸ਼ਾਮ ਦੇ ਪੰਜ ਵਜੇ ਤੱਕ ਪੰਜ ਹੌਦੀਆਂ ਸਾਫ਼ ਕੀਤੀਆਂ। ਛੇਵੀਂ ਹੌਦੀ ਵਿਚ ਉਤਰੇ ਛੋਟੂ ਨੂੰ ਗੈਸ ਚੜ੍ਹ ਗਈ ਅਤੇ ਉਹ ਬੇਹੋਸ਼ ਹੋ ਗਿਆ। ਉੱਪਰਲੇ ਕਾਮਿਆਂ ਨੇ ਉਸ ਨੂੰ ਬਾਹਰ ਖਿੱਚਿਆ ਅਤੇ ਇਸ ਖਿੱਚ-ਧੂਹ ਦੇ ਦੌਰ ਵਿਚ ਗੈਸ ਚੜ੍ਹਨ ਕਾਰਨ ਅਸ਼ੋਕ, ਸਤੀਸ਼ ਅਤੇ ਰਾਜੇਸ਼ ਬੇਹੋਸ਼ ਹੋ ਗਏ। ਇਸ ਦੌਰਾਨ ਉਨ੍ਹਾਂ ਨੂੰ ਰਾਮ ਮਨੋਹਰ ਲੋਹੀਆ ਹਸਪਤਾਲ ਪਹੁੰਚਾਇਆ ਗਿਆ। ਅਸ਼ੋਕ, ਸਤੀਸ਼ ਅਤੇ ਰਾਜੇਸ਼ ਨੂੰ ਮ੍ਰਿਤਕ ਕਰਾਰ ਦਿੱਤਾ ਗਿਆ ਅਤੇ ਛੋਟੂ ਨੂੰ ਹਸਪਤਾਲ ਵਿਚ ਭਰਤੀ ਕਰ ਲਿਆ ਗਿਆ। ਜਦੋਂ ਛੋਟੂ ਦੀ ਮਾਂ ਹਸਪਤਾਲ ਪਹੁੰਚੀ ਤਾਂ ਉਹ ਗੰਦ ਵਿਚ ਲਿਬੜਿਆ ਬੇਹੋਸ਼ ਪਿਆ ਸੀ। ਉਸ ਨੂੰ 15 ਜੁਲਾਈ ਦੀ ਸਵੇਰ ਨੂੰ ਹੋਸ਼ ਆਈ ਤਾਂ ਉਹ ਆਪਣੇ ਸਾਥੀਆਂ ਦਾ ਪਤਾ ਕਰਨ ਤੁਰ ਪਿਆ। ਜਦੋਂ ਉਹ ਕੁਝ ਦੇਰ ਬਾਅਦ ਵਾਪਸ ਬਿਸਤਰੇ ਉੱਤੇ ਆਇਆ ਤਾਂ ਹਸਪਤਾਲ ਦੇ ਅਮਲੇ ਨੇ ਉਸ ਨੂੰ ਚਲੇ ਜਾਣ ਦਾ ਫਰਮਾਨ ਸੁਣਾ ਦਿੱਤਾ। ਡਾਕਟਰਾਂ ਨੇ ਉਸ ਨੂੰ ਇਲਾਜ ਜਾਂ ਹਸਪਤਾਲ ਦਾ ਕੋਈ ਕਾਗ਼ਜ਼ ਦੇਣ ਤੋਂ ਇਨਕਾਰ ਕਰ ਦਿੱਤਾ। ਇਸੇ ਦੌਰਾਨ ਉਸ ਨੂੰ ਬਾਕੀ ਤਿੰਨਾਂ ਦੀ ਮੌਤ ਦਾ ਪਤਾ ਲੱਗਿਆ। ਦਿਨੇ 12 ਵਜੇ ਤਿੰਨੇ ਲਾਸ਼ਾਂ ਵਾਰਸਾਂ ਦੇ ਹਵਾਲੇ ਕੀਤੀਆਂ ਗਈਆਂ। ਉਨ੍ਹਾਂ ਨੂੰ ਕਾਗ਼ਜ਼ਾਂ ਵਿਚ ਬੇਪਛਾਣਾਂ ਵਜੋਂ ਦਰਜ ਕੀਤਾ ਗਿਆ ਅਤੇ ਘਰਵਾਲਿਆਂ ਦੀ ਕੋਈ ਗੱਲ ਨਹੀਂ ਸੁਣੀ ਗਈ। ਪੋਸਟ-ਮਾਰਟਮ ਰਿਪੋਰਟ ਲੈਣ ਲਈ ਚਾਲੀ ਦਿਨ ਬਾਅਦ ਆਉਣ ਨੂੰ ਕਿਹਾ ਗਿਆ। ਉਨ੍ਹਾਂ ਨੂੰ ਜਾਰੀ ਕੀਤੇ ਗਏ ਮੌਤ ਦੇ ਪ੍ਰਮਾਣ ਪੱਤਰਾਂ ਵਿਚ ਕੋਈ ਕਾਰਨ ਦਰਜ ਨਹੀਂ ਕੀਤਾ ਗਿਆ। ਹਸਪਤਾਲ ਦੇ ਵਿਹਾਰ ਬਾਬਤ ਚਰਚਾ ਕਰਨ ਤੋਂ ਪਹਿਲਾਂ ਕੁਝ ਹੋਰ ਤੱਥ ਜਾਣ ਲੈਣੇ ਜ਼ਰੂਰੀ ਹਨ।

'ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਦਿ ਆਰਟਸ' ਵਿਚ ਇਹ ਕੰਮ ਰਾਜੇਸ਼ ਦੀ ਨਿਗਰਾਨੀ ਵਿਚ ਹੋ ਰਿਹਾ ਸੀ। ਉਸ ਨੇ 300 ਰੁਪਏ ਦਿਹਾੜੀ ਦੇਣ ਦਾ ਵਾਅਦਾ ਕੀਤਾ ਸੀ। ਉਸ ਨੂੰ ਕਲਾ ਕੇਂਦਰ ਵਿਚ ਠੇਕਾ ਲੈਣ ਵਾਲੀ ਕਿਸੇ ਕੰਪਨੀ ਨੇ ਰੱਖਿਆ ਹੋਇਆ ਸੀ। ਉਸ ਕੰਪਨੀ ਨੇ ਦੋ ਹਫ਼ਤਿਆਂ ਬਾਅਦ ਤੱਕ ਰਾਜੇਸ਼ ਦੇ ਵਾਰਸਾਂ ਤੱਕ ਪਹੁੰਚ ਨਹੀਂ ਕੀਤੀ ਸੀ। ਕਲਾ ਕੇਂਦਰ ਦੇ ਕਿਸੇ ਨੁਮਾਇੰਦੇ ਨੇ ਹਾਲੇ ਤੱਕ ਇਸ ਬਾਬਤ ਕੋਈ ਬਿਆਨ ਨਹੀਂ ਦਿੱਤਾ। ਇਹ ਤਫ਼ਸੀਲਾਂ ਮਨੁੱਖੀ ਹਕੂਕ ਕਾਰਕੁਨ ਵਿਦਿਆ ਭੂਸ਼ਨ ਰਾਵਤ ਨੇ ਆਪਣੇ ਬਲੌਗ ਮਾਨੁਖੀ ਉੱਤੇ ਲਿਖੇ ਲੇਖ 'ਕਦਰਾਂ-ਕੀਮਤਾਂ ਦੀ ਮੌਤ' ਵਿਚ 26 ਜੁਲਾਈ ਨੂੰ ਦਰਜ ਕੀਤੀਆਂ ਹਨ। ਰਾਮ ਮਨੋਹਰ ਲੋਹੀਆ ਹਸਪਤਾਲ ਦਾ ਵਿਹਾਰ ਸਫ਼ਾਈ ਕਾਮਿਆਂ ਨਾਲ ਹੁੰਦੇ ਸਮਾਜਕ ਵਿਤਕਰੇ ਅਤੇ ਛੂਤ-ਛਾਤ ਦੀ ਗਵਾਹੀ ਭਰਦਾ ਹੈ। ਬਦਬੂਦਾਰ ਮਾਹੌਲ ਵਿਚ ਕੰਮ ਕਰਦੇ ਇਨ੍ਹਾਂ ਕਾਮਿਆਂ ਨੂੰ ਮਨੁੱਖ ਮੰਨਿਆ ਹੀ ਨਹੀਂ ਜਾਂਦਾ। ਇਹ ਹੋ ਸਕਦਾ ਹੈ ਕਿ ਜੇ ਡਾਕਟਰਾਂ ਜਾਂ ਹੋਰ ਅਮਲੇ ਨੂੰ ਭਿੱਟ ਨਾ ਚੜ੍ਹਦੀ, ਤਾਂ ਬਾਕੀ ਤਿੰਨੇ ਵੀ ਜਿਉਂਦੇ ਹੁੰਦੇ। ਇਹ ਵਿਹਾਰ ਹਸਪਤਾਲ ਤੱਕ ਮਹਿਦੂਦ ਨਹੀਂ ਹੈ। ਤਿੰਨ ਕਾਮਿਆਂ ਦੀ ਮੁਲਕ ਦੀ ਰਾਜਧਾਨੀ ਵਿਚ ਮੌਤ, ਜਮਹੂਰੀਅਤ ਦੇ ਕਿਸੇ ਥੰਮ੍ਹ ਨੂੰ ਆਪ-ਮੁਹਾਰੇ ਕਾਰਵਾਈ ਕਰਨ ਦਾ ਸੱਦਾ ਨਹੀਂ ਬਣ ਸਕੀ। ਇਨ੍ਹਾਂ ਦੀ ਮੌਤ ਨੂੰ ਖ਼ਬਰ ਦਾ ਰੁਤਬਾ ਵੀ ਨਹੀਂ ਮਿਲਿਆ। ਕਿਸੇ ਅਦਾਲਤ ਨੇ ਆਪ-ਮੁਹਾਰੀ ਕਾਰਵਾਈ ਨਹੀਂ ਕੀਤੀ। ਕਿਸੇ ਮਹਿਕਮੇ ਨੇ ਆਪ-ਮੁਹਾਰੇ ਹੁੰਗਾਰਾ ਨਹੀਂ ਭਰਿਆ। ਕੋਈ ਸਿਆਸੀ ਜਾਂ ਸਰਕਾਰੀ ਨੁਮਾਇੰਦਾ ਹਮਦਰਦੀ ਜਤਾਉਣ ਲਈ ਮਜਬੂਰ ਨਹੀਂ ਹੋਇਆ।



ਦਿੱਲੀ ਦੇ ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਦਿ ਆਰਟਸ ਦਾ ਮੱਥਾ।

ਦਿੱਲੀ ਵਿਚ ਹਰ ਤਰ੍ਹਾਂ ਦਾ ਮੀਡੀਆ ਲਗਾਤਾਰ ਇੱਕ-ਦੂਜੇ ਨਾਲ 'ਸਭ ਤੋਂ ਪਹਿਲਾਂ', 'ਸਭ ਤੋਂ ਭਰੋਸੇਯੋਗ' ਅਤੇ 'ਹਰ ਥਾਂ ਹਾਜ਼ਰ' ਹੋਣ ਦਾ ਦਾਅਵਾ ਕਰ ਰਿਹਾ ਹੈ। ਦਿੱਲੀ ਵਿਚ ਮਿਉਂਸਿਪਲ ਕਮੇਟੀ ਤੋਂ ਇਲਾਵਾ ਸੂਬਾ ਅਤੇ ਕੇਂਦਰ ਸਰਕਾਰ ਹੈ। ਪੂਰੇ ਮੁਲਕ ਲਈ ਜ਼ਿੰਮੇਵਾਰ ਸਮਾਜਕ ਇਨਸਾਫ਼ ਦਾ ਮੰਤਰਾਲਾ ਦਿੱਲੀ ਵਿਚ ਹੈ। ਕਾਮਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਵਾਲਾ ਮਹਿਕਮਾ ਕਿੱਥੇ ਹੈ? ਕਾਮਿਆਂ ਲਈ ਲੋੜੀਂਦੇ ਦਸਤਾਨੇ, ਨਕਾਬ ਅਤੇ ਬਾਕੀ ਮਸ਼ੀਨੀ ਇਮਦਾਦ ਕਿੱਥੇ ਸੀ? ਹੌਦੀਆਂ, ਖੂਹਾਂ ਅਤੇ ਹੋਰ ਅਜਿਹੀਆਂ ਥਾਵਾਂ ਉੱਤੇ ਕੰਮ ਕਰਨ ਵਾਲਿਆਂ ਨੂੰ ਜ਼ਹਿਰੀਲੀ ਗੈਸ ਤੋਂ ਬਚਾਉਣ ਲਈ ਢੁਕਵੀਆਂ ਪੇਸ਼ਬੰਦੀਆਂ ਕਿੱਥੇ ਸਨ?

ਇਹ ਸਾਰੇ ਸਵਾਲ ਕੌਣ ਪੁੱਛੇਗਾ ਅਤੇ ਕਿਸ ਨੂੰ ਪੁੱਛੇਗਾ? 'ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਦਿ ਆਰਟਸ' ਵਿਚ ਹੋਇਆ ਇਹ ਪਹਿਲਾ ਹਾਦਸਾ ਨਹੀਂ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਮੁੰਬਈ ਕਾਰਪੋਰੇਸ਼ਨ ਨੇ ਦੱਸਿਆ ਸੀ ਕਿ ਸ਼ਹਿਰ ਦੇ ਸਿਰਫ਼ 24 ਵਾਰਡਾਂ ਵਿਚ ਅਜਿਹੀਆਂ 3495 ਮੌਤਾਂ ਹੋ ਚੁੱਕੀਆਂ ਹਨ। ਪੰਜਾਬ ਵਿਚ 22 ਅਤੇ 26 ਮਈ (2012) ਨੂੰ ਬਠਿੰਡਾ ਵਿਚ ਚਾਰ, 28 ਅਕਤੂਬਰ ਨੂੰ ਕਪੂਰਥਲਾ ਵਿਚ ਤਿੰਨ, 17 ਨਵੰਬਰ ਨੂੰ ਲੁਧਿਆਣਾ 'ਚ ਇੱਕ, 22 ਨਵੰਬਰ ਨੂੰ ਬਰਨਾਲਾ ਵਿਚ ਦੋ ਮਜ਼ਦੂਰ ਅਜਿਹੇ ਹਾਦਸਿਆਂ ਵਿਚ ਮਾਰੇ ਗਏ ਸਨ। ਪੰਜਾਬ ਵਿਚ ਇਨ੍ਹਾਂ ਹਾਦਸਿਆਂ ਬਾਰੇ ਜਮਹੂਰੀ ਅਧਿਕਾਰ ਸਭਾ ਨੇ ਰਪਟ ਛਾਪੀ ਸੀ। ਚੇਨਈ ਵਿਚ ਅਪਰੈਲ ਮਹੀਨੇ ਦੋ ਸਫ਼ਾਈ ਕਾਮਿਆਂ ਦੀ ਮੌਤ ਇਸੇ ਤਰ੍ਹਾਂ ਹੋਈ ਸੀ। ਇਸ ਤਰ੍ਹਾਂ ਦੇ ਹਾਦਸਿਆਂ ਦਾ ਮੁਲਕ ਭਰ ਵਿਚ ਕੋਈ ਅਧਿਐਨ ਨਹੀਂ ਹੁੰਦਾ ਅਤੇ ਨਾ ਹੀ ਇਸ ਨੂੰ ਰੁਝਾਨ ਵਜੋਂ ਵੇਖਿਆ ਜਾਂਦਾ ਹੈ।

ਜ਼ਿਆਦਾਤਰ ਸਫ਼ਾਈ ਕਾਮੇ ਉਨ੍ਹਾਂ ਜਾਤੀਆਂ ਤੋਂ ਹਨ ਜੋ ਛੂਆ-ਛੂਤ ਦਾ ਸ਼ਿਕਾਰ ਰਹੀਆਂ ਹਨ। ਇਹੋ ਛੂਆ-ਛੂਤ ਕਾਨੂੰਨੀ ਪਾਬੰਦੀਆਂ ਅਤੇ ਸਮਾਜਕ ਚੇਤਨਾ ਦੇ ਬਾਵਜੂਦ ਜਿਉਂ ਦੀ ਤਿਉਂ ਜਾਰੀ ਹੈ। ਇਨ੍ਹਾਂ ਕਾਮਿਆਂ ਦੇ ਪੱਖ ਵਿਚ ਅਦਾਲਤਾਂ ਨੇ ਫ਼ੈਸਲੇ ਸੁਣਾਏ ਹਨ ਅਤੇ ਕਾਨੂੰਨੀ ਪੇਸ਼ਬੰਦੀਆਂ ਕੀਤੀਆਂ ਗਈਆਂ ਹਨ। ਹੁਣ ਤੱਕ ਇਨ੍ਹਾਂ ਪੇਸ਼ਬੰਦੀਆਂ ਨਾਲ ਇਸ ਤਬਕੇ ਦੀ ਹਾਲਤ ਵਿਚ ਕੋਈ ਸੁਧਾਰ ਨਹੀਂ ਆਇਆ। ਇਨ੍ਹਾਂ ਕਾਮਿਆਂ

## ਦੇਸ-ਪਰਦੇਸ

ਤੋਂ ਸਸਤੀ ਮਜ਼ਦੂਰੀ ਕਰਵਾਈ ਜਾਂਦੀ ਹੈ। ਇਨ੍ਹਾਂ ਕੋਲ ਪੱਕੀਆਂ ਨੌਕਰੀਆਂ ਨਹੀਂ ਹਨ। ਇੱਕ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਨ੍ਹਾਂ ਕਾਮਿਆਂ ਨੂੰ ਹੱਥਾਂ ਨਾਲ ਮੈਲਾ ਚੁੱਕਣ ਵਾਲੇ ਕਰਾਰ ਦਿੱਤਾ ਜਾਣਾ ਚਾਹੀਦਾ ਹੈ। ਇਸ ਦਾ ਦੂਜਾ ਪੱਖ ਇਹ ਹੈ ਕਿ ਹਾਲੇ ਤੱਕ ਨਾਲਿਆਂ ਅਤੇ ਹੌਦੀਆਂ ਨੂੰ ਸਾਫ਼ ਕਰਨ ਦਾ ਕੰਮ ਪੂਰੀ ਤਰ੍ਹਾਂ ਮਸ਼ੀਨਾਂ ਦੇ ਘੇਰੇ ਵਿਚ ਨਹੀਂ ਆਇਆ। ਹਰ ਸਾਲ ਮੀਂਹ ਤੋਂ ਪਹਿਲਾਂ ਨਿਕਾਸੀਆਂ ਦੀ ਢੁਕਵੀਂ ਮੁਰੰਮਤ ਅਤੇ ਸਫ਼ਾਈ ਨਹੀਂ ਕੀਤੀ ਜਾਂਦੀ। ਜਦੋਂ ਮੀਂਹ ਵਿਚ ਨਿਕਾਸੀ ਦੀਆਂ ਮੁਸ਼ਕਲਾਂ ਆਉਂਦੀਆਂ ਹਨ ਤਾਂ ਰਾਜਤੰਤਰ ਦੀ ਨਾਲਾਇਕੀ ਨੂੰ ਢਕਣ ਲਈ ਇਹੋ ਕਾਮੇ ਗੰਦ ਵਿਚ ਉਤਾਰੇ ਜਾਂਦੇ ਹਨ। ਇਹ ਘਰੇਲੂ, ਸ਼ਹਿਰੀ, ਦਫ਼ਤਰੀ ਅਤੇ ਸਨਅਤੀ ਨਿਕਾਸੀਆਂ ਵਿਚ ਕੰਮ ਕਰਦੇ ਹਨ। ਇਨ੍ਹਾਂ ਦੀ ਜਾਨ ਹਮੇਸ਼ਾਂ ਖ਼ਦਸ਼ਿਆਂ ਦੀ ਜੱਦ ਵਿਚ ਰਹਿੰਦੀ ਹੈ, ਪਰ ਸਿਹਤ ਬਿਨਾਂ ਸ਼ੱਕ ਦਾਅ ਉੱਤੇ ਲੱਗਦੀ ਹੈ।

ਇਨ੍ਹਾਂ ਨੂੰ ਹਰ ਤਰ੍ਹਾਂ ਦੀ ਲਾਗ, ਚਮੜੀ ਅਤੇ ਸਾਹ ਦੀ ਬਿਮਾਰੀ ਹੋ ਸਕਦੀ ਹੈ। ਇਨ੍ਹਾਂ ਹਾਲਾਤ ਵਿਚ ਜਦੋਂ ਇਨ੍ਹਾਂ ਦੀ ਜ਼ਿੰਦਗੀ ਅਚਾਨਚੇਤੇ ਖ਼ਤਮ ਹੁੰਦੀ ਹੈ ਤਾਂ ਇਸ ਨੂੰ ਸਮਾਜਕ-ਸਿਆਸੀ ਅਤੇ ਰਾਜਤੰਤਰੀ ਬੇਲਾਗਤਾ ਨਾਲ ਜੋੜ ਕੇ ਵੇਖਿਆ ਜਾਣਾ ਚਾਹੀਦਾ ਹੈ। ਇਹ ਸਾਡੇ ਸਮਾਜ ਵਿਚ ਜੜ੍ਹਾਂ ਜਮਾਈ ਬੈਠੀ ਜਾਤ-ਪਾਤ ਅਤੇ ਛੂਆ-ਛਾਤ ਦੀ ਤਸਦੀਕ ਕਰਦੀ ਹੈ। ਕਾਨੂੰਨੀ ਪੇਸ਼ਬੰਦੀਆਂ ਦੀ ਆਪਣੀ ਅਹਿਮੀਅਤ ਹੈ। ਇਹ ਕਾਨੂੰਨ ਲਾਗੂ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਬਣਦੀ ਹੈ। ਦਰਅਸਲ ਇਹ ਮਸਲਾ ਇਸ ਤੋਂ ਵੀ ਵੱਡਾ ਹੈ। ਇਨ੍ਹਾਂ ਕਾਮਿਆਂ ਦੀ ਬੇਕਦਰੀ ਵਿਚ ਹਰ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰਾ; ਹਰ ਰਿਹਾਇਸ਼ੀ, ਸਨਅਤੀ, ਦਫ਼ਤਰੀ ਅਤੇ ਕਾਰੋਬਾਰੀ ਇਮਾਰਤ ਅਤੇ ਹਰ ਵਿਅਕਤੀ ਤੇ ਜਥੇਬੰਦੀ ਸ਼ਾਮਿਲ ਹੈ। ਮੌਜੂਦਾ ਹਾਦਸੇ ਦੀ ਜਾਂਚ ਰਾਹੀਂ ਹਰ ਕਸੂਰਵਾਰ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਇਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਇਨ੍ਹਾਂ ਕਾਮਿਆਂ ਨਾਲ ਹੋ ਰਹੀ ਬੇਇਨਸਾਫ਼ੀ ਅਤੇ ਮਨੁੱਖਤਾ ਦੀ ਹਤਕ ਲਈ ਸਾਡੀ ਸਾਰਿਆਂ ਦੀ ਘੇਸਲ ਅਤੇ ਬੇਲਾਗਤਾ ਕਸੂਰਵਾਰ ਹੈ। ਅਜਿਹੇ ਹਾਦਸਿਆਂ ਤੋਂ ਕੰਨੀ ਖਿਸਕਾਉਣ ਵਾਲੇ 'ਜਮਹੂਰੀਅਤ' ਦੇ ਥੰਮ੍ਹ ਸਮਾਜਕ ਬੇਲਾਗਤਾ ਦੀ ਹੀ ਨੁਮਾਇੰਦਗੀ ਕਰਦੇ ਹਨ। ਇਹ ਅਸੀਂ ਤੈਅ ਕਰਨਾ ਹੈ ਕਿ 'ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਦਿ ਆਰਟਸ' ਦੀਆਂ ਹੌਦੀਆਂ ਵਿਚੋਂ ਜ਼ਾਹਰ ਹੋਈ ਬੇਲਾਗਤਾ ਨੂੰ 'ਕਲਾ' ਕਿਹਾ ਜਾਵੇ ਜਾਂ ਕੌਮੀ ਸ਼ਰਮਸਾਰੀ।

# ਨਵਾਜ਼ ਸ਼ਰੀਫ ਲਈ ਚੁਣੌਤੀਆਂ

ਅਮਰੀਕਾ ਦੇ ਵਿਸ਼ੇਸ਼ ਫ਼ੌਜੀ ਦਸਤੇ ਵੱਲੋਂ ਪਾਕਿਸਤਾਨ ਵਿਚ ਛਾਪੇ ਮਾਰ ਕੇ ਉਸਾਮਾ ਬਿਨ ਲਾਦਿਨ ਨੂੰ ਮਾਰੇ ਜਾਣ ਦੀ ਦੋ ਸਾਲ ਪਹਿਲਾਂ ਵਾਪਰੀ ਘਟਨਾ ਸਬੰਧੀ ਬਣਾਏ ਗਏ ਐਬਟਾਬਾਦ ਕਮਿਸ਼ਨ ਦੀ ਰਿਪੋਰਟ ਲੀਕ ਹੋ ਜਾਣ ਕਾਰਨ ਪਾਕਿਸਤਾਨ 'ਚ ਇਸ ਸਮੇਂ ਵੱਡਾ ਹੋ-ਹੱਲਾ ਮਚਿਆ ਹੋਇਆ ਹੈ। ਅਤੀਤ ਵੱਲ ਝਾਤੀ ਮਾਰੀ ਜਾਵੇ ਤਾਂ ਪੂਰਬੀ ਪਾਕਿਸਤਾਨ ਬਣਨ ਦੇ ਕਾਰਨਾਂ ਦੀ ਜਾਂਚ ਸਬੰਧੀ ਸਥਾਪਿਤ ਕੀਤੇ ਗਏ ਹਮੀਦ-ਉਰ-ਰਹਿਮਾਨ ਕਮਿਸ਼ਨ ਤੋਂ ਲੈ ਕੇ ਹੁਣ ਤੱਕ ਅਜਿਹੇ ਸਾਰੇ ਕਮਿਸ਼ਨ




ਆਰਿਫ ਨਿਜ਼ਾਮੀ


ਤਕਰੀਬਨ ਨਿਰਾਰਥਕ ਹੀ ਸਿੱਧ ਹੋਏ ਹਨ। ਅਕਸਰ ਇਨ੍ਹਾਂ ਦੀਆਂ ਰਿਪੋਰਟਾਂ ਜਾਰੀ ਨਹੀਂ ਕੀਤੀਆਂ ਗਈਆਂ, ਸਗੋਂ ਵਿਦੇਸ਼ਾਂ ਵਿਚ ਲੀਕ ਹੋ ਗਈਆਂ। ਇਨ੍ਹਾਂ ਦੀਆਂ ਸਿਫ਼ਾਰਸ਼ਾਂ ਨਜ਼ਰਅੰਦਾਜ਼ ਕਰ ਦਿੱਤੀਆਂ ਗਈਆਂ।

ਇਨ੍ਹਾਂ ਰਾਹੀਂ ਕੋਈ ਵੀ ਸਬਕ ਨਹੀਂ ਸਿੱਖੇ ਗਏ। 1971 ਦੀ ਤ੍ਰਾਸਦੀ ਤੋਂ ਇਕ ਦਹਾਕਾ ਬਾਅਦ ਹਮੀਦ-ਉਰ-ਰਹਿਮਾਨ ਕਮਿਸ਼ਨ ਦੀ ਰਿਪੋਰਟ ਭਾਰਤ ਵਿਚ ਲੀਕ ਹੋਈ ਸੀ। ਐਬਟਾਬਾਦ ਕਮਿਸ਼ਨ ਦੀ ਰਿਪੋਰਟ ਅਜੇ ਹਾਲ ਹੀ ਤੱਕ ਪਰਦੇ ਹੇਠ ਸੀ, ਪਰ ਹੁਣ ਕਤਰ ਦੇ ਅਲ-ਜਜ਼ੀਰਾ ਖ਼ਬਰ ਚੈਨਲ ਵੱਲੋਂ ਇਹ ਰਿਪੋਰਟ ਨਸ਼ਰ ਕੀਤੀ ਗਈ ਹੈ। ਰਿਪੋਰਟ ਵਿਚ ਅਮਰੀਕਾ ਦੇ ਨੇਵੀ ਸੀਲ ਦਸਤੇ ਵੱਲੋਂ ਉਸਾਮਾ ਬਿਨ ਲਾਦਿਨ ਨੂੰ ਮਾਰਨ ਲਈ ਪਾਕਿਸਤਾਨ ਵਿਚ ਛਾਪਾਮਾਰੀ ਕਰਨ ਦੀ ਘਟਨਾ ਨੂੰ ਖ਼ੁਫ਼ੀਆ ਏਜੰਸੀਆਂ ਦੀ ਸਮੂਹਿਕ ਅਸਫਲਤਾ ਕਰਾਰ ਦਿੱਤਾ ਗਿਆ ਹੈ।

ਇਸ ਵਿਚ ਫ਼ੌਜ ਅਤੇ ਆਈ.ਐਸ.ਆਈ. ਦੀ ਉਸ ਖਾਸ ਮਾਨਸਿਕਤਾ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ ਜਿਸ ਨੇ ਉਸਾਮਾ ਨੂੰ 8 ਸਾਲ ਤੱਕ ਸੁਰੱਖਿਅਤ ਆਰਾਮਗਾਹ ਮੁਹੱਈਆ ਕਰਾਈ ਰੱਖੀ; ਉਹ ਵੀ ਉਸ ਥਾਂ 'ਤੇ ਜੋ ਪਾਕਿਸਤਾਨ ਦੀ ਪ੍ਰਸਿੱਧ ਕਾਕੁਲ ਮਿਲਟਰੀ ਅਕੈਡਮੀ ਦੇ ਬਿਲਕੁਲ ਨੇੜੇ ਸੀ। ਇਹ ਤਾਂ ਸਪੱਸ਼ਟ ਨਹੀਂ ਕੀਤਾ ਗਿਆ ਕਿ ਅਜਿਹਾ ਸੁਰੱਖਿਆ-ਖੁਫ਼ੀਆ ਸਮੂਹ ਦੀ ਅ-ਕੁਸ਼ਲਤਾ ਕਰ ਕੇ ਹੋਇਆ ਜਾਂ ਫਿਰ ਇਸ ਦੀ ਸ਼ਮੂਲੀਅਤ ਨਾਲ ਹੋਇਆ; ਪਰ ਰਿਪੋਰਟ ਵਿਚ ਰਾਜਤੰਤਰ 'ਤੇ ਫ਼ੌਜ ਦੇ ਗਲਬੇ ਬਾਰੇ ਵਾਰ-ਵਾਰ ਸ਼ਿਕਾਇਤ ਕਰਦਿਆਂ ਜਮਹੂਰੀਅਤ ਦੀ ਮਜ਼ਬੂਤੀ 'ਤੇ ਜ਼ੋਰ ਦਿੱਤਾ ਗਿਆ ਹੈ। ਕਮਿਸ਼ਨ ਨੇ ਅਮਰੀਕਾ ਦੇ 'ਹੋਮਲੈਂਡ ਡਿਪਾਰਟਮੈਂਟ' ਦੀ ਤਰਜ਼ 'ਤੇ ਕੋਈ ਅਜਿਹੀ ਏਜੰਸੀ ਸਥਾਪਿਤ ਕਰਨ ਦੀ ਸਿਫ਼ਾਰਸ਼ ਕੀਤੀ ਹੈ ਜੋ ਦੇਸ਼ ਦੀਆਂ 8 ਸੂਹੀਆ ਏਜੰਸੀਆਂ ਦੇ ਕੰਮਕਾਜ ਵਿਚ ਤਾਲਮੇਲ ਬਣਾ ਸਕੇ। ਸੰਸਦੀ ਨਜ਼ਰਸਾਨੀ ਦੇ ਰੂਪ ਵਿਚ ਖੁਫੀਆ ਏਜੰਸੀਆਂ 'ਤੇ ਕਿਸੇ ਤਰ੍ਹਾਂ ਦੇ ਨਾਗਰਿਕ ਕੰਟਰੋਲ ਦੀ ਵੀ ਸਿਫ਼ਾਰਸ਼ ਕੀਤੀ ਗਈ ਹੈ। ਕਿਸੇ ਵੀ ਤਰ੍ਹਾਂ ਦੀ ਨਾਗਰਿਕ ਨਿਗਰਾਨੀ ਦਾ ਸੁਰੱਖਿਆ-ਖੁਫ਼ੀਆ



ਗਠਜੋੜ ਵੱਲੋਂ ਸਖ਼ਤ ਵਿਰੋਧ ਕੀਤੇ ਜਾਣ ਦੇ ਮੱਦੇਨਜ਼ਰ ਕਮਿਸ਼ਨ ਵੱਲੋਂ ਕੀਤੀਆਂ ਗਈਆਂ ਇਹ ਸਿਫ਼ਾਰਸ਼ਾਂ ਸ਼ਲਾਘਾਯੋਗ ਹਨ।

ਨਵੰਬਰ 2008 ਵਿਚ ਮੁੰਬਈ ਦੀ ਘਟਨਾ ਤੋਂ ਬਾਅਦ ਜਦੋਂ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸਰਕਾਰ ਨੇ ਆਈ.ਐਸ.ਆਈ. ਨੂੰ ਨਾਗਰਿਕ ਕੰਟਰੋਲ ਹੇਠ ਲਿਆਉਣ ਲਈ ਮਾੜੇ ਜਿਹੇ ਉਪਰਾਲੇ ਹੀ ਕੀਤੇ ਸਨ ਤਾਂ ਫ਼ੌਜੀ ਸਥਾਪਤੀ ਵੱਲੋਂ ਵੱਡਾ ਹੰਗਾਮਾ ਖੜ੍ਹਾ ਕਰ ਦਿੱਤਾ ਗਿਆ ਸੀ। ਨਤੀਜੇ ਵਜੋਂ ਇਹ ਯਤਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਦਮ ਤੋੜ ਗਏ। ਉਸ ਤੋਂ ਬਾਅਦ ਆਪਣੇ ਸਮੁੱਚੇ ਕਾਰਜਕਾਲ ਦੌਰਾਨ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸਰਕਾਰ ਟਕਰਾਅ ਦੇ ਰਾਹ ਤੋਂ ਬਚਦੀ ਰਹੀ।

ਮਰੀਕਾ ਵੱਲੋਂ ਪਾਕਿਸਤਾਨ ਦੀ ਪ੍ਰਭੂਸੱਤਾ ਨੂੰ ਲਤਾੜੇ ਜਾਣ ਅਤੇ ਇਸ ਦੇ ਇਸਲਾਮਾਬਾਦ ਵਿਚਲੇ ਦੂਤਾਵਾਸ ਵੱਲੋਂ ਹਰ ਤਰ੍ਹਾਂ ਦੇ ਰਾਜਦੂਤਕ ਨਿਯਮਾਂ ਦੀ ਉਲੰਘਣਾ ਸਬੰਧੀ ਕਮਿਸ਼ਨ ਦੀ ਰਿਪੋਰਟ ਵਿਚ ਜ਼ਾਹਰ ਕੀਤੀ ਗਈ ਚਿੰਤਾ ਬਿਲਕੁਲ ਜਾਇਜ਼ ਹੈ। ਇਸਲਾਮਾਬਾਦ ਸ਼ਾਇਦ ਸੀ.ਆਈ.ਏ. ਦਾ ਸਭ ਤੋਂ ਵੱਡਾ 'ਵਿਦੇਸ਼ੀ ਅੱਡਾ' ਰਿਹਾ ਹੈ, ਜਿਸ ਬਾਰੇ ਦੇਸ਼ ਦੀ ਸਥਾਪਤੀ ਵੀ ਜਾਣੂ ਹੈ। ਅਤੀਤ ਵਿਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਫ਼ੌਜ ਨਾਲ ਰਿਸ਼ਤੇ ਸੁਖਾਵੇਂ ਨਹੀਂ ਰਹੇ। ਹੁਣ ਸੁਰੱਖਿਆ-ਖੁਫ਼ੀਆ ਤਾਣੇ-ਬਾਣੇ ਨੂੰ ਨਾਗਰਿਕ ਕੰਟਰੋਲ ਹੇਠ ਲਿਆਉਣ ਦੀ ਆਪਣੀ ਨੀਤੀ ਅੱਗੇ ਵਧਾਉਣ ਲਈ ਉਨ੍ਹਾਂ ਨੂੰ ਬੜੀ ਸਾਵਧਾਨੀ ਨਾਲ ਕਦਮ ਉਠਾਉਣੇ ਪੈਣਗੇ।

ਵਿਰੋਧੀ ਧਿਰ ਵਿਚ ਹੁੰਦਿਆਂ ਪਾਕਿਸਤਾਨ-ਤਹਿਰੀਕੇ ਇਨਸਾਫ਼ ਅਤੇ ਪਾਕਿਸਤਾਨ ਮੁਸਲਿਮ ਲੀਗ (ਨਵਾਜ਼), ਦੋਵਾਂ ਦਾ ਹੀ ਤਾਲਿਬਾਨ ਅਤੇ ਇਸ ਦੀਆਂ ਅਸਹਿਯੋਗੀ ਜਥੇਬੰਦੀਆਂ ਪ੍ਰਤੀ ਰਵੱਈਆ ਅਸਪੱਸ਼ਟ ਰਿਹਾ ਹੈ। ਸ਼ਾਇਦ ਉਨ੍ਹਾਂ ਦੀ ਬੇਸਮਝੀ ਵਾਲੀ ਸੋਚ ਇਹ ਸੀ ਕਿ ਸੱਤਾ ਵਿਚ ਆਉਣ ਤੋਂ ਬਾਅਦ ਅਤਿਵਾਦੀ ਉਨ੍ਹਾਂ ਨਾਲ ਸਹਿਯੋਗ ਕਰਨਗੇ।

ਪਿਛਲੇ ਮਹੀਨੇ ਦੌਰਾਨ ਹਿੰਸਾ ਵਿਚ ਹੋਏ ਵੱਡੇ ਵਾਧੇ ਦੇ ਸਾਹਮਣੇ ਤਾਲਿਬਾਨ ਨਾਲ ਗੱਲਬਾਤ ਕਰਨ ਦਾ ਵਾਰ-ਵਾਰ ਦੁਹਰਾਇਆ ਜਾਂਦਾ ਮੰਤਰ ਫਿੱਕਾ ਪੈ ਗਿਆ ਹੈ। ਉਂਜ ਵੀ ਅਜਿਹੇ ਤੱਤਾਂ ਨਾਲ ਗੱਲਬਾਤ ਕਿਵੇਂ ਹੋ ਸਕਦੀ ਹੈ ਜੋ ਸ਼ਰੀਅਤ ਦੀ ਆਪਣੀ ਸੌੜੀ ਵਿਆਖਿਆ ਦੇ ਨਾਂ ਹੇਠ ਪਾਕਿਸਤਾਨੀ ਨੂੰ ਤੋੜਨਾ ਚਾਹੁੰਦੇ ਹਨ? ਐਬਟਾਬਾਦ ਕਮਿਸ਼ਨ ਦੀ ਰਿਪੋਰਟ ਸਬੰਧੀ ਹੁਣ ਤੱਕ ਜੋ ਕੁਝ ਸਾਹਮਣੇ ਆਇਆ ਹੈ, ਉਹ ਇਸ ਗੱਲ ਦੀ ਮੰਗ ਕਰਦਾ ਹੈ ਕਿ ਅੰਦਰੂਨੀ ਅਤੇ ਬਾਹਰੀ ਖ਼ਤਰਿਆਂ ਨਾਲ ਨਜਿੱਠਣ ਲਈ ਨਾਗਰਿਕ ਅਤੇ ਫ਼ੌਜੀ ਲੀਡਰਸ਼ਿਪ ਨੂੰ ਇਕੱਠੇ ਹੋਣ ਦੀ ਲੋੜ ਹੈ।

ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਲੀਡਰਸ਼ਿਪ ਭਾਰਤ ਨਾਲ ਵੀ ਸਬੰਧ ਸੁਧਾਰਨ ਦੀ ਚਾਹਵਾਨ ਹੈ। ਅਤੀਤ ਵਿਚ ਸ਼ਰੀਫ ਵੱਲੋਂ ਕੀਤੇ ਗਏ ਯਤਨਾਂ ਸਮੇਤ ਅਜਿਹੇ ਸਾਰੇ ਯਤਨਾਂ ਵਿਚ ਫ਼ੌਜੀ ਲੀਡਰਸ਼ਿਪ ਵੱਲੋਂ ਵੱਡੀ ਰੁਕਾਵਟ ਪਾਈ ਜਾਂਦੀ ਰਹੀ ਹੈ। ਅਫ਼ਗਾਨ ਨੀਤੀ ਵਾਂਗ ਭਾਰਤ ਨੀਤੀ ਨੂੰ ਵੀ ਫ਼ੌਜ ਆਪਣੇ ਅਧਿਕਾਰ ਖੇਤਰ ਵਿਚ ਮੰਨਦੀ ਹੈ। ਇਸ ਰਾਹ 'ਤੇ ਵੀ ਸ਼ਰੀਫ ਨੂੰ ਬੜੀ ਸਾਵਧਾਨੀ ਨਾਲ ਅੱਗੇ ਵਧਣਾ ਪਵੇਗਾ। ਐਬਟਾਬਾਦ ਕਮਿਸ਼ਨ ਦੀ ਰਿਪੋਰਟ ਅਧਿਕਾਰਤ ਤੌਰ 'ਤੇ ਜਾਰੀ ਹੋਣੀ ਚਾਹੀਦੀ ਹੈ ਅਤੇ ਇਸ ਦੀਆਂ ਸਿਫ਼ਾਰਸ਼ਾਂ ਨੂੰ ਗੰਭੀਰਤਾ ਨਾਲ ਲੈ ਕੇ ਲੋੜੀਂਦੀ ਕਾਰਵਾਈ ਕਰਨੀ ਚਾਹੀਦੀ ਹੈ। ਇਹ ਵੀ ਜਾਂਚ ਹੋਣੀ ਚਾਹੀਦੀ ਹੈ ਕਿ ਰਿਪੋਰਟ ਲੀਕ ਕਿਵੇਂ ਹੋਈ?

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਸੰਗਤ ਦੇ ਸਤਿਕਾਰੇ ਅਤੇ ਜੈਕਾਰੇ!

ਗੁਰਦੁਆਰਾ ਸਾਹਿਬ ਅੰਦਰ ਆਮ ਹਫਤਾਵਾਰੀ ਦੀਵਾਨ ਨਾਲੋਂ ਜ਼ਰਾ ਵੱਧ ਗਿਣਤੀ ਵਿਚ ਸੰਗਤਾਂ ਪਹੁੰਚੀਆਂ ਹੋਈਆਂ ਸਨ ਕਿਉਂਕਿ ਪ੍ਰਬੰਧਕਾਂ ਨੇ ਚੋਖੀ ਮਾਇਆ ਖਰਚ ਕੇ ਇਸ ਇਕੱਠ ਲਈ ਖੂਬ ਇਸ਼ਤਿਹਾਰਬਾਜ਼ੀ ਕੀਤੀ ਸੀ। ਉਨ੍ਹਾਂ ਨੇ ਦੋ ਹਫਤੇ ਪਹਿਲਾਂ 'ਦਿਭ-ਦ੍ਰਿਸ਼ਟੀ' ਨਾਲ ਇਹ ਭਵਿੱਖ-ਵਾਣੀ ਵੀ ਕਰ ਦਿੱਤੀ ਸੀ ਕਿ ਸਾਡੇ ਇਥੇ ਹੋਣ ਵਾਲੇ 'ਵਿਸ਼ਾਲ ਪੰਥਕ ਇਕੱਠ' ਵਿਚ ਦੂਰੋਂ-ਦੂਰੋਂ ਸੰਗਤਾਂ ਵਹੀਰਾਂ ਘੱਤ ਕੇ ਪਹੁੰਚਣਗੀਆਂ।

ਜੀ ਹਾਂ! ਇਥੇ ਦਸਮ ਗ੍ਰੰਥ ਨੂੰ 'ਸ੍ਰੀ ਦਸਮ ਗ੍ਰੰਥ ਸਾਹਿਬ' ਵਜੋਂ ਪ੍ਰਚਾਰਨ ਵਾਲੇ ਵਿਦਵਾਨ ਬੁਲਾਰਿਆਂ ਨੂੰ ਬੁਲਾਇਆ ਗਿਆ। ਸੁਣਿਆ ਹੈ ਕਿ ਸਥਾਨਕ ਸੰਗਤਾਂ ਵਿਚੋਂ ਕਈ ਨਿਰਪੱਖ ਜਿਹੇ ਸੱਜਣਾਂ ਨੇ ਪ੍ਰਬੰਧਕ ਸਾਹਿਬਾਨ ਨੂੰ ਬੇਨਤੀ ਕੀਤੀ ਸੀ ਕਿ ਵਿਵਾਦ ਵਾਲੇ ਇਸ ਵਿਸ਼ੇ 'ਤੇ ਸੰਵਾਦ ਰਚਾਉਣ ਲਈ ਕੁਝ ਵਿਦਵਾਨ ਦੂਜੇ ਪੱਖ ਦੇ ਵੀ ਬੁਲਾ ਲਏ ਜਾਣ ਤਾਂ ਕਿ ਹੋਣ ਵਾਲੇ ਵਿਚਾਰ ਮੰਥਨ ਤੋਂ ਬਾਅਦ ਸੰਗਤਾਂ ਖੁਦ ਕੋਈ ਨਿਰਣਾ ਲੈ ਸਕਣ ਪਰ ਸੰਗਤਾਂ ਦੇ ਹਰ ਇਕੱਠ ਨੂੰ ਗੁਰੂ ਰੂਪ ਕਹਿ ਕੇ ਸੰਬੋਧਨ ਕਰਨ ਵਾਲੇ ਪ੍ਰਬੰਧਕਾਂ ਨੇ ਇਹ 'ਬੇਨਤੀ' ਅਣਸੁਣੀ ਕਰ ਦਿੱਤੀ। ਉਨ੍ਹਾਂ ਦਾ ਮਕਸਦ ਸ਼ਾਇਦ ਸੰਗਤਾਂ ਪਾਸੋਂ ਜੈਕਾਰੇ ਛੁਡਾਉਣ ਤੱਕ ਹੀ ਸੀਮਤ ਹੋਵੇਗਾ। ਉਹ ਤਾਂ ਇਸ ਮੁੱਦੇ 'ਤੇ ਕੋਈ ਵੱਖਰੀ ਰਾਏ ਰੱਖਣ ਵਾਲਿਆਂ ਨੂੰ ਪਹਿਲੋਂ ਹੀ ਪੰਥ ਦੋਖੀ ਮੰਨ ਕੇ ਤੁਰੇ ਹੋਏ ਜਾਪਦੇ ਸਨ।

ਚਲੋ ਖੈਰ! ਸਮਾਗਮ ਹੋਇਆ, ਸਾਰੇ ਬੁਲਾਰਿਆਂ ਨੇ ਇੱਧਰੋਂ-ਉਧਰੋਂ ਟੂਕਾਂ ਦੇ ਕੇ ਇਹ ਸਿੱਧ ਕਰਨ 'ਤੇ ਪੂਰਾ ਟਿੱਲ ਲਾਇਆ ਕਿ ਦਸਮ ਗ੍ਰੰਥ ਦਾ ਇਕ ਇਕ ਅੱਖਰ ਸ੍ਰੀ ਦਸਮੇਸ਼ ਪਾਤਸ਼ਾਹ ਜੀ ਦਾ ਲਿਖਿਆ ਹੋਇਆ ਹੈ। ਸਾਰੇ ਬੁਲਾਰਿਆਂ ਨੇ ਆਪੋ-ਆਪਣੀ ਵਿਦਵਤਾ ਅਨੁਸਾਰ ਸੰਗਤਾਂ ਨੂੰ ਕਾਇਲ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ। ਜਦ ਵੀ ਕੋਈ ਬੁਲਾਰਾ ਜੋਸ਼ੀਲੀ ਜਿਹੀ ਗੱਲ ਕਰਦਾ ਤਾਂ ਫੁੱਲ-ਫੁੱਲ ਕੁੱਪਾ ਹੋ ਰਹੇ ਪ੍ਰਬੰਧਕ ਬਾਹਾਂ ਉਲਾਰ-ਉਲਾਰ ਜੈਕਾਰੇ ਛੱਡਦੇ। ਉਨ੍ਹਾਂ ਦੇ ਮਗਰੇ ਮਗਰ ਸੰਗਤਾਂ ਵੀ 'ਬੋਲੇ ਸੋ ਨਿਹਾਲ' ਆਖੀ ਗਈਆਂ। ਇਹ ਸਭ ਦੇਖ ਕੇ ਪ੍ਰਬੰਧਕ ਗਦ-ਗਦ ਹੋ ਰਹੇ ਸਨ। ਉਨ੍ਹਾਂ ਨੂੰ ਦੋਹਰੀਆਂ-ਤਿਹਰੀਆਂ ਖੁਸ਼ੀਆਂ ਹੋ ਰਹੀਆਂ ਸਨ। ਸਮੁੱਚੇ ਪੰਥ ਦੇ ਇਸ ਮਸਲੇ ਦੀ ਆੜ ਹੇਠ ਉਨ੍ਹਾਂ ਸਥਾਨਕ ਸਿੱਖ ਵੋਟਰਾਂ 'ਚ ਆਪਣਾ ਟੌਹਰ-ਟੱਪਾ ਚੋਖਾ ਵਧਾ ਲਿਆ। ਗੋਲਕ ਵੀ ਭਰਪੂਰ ਹੋ ਗਈ!

ਇੱਧਰੋਂ ਵਿਹਲੇ ਹੋ ਕੇ ਉਨ੍ਹਾਂ ਇਸ ਮਹਾਨ ਸਮਾਗਮ ਨੂੰ ਬੇਹੱਦ ਸਫ਼ਲ ਹੋਇਆ ਦਰਸਾਉਣ ਲਈ ਅਖ਼ਬਾਰਾਂ ਨਾਲ 'ਗੰਢ-ਤੁੱਪ' ਕਰ ਕੇ ਰੰਗਦਾਰ ਸਫ਼ੇ ਛਪਵਾਏ। ਸੈਂਕੜਿਆਂ ਦੀ ਗਿਣਤੀ ਨੂੰ 'ਹਜ਼ਾਰਾਂ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ' ਦੱਸਿਆ ਗਿਆ। ਇਸ ਸਭ ਤੋਂ ਸਮਾਗਮ ਦੇ ਪ੍ਰਬੰਧਕ ਫੁੱਲੇ ਨਹੀਂ ਸਨ ਸਮਾ ਰਹੇ।

ਇਸੇ ਮੁੱਦੇ 'ਤੇ ਹੀ ਇਕ ਥਾਂ ਹੋਰ ਸਮਾਗਮ ਚੱਲ ਰਿਹਾ ਸੀ। ਇਥੇ ਇਕ ਬੁਲਾਰੇ ਨੇ ਸੰਗਤ ਨੂੰ ਬੜੇ ਸਲੀਕੇ ਨਾਲ ਸੰਬੋਧਨ ਕਰਦਿਆਂ ਪੰਥ ਪ੍ਰਵਾਣਤ ਰਹਿਤ ਮਰਯਾਦਾ ਦਾ ਹਵਾਲਾ ਦੇ ਕੇ ਆਖਿਆ ਕਿ ਦਸਮ ਗ੍ਰੰਥ ਗੁਰੂ ਦਸਮੇਸ਼ ਜੀ ਦੀ ਲਿਖਤ ਹੋਵੇ ਜਾਂ ਨਾ ਹੋਵੇ, ਉਸ ਦਾ ਕਿਸੇ ਹਾਲਤ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਨਾ ਹੀ ਪ੍ਰਕਾਸ਼ ਕੀਤਾ ਜਾ ਸਕਦਾ ਅਤੇ ਨਾ ਹੀ ਉਸ ਦੇ ਨਾਮ ਨਾਲ 'ਗੁਰੂ' ਜਾਂ 'ਸਾਹਿਬ' ਜਿਹੇ ਵਿਸ਼ੇਸ਼ਣ ਜੋੜਨੇ ਉਚਿਤ ਹਨ। ਹਾਂ, ਸਿੱਖ ਸਾਹਿਤ ਵਜੋਂ ਉਸ ਦੀ ਪਰਖ ਪੜਚੋਲ ਕਰਨ ਵਿਚ ਕੋਈ ਹਰਜ ਨਹੀਂ। ਜਦ 1932 ਵਿਚ ਸਾਡੇ ਵਡਾਰੂਆਂ ਨੇ ਰਹਿਤ ਮਰਯਾਦਾ ਦਾ ਵਿਧਾਨ ਬਣਾਉਣ ਵੇਲੇ ਇਸ ਦਾ ਰੌਲਾ ਹੀ ਮੁਕਾ ਦਿੱਤਾ ਹੋਇਆ ਹੈ, ਤਾਂ ਫਿਰ ਸੰਗਤਾਂ ਨੂੰ ਮੁੜ-ਮੁੜ ਕੇ ਭੰਬਲਭੂਸੇ ਵਿਚ ਕਿਉਂ ਪਾਇਆ ਜਾ ਰਿਹਾ ਹੈ?

ਉਸ ਦੇ ਇੰਨੀ ਕਹਿਣ ਦੀ ਹੀ ਦੇਰ ਸੀ ਕਿ ਸੰਗਤ ਨੇ ਅਕਾਸ਼ ਗੁੰਜਾਊ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ। ਇਉਂ ਜਾਪ ਰਿਹਾ ਸੀ ਕਿ ਹਾਜ਼ਰੀਨ ਨੇ ਉਸ ਬੁਲਾਰੇ ਦੇ ਵਿਚਾਰਾਂ ਨੂੰ ਪੱਲੇ ਬੰਨ੍ਹਦਿਆਂ ਪੂਰੀ ਤਰ੍ਹਾਂ ਸਵੀਕਾਰ ਕਰ ਲਿਆ ਹੈ। ਉਸ ਦੇ ਖਿਆਲਾਂ ਦੀ ਕੁਛ-ਕੁਛ ਤਾਈਦ ਕਰਦਿਆਂ ਜਦ ਅਗਲੇ ਬੁਲਾਰੇ ਨੇ ਆਖਿਆ ਕਿ 'ਚਰਿੱਤ੍ਰੋ ਪਾਖਿਯਾਨ' ਵਰਗੀ ਅਸ਼ਲੀਲ ਸਮੱਗਰੀ ਨੂੰ ਗੁਰੂ ਜੀ ਦੇ ਪਵਿੱਤਰ ਨਾਮ ਨਾਲ ਜੋੜਨ ਵਾਲੇ ਆਰ.ਐਸ.ਐਸ. ਦੇ ਹੱਥ-ਠੋਕੇ ਹਨ, ਜੋ ਸਿੱਖ ਪੰਥ ਦੇ ਸਿਧਾਂਤ ਵਿਚ ਰੋਲ-ਘਚੋਲਾ ਪਾਉਣਾ ਚਾਹੁੰਦੇ ਹਨ; ਤਦ ਇਕੱਤਰ ਸੰਗਤਾਂ ਵਿਚ ਐਨਾ ਜੋਸ਼ ਭਰ ਗਿਆ ਕਿ ਉਨ੍ਹਾਂ ਆਰ.ਐਸ.ਐਸ. ਦੇ ਨਾਂ ਤੋਂ ਕੈੜ ਖਾਂਦਿਆਂ ਪਹਿਲਾਂ ਨਾਲੋਂ ਵੀ ਕਿਤੇ ਵੱਧ ਜ਼ੋਰ ਲਾ ਕੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਛੱਡ ਦਿੱਤੇ।

ਅਗਲੇ ਵਿਦਵਾਨ ਦੀ ਵਾਰੀ ਆਈ। ਉਸ ਨੇ 'ਅੰਮ੍ਰਿਤ ਸੰਸਕਾਰ' ਦੀ ਮਹਾਨਤਾ ਬਾਰੇ ਗੱਲ ਕਰਦਿਆਂ ਆਖਿਆ ਕਿ ਜਾਪੁ ਸਾਹਿਬ, ਸਵੱਈਏ, ਚੌਪਈ ਦਾ ਕੁਝ ਹਿੱਸਾ ਅਤੇ ਕੁਝ ਕੁ ਹੋਰ ਬਾਣੀਆਂ ਦੀ ਅਲੱਗ ਪੋਥੀ ਬਣਾ ਲੈਣੀ ਚਾਹੀਦੀ ਹੈ, ਤਾਂ ਜੋ ਸ੍ਰੀ ਕੇਸਗੜ੍ਹ ਸਾਹਿਬ ਦੀ ਪਰੰਪਰਾ ਨਿਰੰਤਰ ਚਲਦੀ ਰਹੇ। ਅਨੰਦਪੁਰ ਸਾਹਿਬ ਵਾਲੇ ਤਖ਼ਤ ਦਾ ਜ਼ਿਕਰ ਹੁੰਦਿਆਂ ਹੀ ਸੰਗਤਾਂ ਫਿਰ ਜੋਸ਼ ਵਿਚ ਆ ਗਈਆਂ। ਹੋ ਗਈ ਜੈਕਾਰਿਆਂ ਦੀ ਲੜੀ ਸ਼ੁਰੂ ਪਰ ਉਸ ਦੇ ਮਗਰੇ ਹੀ ਇਕ ਹੋਰ ਵਿਦਵਾਨ ਨੇ ਸਾਰੇ ਦਸਮ ਗ੍ਰੰਥ ਨੂੰ ਹੀ ਕੂੜ-ਕਬਾੜ ਕਹਿ ਕੇ ਨਵੀਂ ਭਸੂੜੀ ਪਾ ਦਿੱਤੀ। ਲੇਕਿਨ ਸੰਗਤ ਵਿਚੋਂ ਉਸ ਨੂੰ ਵੀ ਜੋਸ਼ੀਲੇ ਜੈਕਾਰਿਆਂ ਦੀ ਦਾਤ ਪ੍ਰਾਪਤ ਹੋ ਗਈ! ਸਟੇਜ 'ਤੇ ਹੋਣ ਲੱਗੀ ਘੁਸਰ ਮੁਸਰ ਨੂੰ ਲੁਕਾਉਣ ਵਾਸਤੇ ਪ੍ਰਬੰਧਕਾਂ ਨੇ 'ਰਾਜ ਕਰੇਗਾ ਖਾਲਸਾ' ਦੇ ਜੈਕਾਰੇ ਛੱਡਣੇ ਸ਼ੁਰੂ ਕਰ ਦਿਤੇ!

ਇਸ ਸਮਾਗਮ ਬਾਰੇ ਅਖਬਾਰਾਂ ਵਿਚ ਲੱਗੀਆਂ ਖਬਰਾਂ ਦੀਆਂ ਸੁਰਖੀਆਂ ਸਨ, 'ਸੰਗਤਾਂ ਨੇ ਸਮੁੱਚੇ ਦਸਮ ਗ੍ਰੰਥ ਨੂੰ ਰੱਦ ਕਰਨ ਦੀ ਕੀਤੀ ਪ੍ਰੋੜਤਾ'; 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਸ਼ਰੀਕ' ਨਹੀਂ ਬਣਨ ਦਿੱਤਾ ਜਾਵੇਗਾ-ਸੰਗਤਾਂ ਦਾ ਸਮੂਹਿਕ ਫੈਸਲਾ'... ਵਗੈਰਾ ਵਗੈਰਾ।

ਲਗਦੇ ਹੱਥ ਸਿੱਖ ਮਤਿ ਦੇ ਦੋ ਕੁ ਹੋਰ ਸਮਾਗਮਾਂ ਦੀ ਹਾਜ਼ਰੀ ਭਰਦੇ ਚੱਲੀਏ। ਲਉ ਜੀ, ਐਥੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਇਥੇ ਜੁੜ ਬੈਠੀਆਂ ਸ਼ਰਧਾਲੂ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸ ਨਾਲ 'ਜੋੜਨ' ਵਾਸਤੇ ਉਹ ਨਾਮਵਰ ਸ਼ਖ਼ਸੀਅਤ ਪਹੁੰਚੀ ਹੋਈ ਹੈ ਜਿਹੜੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਤੋਂ ਹੀ ਬਾਗੀ ਹੈ। ਉਹ ਸ੍ਰੀਮਾਨ ਜੀ ਇਥੇ 'ਮੁੱਖ ਮਹਿਮਾਨ' ਬਣ ਕੇ ਸਿੱਖ ਸੰਗਤਾਂ ਨੂੰ ਉਪਦੇਸ਼ ਦੇਣ ਪਧਾਰੇ ਹੋਏ ਹਨ। ਜਿਹੜੇ ਸ੍ਰੀ ਅਕਾਲ ਤਖ਼ਤ ਤੋਂ ਲਾਗੂ ਹੋਈ ਰਹਿਤ ਮਰਯਾਦਾ ਨੂੰ ਮੰਨਦੇ ਹੀ ਨਹੀਂ, ਪਰ ਇਕੱਠ ਵਿਚ ਪ੍ਰਵਚਨ ਸੁਣਾਉਣ ਤੋਂ ਬਾਅਦ ਸੰਗਤਾਂ ਵੱਲੋਂ ਉਸ ਨੂੰ ਵੀ ਲਿਫ਼ਾਫ਼ੇ ਦੇ ਨਾਲ ਸਿਰੋਪਾ ਭੇਟ ਕੀਤਾ ਜਾਂਦਾ ਹੈ। ਉਸ ਦੀ ਤਕਰੀਰ ਦੌਰਾਨ ਵੀ ਜੈਕਾਰਿਆਂ ਦੀ ਗੂੰਜ ਪਈ ਗਈ।

ਇਕ ਹੋਰ ਸਮਾਗਮ ਵਿਚ ਅਨੰਦ ਕਾਰਜ ਕਰਵਾ ਰਹੀ ਸੁਭਾਗੀ ਜੋੜੀ ਨੂੰ ਖੁਦ ਤਲਾਕ ਦੇ ਕੇਸ ਵਿਚ ਉਲਝਿਆ ਉਹ ਪ੍ਰਸਿੱਧ ਰਾਗੀ ਸਿੰਘ 'ਗ੍ਰਹਿਸਥ ਧਰਮ ਨਿਭਾਉਣ' ਦੀ ਮਹਾਨਤਾ ਬਾਰੇ ਚਾਨਣਾ ਪਾ ਰਿਹਾ ਹੈ। ਜਿਸ ਦੇ ਚਰਿੱਤਰ ਬਾਰੇ ਮੀਡੀਏ ਵਿਚ ਅਤੇ ਸੰਗਤਾਂ ਵਿਚ ਵੀ ਤਿੱਖੀ ਚਰਚਾ ਤੇ ਚੁਰ-ਚੁਰਾ ਹੁੰਦੀ ਰਹੀ ਹੈ, ਪਰ ਇਸ ਮੌਕੇ ਸ਼ਰਧਾ 'ਚ ਗੜੂੰਦ ਹੋਈਆਂ ਸੰਗਤਾਂ ਉਸ ਵਕਤਾ ਦੇ 'ਮਨੋਹਰ ਤੇ ਰਸੀਲੇ' ਵਿਖਿਆਨ ਸੁਣ ਕੇ ਵੀ ਅਸ਼-ਅਸ਼ ਕਰ ਰਹੀਆਂ ਹਨ। ਉਹ ਵੀ ਕੰਨ-ਰਸ ਕਾਰਨ ਝੂਮ ਰਹੀਆਂ ਸੰਗਤਾਂ ਉਪਰ ਪ੍ਰਭਾਵ ਪਾ ਕੇ ਉਨ੍ਹਾਂ ਦੀਆਂ ਜੇਬਾਂ ਖਾਲੀ ਕਰਵਾ ਲੈਂਦਾ ਹੈ।

ਜ਼ਿਕਰ ਕੀਤੇ ਗਏ ਲੋਕਲ ਸਮਾਗਮਾਂ ਦੀ ਗੱਲ ਇਕ ਪਾਸੇ ਰਹੀ, ਹੁਣ ਤਾਂ ਸਿੱਖ ਧਰਮ ਦੇ ਕੇਂਦਰੀ ਸਥਾਨਾਂ 'ਤੇ ਵੀ ਐਨ ਇਹੋ ਕੁਝ ਹੋ ਰਿਹਾ ਹੈ। 2003 ਵਿਚ ਜਦੋਂ ਅਸਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ ਸੀ, ਉਦੋਂ ਇਹ ਐਲਾਨ ਕੀਤਾ ਗਿਆ ਸੀ ਕਿ ਸਿੱਖ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਕਰਦਿਆਂ ਖਾਲਸਾ ਪੰਥ ਦੀ ਨਿਆਰੀ ਪਛਾਣ ਦਾ ਪ੍ਰਤੀਕ ਇਹ ਕੈਲੰਡਰ ਲਾਗੂ ਕੀਤਾ ਜਾ ਰਿਹਾ ਹੈ। ਇਹ ਕੈਲੰਡਰ ਬਣਾਉਣ ਵਾਲੇ ਵਿਦਵਾਨ ਨੂੰ ਜੈਕਾਰੇ ਗਜਾ ਗਜਾ ਕੇ ਸਿਰੋਪਾਓ ਭੇਟ ਕੀਤੇ ਗਏ। ਸੱਤ-ਅੱਠ ਸਾਲ ਬਾਅਦ ਉਸ ਕੈਲੰਡਰ ਨੂੰ 'ਮਿਲਗੋਭਾ ਕੈਲੰਡਰ' ਤਾਂ ਬਣਾਇਆ ਗਿਆ ਸੀ 'ਉਤਲਿਆਂ ਦੇ ਹੁਕਮ' ਅਨੁਸਾਰ, ਲੇਕਿਨ ਕੇਂਦਰੀ ਸਥਾਨ ਤੋਂ ਫੁਰਮਾਨ ਜਾਰੀ ਹੋਇਆ ਕਿ ਦੇਸ਼-ਵਿਦੇਸ਼ ਦੀਆਂ ਸ਼ਰਧਾਲੂ ਸੰਗਤਾਂ ਦੀਆਂ ਇੱਛਾਵਾਂ ਨੂੰ ਮੁੱਖ ਰੱਖ ਕੇ ਨਾਨਕਸ਼ਾਹੀ ਕੈਲੰਡਰ ਨੂੰ ਸੋਧਿਆ ਗਿਆ ਹੈ।

ਚੇਤੇ ਰਹੇ ਕਿ ਹਰ ਛੋਟੇ ਤੋਂ ਲੈ ਕੇ ਵੱਡੇ ਸਮਾਗਮਾਂ ਨੂੰ ਸੰਬੋਧਨ ਕਰਨ ਵਾਲੇ ਬੁਲਾਰੇ, ਗੁਰੂ ਮਹਾਰਾਜ ਦੇ ਹਜ਼ੂਰ ਸਜੀ ਹੋਈ ਸੰਗਤ ਨੂੰ ਹਮੇਸ਼ਾਂ 'ਗੁਰੂ ਰੂਪ ਸਾਧ ਸੰਗਤ' ਹੀ ਕਹਿੰਦੇ ਹਨ!

ਲਬੋਂ ਪੇ ਰੰਗ ਉਲਫਤ ਕੇ
ਭਰੇ ਹੈਂ ਦਿਲ ਕਦੂਰਤ ਸੇ,
ਖੁਦਾ ਕਾ ਨਾਮ ਲੇਤੇ ਹੈਂ,
ਖੁਦਾ ਸੇ ਕੌਨ ਡਰਤਾ ਹੈ!

## ਸੰਪਾਦਕ ਦੀ ਡਾਕ

### ਸ਼ੰਕਿਆਂ ਤੇ ਸਵਾਲਾਂ ਦੇ ਜਵਾਬ ਤਾਂ ਦੇਣੇ ਹੀ ਪੈਣਗੇ!

ਪੰਜਾਬ ਟਾਈਮਜ਼ ਦੇ 20 ਜੁਲਾਈ ਦੇ ਅੰਕ ਵਿਚ 'ਪਾਠਕਾਂ ਦੀ ਗੱਲ' ਕਾਲਮ ਹੇਠ ਸ. ਕਮਿੱਕਰ ਸਿੰਘ ਹੇਵਰਡ ਦੇ 'ਪੰਜਾਬ ਟਾਈਮਜ਼ ਪ੍ਰਤੀ ਕੁਝ ਸ਼ੰਕੇ ਤੇ ਸਵਾਲ' ਪੜ੍ਹ ਕੇ ਮੇਰੇ ਮਨ ਵਿਚ ਉਦੋਂ ਤੋਂ ਹੀ ਕੁਝ ਉਥਲ-ਪੁਥਲ ਹੋ ਜਿਹੀ ਹੋ ਰਹੀ ਹੈ ਕਿ ਸੰਪਾਦਕ ਸਾਹਿਬ ਇਨ੍ਹਾਂ ਸ਼ੰਕਿਆਂ ਦਾ ਜਵਾਬ ਕਿਉਂ ਨਹੀਂ ਦੇ ਰਹੇ? ਮੈਂ ਪਿਛਲੇ 7-8 ਸਾਲ ਤੋਂ ਪੰਜਾਬ ਟਾਈਮਜ਼ ਨਾਲ ਨਿਰੰਤਰ ਜੁੜਿਆ ਹੋਇਆ ਹਾਂ। ਕਦੇ ਵੀ ਇਹ ਅਖਬਾਰ ਪੜ੍ਹਨ ਦਾ ਨਾਗਾ ਨਹੀਂ ਪਾਇਆ ਅਤੇ ਨਾ ਹੀ ਭਵਿੱਖ ਵਿਚ ਨਾਗਾ ਪੈਣ ਦੀ ਮੈਨੂੰ ਕੋਈ ਸ਼ੰਕਾ ਹੈ। ਮੇਰੇ ਜਿਹੇ ਹੋਰ ਬਹੁਤ ਪਾਠਕ ਹੋਣਗੇ ਜੋ ਇਹ ਗੱਲ ਮੰਨਦੇ ਹਨ ਕਿ ਅਮਰੀਕਾ ਵਿਚ ਪੰਜਾਬ ਟਾਈਮਜ਼ ਜਿਹਾ ਉਚ ਦਰਜੇ ਦਾ ਮਿਆਰੀ ਅਤੇ ਨਿਵੇਕਲਾ ਅਖਬਾਰ ਹੋਰ ਕੋਈ ਨਹੀਂ ਹੈ।

ਪੰਜਾਬ ਟਾਈਮਜ਼ ਦੇ ਸਭ ਤੋਂ ਪੁਰਾਣੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਆਪਣੇ ਕਾਲਮ 'ਲਿਖਤੁਮ' ਰਾਹੀਂ ਹਰ ਵਾਰ ਕਿਸੇ ਨਵੇਂ ਤੋਂ ਨਵੇਂ ਸਾਰਥਕ ਵਿਸ਼ੇ ਨੂੰ ਛੋਹ ਕੇ ਪਾਠਕਾਂ ਦਾ ਮਨ ਰੋਸ਼ਨ ਕਰਦੇ ਰਹਿੰਦੇ ਹਨ। ਇਸੇ ਹੀ ਤਰ੍ਹਾਂ ਮੇਜਰ ਸਿੰਘ ਕੁਲਾਰ ਦੀ 'ਮੂੰਹ ਆਈ ਬਾਤ', ਐਸ ਅਸ਼ੋਕ ਭੌਰਾ ਦੀ 'ਨੋਕ-ਝੋਕ', ਗੁਲਜ਼ਾਰ ਸਿੰਘ ਸੰਧੂ ਦਾ 'ਨਿਕ-ਸੁੱਕ', ਬਲਜੀਤ ਬਾਸੀ ਦਾ 'ਸ਼ਬਦ-ਝਰੋਖਾ' ਪੰਜਾਬ ਟਾਈਮਜ਼ ਦਾ ਵੱਡਾ ਹਾਸਲ ਹਨ। ਗੱਲ ਕੀ, ਪੰਜਾਬ ਟਾਈਮਜ਼ ਵਿਚ ਛਪਦੀ ਸਾਰੀ ਹੀ ਸਮਗਰੀ ਸਲਾਹੁਣਯੋਗ ਤੇ ਸਾਂਭਣਯੋਗ ਹੁੰਦੀ ਹੈ। ਇਸ ਵਿਚ ਦਿਲਟੁੰਬਵੀਆਂ ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ। ਹਾਲ ਹੀ ਵਿਚ ਛਪੀਆਂ ਰਘਬੀਰ ਢੰਡ ਦੀ 'ਸ਼ਾਨੇ ਪੰਜਾਬ', ਨਾਨਕ ਸਿੰਘ ਦੀ 'ਭੂਆ' ਅਤੇ ਗੁਰਮੁਖ ਸਿੰਘ ਮੁਸਾਫਿਰ ਦੀ 'ਬਾਗੀ ਦੀ ਧੀ' ਦਿਲ ਨੂੰ ਬਹੁਤ ਡੂੰਘਾਣਾਂ ਤੱਕ ਛੋਹ ਗਈਆਂ। ਮਨਿੰਦਰ ਕਾਂਗ ਦੀ 'ਭਾਰ' ਕਹਾਣੀ ਦਾ ਭਾਰ ਅੱਜ ਤੱਕ ਵੀ ਜਜ਼ਬਾਤੀ ਪਾਠਕ ਦੇ ਮਨ 'ਤੇ ਪਿਆ ਮਹਿਸੂਸ ਕੀਤਾ ਜਾ ਸਕਦਾ ਹੈ। ਵੀਨਾ ਵਰਮਾ ਦੀ 'ਛੋਟੀ ਸਰਦਾਰਨੀ' ਵੀ ਤਾਂ ਕਿਸੇ ਗੱਲੋਂ ਘੱਟ ਨਹੀਂ ਸੀ। ਹਰਮਹਿੰਦਰ ਸਿੰਘ ਚਾਹਲ ਦੀ 'ਆਫੀਆ ਸਦੀਕੀ ਦਾ ਜਹਾਦ' ਅਤੇ ਤੁਹਾਡਾ 'ਕਮਲਿਆਂ ਦਾ ਟੱਬਰ' ਕਿਸੇ ਨੂੰ ਭੁੱਲਣ ਵਾਲਾ ਨਹੀਂ। ਪ੍ਰੋ. ਹਰਪਾਲ ਸਿੰਘ ਪੰਨੂ ਦਾ ਤਾਂ ਆਪਣਾ ਹੀ ਇਕ ਪ੍ਰਭਾਵ ਮੰਡਲ ਹੈ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਇੰਨੇ ਵਧੀਆ ਅਖਬਾਰ ਦੇ ਦਫਤਰ ਵਿਚ ਕਦੀ ਕੋਈ ਸਿਆਸਤਦਾਨ, ਕੋਈ ਵੱਡੀ ਸ਼ਖਸੀਅਤ ਜਾਂ ਕੋਈ ਸੰਤ-ਮਹਾਂਪੁਰਖ ਕਿਉਂ ਨਹੀਂ ਪਹੁੰਚਦਾ? ਜੇ ਪਹੁੰਚਦਾ ਹੈ ਤਾਂ ਪਾਠਕਾਂ ਨੂੰ ਇਸ ਬਾਰੇ ਪਤਾ ਕਿਉਂ ਨਹੀਂ ਲੱਗਦਾ। ਮੈਂ ਵੀ ਕਮਿੱਕਰ ਸਿੰਘ ਨਾਲ ਸਹਿਮਤ ਹਾਂ ਕਿ ਤੁਹਾਨੂੰ ਇਸ ਗੱਲ 'ਤੇ ਚਾਨਣਾ ਜ਼ਰੂਰ ਪਾਉਣਾ ਚਾਹੀਦਾ ਹੈ।

ਇਕ ਨਿਮਾਣਾ ਜਿਹਾ ਪਾਠਕ,

*-ਭੁਪਿੰਦਰ ਪੰਧੇਰ, ਫਰਿਜ਼ਨੋ*

---

### ਬੰਦਾ ਸਿੰਘ ਬਹਾਦਰ ਲੇਖ ਲੜੀ ਬਾਰੇ

'ਪੰਜਾਬ ਟਾਈਮਜ਼' ਵਿਚ ਬੰਦਾ ਸਿੰਘ ਬਹਾਦਰ ਬਾਰੇ ਛਪ ਰਹੀ ਲੜੀ ਸਬੰਧੀ ਸੰਪਾਦਕੀ ਨੋਟ ਪੜ੍ਹ ਕੇ ਬਹੁਤ ਹੈਰਾਨੀ ਹੋਈ ਕਿ ਕੋਈ ਆਪਣੇ ਸੀਮਤ ਗਿਆਨ ਅਤੇ ਅਲਪ ਬੁਧੀ ਕਾਰਨ ਇਸ ਤਰ੍ਹਾਂ ਅਖਬਾਰ ਚੁਕ ਕੇ ਸੁਟ ਸਕਦਾ ਹੈ। ਮੈਂ ਤਾਂ ਸਮਝਦਾ ਹਾਂ ਕਿ ਸਭ ਨੂੰ ਆਪ ਜੀ ਅਤੇ ਲੇਖਕ ਹਰਪਾਲ ਸਿੰਘ ਦੇ ਧੰਨਵਾਦੀ ਹੋਣਾ ਚਾਹੀਦਾ ਹੈ ਜੋ ਇੰਨੀ ਮਿਹਨਤ ਅਤੇ ਤਰੱਦਦ ਨਾਲ ਇਸ ਤਰ੍ਹਾਂ ਦੀ ਸੂਚਨਾ ਲੋਕਾਂ ਤੱਕ ਪੁੱਜਦੀ ਕਰ ਰਹੇ ਹੋ। ਕਈ ਤੱਥ ਅਜਿਹੇ ਹਨ ਜੋ ਮੈਂ ਖੁਦ ਪਹਿਲੀ ਵਾਰ ਇਸ ਲੇਖ ਲੜੀ ਵਿਚ ਪੜ੍ਹੇ ਹਨ। ਕਈ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਉਸ ਦ੍ਰਿਸ਼ਟੀਕੋਣ ਤੋਂ ਕਦੀ ਸੋਚਿਆ ਹੀ ਨਹੀਂ ਸੀ ਜਿਸ ਤਰ੍ਹਾਂ ਲੇਖਕ ਨੇ ਹੁਣ ਸਾਨੂੰ ਦੱਸਿਆ ਹੈ। ਅਸੀਂ ਤਾਂ ਉਸ ਸਭ ਕਾਸੇ ਉਤੇ ਯਕੀਨ ਕਰੀ ਜਾਂਦੇ ਸਾਂ ਜੋ ਸਾਨੂੰ ਮੁੱਢ ਤੋਂ ਪੜ੍ਹਾਇਆ ਜਾਂ ਸੁਣਾਇਆ ਜਾਂਦਾ ਰਿਹਾ। ਇਸ ਲੇਖ ਲੜੀ ਨੇ ਇਨ੍ਹਾਂ ਰਵਾਇਤੀ ਗੱਲਾਂ ਉਤੇ ਸਵਾਲ ਲਾ ਦਿੱਤੇ ਹਨ ਅਤੇ ਬੰਦਾ ਸਿੰਘ ਬਹਾਦਰ ਦੀ ਸ਼ਖਸੀਅਤ ਨੂੰ ਨਿਖਾਰ ਕੇ ਪੇਸ਼ ਕੀਤਾ ਹੈ। ਨਾਲ ਹੀ ਇਹ ਵੀ ਦੱਸਿਆ ਗਿਆ ਹੈ ਕਿ ਕੁਝ ਲੋਕਾਂ ਵੱਲੋਂ ਇਸ ਸੂਰਮੇ ਬਾਰੇ ਭੁਲੇਖੇ ਕਿਉਂ ਪਾਏ ਗਏ। ਮੈਨੂੰ ਜਾਪਦਾ ਹੈ ਕਿ 'ਪੰਜਾਬ ਟਾਈਮਜ਼' ਇਸੇ ਕਰ ਕੇ ਦੂਜੇ ਪਰਚਿਆਂ ਨਾਲੋਂ ਵੱਖਰਾ ਹੈ। ਇਸ ਦੇ ਲਈ ਤੁਸੀਂ ਅਤੇ ਤੁਹਾਡੇ ਸਾਥੀ, ਬਿਨਾਂ ਸ਼ੱਕ ਵਧਾਈ ਦੇ ਹੱਕਦਾਰ ਹੋ। ਤੁਸੀਂ ਅਜਿਹੀਆਂ ਨਿੱਗਰ ਰਚਨਾਵਾਂ ਛਾਪਦੇ ਹੀ ਨਹੀਂ, ਉਸ ਉਤੇ ਪਹਿਰਾ ਵੀ ਦਿੰਦੇ ਹੋ।

*-ਹਰਦੀਪ ਸਿੰਘ, ਨਿਊ ਯਾਰਕ*

# ਚਾਂਦੀ ਦੀ ਤਸ਼ਤਰੀ ਵਿਚ ਸੁੱਚੇ ਮੋਤੀ!

ਗੁਰਬਚਨ ਸਿੰਘ ਭੁੱਲਰ
ਫ਼ੋਨ: 011-65736868

ਮਨੁੱਖ ਦੇ ਜੀਵਨ ਉਤੇ ਬਚਪਨ ਤੋਂ ਹੀ ਆਲੇ-ਦੁਆਲੇ ਦਾ, ਖਾਸ ਕਰਕੇ ਉਨ੍ਹਾਂ ਲੋਕਾਂ ਦਾ ਪ੍ਰਭਾਵ ਪੈਣ ਲੱਗ ਜਾਂਦਾ ਹੈ ਜਿਨ੍ਹਾਂ ਨਾਲ ਉਹਦਾ ਵਾਹ ਪੈਂਦਾ ਹੈ। ਪ੍ਰਭਾਵ ਕਬੂਲਣ ਦਾ ਇਹ ਅਮਲ ਪੂਰਾ ਜੀਵਨ ਬਣਿਆ ਰਹਿੰਦਾ ਹੈ। ਕੁਦਰਤੀ ਹੈ, ਚੰਗੇ ਲੋਕਾਂ ਦਾ ਚੰਗਾ ਪ੍ਰਭਾਵ ਪੈਂਦਾ ਹੈ, ਮਾੜੇ ਲੋਕਾਂ ਦਾ ਮਾੜਾ। ਜਿਨ੍ਹਾਂ ਵੇਲਿਆਂ ਦੀ ਮੈਂ ਗੱਲ ਕਰਨ ਲੱਗਿਆ ਹਾਂ, ਲੋਕ ਬਹੁਤ ਭੋਲੇ ਅਤੇ ਛਲ-ਵਲ ਤੋਂ ਮੁਕਤ ਹੁੰਦੇ ਸਨ। ਉਨ੍ਹਾਂ ਨੇ ਅਨਪੜ੍ਹ ਹੋਣ ਕਰਕੇ ਪੋਥੀਆਂ-ਪੁਸਤਕਾਂ ਭਾਵੇਂ ਨਾ ਪੜ੍ਹੀਆਂ ਹੋਣ ਪਰ ਜੀਵਨ ਦੀ ਪੁਸਤਕ ਪੜ੍ਹ ਕੇ ਉਹ ਆਪਣੀ ਕਿਸਮ ਦੇ ਗਿਆਨੀ ਬਣ ਜਾਂਦੇ ਸਨ। ਆਪਣੇ ਮਾਹੌਲ, ਪਰੰਪਰਾ ਅਤੇ ਪਰਿਵਾਰ ਵਿਚੋਂ ਮਿੱਠਤ, ਸੱਚਾਈ ਅਤੇ ਈਮਾਨਦਾਰੀ ਜਿਹੇ ਗੁਣ ਉਹ ਸੁਤੇ-ਸਿਧ ਹੀ ਸਿੱਖ ਜਾਂਦੇ ਸਨ ਕਿਉਂਕਿ ਸਮਾਜ ਵਿਚ ਉਦੋਂ ਅਜਿਹੇ ਗੁਣਾਂ ਦੀ ਹੀ ਸਰਦਾਰੀ ਹੁੰਦੀ ਸੀ।

ਸਾਡੇ ਘਰ ਦੀ ਇਕ ਪਾਸੇ ਦੀ ਕੰਧ ਮੇਰੇ ਸਕੇ ਚਾਚਾ ਜੀ ਨਾਲ ਸਾਂਝੀ ਸੀ ਅਤੇ ਦੂਜੇ ਪਾਸੇ ਗੁਰਦਿੱਤੇ ਬੁੜ੍ਹੇ ਦਾ ਘਰ ਲਗਦਾ ਸੀ। ਉਹ ਵੈਰਾਗੀ ਸਾਧ ਵਜੋਂ ਜਾਣੇ ਜਾਂਦੇ ਸਨ। ਕਿਸੇ ਵੇਲੇ ਉਨ੍ਹਾਂ ਦੇ ਵੱਡ-ਵਡੇਰੇ ਜ਼ਰੂਰ ਵੈਰਾਗੀ ਸਾਧ ਰਹੇ ਹੋਣਗੇ ਪਰ ਮੇਰੇ ਦੇਖਣ ਵੇਲੇ ਹਾਲਤ ਪੂਰੀ ਤਰ੍ਹਾਂ ਵੱਖਰੀ ਬਣ ਚੁੱਕੀ ਸੀ। ਉਨ੍ਹਾਂ ਦਾ ਪਹਿਰਾਵਾ ਕਿਸੇ ਗੇਰੂਏ-ਭਗਵੇਂ ਦੀ ਥਾਂ ਬਿਲਕੁਲ ਸਾਡੇ ਵਾਲਾ ਸੀ। ਉਹ ਆਮ ਕਿਸਾਨਾਂ ਵਰਗੇ ਕੱਪੜੇ ਪਾਉਂਦੇ ਸਨ, ਪੱਗਾਂ ਬੰਨ੍ਹਦੇ ਸਨ ਅਤੇ ਦਾੜ੍ਹੀ-ਕੇਸ ਰਖਦੇ ਸਨ। ਜਦੋਂ ਕਦੇ ਅਸੀਂ ਖੇਡਦੇ ਹੋਏ ਬਾਬੇ ਗੁਰਦਿੱਤੇ ਦੇ, ਸਾਡੇ ਹਾਣੀ, ਪੋਤਿਆਂ ਨਾਲ ਉਨ੍ਹਾਂ ਦੇ ਘਰ ਚਲੇ ਜਾਂਦੇ, ਸਾਨੂੰ ਇਕ ਵੀ ਚੀਜ਼ ਅਜਿਹੀ ਨਹੀਂ ਸੀ ਦਿਸਦੀ ਜੋ ਸਾਡੇ ਘਰਾਂ ਤੋਂ ਵੱਖਰੇ ਤੌਰ ਉਤੇ ਸਾਧਾਂ ਵਾਲੀ ਹੋਵੇ।

ਪਿੰਡ ਦੇ ਆਮ ਜੱਟ ਕਿਸਾਨਾਂ ਨਾਲੋਂ ਉਨ੍ਹਾਂ ਦਾ ਜੇ ਕੋਈ ਫਰਕ ਬਾਕੀ ਸੀ, ਉਹ ਸਾਡੀਆਂ ਅੱਖਾਂ ਸਾਹਮਣੇ ਖਤਮ ਹੋ ਗਿਆ ਸੀ। ਇਹ ਫਰਕ ਕਿਸੇ ਦਬਾਅ ਕਾਰਨ ਨਹੀਂ ਸੀ ਮਿਟਿਆ ਸਗੋਂ ਆਲੇ-ਦੁਆਲੇ ਦੀ ਰੀਸ ਨਾਲ ਸਹਿਜ-ਸੁਭਾਅ ਹੀ ਮਿਟ ਗਿਆ ਸੀ। ਇਹ ਸੀ ਨਾਂਵਾਂ ਦਾ ਫਰਕ। ਘਰ ਦੇ ਵਡੇਰੇ ਦਾ ਨਾਂ ਗੁਰਦਿੱਤਾ ਰਾਮ ਸੀ। ਉਹਨੂੰ ਅਸੀਂ ਬਾਬਾ ਆਖਦੇ। ਸਾਥੋਂ ਵਡੇਰੀ ਉਮਰ ਦੇ ਲੋਕ ਉਹਨੂੰ ਗੁਰਦਿੱਤਾ ਬੁੜ੍ਹਾ ਆਖਦੇ। ਉਹਦੀ ਘਰਵਾਲੀ, ਸਾਡੀ ਅੰਬੋ, ਨੂੰ ਸਭ ਪਰਸੀ ਬੁੜ੍ਹੀ ਆਖਦੇ। ਉਨ੍ਹਾਂ ਦੇ ਇਕਲੌਤੇ ਪੁੱਤਰ, ਜਿਸ ਨੂੰ ਅਸੀਂ ਚਾਚਾ ਕਹਿੰਦੇ ਸੀ, ਦਾ ਨਾਂ ਚੇਤ ਰਾਮ ਸੀ। ਉਹਦੀ ਘਰਵਾਲੀ, ਸਾਡੀ ਚਾਚੀ ਦਾ ਨਾਂ ਭਗਵਾਨ ਕੌਰ ਸੀ। ਉਨ੍ਹਾਂ ਦੇ ਪੁੱਤਰਾਂ, ਸਾਡੇ ਹਾਣੀਆਂ-ਬੇਲੀਆਂ ਦੇ ਨਾਂ ਪ੍ਰੀਤਮ ਸਿੰਘ ਅਤੇ ਕਰਨੈਲ ਸਿੰਘ ਹੋ ਗਏ ਸਨ। ਰਹਿਣੀ-ਬਹਿਣੀ ਵਿਚ ਸਾਰਾ ਟੱਬਰ ਪੂਰਾ ਜੱਟ ਸੀ।

ਕਿੱਤਾ ਵੀ ਉਨ੍ਹਾਂ ਦਾ ਖੇਤੀਬਾੜੀ ਸੀ। ਉਨ੍ਹਾਂ ਕੋਲ ਆਪਣੀ ਜ਼ਮੀਨ ਤਾਂ ਹੈ ਹੀ ਸੀ, ਕੁਛ ਜ਼ਮੀਨ ਉਹ ਹੋਰ ਅਜਿਹੇ ਲੋਕਾਂ ਤੋਂ ਅੱਧੋ-ਅੱਧ ਉਤੇ ਲੈ ਲੈਂਦੇ ਜੋ ਜ਼ਮੀਨ ਦੇ ਮਾਲਕ ਤਾਂ ਹੁੰਦੇ ਸਨ ਪਰ ਕਿਸੇ ਕਾਰਨ ਖੇਤੀ ਨਹੀਂ ਸਨ ਕਰਦੇ। ਅੱਧੋ-ਅੱਧ ਦਾ ਮਤਲਬ ਇਹ ਹੁੰਦਾ ਸੀ ਕਿ ਉਸ ਜ਼ਮੀਨ ਵਿਚੋਂ ਜਿੰਨੀ ਪੈਦਾਵਾਰ ਹੁੰਦੀ, ਉਹਦਾ ਅੱਧਾ ਹਿੱਸਾ ਜ਼ਮੀਨ ਦੇ ਮਾਲਕ ਦਾ ਹੁੰਦਾ ਅਤੇ ਅੱਧਾ ਹਿੱਸਾ ਉਸ ਜ਼ਮੀਨ ਉਤੇ ਖੇਤੀ ਕਰਨ ਵਾਲਾ ਕਿਸਾਨ ਰੱਖ ਲੈਂਦਾ। ਮੇਰੇ ਪਿਤਾ ਜੀ ਫੌਜ ਵਿਚ ਸਨ ਅਤੇ ਅਸੀਂ ਤਿੰਨੇ ਭਾਈ ਪੜ੍ਹਨ ਦੇ ਰਾਹ ਪੈ ਗਏ ਸਾਂ। ਇਸ ਕਰਕੇ ਸਾਡਾ ਪਰਿਵਾਰ ਖੇਤੀ ਨਹੀਂ ਸੀ ਕਰਦਾ। ਕਈ ਸਾਲ ਸਾਡੀ ਕੁਛ ਜ਼ਮੀਨ ਸਾਡੇ ਇਨ੍ਹਾਂ ਗੁਆਂਢੀਆਂ ਦੀ ਵਾਹੀ ਹੇਠ ਰਹੀ।

1953 ਦੀ ਗੱਲ ਹੈ। ਅਪਰੈਲ ਦਾ ਮਹੀਨਾ ਸੀ। ਮੈਂ ਕਾਲਜ ਦਾ ਐਫ. ਐਸ ਸੀ. ਦਾ ਇਮਤਿਹਾਨ ਦੇ ਕੇ ਮੋਗੇ ਤੋਂ ਪਿੰਡ ਆਇਆ ਹੋਇਆ ਸੀ। ਇਕ ਸ਼ਾਮ ਜਦੋਂ ਖਾਸਾ ਹਨੇਰਾ ਹੋ ਚੱਲਿਆ ਸੀ, ਬਾਹਰੋਂ ਆਵਾਜ਼ ਆਈ, "ਓ ਭਾਈ, ਕੋਈ ਹੈ?" ਬਿਜਲੀ ਅਜੇ ਸਾਡੇ ਪਿੰਡ ਆਈ ਨਹੀਂ ਸੀ। ਇਕ ਲਾਲਟੈਣ ਸੀ ਜੋ ਅੰਦਰ ਜਗ ਰਹੀ ਸੀ। ਮੈਂ ਜਾ ਕੇ ਕੁੰਡੀ ਖੋਲ੍ਹੀ ਤਾਂ ਚੰਦ ਦੇ ਘੁਸਮੁਸੇ ਚਾਨਣ ਵਿਚ ਬਾਬਾ ਗੁਰਦਿੱਤਾ ਖੜ੍ਹਾ ਸੀ। ਉਹਨੇ ਹੱਥ ਵਿਚ ਕੋਈ ਭਾਂਡਾ ਜਿਹਾ ਚੁੱਕਿਆ ਹੋਇਆ ਸੀ।

ਮੈਂ ਕਿਹਾ, "ਆਉ, ਬਾਬਾ ਜੀ ਅੰਦਰ ਲੰਘ ਆਉ, ਐਸ ਵੇਲੇ ਕਿਵੇਂ ਆਉਣਾ ਹੋਇਆ?"

ਉਹ ਬੋਲਿਆ, "ਨਹੀਂ ਕਾਕਾ ਮੈਂ ਅੰਦਰ ਨਹੀਂ ਆਉਣਾ। ਹੁਣੇ ਖੇਤੋਂ ਆਇਆ ਸੀ। ਅਜੇ ਨ੍ਹਾ ਕੇ ਰੋਟੀ ਵੀ ਖਾਣੀ ਹੈ। ਅੱਜ ਦਿਨੇ ਮੈਂ ਵਿਹਲਾ ਬੈਠਾ ਸੀ। ਪਿੜ ਵਿਚ ਜਿਥੇ ਥੋਡੇ ਵਾਲੀ ਕਣਕ ਕੱਢੀ ਸੀ, ਮੈਨੂੰ ਕੋਈ ਕੋਈ ਦਾਣਾ ਪਿਆ ਦਿੱਸਿਆ। ਮੈਂ ਚੁਗਣ ਲੱਗ ਪਿਆ। ਕੋਈ ਚਾਰ ਲੱਪਾਂ ਦਾਣੇ ਹੋ ਗਏ।" ਉਹਦੇ ਬੋਲ ਵਿਚ ਮਿਹਨਤ ਦੇ ਫਲ ਦੀ ਖੁਸ਼ੀ ਸੀ। ਉਹਨੇ ਹੱਥ ਵਾਲੀ ਛੋਟੀ ਜਿਹੀ ਬਾਟੀ ਅੱਗੇ ਕੀਤੀ, "ਐਹ ਲੈ, ਬਚੜਿਆ, ਆਬਦੇ ਹਿੱਸੇ ਦੇ ਅੱਧੇ, ਦੋ ਲੱਪਾਂ ਦਾਣੇ!"

ਅੱਜ ਜਦੋਂ ਸਾਡੇ ਸਮਾਜ ਵਿਚ ਥੁੜੀ ਹੋਈ ਵਸਤੂ ਬਣ ਚੁੱਕੀ ਈਮਾਨਦਾਰੀ ਬਾਰੇ ਸੋਚਦਾ ਹਾਂ, ਇਹ ਘਟਨਾ ਅਕਸਰ ਚੇਤੇ ਆਉਂਦੀ ਹੈ। ਮਹਿਸੂਸ ਹੁੰਦਾ ਹੈ, ਬਾਬੇ ਗੁਰਦਿੱਤੇ ਨੇ ਜੋ ਮੈਨੂੰ ਫੜਾਏ ਸਨ, ਉਹ ਪਿੱਤਲ ਦੀ ਬਾਟੀ ਵਿਚ ਕਣਕ ਦੇ ਦਾਣੇ ਨਹੀਂ ਸਨ, ਇਕ ਨਿਰਮਲ-ਚਿੱਤ ਇਨਸਾਨ ਦੇ ਚਾਂਦੀ ਦੀ ਤਸ਼ਤਰੀ ਵਿਚ ਦਿੱਤੇ ਅਸ਼ੀਰਵਾਦੀ ਸੁੱਚੇ ਮੋਤੀ ਸਨ ਜਿਨ੍ਹਾਂ ਨੇ ਮੈਨੂੰ ਈਮਾਨਦਾਰੀ ਦੇ ਅਰਥ ਉਮਰ-ਭਰ ਵਾਸਤੇ ਸਮਝਾ ਦਿੱਤੇ!

ਮੈਂ ਨਹੀਂ ਜਾਣਦਾ, ਬਾਬੇ ਗੁਰਦਿੱਤੇ ਨੂੰ ਖੇਤੀ ਅਤੇ ਕਬੀਲਦਾਰੀ ਦੇ ਖਲਜਗਣ ਨੇ ਕਦੀ ਬਾਣੀ ਸੁਣਨ-ਜਾਣਨ ਦਾ ਮੌਕਾ ਦਿੱਤਾ ਹੋਵੇ, ਪਰ ਏਨਾ ਜ਼ਰੂਰ ਜਾਣਦਾ ਹਾਂ ਕਿ ਬਾਬੇ ਨਾਨਕ ਦਾ ਉਪਦੇਸ਼ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ" ਜ਼ਰੂਰ ਉਹਦੇ ਮਨ ਵਿਚ ਵਸਿਆ ਹੋਇਆ ਸੀ। ਇਹ ਪਰਾਇਆ ਹੱਕ ਭਾਵੇਂ ਕਣਕ ਦੇ ਕੁੱਝ ਦੋ ਲੱਪਾਂ ਦਾਣੇ ਹੀ ਕਿਉਂ ਨਾ ਹੋਣ!

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵਲੋਂ ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਦਾ ਸਨਮਾਨ

**ਸਿਨਸਿਨੈਟੀ, ਓਹਾਇਓ:** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ, ਡੇਅਟਨ, ਲੀਮਾ, ਕੋਲੰਬਸ (ਓਹਾਇਓ) ਵਲੋਂ ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਡੀ ਆਈ ਜੀ, ਪੰਜਾਬ ਪੁਲਿਸ ਅੰਮ੍ਰਿਤਸਰ ਦਾ ਪਿਛਲੇ ਦਿਨੀਂ ਇਥੇ ਪਹੁੰਚਣ 'ਤੇ ਮਾਣ ਸਨਮਾਨ ਕੀਤਾ ਗਿਆ। ਉਹ ਇਨ੍ਹੀਂ ਦਿਨੀਂ ਆਪਣੇ ਮਿੱਤਰ ਦਰਸ਼ਨ ਸਿੰਘ ਦਰੜ ਦੇ ਸੱਦੇ 'ਤੇ ਅਮਰੀਕਾ ਦੌਰੇ 'ਤੇ ਆਏ ਹੋਏ ਹਨ।

ਇਹ ਸਨਮਾਨ ਸਮਾਗਮ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਹਰਵਿੰਦਰ ਸਿੰਘ ਵਾਲੀਆ ਦੇ ਉਚੇਚੇ ਉਦਮ ਨਾਲ ਹੋਟਲ ਕੰਫਰਟ ਇੰਨ ਵਿਚ ਕੀਤਾ ਗਿਆ। ਇਸ ਸਨਮਾਨ ਸਮਾਗਮ ਵਿਚ ਸੁਸਾਇਟੀ ਦੇ ਹੋਰ ਮੈਂਬਰ ਸੁਰਜੀਤ ਸਿੰਘ ਮਾਵੀ, ਜਸਵੰਤ ਸਿੰਘ ਜੱਸੀ, ਸੁਰਿੰਦਰ ਸਿੰਘ ਚੀਮਾ, ਜਸਦੇਵ ਸਿੰਘ ਗਿੱਲ, ਬਲਜੀਤ ਸਿੰਘ, ਪਰਮਿੰਦਰ ਸਿੰਘ ਤੱਖਰ, ਗੁਰਮਿੰਦਰ ਸਿੰਘ ਸੰਧੂ, ਸੁਸ਼ੀਲ ਅਗਰਵਾਲ, ਕੁਮਾਰ ਪਵਨਦੀਪ, ਬਲਬੀਰ ਸਿੰਘ ਬਾਠ, ਚਰਨਜੀਤ ਬਰਾੜ, ਪਰਮਜੀਤ ਸਿੰਘ ਗਰਚਾ, ਗੁਰਪ੍ਰੀਤ ਸਿੰਘ ਬਾਠ ਕੈਨੇਡਾ ਅਤੇ ਪਵਿੱਤਰ ਸਿੰਘ ਸਿੱਧੂ ਮੌਜੂਦ ਸਨ। ਇਸ ਤੋਂ ਇਲਾਵਾ ਇੰਡੀਅਨਐਪੋਲਿਸ ਤੋਂ ਦਰਸ਼ਨ ਸਿੰਘ ਦਰੜ, ਤੀਰਥ ਸਿੰਘ ਅਟਵਾਲ, ਅਮਰਜੀਤ ਸਿੰਘ ਜਿੰਮੀ ਬਰਾੜ, ਅਵਤਾਰ ਸਿੰਘ ਸਪਰਿੰਗਫੀਲਡ, ਸੁਖਮਿੰਦਰ ਸਿੰਘ (ਬਿੱਲੂ) ਪੰਧੇਰ, ਅਮਰਜੀਤ ਅਗਰਵਾਲ, ਮੱਖਣ ਸਿੰਘ ਬਦੇਸ਼ਾ, ਮਨਜੀਤ ਸਿੰਘ ਬਿੱਟੂ, ਹਰਦੇਵ ਸਿੰਘ ਬੱਬੂ, ਗੁਰਮੀਤ ਸਿੰਘ ਯੂ ਕੇ ਤੇ ਬਲਵਿੰਦਰ ਸਿੰਘ ਕੈਨੇਡਾ ਹਾਜ਼ਰ ਸਨ।











## ਭਾਰਤੀ ਸਿਆਸਤਦਾਨਾਂ ਦੀ ਜਾਇਦਾਦ ਵਿਚ 1000 ਫ਼ੀਸਦੀ ਵਾਧਾ

**ਨਵੀਂ ਦਿੱਲੀ:** ਦੇਸ਼ ਵਿਚ ਗ਼ਰੀਬਾਂ ਦੀ ਗਿਣਤੀ ਘਟਣ ਦੇ ਰੌਲੇ-ਰੱਪੇ ਦੌਰਾਨ ਸਿਆਸਤਦਾਨਾਂ ਦੀਆਂ ਤਿਜੋਰੀਆਂ ਨੱਕੋ-ਨੱਕ ਭਰ ਜਾਣ ਦੇ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰੀਫ਼ਾਰਮਜ਼ ਤੇ ਨੈਸ਼ਨਲ ਇਲੈਕਸ਼ਨ ਵਾਚ ਨੇ ਅਪਣੇ ਵਿਸ਼ਲੇਸ਼ਣ ਵਿਚ ਪਾਇਆ ਕਿ ਪਿਛਲੇ ਦਹਾਕੇ ਦੌਰਾਨ ਚੋਣਾਂ ਜਿੱਤਣ ਵਾਲੇ ਸੰਸਦ ਮੈਂਬਰਾਂ ਤੇ ਵੱਖ-ਵੱਖ ਸੂਬਿਆਂ ਦੇ ਵਿਧਾਇਕਾਂ ਸਣੇ ਉਨ੍ਹਾਂ ਉਮੀਦਵਾਰਾਂ ਦੀ ਜਾਇਦਾਦ ਵਿਚ ਹੈਰਾਨੀਜਨਕ ਤੌਰ 'ਤੇ 1000 ਫ਼ੀਸਦੀ ਤਕ ਦਾ ਵਾਧਾ ਹੋਇਆ ਹੈ ਜਿਨ੍ਹਾਂ ਨੇ ਇਕ ਤੋਂ ਜ਼ਿਆਦਾ ਵਾਰ ਚੋਣ ਲੜੀ।

ਵਿਸ਼ਲੇਸ਼ਣ ਮੁਤਾਬਕ 317 ਉਮੀਦਵਾਰਾਂ ਦੀ ਜਾਇਦਾਦ 1000 ਫ਼ੀਸਦੀ ਤੋਂ ਜ਼ਿਆਦਾ ਵਧੀ। 2004 ਤੋਂ 2013 ਦਰਮਿਆਨ 62,847 ਉਮੀਦਵਾਰਾਂ ਨੇ ਲੋਕ ਸਭਾ ਜਾਂ ਵਿਧਾਨ ਸਭਾ ਚੋਣਾਂ ਲੜੀਆਂ ਤੇ ਇਨ੍ਹਾਂ ਵਿਚੋਂ 4181 ਉਮੀਦਵਾਰ ਮੁੜ ਚੋਣ ਮੈਦਾਨ ਵਿਚ ਨਿੱਤਰੇ। ਮੁੜ ਚੋਣ ਲੜਨ ਵਾਲੇ 1615 ਉਮੀਦਵਾਰਾਂ ਦੀ ਜਾਇਦਾਦ ਵਿਚ 200% ਦਾ ਵਾਧਾ ਹੋਇਆ ਜਦਕਿ 684 ਉਮੀਦਵਾਰਾਂ ਦੀ ਜਾਇਦਾਦ 500 ਫ਼ੀਸਦੀ ਤੋਂ ਵੱਧ ਦਰ ਨਾਲ ਵਧੀ।

ਇਸੇ ਤਰ੍ਹਾਂ 420 ਉਮੀਦਵਾਰਾਂ ਦੀ ਜਾਇਦਾਦ ਵਿਚ 800 ਫ਼ੀਸਦੀ ਤੋਂ ਜ਼ਿਆਦਾ ਵਾਧਾ ਦਰਜ ਕੀਤਾ ਗਿਆ। ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰੀਫ਼ਾਰਮਜ਼ ਤੇ ਨੈਸ਼ਨਲ ਇਲੈਕਸ਼ਨ ਵਾਚ ਦੇ ਬਾਨੀ ਤੇ ਆਈ.ਆਈ.ਐਮ. ਬੰਗਲੌਰ ਵਿਚ ਪ੍ਰੋਫ਼ੈਸਰ ਤਰਲੋਚਨ ਸ਼ਾਸਤਰੀ ਨੇ ਦੱਸਿਆ ਕਿ ਇਹ ਹੈਰਾਨੀਜਨਕ ਅੰਕੜੇ ਦੇਸ਼ ਵਿਚਲੇ ਰੁਝਾਨ ਨੂੰ ਦਰਸਾਉਂਦੇ ਹਨ। ਸੰਸਥਾ ਦੇ ਇਕ ਹੋਰ ਬਾਨੀ ਮੈਂਬਰ ਜਗਦੀਪ ਛੋਕਰ ਨੇ ਕਿਹਾ ਜਦੋਂ ਆਮਦਨ ਕਰ ਵਿਭਾਗ ਕੋਲ ਆਰ.ਟੀ.ਆਈ. ਅਰਜ਼ੀ ਦਾਖ਼ਲ ਕਰ ਕੇ ਸਿਆਸਤਦਾਨਾਂ ਦੀ ਜਾਇਦਾਦ ਵਿਚ ਅਥਾਹ ਵਾਧੇ ਦੇ ਕਾਰਨਾਂ ਬਾਰੇ ਪੁੱਛਿਆ ਤਾਂ ਵਿਭਾਗ ਨੇ ਇਹ ਕਹਿ ਕੇ ਕੰਮ ਸਾਰ ਦਿੱਤਾ ਕਿ ਤੈਅ ਪ੍ਰਕਿਰਿਆ ਅਨੁਸਾਰ ਉਨ੍ਹਾਂ ਵੱਲੋਂ ਕੋਈ ਢਿੱਲ ਨਹੀਂ ਛੱਡੀ ਗਈ।

ਗ਼ੈਰ ਸਰਕਾਰੀ ਜਥੇਬੰਦੀ ਨੇ 8790 ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਰੀਕਾਰਡ ਦਾ ਵਿਸ਼ਲੇਸ਼ਣ ਕੀਤਾ ਜਿਸ ਪਿੱਛੋਂ ਸਾਹਮਣੇ ਆਇਆ ਕਿ ਲੋਕ ਸਭਾ ਦੇ 543 ਮੈਂਬਰਾਂ ਵਿਚੋਂ 162 (30 ਫ਼ੀਸਦੀ) ਅਪਰਾਧਕ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ ਜਦਕਿ 76 ਲੋਕ ਸਭਾ ਮੈਂਬਰਾਂ ਵਿਰੁੱਧ ਗੰਭੀਰ ਅਪਰਾਧਾਂ ਦੇ ਮੁਕਦਮੇ ਚੱਲ ਰਹੇ ਹਨ। ਰਾਜ ਸਭਾ ਦੇ 232 ਵਿਚੋਂ 40 ਸੰਸਦ ਮੈਂਬਰਾਂ ਨੇ ਆਪਣੇ ਵਿਰੁੱਧ ਅਪਰਾਧਕ ਮੁਕੱਦਮੇ ਚੱਲ ਰਹੇ ਹੋਣ ਦੀ ਗੱਲ ਮੰਨੀ ਹੈ ਜਦਕਿ 4032 ਵਿਧਾਇਕਾਂ ਵਿਚੋਂ 1258 ਨੇ ਮੰਨਿਆ ਕਿ ਉਹ ਅਪਰਾਧਕ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ।

## ਯੂਨੀਵਰਸਿਟੀ ਆਫ ਨਾਰਦਰਨ ਵਰਜੀਨੀਆ ਬੰਦ

**ਵਾਸ਼ਿੰਗਟਨ:** ਵਰਜੀਨੀਆ ਸਰਕਾਰ ਨੇ ਯੂਨੀਵਰਸਿਟੀ ਆਫ ਨਾਰਦਰਨ ਵਰਜੀਨੀਆ ਨੂੰ ਤੁਰੰਤ ਬੰਦ ਕਰਨ ਦਾ ਹੁਕਮ ਦੇ ਕੇ ਭਾਰਤ ਸਣੇ ਹੋਰ ਕਈ ਮੁਲਕਾਂ ਦੇ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪਾ ਦਿੱਤਾ ਹੈ। ਇਸ ਯੂਨੀਵਰਸਿਟੀ ਵਿਚ ਦੋ ਹਜ਼ਾਰ ਦੇ ਕਰੀਬ ਵਿਦਿਆਰਥੀ ਹਨ ਤੇ ਬਹੁਗਿਣਤੀ ਭਾਰਤੀਆਂ ਦੀ ਹੈ।

## ਸੌ ਕਰੋੜ ਵਿਚ ਵਿਕਦੀ ਹੈ ਰਾਜ ਸਭਾ ਸੀਟ!

**ਚੰਡੀਗੜ੍ਹ:** ਕਾਂਗਰਸ ਦੇ ਇਕ ਰਾਜ ਸਭਾ ਮੈਂਬਰ ਨੇ ਦਾਅਵਾ ਕੀਤਾ ਹੈ ਕਿ ਰਾਜ ਸਭਾ ਵਿਚ ਉੱਪਰੀ ਸਦਨ ਦੀ ਸੀਟ 100 ਕਰੋੜ ਰੁਪਏ ਵਿਚ ਮਿਲ ਸਕਦੀ ਹੈ। ਉਨ੍ਹਾਂ ਦੇ ਇਸ ਦਾਅਵੇ ਤੋਂ ਬਾਅਦ ਵਿਵਾਦ ਖੜ੍ਹਾ ਹੋ ਗਿਆ ਹੈ। ਭਾਜਪਾ ਨੇ ਰਾਜਨੀਤੀ ਨੂੰ ਇਸ ਤਰ੍ਹਾਂ ਦੇ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਕੇਂਦਰ ਵਿਚ ਹੁਕਮਰਾਨ ਪਾਰਟੀ ਦੀ ਨਿਖੇਧੀ ਕੀਤੀ ਹੈ।

ਹਰਿਆਣਾ ਤੋਂ ਕਾਂਗਰਸ ਸੰਸਦ ਮੈਂਬਰ ਬੀਰੇਂਦਰ ਸਿੰਘ ਨੇ ਜੀਂਦ ਵਿਚ ਰੈਲੀ ਦੌਰਾਨ ਕਿਹਾ ਕਿ ਉਨ੍ਹਾਂ ਨਾਲ ਕਿਸੇ ਵਿਅਕਤੀ ਨੇ ਇਸ ਗੱਲ ਦਾ ਜ਼ਿਕਰ ਕੀਤਾ ਸੀ ਕਿ ਉਸ ਨੇ ਰਾਜ ਸਭਾ ਵਿਚ ਸੀਟ ਲੈਣ ਲਈ 100 ਕਰੋੜ ਦਾ ਬਜਟ ਰੱਖਿਆ ਸੀ ਪਰ ਜਦੋਂ ਉਸ ਨੇ ਕੁਲ ਖਰਚੇ ਦਾ ਜੋੜ ਕੀਤਾ ਤਾਂ ਇਹ 80 ਕਰੋੜ ਰੁਪਏ ਹੀ ਨਿਕਲਿਆ ਤੇ ਉਸ ਦੇ 20 ਕਰੋੜ ਰੁਪਏ ਬਚ ਗਏ। ਸੋਚੋ ਕਿ ਜਿਹੜੇ ਲੋਕ ਰਾਜ ਸਭਾ ਦੀ ਸੀਟ ਲਈ 100 ਕਰੋੜ ਜਾਂ 80 ਕਰੋੜ ਰੁਪਏ ਖਰਚ ਕਰ ਸਕਦੇ ਹਨ, ਉਹ ਗਰੀਬਾਂ ਬਾਰੇ ਕੀ ਸੋਚਣਗੇ।

ਆਲੋਚਨਾ ਤੋਂ ਬਾਅਦ ਬੀਰੇਂਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਕਹਿਣਾ ਸੀ ਕਿ ਨਵੀਂ ਰਾਜਨੀਤੀ ਦਾ ਇਹ ਰੁਝਾਨ ਹੈ। ਜ਼ਿਆਦਾ ਧਨਾਢ ਲੋਕ ਸੰਸਦ ਵਿਚ ਦਾਖਲ ਹੋ ਰਹੇ ਹਨ ਤੇ ਇਹ ਅੰਕੜੇ ਇਕ ਅਖ਼ਬਾਰ ਤੋਂ ਪ੍ਰਾਪਤ ਕੀਤੇ ਸਨ। ਉਨ੍ਹਾਂ ਕਿਹਾ ਕਿ 2009 ਵਿਚ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੇ ਬਾਅਦ ਅਖ਼ਬਾਰ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਸੀ ਕਿ 360 ਚੋਣ ਜਿੱਤਣ ਵਾਲੇ ਉਮੀਦਵਾਰਾਂ ਵਿਚ ਬਹੁਤ ਸਾਰੇ ਕਰੋੜਪਤੀ ਤੇ ਡੇਢ ਦਰਜਨ ਅਰਬਪਤੀ ਸਨ।

## ਹਰਿਮੰਦਰ ਸਾਹਿਬ ਦੁਆਲੇ 'ਨੋ ਵਹੀਕਲ ਜ਼ੋਨ' ਐਲਾਨੇ ਜਾਣ ਦਾ ਸੁਝਾਅ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਦੇ ਖੇਤਰ ਨੂੰ 'ਨੋ ਵਹੀਕਲ ਜ਼ੋਨ' ਐਲਾਨੇ ਜਾਣ ਦਾ ਸੁਝਾਅ ਪੇਸ਼ ਕੀਤਾ ਹੈ। ਇੰਨਾ ਹੀ ਨਹੀਂ ਪੂਰੇ ਅੰਦਰੂਨੀ ਤੇ ਪੁਰਾਤਨ ਅੰਮਿ੍ਤਸਰ ਸ਼ਹਿਰ ਦੀ ਹੱਦ ਅੰਦਰ ਵੱਡੇ ਵਾਹਨਾਂ ਦੇ ਦਾਖ਼ਲੇ 'ਤੇ ਵੀ ਰੋਕ ਲਾਉਣ ਲਈ ਕਿਹਾ ਗਿਆ ਹੈ। ਇਹ ਸੁਝਾਅ ਹਾਈ ਕੋਰਟ ਵਿਚ ਇਸ ਬਾਰੇ ਪਟੀਸ਼ਨ ਦੀ ਸੁਣਵਾਈ ਦੌਰਾਨ ਪੇਸ਼ ਕੀਤੇ ਗਏ ਜਿਸ ਵਿਚ ਖ਼ਦਸ਼ਾ ਜ਼ਾਹਰ ਕੀਤਾ ਗਿਆ ਹੈ ਕਿ ਵਧ ਰਹੇ ਪ੍ਰਦੂਸ਼ਣ ਦੇ ਮਾਰੂ ਪ੍ਰਭਾਵਾਂ ਨਾਲ ਕਿਤੇ ਸ੍ਰੀ ਦਰਬਾਰ ਸਾਹਿਬ ਦੀ ਚਮਕ ਹੀ ਨਾ ਫਿੱਕੀ ਪੈ ਜਾਵੇ।

ਇਸ ਦੇ ਜਵਾਬ ਵਿਚ ਸ਼੍ਰੋਮਣੀ ਕਮੇਟੀ ਨੇ ਕਿਹਾ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਲੱਕੜਾਂ ਦੀ ਵਰਤੋਂ ਘਟਾਉਣ ਲਈ ਐਲ.ਪੀ.ਜੀ. ਗੈਸ 'ਤੇ ਸਬਸਿਡੀ ਵਧਾਉਣ ਦੀ ਯੋਜਨਾ ਵੀ ਉਲੀਕੀ ਗਈ ਹੈ। ਸ਼੍ਰੋਮਣੀ ਕਮੇਟੀ ਨੇ ਇਥੇ ਡੀਜ਼ਲ, ਮਿੱਟੀ ਦੇ ਤੇਲ ਤੇ ਪੈਟਰੋਲ ਨਾਲ ਚੱਲਣ ਵਾਲੇ ਆਟੋ ਰਿਕਸ਼ਿਆਂ 'ਤੇ ਇਲਾਕੇ ਅੰਦਰ ਪੂਰੀ ਤਰ੍ਹਾਂ ਪਾਬੰਦੀ ਦੀ ਮੰਗ ਕਰਦਿਆਂ ਇਸ ਦੇ ਬਦਲ ਵਜੋਂ ਸੀ.ਐਨ.ਜੀ. ਤੇ ਬੈਟਰੀ ਵਾਲੇ ਰਿਕਸ਼ਿਆਂ ਦਾ ਸੁਝਾਅ ਵੀ ਪੇਸ਼ ਕੀਤਾ ਹੈ।

ਇਹ ਵੀ ਕਿਹਾ ਗਿਆ ਹੈ ਕਿ ਵਾਜ਼ਬ ਸਥਾਨ 'ਤੇ ਟਰੱਕਾਂ, ਬੱਸਾਂ, ਟੈਂਪੂਆਂ ਤੇ ਟਰੈਕਟਰਾਂ ਸਣੇ ਵੱਡੇ ਵਾਹਨਾਂ ਲਈ ਬਹੁਮੰਜ਼ਲੀ ਪਾਰਕਿੰਗ ਦਾ ਨਿਰਮਾਣ ਕੀਤਾ ਜਾਵੇ। ਅੰਮ੍ਰਿਤਸਰ ਖਾਸ ਕਰ ਸ੍ਰੀ ਦਰਬਾਰ ਸਾਹਿਬ 'ਤੇ ਪ੍ਰਦੂਸ਼ਣ ਦੇ ਖ਼ਤਰਨਾਕ ਪ੍ਰਭਾਵਾਂ ਦਾ ਅਦਾਲਤ ਨੇ ਕਰੀਬ ਦੋ ਸਾਲਾਂ ਤੋਂ ਸਵੈ ਨੋਟਿਸ ਲਿਆ ਹੋਇਆ ਹੈ। ਇਸ ਬਾਰੇ ਗੁਰਸੇਵਕ ਸਿੰਘ ਨਾਮੀ ਸਿੱਖ ਨੌਜਵਾਨ ਨੇ ਵੀ ਪ੍ਰਧਾਨ ਮੰਤਰੀ ਨੂੰ ਇਕ ਵਿਸਥਾਰਤ ਖ਼ਤ ਲਿਖ ਕੇ ਗੰਭੀਰ ਤੇ ਸੰਵੇਦਨਸ਼ੀਲ ਮੁੱਦੇ ਨੂੰ ਚੁੱਕਿਆ ਸੀ। ਹਾਈ ਕੋਰਟ ਦੇ ਜਸਟਿਸ ਰਣਜੀਤ ਸਿੰਘ ਨੇ ਇਸੇ ਖ਼ਤ ਦਾ ਖ਼ੁਦ ਨੋਟਿਸ ਲੈਂਦਿਆਂ ਇਸ ਮਾਮਲੇ ਨੂੰ ਸੁਣਵਾਈ ਅਧੀਨ ਲਿਆਂਦਾ। ਇਸ ਮਾਮਲੇ ਦੀ ਅਸਲੀ ਸੁਣਵਾਈ ਹੁਣ 10 ਸਤੰਬਰ ਨੂੰ ਤੈਅ ਕੀਤੀ ਹੈ।

## ਹਰਿਆਣਾ ਪੁਲਿਸ ਕਰੇਗੀ ਭਾਈ ਹਵਾਰਾ ਤੋਂ ਪੁੱਛਗਿੱਛ

**ਚੰਡੀਗੜ੍ਹ:** ਅੰਬਾਲਾ ਪੁਲਿਸ ਨੇ ਤਕਰੀਬਨ 18 ਸਾਲ ਪਹਿਲਾਂ ਦੇ ਇਕ ਮਾਮਲੇ ਵਿਚ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਭਾਈ ਜਗਤਾਰ



ਸਿੰਘ ਹਵਾਰਾ ਕੋਲੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੁੱਛਗਿੱਛ ਕਰਨ ਦੀ ਇਜਾਜ਼ਤ ਅਦਾਲਤ ਕੋਲੋਂ ਲੈ ਲਈ ਹੈ। ਇਸ ਦੀ ਲੋੜ ਦਿੱਲੀ ਪੁਲਿਸ ਵੱਲੋਂ ਸੁਰੱਖਿਆ ਕਾਰਨਾਂ ਕਰਕੇ ਭਾਈ ਹਵਾਰਾ ਨੂੰ ਅੰਬਾਲਾ ਵਿਚ ਪੇਸ਼ ਕਰਨ ਲਈ ਲਿਆਉਣ ਵਿਚ ਅਸਮਰਥਾ ਪ੍ਰਗਟਾਏ ਜਾਣ ਕਾਰਨ ਪਈ ਹੈ। ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਵਿਚ ਦੋਸ਼ੀ ਠਹਿਰਾਏ ਗਏ ਭਾਈ ਹਵਾਰਾ ਹਰਿਆਣਾ ਪੁਲਿਸ ਨੂੰ ਸਾਬਕਾ ਮੁੱਖ ਮੰਤਰੀ ਸ੍ਰੀ ਭਜਨ ਲਾਲ ਦੀ ਹੱਤਿਆ ਦੀ ਕੋਸ਼ਿਸ਼ ਦੇ ਮਾਮਲੇ ਵਿਚ ਲੋੜੀਂਦਾ ਹੈ।

# ਨਿਊ ਯਾਰਕ ਦਾ ਕਬੱਡੀ ਕੱਪ ਵੈਨਕੂਵਰ ਨੇ ਜਿੱਤਿਆ

**ਰਿਚਮੰਡ ਹਿੱਲ, ਨਿਊ ਯਾਰਕ (ਪ੍ਰਿੰ. ਸਰਵਣ ਸਿੰਘ, ਇਕਬਾਲ ਜੱਬੋਵਾਲੀਆ):** ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਲੋਂ ਇਥੇ ਸਮੋਕੀ ਓਵਲ ਪਾਰਕ ਵਿਚ 20-21 ਜੁਲਾਈ ਨੂੰ ਕਰਵਾਏ ਗਏ ਦੋ ਰੋਜ਼ਾ ਖੇਡ ਮੇਲੇ ਵਿਚ ਓਪਨ ਕਬੱਡੀ ਦੀ ਝੰਡੀ ਵੈਨਕੂਵਰ ਦੀ ਟੀਮ ਦੇ ਹੱਥ ਰਹੀ ਜਦੋਂਕਿ ਦੂਜੇ ਥਾਂ ਟੋਰਾਂਟੋ ਦੀ ਟੀਮ ਆਈ। ਇੰਗਲੈਂਡ ਤੋਂ ਪੁੱਜੇ ਤੇ ਵੈਨਕੂਵਰ ਦੀ ਟੀਮ ਵੱਲੋਂ ਖੇਡੇ ਅਮਨ ਜੌਹਲ ਨੂੰ ਬੈਸਟ ਜਾਫੀ ਤੇ ਮੰਗਾ ਮਿੱਠਾਪੁਰੀਆ ਨੂੰ ਬੈਸਟ ਧਾਵੀ ਐਲਾਨਿਆ ਗਿਆ। ਮੈਚਾਂ ਦੀ ਸ਼ੁਰੂਆਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਭੁਪਿੰਦਰ ਸਿੰਘ ਨੇ ਅਰਦਾਸ ਕਰਕੇ ਕੀਤੀ। ਅਮਰੀਕਨ ਅਤੇ ਖਾਲਸਾਈ ਝੰਡਿਆਂ ਨਾਲ ਮਾਰਚ-ਪਾਸਟ ਕੀਤਾ ਗਿਆ।

20 ਜੁਲਾਈ ਸਨਿਚਰਵਾਰ ਨੂੰ ਬਾਸਕਟਬਾਲ, ਵਾਲੀਬਾਲ, ਬੱਚਿਆਂ ਦੀਆਂ ਦੌੜਾਂ ਅਤੇ ਔਰਤਾਂ ਦੇ ਮਨੋਰੰਜਨ ਲਈ ਚਾਟੀ-ਰੇਸ ਅਤੇ ਸੂਈ-ਧਾਗਾ ਮੁਕਾਬਲੇ ਕਰਵਾਏ ਗਏ। ਬੱਚਿਆਂ ਦੀਆਂ ਦੌੜਾਂ ਚੇਅਰਮੈਨ ਪਬਲਿਕ ਰਿਲੇਸ਼ਨ ਸਿੱਖ ਕਲਚਰਲ ਸੁਸਾਇਟੀ ਭੁਪਿੰਦਰ ਸਿੰਘ ਅਟਵਾਲ ਦੀ ਨਿਗਰਾਨੀ ਹੇਠ ਕਰਵਾਈਆਂ ਗਈਆਂ ਜਦਕਿ ਵਾਲੀਬਾਲ ਅਤੇ ਬਾਸਕਟਬਾਲ ਮੁਕਾਬਲੇ ਕਮੇਟੀ ਦੇ ਸਕੱਤਰ ਕੁਲਦੀਪ ਸਿੰਘ ਢਿੱਲੋਂ ਦੀ ਅਗਵਾਈ ਵਿਚ ਕਰਵਾਏ ਗਏ। ਵੱਖ ਵੱਖ ਉਮਰ ਦੇ ਬੱਚਿਆਂ ਦੀਆਂ ਦੌੜਾਂ ਵਿਚ 5-7 ਸਾਲ ਦੇ ਉਮਰ ਵਰਗ ਵਿਚ ਪ੍ਰਭਜੋਤ, ਅਰਸ਼ਦੀਪ ਅਤੇ ਸ਼ਰਨਜੀਤ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਏ। 8-10 ਸਾਲ ਵਰਗ ਵਿਚ ਤਜਿੰਦਰ ਸਿੰਘ, ਖੁਸ਼ਪ੍ਰੀਤ ਕੌਰ, ਗੁਰਮੀਤ ਸਿੰਘ, ਮਨਰਾਜ ਸਿੰਘ ਤੇ ਸਿਮਰਨ ਸਿੰਘ ਅਤੇ ਵੱਡੇ ਬੱਚਿਆਂ ਦੀ ਦੌੜ ਵਿਚ ਕਰਨ ਸਿੰਘ, ਸਿਮਰਨ ਕੌਰ ਸੰਧੂ, ਜਗਜੋਤ ਸਿੰਘ, ਸਿਮਰਨਜੀਤ ਸਿੰਘ ਤੇ ਜਸਦੀਪ ਕੌਰ ਜੇਤੂ ਰਹੇ। ਆਲੂ ਰੇਸ ਵਿਚ ਪਲਵਿੰਦਰ ਕੌਰ ਤੇ ਅਮਨਜੋਤ ਕੌਰ ਕ੍ਰਮਵਾਰ ਪਹਿਲੇ ਅਤੇ ਦੂਜੇ ਥਾਂ ਰਹੀਆਂ। ਤਿੰਨ ਟੰਗੀ ਰੇਸ ਵਿਚ ਲਵਜੀਤ ਸਿੰਘ ਤੇ ਗੁਰਵਿੰਦਰ ਸਿੰਘ, ਨਭਪ੍ਰੀਤ ਕੌਰ ਤੇ ਮੁਸਕਾਨ, ਮਨਪ੍ਰੀਤ ਤੇ ਗੁਰਪ੍ਰੀਤ ਦੀ ਜੋੜੀ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਥਾਂ ਰਹੀ। ਬੀਬੀਆਂ ਦੀ ਚਾਟੀ ਰੇਸ ਵਿਚ ਕਰਮਜੀਤ ਕੌਰ ਤੇ ਜੋਗਿੰਦਰ ਕੌਰ ਨੇ ਪਹਿਲਾ ਸਥਾਨ ਲਿਆ। ਦੂਜੇ ਥਾਂ ਕਰਮਜੀਤ ਕੌਰ, ਬਲਜਿੰਦਰ ਕੌਰ ਤੇ ਬਲਰਾਜ ਕੌਰ ਰਹੀਆਂ। ਦੂਜੇ ਗਰੁਪ ਵਿਚ ਜੋਗਿੰਦਰ ਕੌਰ, ਕੁਲਵੰਤ ਕੌਰ ਤੇ ਗੁਰਜੀਤ ਕੌਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਥਾਂ ਆਈਆਂ। ਸੂਈ-ਧਾਗਾ ਰੇਸ ਵਿਚ ਸਰਬਜੀਤ ਕੌਰ, ਪਰਮਜੀਤ ਕੌਰ ਤੇ ਪ੍ਰਵੀਨ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਇਨਾਮ ਜਿਤਿਆ। ਬੱਚਿਆਂ ਦੀ ਸੇਬ ਰੇਸ ਵਿਚ ਜਸਕਰਨ ਸਿੰਘ ਪਹਿਲਾ, ਮਨਪ੍ਰੀਤ ਸਿੰਘ ਦੂਜਾ ਅਤੇ ਪ੍ਰਤਿਖਸ਼ਾ ਕੌਰ ਨੇ ਤੀਜਾ ਸਥਾਨ ਲਿਆ। ਰੀਲੇਅ ਰੇਸ ਵਿਚ ਹਰਕੀਰਤ ਸਿੰਘ, ਜਗਜੋਤ ਸਿੰਘ ਅਤੇ ਹਰਪ੍ਰੀਤ ਸਿੰਘ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਏ। ਬੱਚਿਆਂ ਦੀਆਂ 100, 200 ਅਤੇ 400 ਮੀਟਰ ਦੌੜਾਂ ਵੀ ਲੁਆਈਆਂ ਗਈਆਂ। ਇਹ ਮੁਕਾਬਲੇ ਦਿਲਚਸਪ ਰਹੇ। ਪਹਿਲੇ, ਦੂਜੇ ਅਤੇ ਤੀਜੇ ਥਾਂ ਆਉਣ ਵਾਲੇ ਬੱਚਿਆਂ ਨੂੰ ਇਨਾਮ ਦਿਤੇ ਗਏ ਜਦੋਂਕਿ ਭਾਗ ਲੈਣ ਵਾਲੇ ਹਰ ਬੱਚੇ ਨੂੰ ਮੈਡਲ ਦਿੱਤੇ ਗਏ।

ਬਾਸਕਟਬਾਲ ਮੈਚਾਂ ਵਿਚ ਨਿਊ ਜਰਸੀ ਪਹਿਲੇ ਅਤੇ ਨਿਊ ਯਾਰਕ ਦੂਜੇ ਨੰਬਰ 'ਤੇ ਰਿਹਾ। ਵਾਲੀਬਾਲ ਦੇ ਸਖ਼ਤ ਮੁਕਾਬਲਿਆਂ ਵਿਚ ਕਪੂਰਥਲਾ ਸਪੋਰਟਸ ਕਲੱਬ ਕਾਰਟਰੇਟ ਨੂੰ ਹਰਾ ਕੇ ਪਹਿਲਾ 1100 ਡਾਲਰ ਦਾ ਇਨਾਮ ਜਿਤਿਆ ਜਦੋਂਕਿ ਕਾਰਟਰੇਟ ਦੀ ਟੀਮ ਨੂੰ 800 ਡਾਲਰ ਦਾ ਦੂਜਾ ਲੈ ਕੇ ਸਬਰ ਕਰਨਾ ਪਿਆ।

ਕਬੱਡੀ ਮੈਚਾਂ ਵੇਲੇ ਦਰਸ਼ਕਾਂ ਦੀ ਹਾਜ਼ਰੀ ਬੜੀ ਭਰਵੀਂ ਸੀ। ਅਸਲ ਵਿਚ ਭੰਗੜਾ ਤੇ ਕਬੱਡੀ ਪੰਜਾਬੀਆਂ ਦੀ ਪਛਾਣ ਬਣ ਗਏ ਹਨ। ਤਦੇ ਤਾਂ ਕਿਹਾ ਜਾਂਦੈ, ਪਾਉਣਾ ਭੰਗੜਾ ਤੇ ਖੇਡਣੀ ਕਬੱਡੀ-ਦੋ ਸ਼ੌਕ ਮਿੱਤਰਾਂ ਦੇ। ਹੁਣ ਤਾਂ ਇਹ ਵੀ ਕਿਹਾ ਜਾਣ ਲੱਗੈ, ਖੇਡੋ ਮੁੰਡਿਓ ਖੇਡ ਕਬੱਡੀ ਖੜ੍ਹਨਾ ਛੱਡ ਦਿਓ ਮੋੜਾਂ 'ਤੇ, ਵਰਲਡ ਕੱਪਾਂ ਨੇ ਚਾੜ੍ਹ ਦਿੱਤੀ ਆ ਕਬੱਡੀ ਹੁਣ ਕਰੋੜਾਂ 'ਤੇ। ਕੱਲਰਾਂ 'ਚ ਖੇਡੀ ਜਾਂਦੀ ਕੱਖਾਂ ਦੀ ਖੇਡ ਕਬੱਡੀ ਟੋਰਾਂਟੋ ਦੇ ਸਕਾਈਡੋਮ ਦਾ ਸ਼ਿੰਗਾਰ ਬਣ ਚੁੱਕੀ ਹੈ ਜਿਸ ਦਾ ਇਕੋ ਦਿਨ ਦਾ ਕਿਰਾਇਆ ਇਕ ਕਰੋੜ ਰੁਪਏ ਹੈ।

ਕਬੱਡੀ ਦਾ ਪਹਿਲਾ ਮੈਚ ਟੋਰਾਂਟੋ ਤੇ ਨਿਊ ਯਾਰਕ ਦੀਆਂ ਟੀਮਾਂ ਵਿਚਾਲੇ ਹੋਇਆ। ਟੋਰਾਂਟੋ ਦੀ ਟੀਮ ਵਿਚ ਕਿੰਦਾ ਬਿਹਾਰੀਪੁਰੀਆ, ਜੱਸਾ ਸਿੱਧਵਾਂ, ਵਿਕੀ ਘੋਤੜਾ, ਲਾਡੀ ਪਰਸਰਾਮਪੁਰ, ਰਿੱਕੀ ਗਹੌਰ, ਬਲਜੀਤ ਸੈਦੋ, ਸੰਦੀਪ ਇਕਲਾਹਾ, ਪਿੰਦਾ ਭਿੰਡਰ, ਸੰਦੀਪ ਗੁਰਦਾਸਪੁਰੀਆ ਤੇ ਪੰਮਾ ਧੂੜਕੋਟੀਆ ਖੇਡ ਰਹੇ ਸਨ। ਸਵਰਨਾ ਵੈਲੀ ਉਨ੍ਹਾਂ ਦਾ ਕੋਚ ਸੀ। ਨਿਊ ਯਾਰਕ ਦੀ ਟੀਮ ਵਿਚ ਬਾਜ, ਲਾਡੀ, ਜੀਵਾ, ਮਨੀ, ਜੋਗੀ ਦੇਧਨਾ, ਗੌਰੀ, ਧਰਮਜੀਤ ਘੋੜਾ, ਹੈਪੀ ਰੁੜਕਾ, ਘੁੱਦਾ, ਭੂਰਾ ਘੜੂੰਆਂ, ਸੋਨੀ ਸਵੱਦੀ, ਹੈਪੀ ਤੇ ਜਤਿੰਦਰ ਸਨ ਜੋ ਸ਼ੇਰੇ-ਏ-ਪੰਜਾਬ ਕਲੱਬ ਦੇ ਸਰਪ੍ਰਸਤ ਅਤੇ ਕੋਚ ਕੁਲਦੀਪ ਸਿੰਘ ਵੜੈਚ ਦੀ ਤਿਆਰ ਕੀਤੀ ਹੋਈ ਸੀ। ਜਦੋਂ ਕਿਸੇ ਖਿਡਾਰੀ ਨੂੰ ਜੱਫਾ ਲੱਗਦਾ ਤਾਂ ਨਰਿੰਦਰ ਢੋਲੀ ਨੂੰ ਢੋਲ 'ਤੇ ਡੱਗਾ ਲਾਉਣ ਲਈ ਕਹਿੰਦਾ ਤੇ ਨਾਲ ਮੱਘਾ ਕੱਢਦਾ। ਇੰਜ

*(ਅਗਲੇ ਸਫੇ 'ਤੇ ਜਾਰੀ)*

**ਤਸਵੀਰਾਂ: ਬੀ ਜੇ ਸਟੂਡੀਓ**
**ਫੋਨ: (646) 403-7334**






















ਦਰਸ਼ਕਾਂ ਦਾ ਚੰਗਾ ਸ਼ੁਗਲ ਹੁੰਦਾ। ਇਹ ਮੈਚ ਟੋਰਾਂਟੋ ਨੇ 34-28 ਅੰਕਾਂ ਨਾਲ ਜਿੱਤਿਆ।

ਦੂਜਾ ਮੈਚ ਵੈਨਕੂਵਰ ਤੇ ਕੈਲੀਫੋਰਨੀਆ ਦੀਆਂ ਟੀਮਾਂ ਵਿਚਾਲੇ ਹੋਇਆ। ਵੈਨਕੂਵਰ ਦੀ ਟੀਮ ਵਿਚ ਮੰਗਾ ਮਿੱਠਾਪੁਰੀਆ, ਰੌਕ ਬਾਠ, ਪਰਮ ਢੇਸੀ, ਦੀਪਾ, ਮਿੱਠੂ, ਪੰਮਾ ਝਨੇਰ, ਅਮਨ ਕੁੰਡੀ, ਅਮਨ ਜੌਹਲ ਤੇ ਕਾਲਾ ਲੰਡੇ ਕੇ ਸਨ। ਕੈਲੀਫੋਰਨੀਆ ਦੀ ਟੀਮ ਵਿਚ ਦੁੱਲਾ, ਮੌਲਾ, ਬੱਲੀ, ਇੰਦਰ, ਸੰਨੀ ਕੰਦੋਲਾ, ਮਾਈਕ, ਐਰੋ, ਹਿਊਸਸ, ਲੱਖਾ ਤੇ ਜੱਸਾ ਕਾਲਾ ਸੰਘਿਆ ਖੇਡ ਰਹੇ ਸਨ। ਇਹ ਟੀਮ ਨਿਊ ਯਾਰਕ ਰਹਿੰਦੇ ਰਹੇ ਜੰਟੀ ਲੈ ਕੇ ਆਏ ਸਨ। ਇਹ ਮੈਚ ਬੜਾ ਫਸਵਾਂ ਹੋਇਆ ਤੇ ਆਖਰੀ ਪੁਆਇੰਟ ਉਤੇ ਕੁਝ ਕਸ਼ਮਕਸ਼ ਵੀ ਹੋਈ। ਦੋਹਾਂ ਟੀਮਾਂ ਦੇ 32-32 ਅੰਕ ਬਣੇ ਪਰ ਪਹਿਲਾ ਅੰਕ ਵੈਨਕੂਵਰ ਦਾ ਹੋਣ ਕਾਰਨ ਉਸ ਨੂੰ ਜੇਤੂ ਕਰਾਰ ਦਿੱਤਾ ਗਿਆ। ਜਿਵੇਂ ਜਿਵੇਂ ਕਬੱਡੀ ਮਘਦੀ ਗਈ ਤਿਵੇਂ ਤਿਵੇਂ ਦਰਸ਼ਕਾਂ ਨਾਲ ਬੈਂਚ ਭਰਦੇ ਗਏ। ਇਕ ਬਲੀਚਰ ਔਰਤਾਂ ਲਈ ਰਾਖਵਾਂ ਸੀ ਜਿਥੇ ਦੋ ਢਾਈ ਸੌ ਮਾਈਆਂ ਬੀਬੀਆਂ ਬੈਠੀਆਂ ਸਨ। ਸਿੰਘਾਂ ਦੀਆਂ ਦਸਤਾਰਾਂ ਸਜ ਰਹੀਆਂ ਤੇ ਦਾੜ੍ਹੀਆਂ ਝੂਲ ਰਹੀਆਂ ਸਨ। ਏਨੇ ਪੱਗਾਂ ਵਾਲੇ ਤਾਂ ਕਈ ਵਾਰ ਪੰਜਾਬ ਦੇ ਖੇਡ ਮੇਲਿਆਂ ਵਿਚ ਵੀ ਨਹੀਂ ਦਿਸਦੇ।

ਤੀਜਾ ਮੈਚ ਰਿਚਮੰਡ ਤੇ ਐਲਮਹਰਸਟ ਦੇ ਪੱਠਿਆਂ ਵਿਚਕਾਰ ਸੀ। ਰਿਚਮੰਡ ਦੇ ਖਿਡਾਰੀ ਬੂਟਾ, ਜੱਸ, ਹੈਨਰੀ, ਮਨਪ੍ਰੀਤ, ਖੁਸ਼, ਹਰਜੀਤ ਤੇ ਰੈਂਡੀ ਸਨ ਜੋ ਐਲਮਹਰਸਟ ਦੇ ਗੁਰਬੀਰ, ਹਰਬੀਰ, ਸੁਖੀ, ਹੈਰੀ, ਹਰਜੋਤ, ਰਵੀ ਤੇ ਰਵਿੰਦਰ ਵਿਰੁਧ ਖੇਡ ਰਹੇ ਸਨ। ਇੱਕੀ ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦਾ ਇਹ ਮੈਚ ਰਿਚਮੰਡ ਹਿੱਲ ਨੇ 28-24 'ਤੇ ਜਿੱਤਿਆ।

ਸੈਮੀ ਫਾਈਨਲ ਮੈਚ ਵਿਚ ਵੈਨਕੂਵਰ ਨੇ ਨਿਊ ਯਾਰਕ ਨੂੰ 36-28 ਦੇ ਫਰਕ ਨਾਲ ਹਰਾਇਆ ਜਦੋਂਕਿ ਟੋਰਾਂਟੋ ਨੇ ਕੈਲੀਫੋਰਨੀਆ ਤੋਂ 23 ਦੇ ਮੁਕਾਬਲੇ 36 ਅੰਕਾਂ ਨਾਲ ਮੈਚ ਜਿੱਤਿਆ। ਫਾਈਨਲ ਵਿਚ ਭੇੜ ਕੈਨੇਡਾ ਦੀਆਂ ਟੀਮਾਂ-ਵੈਨਕੂਵਰ ਅਤੇ ਟੋਰਾਂਟੋ ਵਿਚਾਲੇ ਹੋਇਆ ਜੋ ਵੈਨਕੂਵਰ ਨੇ ਟੋਰਾਂਟੋ ਨੂੰ 27 ਦੇ ਮੁਕਾਬਲੇ 37 ਅੰਕ ਲੈ ਕੇ ਜਿੱਤਿਆ ਤੇ ਨਾਲ ਹੀ 10 ਹਜ਼ਾਰ ਡਾਲਰ ਦਾ ਨਕਦ ਇਨਾਮ ਆਪਣੀ ਝੋਲੀ ਪੁਆ ਲਿਆ। ਟੋਰਾਂਟੋ ਦੀ ਟੀਮ ਨੂੰ 8 ਹਜ਼ਾਰ ਡਾਲਰ ਦੇ ਨਕਦ ਇਨਾਮ 'ਤੇ ਸਬਰ ਕਰਨਾ ਪਿਆ।

ਬੈਸਟ ਰੇਡਰ ਦਾ ਸਨਮਾਨ 'ਗੈਟ ਪੰਜਾਬੀ' ਟੀ.ਵੀ. ਚੈਨਲ ਦੇ ਮਨਿੰਦਰ ਸਿੰਘ ਹੈਪੀ ਅਤੇ ਬੈਸਟ ਸਟਾਪਰ ਦਾ ਸਨਮਾਨ ਗੁਰਦੇਵ ਸਿੰਘ ਕੰਗ ਨੇ ਕੀਤਾ।

ਕੈਨੇਡਾ ਤੋਂ ਆਏ ਰੈਫ਼ਰੀ ਬਿੰਨੇ ਅਤੇ ਪੰਮੀ ਨੇ ਹਰ ਇਕ ਖਿਡਾਰੀ ਨਾਲ ਪੂਰਾ ਪੂਰਾ ਇਨਸਾਫ਼ ਕਰਨ ਦੀ ਕੋਸ਼ਿਸ਼ ਕੀਤੀ।

ਲੜਕੀਆਂ ਦਾ ਮੈਚ ਮੈਕਸੀਕੋ ਤੇ ਅਮਰੀਕਾ ਦੀਆਂ ਟੀਮਾਂ ਦਰਮਿਆਨ ਸੀ। ਮੈਕਸੀਕੋ ਵੱਲੋਂ ਗੁਰੂ ਅੰਮ੍ਰਿਤ, ਅਕਾਲਜੀਤ, ਵਿਕਟੋਰੀਆ, ਡਨੀਲਾ, ਮਾਰੀਆ ਜੋਜ਼ੇ, ਅੰਨਾ ਤੇ ਪਾਉਲਾ ਖੇਡੀਆਂ ਅਤੇ ਅਮਰੀਕਾ ਵੱਲੋਂ ਧਰਮਾ, ਅੰਮ੍ਰਿਤ ਸਰੂਪ, ਗੁਰੂਨਾਮ, ਅੰਨਾ ਸੋਫੀਆ, ਸੋਫੀਆ, ਸਿਲਵੀਆ ਤੇ ਪਾਉਲਾ ਖੇਡੀਆਂ। ਇਸ ਮੈਚ ਨੇ ਤਾਂ ਮੇਲਾ ਹੀ ਲੁੱਟ ਲਿਆ। ਮੈਚ ਸ਼ੁਰੂ ਹੋਇਆ ਤਾਂ ਪ੍ਰੋ. ਮੱਖਣ ਸਿੰਘ ਕਮੈਂਟਰੀ ਕਰਦਾ ਕਿਸੇ ਨੂੰ ਰੱਤੋ, ਕਿਸੇ ਨੂੰ ਫੱਤੋ ਤੇ ਕਿਸੇ ਹੋਰ ਨੂੰ ਬਸੰਤੀ ਦੱਸ ਰਿਹਾ ਸੀ। ਮੈਕਸੀਕੋ ਦੀ ਟੀਮ ਨੇ 41-24 ਅੰਕਾਂ ਦੇ ਵੱਡੇ ਨਾਲ ਮੈਚ ਜਿੱਤ ਕੇ ਜੇਤੂ ਗੇੜੀ ਲਾਈ ਤਾਂ ਦਰਸ਼ਕਾਂ ਨੇ ਉਨ੍ਹਾਂ ਦਾ ਬੈਗ ਨੋਟਾਂ ਨਾਲ ਭਰ ਦਿੱਤਾ। ਬਾਜ਼ ਸਿੰਘ ਬਾਜ਼ ਦੀ ਬੇਟੀ ਖ਼ੁਸ਼ਪ੍ਰੀਤ ਨੇ ਵੀ ਬਹੁਤ ਵਧੀਆਂ ਰੇਡਾਂ ਪਾਈਆਂ ਤੇ ਖ਼ੁਸ਼ ਹੋ ਕੇ ਗੋਰੀਆਂ ਖਿਡਾਰਨਾਂ ਨੇ ਉਹਨੂੰ ਮੋਢਿਆਂ 'ਤੇ ਚੁੱਕ ਲਿਆ। ਗੋਰੀਆਂ ਲੜਕੀਆਂ ਦੀ ਟੀਮ ਤਿਆਰ ਕਰਨ ਲਈ ਪੰਜਾਬੀ ਵਿਰਸਾ ਸਪੋਰਟਸ ਕਲੱਬ ਦੇ ਪ੍ਰਧਾਨ ਮਹਿੰਦਰ ਸਿੰਘ ਸਿੱਧੂ ਦਾ ਪ੍ਰਬੰਧਕਾਂ ਨੇ ਉਚੇਚਾ ਧੰਨਵਾਦ ਕੀਤਾ। ਵਿਸ਼ਵ ਕਬੱਡੀ ਕੱਪਾਂ ਵਿਚ ਵੀ ਸ. ਸਿੱਧੂ ਇਨ੍ਹਾਂ ਲੜਕੀਆਂ ਦੀਆਂ ਟੀਮਾਂ ਨੂੰ ਲਿਜਾ ਚੁੱਕੇ ਹਨ।

ਇਹ ਦੋ ਰੋਜ਼ਾ ਖੇਡ ਮੇਲਾ ਕਰਾਉਣ ਲਈ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨੂੰ ਟਰਾਈ ਸਟੇਟ ਦੇ ਸਮੂਹ ਗੁਰੂਘਰਾਂ ਤੇ ਸਭਾ ਸੁਸਾਇਟੀਆਂ ਨੇ ਪੂਰਾ ਸਹਿਯੋਗ ਦਿੱਤਾ ਅਤੇ ਕਾਰੋਬਾਰੀ ਸੱਜਣਾਂ ਨੇ ਭਰਪੂਰ ਯੋਗਦਾਨ ਪਾਇਆ। ਆਪਣਾ ਬਾਜ਼ਾਰ ਕੈਸ਼ ਐਂਡ ਕੈਰੀ ਵਾਲੇ ਜਸਵਿੰਦਰ ਸਿੰਘ ਜੌਹਲ ਤੇ ਦੀਪਕ ਭਾਰਦਵਾਜ, ਬਾਵਾ ਰਾਜਿੰਦਰ ਸਿੰਘ ਲਾਲੀ ਤੇ ਜੱਬਰ ਸਿੰਘ ਗਰੇਵਾਲ ਹੋਰਾਂ ਨੇ ਦਸ-ਦਸ ਹਜ਼ਾਰ ਡਾਲਰ ਦਿੱਤੇ। ਕਬੱਡੀ ਟੂਰਨਾਮੈਂਟ ਕਰਾਉਣ ਦਾ ਚੋਖਾ ਤਜਰਬਾ ਰੱਖਣ ਵਾਲੇ ਮਹਿੰਦਰ ਸਿੰਘ ਸਿੱਧੂ ਤੇ ਜਗੀਰ ਸਿੰਘ ਸਬਜ਼ੀ ਮੰਡੀ ਨੇ ਵਡਮੁੱਲਾ ਰੋਲ ਅਦਾ ਕੀਤਾ। ਖੇਡ ਮੈਦਾਨ ਦੀ ਜ਼ਿੰਮੇਵਾਰੀ ਜਗੀਰ ਸਿੰਘ ਬੈਂਸ ਦੀ ਸੀ ਅਤੇ ਟੀਮਾਂ ਲਿਆਉਣ ਦੀ ਮਹਿੰਦਰ ਸਿੰਘ ਸਿੱਧੂ ਦੀ।

ਅੰਡਰ-18 ਕਬੱਡੀ ਮੁਕਾਬਲਿਆਂ ਵਿਚ ਦੋ ਟੀਮਾਂ-ਈਸਟ ਐਲਮਹਰਸਟ ਕਲੱਬ ਅਤੇ ਰਿੱਚਮੰਡ ਹਿੱਲ ਕਲੱਬ ਖੇਡੀਆਂ। ਈਸਟ ਐਲਮਹਰਸਟ ਕਲੱਬ ਦੀ ਟੀਮ ਦਾ ਕਪਤਾਨ ਅਵਤਾਰ ਸਿੰਘ ਤਾਰੀ ਦਾ ਬੇਟਾ ਹਰਜੋਤ ਸਿੰਘ ਹੈਰੀ ਸੀ। ਹਰਵੀਰ ਸਿੰਘ, ਗੁਰਵੀਰ ਸਿੰਘ, ਵਰਿੰਦਰ ਸਿੰਘ, ਹੈਰੀ ਸੰਧੂ, ਸੁਖਵਿੰਦਰ, ਰਵਿੰਦਰ ਸਿੰਘ ਅਤੇ ਹੋਰ ਖਿਡਾਰੀ ਸਨ। ਰਿੱਚਮੰਡ ਹਿੱਲ ਕਲੱਬ ਦੀ ਟੀਮ ਦਾ ਕਪਤਾਨ ਜਗਪਾਲਪੁਰੀਏ ਫ਼ਕੀਰ ਸਿੰਘ ਦਾ ਬੇਟਾ ਬੂਟਾ ਸਿੰਘ ਸੀ। ਜਸਪ੍ਰੀਤ ਸਿੰਘ, ਰੈਂਡੀ, ਮਨਪ੍ਰੀਤ ਸਿੰਘ, ਖ਼ੁਸ਼ਦੀਪ ਸਿੰਘ, ਹਰਜੀਤ ਸਿੰਘ ਅਤੇ ਹੈਨਰੀ ਪ੍ਰਕਾਸ਼ ਸਾਥੀ ਖਿਡਾਰੀ ਸਨ। ਛੋਟੀ ਉਮਰ ਦੇ ਬੂਟਾ ਸਿੰਘ ਦੀ ਬੇਹਤਰੀਨ ਗੇਮ ਪਿਛੇ ਮੋਹਣੋਵਾਲੀਏ ਜਿੰਦਰ, ਗੁਰਨਾਮ ਰਸੂਲਪੁਰੀ, ਲੱਖੀ ਗਿੱਲ ਅਤੇ ਗੁਣਾਚੌਰੀਏ ਬਲਦੇਵ ਮਾਨ ਦਾ ਹਮੇਸ਼ਾਂ ਹੱਥ ਰਹਿੰਦਾ ਹੈ।

ਕਬੱਡੀ ਦੀ ਕੁਮੈਂਟਰੀ ਕਰਨ ਲਈ ਮੇਰੇ (ਪ੍ਰਿੰ. ਸਰਵਣ ਸਿੰਘ) ਨਾਲ ਮਾਈਕ ਉਤੇ ਮੱਘੇ ਕੱਢਣ ਵਾਲਾ ਨਰਿੰਦਰ ਪੰਡਤ ਸੀ ਜਦ ਕਿ ਮੈਦਾਨ ਵਿਚ ਕੁਮੈਂਟਰੀ ਦਾ ਸ਼ਾਹਸਵਾਰ ਮੱਖਣ ਸਿੰਘ ਤੇ ਜੱਬੋਵਾਲੀਆ ਹਾਜ਼ਰ ਸਨ। ਸਟੇਜ ਤੋਂ ਗੁਰੂ ਘਰ ਦੇ ਸਕੱਤਰ ਕੁਲਵਿੰਦਰ ਸਿੰਘ ਢਿੱਲੋਂ ਦਾਨੀ ਸੱਜਣਾਂ ਦੇ ਨਾਂਵਾਂ ਦਾ ਐਲਾਨ ਕਰਦੇ ਰਹੇ।

ਖਿਡਾਰੀਆਂ ਦੀ ਆਓ ਭਗਤ ਲਈ ਸੁਸਾਇਟੀ ਦੇ ਪ੍ਰਧਾਨ ਗੁਰਦੇਵ ਸਿੰਘ ਕੰਗ, ਕੋਆਰਡੀਨੇਟਰ ਹਰਬੰਸ ਸਿੰਘ ਢਿੱਲੋਂ, ਚੇਅਰਮੈਨ ਮੋਹਣ ਸਿੰਘ ਖੱਟੜਾ, ਜਨਰਲ ਸੈਕਟਰੀ ਕੁਲਦੀਪ ਸਿੰਘ ਢਿੱਲੋਂ ਤੇ ਕਬੱਡੀ ਕੱਪ ਦੇ ਰੂਹੇ ਰਵਾਂ ਮਹਿੰਦਰ ਸਿੰਘ ਸਿੱਧੂ ਤੇ ਜਗੀਰ ਸਿੰਘ ਬੈਂਸ ਹਾਜ਼ਰ ਸਨ। ਖਾਣੇ ਦਾ ਪ੍ਰਬੰਧ ਉਥੇ ਹੀ ਸੀ। ਇਕ ਟੀਮ ਕੈਲੀਫੋਰਨੀਆ ਤੋਂ ਆਈ, ਦੂਜੀ ਵੈਨਕੂਵਰ ਤੋਂ ਤੇ ਤੀਜੀ ਟੋਰਾਂਟੋ ਤੋਂ। ਲੜਕੀਆਂ ਦੀਆਂ ਦੋ ਟੀਮਾਂ ਮੈਕਸੀਕੋ ਤੇ ਅਮਰੀਕਾ ਤੋਂ ਸਨ।

ਲੰਗਰਾਂ ਦੀ ਸੇਵਾ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਸੀ। ਚਾਹ-ਪਕੌੜਿਆਂ, ਠੰਡੇ ਪਾਣੀ, ਦੁੱਧ-ਸੋਡੇ, ਫਲਾਂ ਅਤੇ ਕੜ੍ਹੀ-ਚੌਲ ਦਾ ਦਰਸ਼ਕਾਂ ਨੇ ਭਰਪੂਰ ਅਨੰਦ ਲਿਆ। ਫ਼ਰੂਟ ਦਾ ਟਰੱਕ ਅਤੇ ਪਾਣੀ ਆਪਣਾ ਬਜ਼ਾਰ ਕੈਸ਼ ਐਂਡ ਕੈਰੀ ਵਾਲੇ ਜਸਵਿੰਦਰ ਸਿੰਘ ਜੌਹਲ ਅਤੇ ਦੀਪਕ ਭਾਰਦਵਾਜ ਨੇ ਭੇਜਿਆ। ਸਬਜ਼ੀ ਮੰਡੀ ਵਾਲੇ ਜਗੀਰ ਸਿੰਘ ਨੇ ਪਾਣੀ ਦੀਆਂ ਬੋਤਲਾਂ ਦਾ ਟਰੱਕ ਭੇਜਣ ਤੋਂ ਇਲਾਵਾ ਮਾਲੀ ਮਦਦ ਵੀ ਕੀਤੀ। ਉਥੇ ਬਿਜ਼ਨਸਮੈਨ ਅਤੇ ਸਿੱਖ ਕਲਚਰਲ ਸੁਸਾਇਟੀ ਦੇ ਮੀਤ ਪ੍ਰਧਾਨ ਬਾਵਾ ਰਾਜਿੰਦਰ ਸਿੰਘ ਲਾਲੀ ਨੇ ਜੇਤੂ ਟੀਮ ਨੂੰ 500 ਡਾਲਰ ਦੇ ਕੇ ਹੌਸਲਾ ਦਿਤਾ। 10-10 , 11-11, 5-5 ਅਤੇ 2-2 ਹਜ਼ਾਰ ਡਾਲਰ ਬਹੁਤਿਆਂ ਦਾਨੀ ਸੱਜਣਾਂ ਨੇ ਦਿਤਾ। ਪਾਣੀ ਦੀਆਂ ਬੋਤਲਾਂ ਦਾ ਟਰੱਕ ਹੀ ਸਵਰਨ ਸਿੰਘ ਢਿੱਲੋਂ ਨੇ ਦਿੱਤਾ। ਚਾਹ ਪਕੌੜਿਆਂ ਦੀ ਸੇਵਾ ਟੀ ਜੇ ਆਟੋ ਬਾਡੀ ਵਾਲੇ ਮੋਹਣ ਸਿੰਘ ਮੋਹਣਾ ਨੇ ਕੀਤੀ। ਪੰਜਾਬੀ ਢਾਬੇ ਵਾਲੇ ਗੁਰਮੀਤ ਸਿੰਘ ਅਤੇ ਗੁਰਦੇਵ ਸਿੰਘ ਕੰਗ ਨੇ ਸੇਵਾ ਵਿਚ ਹਿੱਸਾ ਪਾਇਆ।

ਖੇਡ ਵਿੰਗ ਦੇ ਕੋਆਰਡੀਨੇਟਰ ਹਰਬੰਸ ਸਿੰਘ ਢਿੱਲੋਂ ਨੂੰ ਕਬੱਡੀ ਕੱਪ ਦੀ ਸਫਲਤਾ ਲਈ ਢੇਰ ਸਾਰੀਆਂ ਮੁਬਾਰਕਾਂ ਮਿਲੀਆਂ। ਗੁਰੂ ਘਰ ਦੇ ਮੁੱਖ ਸੇਵਾਦਾਰ ਗੁਰਦੇਵ ਸਿੰਘ ਕੰਗ, ਮੀਤ ਪ੍ਰਧਾਨ ਬਾਵਾ ਰਾਜਿੰਦਰ ਸਿੰਘ ਲਾਲੀ, ਚੇਅਰਮੈਨ ਮੋਹਣ ਸਿੰਘ ਖੱਟੜਾ, ਸਕੱਤਰ ਕੁਲਦੀਪ ਸਿੰਘ ਢਿੱਲੋਂ, ਖਜ਼ਾਨਚੀ ਜਸਵਿੰਦਰ ਸਿੰਘ ਪੱਡਾ ਅਤੇ ਸਮੂਹ ਪ੍ਰਬੰਧਕ ਕਮੇਟੀ ਇਸ ਮੇਲੇ ਨੂੰ ਕਾਮਯਾਬ ਕਰਨ ਲਈ ਪੱਬਾਂ ਭਾਰ ਹੋਈ ਰਹੀ।

ਸਿਆਸੀ ਲੀਡਰ ਸਿਟੀ ਕੌਂਸਲਰ ਅਸੈਂਬਲੀ ਮੈਨ ਡੇਵਿਡ ਵੈਪਰਿਨ ਵੀ ਮੇਲਾ ਵੇਖਣ ਪਹੁੰਚੇ। ਸਿਟੀ ਕੰਟਰੋਲਰ ਜੌਹਨ ਲੂ ਜੋ ਮੇਅਰ ਦੀ ਸੀਟ ਵਾਸਤੇ ਉਮੀਦਵਾਰ ਹਨ ਅਤੇ ਪਬਲਿਕ ਐਡਵੋਕੇਟ ਦੀ ਚੋਣ ਲੜ ਰਹੀ ਰੇਸ਼ਮਾ ਸੁਜਾਨੀ ਨੇ ਵੀ ਸਟੇਜ 'ਤੇ ਹਾਜ਼ਰੀ ਲੁਆਈ।



## ਛਾਬੜੀਆ ਬਣੇ ਅਮਰੀਕੀ ਜ਼ਿਲ੍ਹਾ ਜੱਜ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਇਕ ਅਮਰੀਕੀ ਕਾਨੂੰਨੀ ਮਾਹਰ ਵਿੰਗ ਗਿਰਧਾਰੀ ਛਾਬੜੀਆ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੈਲੀਫੋਰਨੀਆ ਵਿਚ ਜ਼ਿਲ੍ਹਾ ਜੱਜ ਦੇ ਅਹੁਦੇ ਲਈ ਨਾਮਜ਼ਦ ਕੀਤਾ ਹੈ।

ਸ੍ਰੀ ਗਿਰਧਾਰੀ ਛਾਬੜੀਆ ਇਸ ਵੇਲੇ ਗੌਰਮਿੰਟ ਲਿਟੀਗੇਸ਼ਨ ਲਈ ਡਿਪਟੀ ਸਿਟੀ ਅਟਾਰਨੀ ਤੇ ਸੈਨ ਫਰਾਂਸਿਸਕੋ ਸਿਟੀ ਅਟਾਰਨੀ ਦੇ ਦਫਤਰ ਵਿਚ ਅਪੈਲੇਟ ਲਿਟੀਗੇਸ਼ਨ ਦੇ ਕੋ-ਚੀਫ ਹਨ।

## ਭਾਰਤ ਵਿਚ 17 ਕਰੋੜ ਬੱਚੇ ਅਸੁਰੱਖਿਅਤ

**ਨਵੀਂ ਦਿੱਲੀ:** ਭਾਰਤ ਵਿਚ 17 ਕਰੋੜ ਬੱਚੇ ਬੇਹੱਦ ਔਖੀਆਂ ਹਾਲਾਤ ਵਿਚ ਜੀਵਨ ਗੁਜ਼ਾਰ ਰਹੇ ਹਨ ਤੇ ਕੇਂਦਰ ਸਰਕਾਰ ਵੱਲੋਂ ਇਨ੍ਹਾਂ ਦੀ ਬੇਹਤਰੀ ਲਈ ਆਪਣੇ ਕੁੱਲ ਖਰਚੇ ਦਾ ਸਿਰਫ ਇਕ ਫੀਸਦੀ ਹਿੱਸਾ ਖਰਚਿਆ ਜਾ ਰਿਹਾ ਹੈ।

ਬਾਲ ਮਜ਼ਦੂਰੀ ਵਿਰੋਧੀ ਕਾਰਕੁਨ ਸ਼ਾਂਤਾ ਸਿਨ੍ਹਾ ਨੇ ਕਿਹਾ ਕਿ ਸਰਕਾਰ ਦੇ ਕੁੱਲ ਖਰਚੇ ਦਾ .034 ਫੀਸਦੀ ਹਿੱਸਾ ਹੀ ਇਸ ਕਾਰਜ ਤੇ ਖਰਚਿਆ ਜਾ ਰਿਹਾ ਹੈ। ਸ਼ਾਂਤਾ ਸਿਨ੍ਹਾ ਨੇ ਕਿਹਾ ਕਿ ਦੇਸ਼ ਵਿਚ 4.2 ਕਰੋੜ 14 ਤੋਂ 18 ਉਮਰ ਵਰਗ ਦੇ ਬੱਚੇ ਸਕੂਲਾਂ ਤੋਂ ਬਾਹਰ ਹਨ।





ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।

**Safe & Easy Weight Loss**
**Ph:317-886-4858**

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur



ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।

# ਪਹਿਲੀ ਕਸ਼ਮੀਰੀ ਕਵਿੱਤਰੀ

# ਲਲ ਦਯਦ

ਕਲਾ ਪਰਿਕਰਮਾ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ ਅਸੀਂ ਕਸ਼ਮੀਰ ਦੇ ਹਾਲੀਆ ਹਾਲ ਬਾਰੇ ਬਿਲਾਲ ਏ. ਜਾਨ ਦੀ ਬਣਾਈ ਦਸਤਾਵੇਜ਼ੀ ਫਿਲਮ 'ਓਸ਼ਨ ਆਫ ਟੀਅਰਜ਼' (ਹੰਝੂਆਂ ਦਾ ਹੜ੍ਹ) ਦਾ ਜ਼ਿਕਰ ਇਨ੍ਹਾਂ ਕਾਲਮਾਂ ਵਿਚ ਕੀਤਾ ਸੀ। ਇਸ ਫਿਲਮ ਵਿਚ ਕਸ਼ਮੀਰੀਆਂ ਵੱਲੋਂ ਅੱਜ ਹੰਢਾਏ ਜਾ ਰਹੇ ਦਰਦ ਦੀ ਬੜੀ ਮਾਰਮਿਕ ਦਾਸਤਾਂ ਸੁਣਾਈ ਗਈ ਸੀ। ਇਸ ਫਿਲਮ ਬਾਰੇ ਪੜ੍ਹ ਕੇ ਸਾਡੇ ਇਕ ਪਾਠਕ ਕੇ ਸਾਨੂੰ ਪਹਿਲੀ ਕਸ਼ਮੀਰੀ ਕਵਿੱਤਰੀ ਲਲ ਦਯਦ ਬਾਰੇ ਡਾ. ਚਮਨ ਲਾਲ ਦੀ ਇਹ ਇਹ ਰਚਨਾ ਘੱਲੀ ਹੈ। ਇਹ ਰਚਨਾ ਅਸੀਂ ਜਿਉਂ ਦੀ ਤਿਉਂ ਛਾਪ ਰਹੇ ਹਾਂ। -ਸੰਪਾਦਕ***

ਮੈਂ ਭਗਤਣੀ ਇਸ ਸੰਸਾਰ ਵਿਚ ਆਈ
ਤੇ ਬੁੱਧੀ ਦੇ ਪ੍ਰਕਾਸ਼ ਨਾਲ
ਸਹਿਜ ਨੂੰ ਪ੍ਰਾਪਤ ਕਰ ਲਿਆ।

ਇਹ ਬੋਲ ਨੇ ਮੱਧਕਾਲ ਵਿਚ 14ਵੀਂ ਸਦੀ ਦੌਰਾਨ ਪੈਦਾ ਹੋਈ ਕਸ਼ਮੀਰੀ ਭਾਸ਼ਾ ਦੀ ਕਵਿੱਤਰੀ ਲਲ ਦਯਦ ਦੇ ਹਨ ਜਿਸ ਨੂੰ ਕਸ਼ਮੀਰ ਵਿਚ ਲਲਾਰਿਫ਼ਾ, ਲੱਲੇਸ਼ਵਰੀ, ਲਲਮੋਜ (ਮਾਂ ਲਲਾ) ਜਾਂ ਲਲਮਚ (ਪਗਲੀ ਲਲ) ਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਮੱਧਕਾਲ ਦੇ ਹੋਰ ਭਗਤ ਅਤੇ ਸੰਤ ਕਵੀਆਂ ਵਾਂਗ ਲਲ ਦਯਦ ਦੀਆਂ ਜਨਮ ਮਰਨ ਮਿਤੀਆਂ ਬਾਰੇ ਪੱਕਾ ਨਹੀਂ ਹੈ। ਉਸ ਦੇ ਜੀਵਨ ਬਾਰੇ ਕਈ ਲੋਕ ਮਤ ਮਿਲਦੇ ਹਨ। ਇਕ



**ਡਾ. ਚਮਨ ਲਾਲ**
**ਫੋਨ: 91-98687-74820**

ਮਤ ਅਨੁਸਾਰ ਲਲ ਦਯਦ ਦਾ ਜਨਮ 1300-1301 ਈਸਵੀ ਲਾਗੇ ਹੋਇਆ। ਇਕ ਹੋਰ ਮੱਤ ਅਨੁਸਾਰ 1334-35 ਈਸਵੀ ਦੇ ਨੇੜੇ ਤੇੜੇ ਅਤੇ ਤੀਜੇ ਮਤ ਅਨੁਸਾਰ 1346-47 ਈਸਵੀ ਵਿਚ। ਡਾਕਟਰ ਜਯਾ ਲਾਲ ਕੌਲ ਅਨੁਸਾਰ ਲਲ ਦਯਦ ਦਾ ਜਨਮ 1317 ਤੋਂ 1320 ਈਸਵੀ ਦੌਰਾਨ ਵੀ ਹੋਇਆ ਹੋ ਸਕਦਾ ਹੈ ਅਤੇ ਉਸ ਦਾ ਦੇਹਾਂਤ 1388 ਤੋਂ 1391 ਈਸਵੀ ਦੌਰਾਨ; ਅਰਥਾਤ ਚੌਧਵੀਂ ਸਦੀ ਦੌਰਾਨ ਲਲ ਦਯਦ ਨੇ ਲਗਭਗ ਸੱਤ ਦਹਾਕਿਆਂ ਦੀ ਉਮਰ ਭੋਗੀ।

ਇਸ ਬਾਰੇ ਕਰੀਬ ਸਾਰੇ ਵਿਦਵਾਨ ਸਹਿਮਤ ਹਨ ਕਿ ਲਲ ਦਯਦ ਦਾ ਜਨਮ ਸਿਮਪੋਰ (ਪਾਂਪੋਰ ਨੇੜੇ) ਦੇ ਪੇਂਡੂ ਇਲਾਕੇ ਵਿਚ ਬ੍ਰਾਹਮਣ ਪਰਿਵਾਰ ਵਿਚ ਹੋਇਆ। ਇਸ ਬਾਰੇ ਵੀ ਸਹਿਮਤੀ ਹੈ ਕਿ ਲਲ ਦਯਦ ਨੂੰ ਘਰ ਤੋਂ ਹੀ ਅਧਿਆਤਮਕ ਅਤੇ ਰੂਹਾਨੀ ਮਾਹੌਲ ਮਿਲਿਆ ਅਤੇ ਬਚਪਨ ਤੋਂ ਹੀ ਉਸ ਵਿਚ ਅਧਿਆਤਮ ਪ੍ਰਤੀ ਰੁਚੀ ਹੋ ਗਈ ਸੀ। 15-16 ਸਾਲ ਦੀ ਉਮਰ ਵਿਚ ਪਾਂਪੋਰ ਦੇ ਇਕ ਬ੍ਰਾਹਮਣ ਪਰਿਵਾਰ ਵਿਚ ਲਲ ਦਯਦ ਦਾ ਵਿਆਹ ਕੀਤਾ ਗਿਆ। ਸਹੁਰੇ ਪਰਿਵਾਰ ਵਿਚ ਸੱਸ ਨੇ ਉਸ ਨੂੰ ਬਹੁਤ ਤਸੀਹੇ ਦਿੱਤੇ ਜਿਸ ਦੀ ਗਵਾਹੀ ਉਸ ਦੀ ਰਚਨਾ ਵਿਚੋਂ ਵੀ ਮਿਲਦੀ ਹੈ। ਸਹੁਰੇ ਪਰਿਵਾਰ ਵਿਚ ਉਸ ਨੂੰ ਪਦਮਾਵਤੀ ਨਾਂ ਦਿੱਤਾ ਗਿਆ।

ਸੱਸ ਦੇ ਜ਼ੁਲਮਾਂ ਦਾ ਵਰਣਨ ਲਲ ਦਯਦ ਨੇ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ, "ਘਰ ਵਿਚ ਭੇਡ ਪਕਾਈ ਜਾਵੇ ਜਾਂ ਬੱਕਰਾ, ਲਲੀ ਦੇ ਭਾਗ ਵਿਚ ਤਾਂ ਪੱਥਰ ਹੀ ਬਚੇ ਹਨ।" ਕਹਿੰਦੇ ਨੇ ਕਿ ਉਸ ਦੀ ਨਿਰਦਈ ਸੱਸ ਉਸ ਦੀ ਖਾਣ ਦੀ ਥਾਲੀ ਵਿਚ ਪੱਥਰ ਰੱਖ ਕੇ ਉਸ 'ਤੇ ਚੌਲ ਪਾ ਦਿੰਦੀ ਸੀ। ਇਸ ਨਾਲ ਪੱਥਰ ਛਿਪ ਜਾਂਦਾ ਅਤੇ ਚੌਲਾਂ ਦੀ ਮਾਤਰਾ ਕਾਫ਼ੀ ਜਾਪਦੀ। ਵਿਚਾਰੀ ਲਲਾਰਿਫ਼ੀ ਇਹ ਥੋੜ੍ਹੇ ਜਿਹੇ ਚੌਲ ਖਾ ਕੇ ਚੁੱਪ-ਚਾਪ ਪੱਥਰ ਧੋਂਦੀ ਅਤੇ ਰਸੋਈ ਵਿਚ ਰੱਖ ਦਿੰਦੀ। ਇਹ ਉਸ ਦਾ ਨਿੱਤਨੇਮ ਹੀ ਹੋ ਗਿਆ ਸੀ।

ਲਲ ਦਯਦ ਦੀ ਸੱਸ ਨੇ ਉਸ ਨੂੰ ਮਾਨਸਿਕ ਤਸੀਹੇ ਦੇਣ ਲਈ ਉਸ 'ਤੇ ਭੈੜੇ ਤੋਂ ਭੈੜੇ ਇਲਜ਼ਾਮ ਵੀ ਲਾਏ ਜਿਨ੍ਹਾਂ ਨੂੰ ਉਸ ਦਾ ਖਾਵੰਦ ਅੱਖਾਂ ਮੀਚ ਕੇ ਅਤੇ ਕੰਨ ਬੰਦ ਕਰ ਕੇ ਸਹੀ ਮੰਨ ਲੈਂਦਾ ਰਿਹਾ। ਤੰਗ ਆ ਕੇ ਲਲੀ ਘਰ ਛੱਡ ਗਈ ਅਤੇ ਇਹ ਸ਼ਬਦ ਕਹੇ:

ਗੁਰੂ ਨੇ ਮੈਨੂੰ
ਇਕ ਵਚਨ ਦੀ ਦੀਕਸ਼ਾ ਦਿੱਤੀ
-ਬਾਹਰ ਤੋਂ ਅੰਦਰ ਚਲੀ ਜਾ
ਇਸ ਇਕੋ ਵਚਨ ਨੇ
ਮੇਰੀ ਕਾਇਆ ਪਲਟ ਦਿੱਤੀ
ਤੇ ਮੈਂ ਨੰਗੀ ਹੋ ਕੇ ਨੱਚਣ ਲੱਗੀ।

ਲੱਲੇਸ਼ਵਰੀ ਰੂਹਾਨੀ ਰੰਗ ਵਿਚ ਰੰਗ ਕੇ ਪ੍ਰਾਚੀਨ ਯਹੂਦੀ ਸੰਤਾਂ ਅਤੇ ਦਰਵੇਸ਼ਾਂ ਵਾਂਗ ਆਨੰਦਮਗਨ ਹੋ ਕੇ ਨੱਚਦੀ ਗਾਉਂਦੀ ਇਧਰ-ਉਧਰ ਘੁੰਮਣ ਲੱਗੀ।

ਸਿੱਧ ਸ੍ਰੀ ਕੰਠ ਨੂੰ ਲਲ ਦਯਦ ਦਾ ਗੁਰੂ ਕਿਹਾ ਜਾਂਦਾ ਹੈ। ਲਲ ਦਯਦ ਨੇ ਜੋ ਰਚਨਾ ਰਚੀ, ਉਸ ਨੂੰ ਕਸ਼ਮੀਰੀ ਭਾਸ਼ਾ ਵਿਚ 'ਵਾਖ਼' ਕਿਹਾ ਜਾਂਦਾ ਹੈ ਅਤੇ ਉਸ ਦੀ ਰਚਨਾ ਦੇ ਸੰਗ੍ਰਹਿ ਨੂੰ 'ਲੱਲ ਵਾਖ'। ਵਾਖ ਚਾਰ ਪੰਕਤੀਆਂ ਦਾ ਪਦ ਜਾਂ ਸੂਕਤੀ ਹੈ ਜਿਸ ਵਿਚ ਲੈਅ ਹੈ, ਪਰ ਇਹ ਗੁਰਬਾਣੀ ਵਾਂਗ ਗਾਈ ਜਾਣ ਵਾਲੀ ਰਚਨਾ ਨਹੀਂ ਹੈ। ਲਲ ਦਯਦ ਦੇ ਵਾਖਾਂ ਦੀ ਉਸ ਦੇ ਆਪਣੇ ਹੱਥਾਂ ਦੀ ਲਿਖੀ ਕੋਈ ਰਚਨਾ ਅੱਜ ਤੱਕ ਨਹੀਂ ਮਿਲ ਸਕੀ। ਲਲ ਦਯਦ ਆਪ ਆਪਣੇ ਵਾਖ਼ ਸੁਣਾਉਂਦੀ ਸੀ ਜਿਸ ਨੂੰ ਮੌਖਿਕ ਪਰੰਪਰਾ ਵਿਚ ਸਿਮ੍ਰਤੀ ਰਾਹੀਂ ਇਕ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਾਇਆ ਗਿਆ। ਲਲ ਦਯਦ ਦੇ ਪ੍ਰਮਾਣਿਕ ਵਾਖ਼ ਕਿੰਨੇ ਹਨ, ਇਹ ਵੀ ਨਿਸ਼ਚਿਤ ਨਹੀਂ ਹੈ। ਉਂਜ 'ਲੱਲ ਵਾਖ' ਸਿਰਲੇਖ ਹੇਠ ਕਈ ਸੰਗ੍ਰਹਿ ਛਪੇ ਮਿਲਦੇ ਹਨ। ਪ੍ਰਸਿੱਧ ਅੰਗਰੇਜ਼ ਵਿਦਵਾਨ ਜਾਰਜ ਅਬਰਾਹਮ ਗ੍ਰਿਅਰਸਨ ਨੇ ਲਲ ਦਯਦ ਦੇ 109 ਵਾਖ਼ਾਂ ਦਾ ਸੰਗ੍ਰਹਿ ਪ੍ਰਕਾਸ਼ਤ ਕੀਤਾ ਜੋ ਉਨ੍ਹਾਂ ਲਈ 1914 ਵਿਚ ਪੰਡਿਤ ਮੁਕੰਦ ਰਾਮ ਸ਼ਾਸਤਰੀ ਨੇ ਤਿਆਰ ਕੀਤਾ। ਉਨ੍ਹਾਂ ਨੇ ਇਕ ਬ੍ਰਾਹਮਣ ਦੇ ਕੰਠ ਤੋਂ ਸੁਣ ਕੇ ਇਸ ਨੂੰ ਲਿਪੀਬਧ ਕੀਤਾ। ਕਸ਼ਮੀਰ ਦੀ ਪੁਰਾਣੀ ਸ਼ਾਰਦਾ ਲਿਖੀ ਵਿਚ ਵੀ ਲਲ ਦਯਦ ਦੇ ਵਾਖ਼ਾਂ ਦੀਆਂ ਦੋ ਹੱਥ ਲਿਖ਼ਤਾਂ ਮਿਲੀਆਂ ਹਨ। ਬਾਅਦ ਵਿਚ ਆਨੰਦ ਕੌਲ ਨੇ ਆਪਣੀ ਕਿਤਾਬ 'ਲੱਲ ਯੋਗੇਸ਼ਵਰੀ' ਵਿਚ 75 ਹੋਰ ਵਾਖ਼ ਸੰਗ੍ਰਹਿਤ ਕੀਤੇ। ਕੁਝ ਵਾਖ਼ਾਂ ਸਹਿਤ ਲਲ ਦਯਦ ਦੇ 258 ਵਾਖ਼ ਮਿਲਦੇ ਹਨ ਜਿਨ੍ਹਾਂ ਵਿਚੋਂ 150 ਦੇ ਕਰੀਬ ਪ੍ਰਮਾਣਿਕ ਕਹੇ ਜਾਂਦੇ ਹਨ।





***ਲਲ ਦਯਦ ਦੀ ਜ਼ਿੰਦਗੀ 'ਤੇ ਆਧਾਰਤ ਨਾਟਕ ਮੁੰਬਈ ਵਿਚ ਪ੍ਰਿਥਵੀ ਥਿਏਟਰ ਵਿਖੇ ਇਸੇ ਸਾਲ ਅਪਰੈਲ ਵਿਚ ਖੇਡਿਆ ਗਿਆ। ਇਸ ਵਿਚ ਲਲ ਦਯਦ ਦਾ ਕਿਰਦਾਰ ਮਸ਼ਹੂਰ ਥਿਏਟਰ ਆਰਟਿਸਟ ਮੀਤਾ ਵਸ਼ਿਸ਼ਟ (ਖੱਬੇ) ਨੇ ਨਿਭਾਇਆ। (ਸੱਜੇ) ਇਕ ਚਿੱਤਰਕਾਰ ਦੀਆਂ ਨਜ਼ਰਾਂ ਵਿਚ ਲਲ ਦਯਦ।***

ਲਲ ਦਯਦ ਦੇ ਜੀਵਨ ਕਾਲ ਦੌਰਾਨ ਹੀ ਕਸ਼ਮੀਰ ਦੇ ਬੜੇ ਪ੍ਰਸਿੱਧ ਨੁੰਦ ਰਿਸ਼ੀ ਹੋਏ ਜੋ ਸ਼ੇਖ਼ ਨੂਰਦੀਨ ਵਲੀ ਦੇ ਨਾਂ ਨਾਲ ਪ੍ਰਸਿੱਧ ਸਨ ਅਤੇ ਜਿਨ੍ਹਾਂ ਨੂੰ ਕਸ਼ਮੀਰੀ ਹਿੰਦੂ ਤੇ ਮੁਸਲਮਾਨ, ਦੋਵੇਂ ਹੀ ਬੜੀ ਮਾਨਤਾ ਦਿੰਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਲਲ ਦਯਦ ਅਤੇ ਨੁੰਦ ਰਿਸ਼ੀ ਦਾ ਆਪਸੀ ਸੰਵਾਦ ਵੀ ਹੋਇਆ ਸੀ। ਦੋਵੇਂ ਹੀ ਸੰਤ ਅਤੇ ਸੂਫ਼ੀ ਕਵੀ ਇਨਸਾਨ ਨੂੰ ਜਾਤ-ਪਾਤ ਅਤੇ ਧਰਮ ਦੇ ਵਖਰੇਵਿਆਂ ਤੋਂ ਉਪਰ ਉਠ ਕੇ ਵੇਖਦੇ ਹਨ ਅਤੇ ਕਸ਼ਮੀਰ ਦੀ ਸਾਂਝੀ ਤਹਿਜ਼ੀਬ ਦੇ ਇਹ ਦੋਵੇਂ ਹੀ ਬੜੇ ਸਨਮਾਨਿਤ ਪ੍ਰਤੀਕ ਮੰਨੇ ਜਾਂਦੇ ਹਨ। ਲਲ ਦਯਦ ਧਾਰਮਿਕ ਕਰਮ-ਕਾਂਡਾਂ, ਪਾਖੰਡਾਂ ਅਤੇ ਦਿਖਾਵਿਆਂ ਦੀ ਕੱਟੜ ਵਿਰੋਧੀ ਸੀ। ਉਸ ਨੇ ਕਿਹਾ:

ਓ ਨਿਰਬੁੱਧੀ!
ਸਤਿ ਕਰਮ
ਵਰਤਾਂ ਤੇ ਕਰਮ ਕਾਂਡਾਂ ਵਿਚ ਨਹੀਂ ਵਸਦਾ...।
ਦੇਵਤਾ ਵੀ ਪੱਥਰ, ਦੇਵਲ ਵੀ,
ਉਪਰ ਨੀਚੇ ਸਭ ਇਕ ਸਮਾਨ।
ਓ ਖੰਡਤ ਤੂੰ ਪੂਜਦਾ ਕਿਸ ਨੂੰ?
ਇਕ ਕਰ ਆਪਣੇ ਮਨ ਅਤੇ ਪ੍ਰਾਣ।

ਹਿੰਦੂਮਤ ਵਾਲੇ ਲਲ ਦਯਦ ਨੂੰ ਸ਼ੈਵ ਮੱਤ ਦੀ ਧਾਰਨੀ ਮੰਨਦੇ ਹਨ; ਮੁਸਲਮਾਨਾਂ ਅਨੁਸਾਰ ਉਹ ਸੂਫ਼ੀ ਵਿਚਾਰਾਂ ਨੂੰ ਪ੍ਰਣਾਈ ਹੋਈ ਸੀ।

ਗ੍ਰਿਅਰਸਨ ਅਨੁਸਾਰ ਲਲ ਦਯਦ ਦੇ ਵਾਖ਼ ਕਸ਼ਮੀਰੀ ਭਾਸ਼ਾ ਦੇ ਪ੍ਰਾਚੀਨਤਮ ਨਮੂਨਿਆਂ ਵਿਚੋਂ ਹਨ। ਇਹ ਵਾਖ਼ ਸਮਝਣ ਵਿਚ ਸਰਲ ਅਤੇ ਹੈਰਾਨੀਜਨਕ ਢੰਗ ਨਾਲ ਆਧੁਨਿਕ ਜਾਪਦੇ ਹਨ। ਸਰ ਰਿਚਰਡ ਟੈਂਪਲ ਨੇ 'ਵਰਡ ਆਫ਼ ਲਲਣ' ਸਿਰਲੇਖ ਅਧੀਨ 166 ਸਫ਼ਿਆਂ ਦੀ ਲੰਮੀ ਭੂਮਿਕਾ ਲਿਖੀ ਹੈ। ਡਾ. ਪਾਰਿਮੂ ਅਨੁਸਾਰ ਲਲ ਦਯਦ ਦੀ ਰਚਨਾ ਵਿਚ ਵੇਦਾਂਤ ਅਤੇ ਸੂਫ਼ੀ ਮਤ ਦਾ ਸੰਗਮ ਹੈ।

ਲਲ ਦਯਦ ਨੂੰ ਆਧੁਨਿਕ ਕਸ਼ਮੀਰੀ ਭਾਸ਼ਾ ਦੀ ਜਨਨੀ ਮੰਨਿਆ ਜਾ ਸਕਦਾ ਹੈ ਜਿਸ ਦੀ ਕਵਿਤਾ ਟੈਂਪਲ ਦੇ ਸ਼ਬਦਾਂ ਵਿਚ 'ਅਗਨਮਈ' ਹੈ: 'ਉਸ ਦੀ ਕਵਿਤਾ ਵਿਚ ਚਿੰਤਨ ਸ਼ਕਤੀ ਦੀ ਜਵਾਲਾ ਦਹਿਕ ਰਹੀ ਹੈ।' ਲਲ ਦਯਦ ਮੱਧਕਾਲ ਦੀਆਂ ਹੋਰ ਸੰਤ ਕਵਿੱਤਰੀਆਂ, ਮਰਾਠੀ ਦੀ ਮੁਕਤਾਬਾਈ, ਹਿੰਦੀ-ਗੁਜਰਾਤੀ ਦੀ ਮੀਰਾਬਾਈ, ਸਹਿਜੋਬਾਈ, ਦਿਆਬਾਈ, ਦੱਖਣ ਭਾਰਤ ਅੰਦਾਲ ਆਦਿ ਨਾਲੋਂ ਬੇਖੌਫ਼ ਕਵਿੱਤਰੀ ਹੈ।

ਲਲ ਦਯਦ ਦਾ ਕਸ਼ਮੀਰ ਜਾਂ ਕਸ਼ਮੀਰ ਤੋਂ ਬਾਹਰ ਕੋਈ ਸਮਾਰਕ ਨਹੀਂ ਮਿਲਦਾ। ਇਹ ਬੜੀ ਹੈਰਾਨੀ ਦੀ ਗੱਲ ਹੈ; ਪਰ ਲਲ ਦਯਦ ਨੇ ਕਿਹਾ ਸੀ:

ਮੇਰੇ ਲਈ
ਜਨਮ-ਮਰਨ ਇਕ ਸਮਾਨ ਹੈ
ਨਾ ਮੈਂ ਕਿਸੇ ਲਈ ਰੋਵਾਂਗੀ
ਤੇ ਨਾ ਹੀ ਕੋਈ ਮੇਰੇ ਲਈ ਰੋਵੇਗਾ।

ਕਸ਼ਮੀਰ ਦੀ ਸਾਂਝੀ ਤਹਿਜ਼ੀਬ ਬੜੀ ਉਦਾਰ ਅਦੇ ਰੂਹਾਨੀਅਤ ਭਰਪੂਰ ਹੈ। ਨੁੰਦ ਰਿਸ਼ੀ ਅਤੇ ਲਲ ਦਯਦ ਵਰਗੀਆਂ ਸ਼ਖਸੀਅਤਾਂ ਨੇ ਇਹ ਸਾਂਝ ਸਿਰਜੀ ਹੈ। ਆਧੁਨਿਕ ਕਾਲ ਵਿਚ ਇਸ ਵਿਰਾਸਤ ਨੂੰ ਸਾਂਭਣ ਦੀ ਲੋੜ ਹੈ। ਇਸੇ ਵਿਰਾਸਤ ਨੇ ਕਸ਼ਮੀਰ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣੀ ਹੈ।

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਅਗਸਤ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-76



***ਬੀਜਣ ਨਾਲੋਂ ਵੱਢੇ ਜਾਂਦੇ ਇਸ ਧਰਤੀ 'ਤੇ ਰੁੱਖ,***
***ਠੰਡੀਆਂ ਤੱਤੀਆਂ ਝੱਲਦੀ ਜਿਹਦੀ ਰਹੇ ਵਿਲਕਦੀ ਕੁੱਖ।***
***ਜਦੋਂ ਸਮੇਂ ਨੇ ਹੱਥ ਵਿਖਾਏ ਨਹੀਂ ਕੋਈ ਚੱਲਣਾ ਚਾਰਾ,***
***ਵੇਖੀ ਜਾਊ ਜੋ ਹੋਊਗਾ, ਖਿੱਚੀ ਚੱਲ ਤੂੰ ਆਰਾ।***

## ਕੈਪਸ਼ਨ ਮੁਕਾਬਲਾ-74



ਡੈਡੀ ਨੂੰ ਨੇ ਕੰਮ ਬਥੇਰੇ,
ਆਪਾਂ ਵੀ ਕੋਈ ਹੱਥ ਵਟਾਈਏ।
ਘਰੇ ਖੜ੍ਹੀ ਹੈ ਗੱਡੀ ਆਪਣੀ,
ਇਹਦੇ ਤੇ ਹੀ ਹੱਥ ਅਜ਼ਮਾਈਏ।
ਤੁਰਨ ਤੋਂ ਪਹਿਲਾਂ ਪਰਖ ਜਰੂਰੀ,
ਹੁਣੇ ਤੋਂ ਚੰਗੀ ਆਦਤ ਪਾਈਏ ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਡੈਡੀ ਜੀ ਤੁਸੀਂ ਜਾਣੋ
ਚੱਕਾ ਠੀਕ ਕਰਾਂ ਮੈਂ ਆਪੇ,
ਟੁੱਟੀਆਂ ਸੜਕਾਂ ਕਾਰਾਂ ਦੇ ਲਈ
ਪਾਉਂਦੀਆਂ ਨਿੱਤ ਸਿਆਪੇ।
ਲਾਹ ਕੇ ਟਾਇਰ ਚੜ੍ਹਾਵਾਂ ਦੂਜਾ।
ਕਾਢ ਹੁਣੇ ਮੈਂ ਕੱਢੀ,
ਮੁਸ਼ਕਿਲ ਨਾਲ ਆਈ ਹੱਥ
ਭਾਪਾ ਜੀ ਦੀ ਇਹ ਗੱਡੀ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਡੈਡੀ ਤੂੰ ਹੁਣ ਛੱਡ ਦੇ ਇਸ ਨੂੰ
ਮੈਂ ਆਪੇ ਕਰੂੰ ਮੁਰੰਮਤ।
ਦੂਰ ਕਰੂੰ ਨੁਕਸ ਇਸ ਦੇ ਸਾਰੇ
ਤੂੰ ਨਾ ਹੋਰ ਉਠਾ ਜ਼ਹਿਮਤ।
ਬਣਨਾ ਚਾਹਵਾਂ ਮੈਂ ਵੱਡਾ ਇੰਜੀਨੀਅਰ
ਜਾਂ ਮੈਂ ਬਣਾ ਮਕੈਨਿਕ।
ਮੇਰੇ ਗੁਣ ਤੂੰ ਪਛਾਣ ਲਵੀਂ
ਹੁਣ ਲਾ ਕੇ ਗਿਆਨ ਦੀ ਐਨਕ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਛੋਟਾ ਕਾਕਾ ਬਣੂੰ ਇੰਜੀਨੀਅਰ,
ਕਰੂ ਮਾਪਿਆਂ ਦਾ ਉਚਾ ਨਾਮ।
ਹੁਣੇ ਤੋਂ ਜੋ ਕਾਰੇ ਲੱਗਿਆ,
ਖੱਟੂ ਜ਼ਿੰਦਗੀ ਦੇ ਵਿਚ ਮਾਣ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

# ਅਕਾਲ ਤਖ਼ਤ ਦੇ ਜਥੇਦਾਰ ਦਾ ਫੇਸਬੁੱਕ ਖਾਤਾ ਜਾਅਲੀ

**ਅੰਮ੍ਰਿਤਸਰ:** ਫੇਸਬੁੱਕ 'ਤੇ ਕਿਸੇ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਬਣਾਏ ਗਏ ਜਾਅਲੀ ਖਾਤੇ (ਆਈ.ਡੀ.) ਨੂੰ ਖ਼ਤਮ ਕਰਨ ਦੇ ਆਦੇਸ਼ ਦਿੱਤੇ ਗਏ ਹਨ।

ਇਸ ਸਬੰਧੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਕਿਸੇ ਵਿਅਕਤੀ ਨੇ ਫੇਸਬੁੱਕ 'ਤੇ ਉਨ੍ਹਾਂ ਦੇ ਨਾਂ 'ਤੇ ਆਈ.ਡੀ. ਬਣਾਈ ਹੋਈ ਸੀ ਜਦੋਂਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ। ਹੁਣ ਜਦੋਂ ਸੰਗਤਾਂ ਰਾਹੀਂ ਇਸ ਬਾਰੇ ਪਤਾ ਲੱਗਾ ਹੈ ਤਾਂ ਉਨ੍ਹਾਂ ਤੁਰੰਤ ਇਸ ਜਾਅਲੀ ਖਾਤੇ ਨੂੰ ਖ਼ਤਮ ਕਰਾਉਣ ਦੇ ਆਦੇਸ਼ ਦਿੱਤੇ ਹਨ।

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*

# ਵਿਦੇਸ਼ੀ ਜੇਲ੍ਹਾਂ 'ਚ ਹਜ਼ਾਰਾਂ ਭਾਰਤੀ ਨਜ਼ਰਬੰਦ

**ਚੰਡੀਗੜ੍ਹ:** ਪਾਕਿਸਤਾਨ ਸਣੇ ਹੋਰ ਮੁਲਕਾਂ ਵਿਚ 6500 ਤੋਂ ਵੀ ਜ਼ਿਆਦਾ ਭਾਰਤੀ ਨਜ਼ਰਬੰਦ ਹਨ। ਗ੍ਰਹਿ ਵਿਭਾਗ ਦੇ ਸੂਤਰਾਂ ਮੁਤਾਬਕ ਪੰਜ ਦਰਜਨ ਤੋਂ ਵੀ ਜ਼ਿਆਦਾ ਵੱਖ-ਵੱਖ ਮੁਲਕਾਂ ਵਿਚ ਭਾਰਤ ਦੇ 6569 ਕੈਦੀ ਨਜ਼ਰਬੰਦ ਹਨ ਜਿਨ੍ਹਾਂ ਦੀ ਰਿਹਾਈ ਦੀ ਅਜੇ ਕੋਈ ਆਸ ਨਹੀਂ। ਪਾਕਿਸਤਾਨੀ ਜਿਲਾਨ ਵਿਚ ਅਜੇ ਵੀ 500 ਤੋਂ ਜ਼ਿਆਦਾ ਭਾਰਤੀ ਨਜ਼ਰਬੰਦ ਹਨ ਜਿਨ੍ਹਾਂ ਦੀ ਰਿਹਾਈ ਲਈ ਭਾਰਤ ਸਰਕਾਰ ਗੰਭੀਰ ਨਜ਼ਰ ਨਹੀਂ ਆਉਂਦੀ।

ਸਾਊਦੀ ਅਰਬ ਵਿਚ 1691 ਭਾਰਤੀਆਂ ਦੇ ਨਜ਼ਰਬੰਦ ਹੋਣ ਦੀ ਰਿਪੋਰਟ ਹੈ ਜਦਕਿ ਕੁਵੈਤ ਵਿਚ 1161 ਭਾਰਤੀ ਰਿਹਾਈ ਦੀ ਉਡੀਕ ਵਿਚ ਦਿਨ ਕੱਟੀ ਕਰ ਰਹੇ ਹਨ। ਸੰਯੁਕਤ ਅਰਬ ਵਿਚ 1012 ਤੇ ਬ੍ਰਹਟਨ ਵਿਚ 426 ਭਾਰਤੀ ਕੈਦੀ ਆਪਣੀ ਰਿਹਾਈ ਦੀ ਉਡੀਕ ਵਿਚ ਹਨ। ਅਮਰੀਕਾ ਵਿਚ ਵੀ 166 ਭਾਰਤੀ ਨਜ਼ਰਬੰਦ ਹਨ। ਚੀਨ ਦੇਸ਼ ਦੀਆਂ ਜੇਲ੍ਹਾਂ ਅੰਦਰ ਵੀ 157 ਤੇ ਬੰਗਲਾਦੇਸ਼ ਵਿਚ ਤਕਰੀਬਨ 62 ਭਾਰਤੀ ਆਪਣੀ ਰਿਹਾਈ ਦੀ ਉਡੀਕ ਕਰ ਰਹੇ ਹਨ।



ਇਸੇ ਤਰ੍ਹਾਂ ਨਿਪਾਲ ਦੀਆਂ ਜੇਲ੍ਹਾਂ ਵਿਚ 377, ਬੰਗਲਾਦੇਸ਼ ਵਿਚ 62, ਅਫਗਾਨਿਸਤਾਨ ਵਿਚ 28 ਤੇ ਬਹਿਰੀਨ ਦੀਆਂ ਜੇਲ੍ਹਾਂ ਵਿਚ ਤਕਰੀਬਨ 28 ਭਾਰਤੀ ਨਜ਼ਰਬੰਦ ਹਨ। ਫਰਾਂਸ, ਈਰਾਨ, ਇਰਾਕ ਅਲਜੀਰੀਆ ਤੇ ਹੋਰ ਦਰਜਨਾਂ ਦੇਸ਼ਾਂ ਵਿਚ ਵੀ ਸੈਂਕੜੇ ਭਾਰਤੀਆਂ ਦੇ ਨਜ਼ਰਬੰਦ ਹੋਣ ਦੀ ਰਿਪੋਰਟ ਹੈ ਜਿਨ੍ਹਾਂ ਬਾਰੇ ਅਜੇ ਸਹੀ ਅੰਕੜੇ ਪ੍ਰਾਪਤ ਹੀ ਹੋਏ।

# ਸੱਤ ਪਰਵਾਸੀ ਭਾਰਤੀ ਰਿਸ਼ਵਤ ਕੇਸ ਵਿਚ ਆਏ ਅੜਿੱਕੇ

**ਨਿਊ ਯਾਰਕ:** ਅਮਰੀਕੀ ਮੈਡੀਕਲ ਰਿਸ਼ਵਤ ਕਾਂਡ ਵਿਚ ਸੱਤ ਭਾਰਤੀ ਅਮਰੀਕੀਆਂ ਸਣੇ ਅੱਠ ਵਿਅਕਤੀਆਂ ਉਪਰ 23 ਲੱਖ ਡਾਲਰ ਦੀ ਰਿਸ਼ਵਤ ਦੇਣ ਦੇ ਦੋਸ਼ ਲੱਗੇ ਹਨ। ਇਹ ਰਿਸ਼ਵਤ ਮੈਡੀਕਲ ਪ੍ਰਬੰਧਨ ਕੰਪਨੀ ਨੂੰ ਕਾਰੋਬਾਰ ਯਕੀਨੀ ਬਣਾਉਣ ਲਈ ਦਿੱਤੀ ਗਈ ਸੀ। ਸੂਤਰਾਂ ਅਨੁਸਾਰ ਸਰਵੇਸ਼ ਧਰਾਇਨ, ਸੰਜੇ ਗੁਪਤਾ, ਵੈਂਕਟਾ ਅਤੁਲਰੀ, ਰੰਗਰਾਜਨ ਕੁਮਾਰ, ਵੰਦਨ ਕੁਮਾਰ ਕੋਪਾਲੇ ਤੇ ਦਾਰੀਨ ਸਿਰੀਆਨੀ ਖਿਲਾਫ਼ ਰਿਸ਼ਵਤ ਦੇਣ ਦੇ ਦੋਸ਼ ਲੱਗੇ ਹਨ। ਰਿਸ਼ਵਤ ਲੈਣ ਵਾਲੇ ਲੋਕਾਂ ਵਿਚ ਮਨਿਲ ਸਿੰਘ ਤੇ ਕੀਥ ਬੁਸ਼ ਵੀ ਸ਼ਾਮਲ ਹਨ।

ਅਨਿਲ ਸਿੰਘ ਨਿਊਯਾਰਕ ਕੰਪਨੀ ਵਿਚ ਸੀਨੀਅਰ ਉਪ ਪ੍ਰਧਾਨ ਤੇ ਮੁੱਖ ਸੂਚਨਾ ਅਧਿਕਾਰੀ ਸੀ। ਇਹੀ ਕੰਪਨੀ ਪੂਰੇ ਮੁਲਕ ਵਿਚ ਮੈਡੀਕਲ ਲਾਗਤ ਪ੍ਰਬੰਧਨ ਸੇਵਾਵਾਂ ਮੁਹੱਈਆ ਕਰਾਉਂਦੀ ਹੈ। ਬੁਸ਼ ਕੰਪਨੀ ਵਿਚ ਡਾਟਾਬੇਸ ਪ੍ਰਸ਼ਾਸਨ ਵਿਚ ਡਾਇਰੈਕਟਰ ਸੀ। ਇਨ੍ਹਾਂ ਦੋਵਾਂ ਦਾ ਨਿਊਯਾਰਕ ਕੰਪਨੀ ਵੱਲੋਂ ਰੱਖੇ ਜਾਣ ਵਾਲੇ ਡੀਲਰਾਂ ਖਾਸ ਤੌਰ 'ਤੇ ਡਾਟਾਬੇਸ ਪ੍ਰਸ਼ਾਸਨ ਸੇਵਾਵਾਂ ਦੇਣ ਵਾਲਿਆਂ ਦੀ ਚੋਣ ਵਿਚ ਕਾਫੀ ਅਸਰ ਸੀ।

ਇਨ੍ਹਾਂ 'ਤੇ ਦੋਸ਼ ਲਗਾਇਆ ਗਿਆ ਹੈ ਕਿ ਸਾਲ 2008 ਤੋਂ ਸਤੰਬਰ 2012 ਦਰਮਿਆਨ ਨਿਊਯਾਰਕ ਕੰਪਨੀ ਦਾ ਕਰੋੜਾਂ ਡਾਲਰ ਡੀ.ਬੀ.ਏ. ਕਾਰੋਬਾਰ ਹਾਸਲ ਕਰਨ ਲਈ ਵੱਖ-ਵੱਖ ਵਿਅਕਤੀਆਂ ਨੇ ਸਮੂਹਿਕ ਰੂਪ ਨਾਲ ਅਨਿਲ ਤੇ ਬੁਸ਼ ਨੂੰ ਨਕਦ ਤੇ ਹੋਰ ਲਾਭ ਪਹੁੰਚਾਏ। ਸ਼ਿਕਾਇਤ ਮੁਤਾਬਕ ਧਰਾਇਨ, ਗੁਪਤਾ, ਅਤਲੁਰੀ ਕੁਮਾਰ ਤੇ ਕੋਪਾਲੇ ਨੇ ਰਿਸ਼ਵਤ ਦਿੱਤੀ।

ਧਰਾਇਨ, ਗੁਪਤਾ ਕੋਪਾਲੇ ਤੇ ਸਿਰੀਆਨੀ ਨੂੰ ਬੀਤੇ ਦਿਨੀਂ ਉਨ੍ਹਾਂ ਦੇ ਘਰਾਂ ਤੋਂ ਗ੍ਰਿਫਤਾਰ ਕੀਤਾ ਗਿਆ। ਜੇਕਰ ਮੁਲਜ਼ਮਾਂ 'ਤੇ ਦੋਸ਼ ਸਾਬਤ ਹੋ ਗਏ ਤਾਂ ਇਨ੍ਹਾਂ ਨੂੰ 20 ਸਾਲਾਂ ਤੱਕ ਜੇਲ੍ਹ ਜਾਣਾ ਪੈ ਸਕਦਾ ਹੈ।

# ਭਾਰਤ ਵਿਚ ਕੈਂਸਰ ਨਾਲ ਹਰ ਵਰ੍ਹੇ ਸਾਢੇ ਪੰਜ ਲੱਖ ਮੌਤਾਂ

**ਚੰਡੀਗੜ੍ਹ:** ਭਾਰਤ ਵਿਚ ਹਰ ਸਾਲ ਕੈਂਸਰ ਦੀ ਲਪੇਟ ਵਿਚ ਆਉਣ ਨਾਲ 5,50,000 ਲੋਕ ਦਮ ਤੋੜਦੇ ਹਨ। ਦੇਸ਼ ਵਿਚ ਕੈਂਸਰ ਪੀੜਤ ਮਰੀਜ਼ਾਂ ਦਾ ਅੰਕੜਾ ਤਕਰੀਬਨ 2.5 ਮਿਲੀਅਨ ਹੈ ਜਿਨ੍ਹਾਂ ਵਿਚੋਂ 8,00,000 ਤੋਂ ਵੀ ਜ਼ਿਆਦਾ ਨਵੇਂ ਮਾਮਲੇ ਹਨ ਤੇ 70 ਫੀਸਦੀ ਤੋਂ ਜ਼ਿਆਦਾ ਮਾਮਲੇ ਤਾਂ ਇਸ ਬਿਮਾਰੀ ਦੇ ਗੰਭੀਰ ਰੂਪ ਧਾਰਨ ਕਰਨ ਤੋਂ ਬਾਅਦ ਡਾਕਟਰਾਂ ਦੀ ਜਾਣਕਾਰੀ ਵਿਚ ਲਿਆਏ ਜਾਂਦੇ ਹਨ। ਕੈਂਸਰ ਪੀੜਤ ਮਰੀਜ਼ਾਂ ਦੇ ਬਚਾਅ ਵਿਚ ਸਭ ਤੋਂ ਅਹਿਮ ਪਹਿਲੂ ਇਹ ਹੈ ਕਿ ਉਹ ਉਸੇ ਵਕਤ ਇਲਾਜ ਲਈ ਅੱਗੇ ਆਉਣ ਜਦੋਂ ਇਹ ਬਿਮਾਰੀ ਸ਼ੁਰੂਆਤੀ ਦੌਰ ਵਿਚ ਹੋਵੇ। ਫੋਰਟਿਸ ਹਸਪਤਾਲ ਵਿਚ ਮੈਡੀਕਲ ਆਨਕੋਲੋਜੀ ਵਿਭਾਗ ਦੇ ਹੈਡ ਡਾ. ਰਾਜੀਵ ਬੇਦੀ ਦਾ ਕਹਿਣਾ ਹੈ ਕਿ ਕੈਂਸਰ ਦੇ 50 ਫੀਸਦੀ ਮਾਮਲੇ ਇਲਾਜ ਦੇ ਯੋਗ ਹਨ ਤੇ ਜੇਕਰ ਚੰਗੀ ਸੰਤੁਲਿਤ ਖੁਰਾਕ, ਰੋਜ਼ਾਨਾ ਕਸਰਤ, ਤੰਬਾਕੂਨੋਸ਼ੀ ਤੇ ਸ਼ਰਾਬ ਦੇ ਜ਼ਿਆਦਾ ਇਸਤੇਮਾਲ ਤੋਂ ਬਚਾਅ 'ਤੇ ਧਿਆਨ ਕੇਂਦਰਿਤ ਕਰਨ ਦੇ ਨਾਲ-ਨਾਲ ਬਾਜ਼ਾਰ ਵਿਚ ਉਪਲਬਧ ਵੈਕਸੀਨ ਦੇ ਇਸਤੇਮਾਲ ਤੋਂ ਹੈਪਟਿਕ ਕੈਂਸਰ ਤੇ ਸਰਵਾਈਕਲ ਵਰਗੇ ਮੁੱਖ ਕੈਂਸਰਾਂ ਤੋਂ ਬਚਿਆ ਜਾ ਸਕਦਾ ਹੈ।

# ਪੁੱਤ ਦੇ ਕਤਲ ਦੀ ਖ਼ਬਰ ਸੁਣ ਕੇ ਪਿਉ ਵੀ ਚੱਲ ਵਸਿਆ

**ਕਪੂਰਥਲਾ:** ਇਥੇ ਜਲੋਖਾਨਾ ਚੌਕ ਨੇੜੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਅਣਪਛਾਤੇ ਵਿਅਕਤੀਆਂ ਨੇ ਇਕ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁੱਤ ਦੀ ਮੌਤ ਦੀ ਖ਼ਬਰ ਸੁਣਦੇ ਹੀ ਪਿਉ ਦੀ ਵੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਨੋਜ ਕੁਮਾਰ ਉਰਫ ਦੀਪਾ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਮੁਤਾਬਕ ਮਨੋਜ ਕੁਮਾਰ ਰੋਜ਼ਾਨਾ ਦੀ ਤਰ੍ਹਾਂ ਪਾਵਰ ਹੈਲਥ ਕਲੱਬ ਵਿਚ ਆਪਣੀ ਗੱਡੀ ਖੜ੍ਹੀ ਕਰਕੇ ਘਰ ਨੂੰ ਆ ਰਿਹਾ ਸੀ ਤਾਂ ਤਿੰਨ ਮੋਟਰਸਾਈਕਲ ਸਵਾਰਾਂ ਨੇ ਉਸ 'ਤੇ ਗੋਲੀਆਂ ਚਲਾਈਆਂ। ਗੰਭੀਰ ਜ਼ਖ਼ਮੀ ਹੋਏ ਮਨੋਜ ਕੁਮਾਰ ਉਰਫ਼ ਦੀਪਾ ਨੂੰ ਜਦੋਂ ਇਲਾਜ ਲਈ ਜਲੰਧਰ ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿਚ ਉਸ ਨੇ ਦਮ ਤੋੜ ਦਿੱਤਾ।

ਜਿਉਂ ਹੀ ਇਸ ਘਟਨਾ ਦਾ ਉਸ ਦੇ ਪਿਤਾ ਵਿਜੇ ਕੁਮਾਰ (75) ਨੂੰ ਪਤਾ ਲੱਗਾ ਤਾਂ ਉਸ ਨੂੰ ਦਿਲ ਦਾ ਦੌਰਾ ਪਿਆ ਜੋ ਉਸ ਲਈ ਜਾਨਲੇਵਾ ਸਾਬਤ ਹੋਇਆ।

ਮਨੋਜ ਕੁਮਾਰ ਉਰਫ਼ ਦੀਪਾ ਵੱਖ-ਵੱਖ ਕੇਸਾਂ ਵਿਚ ਅਦਾਲਤ ਵੱਲੋਂ ਜ਼ਮਾਨਤ 'ਤੇ ਰਿਹਾਅ ਹੋਇਆ ਸੀ ਤੇ ਪਿਛਲੇ ਅਰਸੇ ਦੌਰਾਨ ਵੀ ਕੁਝ ਅਣਪਛਾਤੇ ਵਿਅਕਤੀਆਂ ਨੇ ਉਸ ਦੇ ਘਰ ਦੇ ਬਾਹਰਵਾਰ ਗੋਲੀਆਂ ਚਲਾਈਆਂ ਸਨ।

# ਬਰਤਾਨੀਆ ਨੇ ਫਰਜ਼ੀ ਵਿਆਹਾਂ ਖਿਲਾਫ ਸ਼ਿਕੰਜਾ ਕਸਿਆ

**ਲੰਡਨ:** ਬਰਤਾਨੀਆ ਨੇ ਫਰਜ਼ੀ ਵਿਆਹਾਂ ਖ਼ਿਲਾਫ਼ ਸ਼ਿਕੰਜਾ ਕਸਿਆ ਹੈ ਤੇ ਇਸ ਸਬੰਧੀ ਚਲਾਈ ਮੁਹਿੰਮ ਤਹਿਤ ਅੱਠ ਭਾਰਤੀ ਤੇ ਪਾਕਿਸਤਾਨ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ। ਦੇਸ਼ ਵਿਚ ਨਿਵਾਸ ਦਾ ਕਾਨੂੰਨੀ ਹੱਕ ਲੈਣ ਲਈ ਪਰਵਾਸੀ ਇਸ ਤਰ੍ਹਾਂ ਦੇ ਵਿਆਹਾਂ ਦਾ ਸਹਾਰਾ ਲੈਂਦੇ ਹਨ। ਬਰਤਾਨਵੀ ਗ੍ਰਹਿ ਵਿਭਾਗ ਦੀ ਐਨਫੋਰਸਮੈਂਟ ਟੀਮ ਨੇ ਕਿਹਾ ਕਿ 27 ਤੋਂ 40 ਸਾਲ ਦੀ ਉਮਰ ਦੇ ਇਹ ਵਿਅਕਤੀ ਬਰਤਾਨੀਆ ਵਿਚ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਸਨ ਤੇ ਇਨ੍ਹਾਂ ਨੂੰ ਸਕਾਟਲੈਂਡ ਵਿਚ ਡੰਫਰੀਜ਼ ਤੇ ਗੈਲੋਵੇਅ ਵਿਖੇ ਗ੍ਰੈਟਨਾ ਦੇ ਰਜਿਸਟਰੇਸ਼ਨ ਦਫਤਰ ਵਿਚ ਛੇ ਵਿਆਹ ਹੋਣ ਤੋਂ ਐਨ ਪਹਿਲਾਂ ਕਾਬੂ ਕਰ ਲਿਆ ਗਿਆ।

ਛੇ ਵਿਅਕਤੀਆਂ ਨੂੰ ਬਰਤਾਨੀਆ ਵਿਚੋਂ ਬੇਦਖਲੀ ਲਈ ਹਿਰਾਸਤ ਵਿਚ ਲਿਆ ਗਿਆ ਹੈ ਜਦਕਿ ਦੋ ਹੋਰਾਂ ਨੂੰ ਉਨ੍ਹਾਂ ਦੇ ਆਵਾਸ ਕੇਸਾਂ ਦੀ ਕਾਰਵਾਈ ਮੁਕੰਮਲ ਹੋਣ ਤੱਕ ਗ੍ਰਹਿ ਵਿਭਾਗ ਕੋਲ ਹਾਜ਼ਰੀ ਭਰਨੀ ਪਵੇਗੀ। ਇਨ੍ਹਾਂ ਦੀ ਪਛਾਣ ਦੇ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ। ਐਨਫੋਰਸਮੈਂਟ ਟੀਮ ਦੀ ਐਨਾ ਬੈਇਟੀ ਮੁਤਾਬਕ ਬਰਤਾਨੀਆ ਵਿਚ ਜੇ ਕੋਈ ਵੀ ਗੈਰਕਾਨੂੰਨੀ ਤੌਰ 'ਤੇ ਰਹਿ ਰਿਹਾ ਤੇ ਆਵਾਸ ਕਾਨੂੰਨ ਤੋਂ ਬਚਣਾ ਚਾਹੁੰਦਾ ਹੈ, ਉਹ ਇਸ ਅਪਰੇਸ਼ਨ ਤੋਂ ਖ਼ਬਰਦਾਰ ਹੋ ਜਾਵੇ।

# ਪੰਜਾਬੀ ਵਿਦਿਆਰਥਣ ਨੂੰ ਠੱਗਣ ਵਾਲਿਆਂ ਖਿਲਾਫ ਕਾਰਵਾਈ ਹੋਵੇਗੀ

**ਚੰਡੀਗੜ੍ਹ:** ਯੂ.ਕੇ. ਵਿਚ ਪੜ੍ਹਨ ਗਈ ਵਿਦਿਆਰਥਣ ਨਾਲ ਉਥੋਂ ਦੇ ਦੋ ਵਾਸੀਆਂ ਵੱਲੋਂ ਧੋਖੇ ਨਾਲ ਅੱਠ ਲੱਖ ਰੁਪਏ ਹੜੱਪਣ ਤੇ ਜਾਅਲੀ ਵੀਜ਼ਾ ਲਾਉਣ ਦੇ ਮਾਮਲੇ ਵਿਚ ਐਨ.ਆਰ.ਆਈ ਕਮਿਸ਼ਨ ਪੰਜਾਬ ਨੇ ਆਈ.ਜੀ. ਐਨ.ਆਰ.ਆਈ. ਮਾਮਲਿਆਂ ਨੂੰ ਕਾਰਵਾਈ ਕਰਨ ਲਈ ਕਿਹਾ ਹੈ। ਕਮਿਸ਼ਨ ਦੇ ਬੁਲਾਰੇ ਮੁਤਾਬਕ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਗੋਰਾਇਆ ਵਾਸੀ ਹਰਪ੍ਰੀਤ ਗੋਰਾਇਆ ਵੱਲੋਂ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਗਿਆ ਹੈ ਕਿ ਉਹ 16 ਸਤੰਬਰ, 2010 ਨੂੰ ਡੇਢ ਸਾਲ ਦੇ ਸਟੂਡੈਂਟ ਵੀਜ਼ੇ 'ਤੇ ਯੂ.ਕੇ. ਗਈ ਸੀ ਜਿਥੇ ਉਹ ਸਨਡਰਲੈਂਡ ਯੂਨੀਵਰਸਿਟੀ ਵਿਚ ਪੜ੍ਹਦੀ ਸੀ। ਉਸ ਦਾ ਵੀਜ਼ਾ 31 ਜਨਵਰੀ, 2012 ਨੂੰ ਖ਼ਤਮ ਹੋ ਜਾਣਾ ਸੀ ਤੇ ਇਸ ਬਾਰੇ 'ਗਲੈਮਰ ਆਈਜ਼ ਤੇ ਬਰਾਉਜ਼ ਬਲੈਕ' ਦੇ ਮਾਲਕ ਸੁਰਿੰਦਰਜੀਤ ਸਿੰਘ ਤੇ ਜੋਗਿੰਦਰ ਕੌਰ ਨੂੰ ਜਾਣਕਾਰੀ ਸੀ ਜਿਨ੍ਹਾਂ ਕੋਲ ਉਹ ਕੰਮ ਕਰਦੀ ਸੀ।

ਹਰਪ੍ਰੀਤ ਨੇ ਸ਼ਿਕਾਇਤ ਵਿਚ ਦੱਸਿਆ ਕਿ ਸੁਰਿੰਦਰਜੀਤ ਸਿੰਘ ਤੇ ਜੋਗਿੰਦਰ ਕੌਰ ਨੇ ਉਸ




ਨੂੰ ਭਰਮਾਇਆ ਕਿ ਜੇਕਰ ਉਹ ਉਨ੍ਹਾਂ ਨੂੰ ਅੱਠ ਲੱਖ ਰੁਪਏ ਦੇਵੇ ਤਾਂ ਉਸ ਦਾ ਵੀਜ਼ਾ ਦੋ ਸਾਲ ਲਈ ਹੋਰ ਵਧਾ ਦਿੱਤਾ ਜਾਵੇਗਾ। ਸ਼ਿਕਾਇਤਕਰਤਾ ਮੁਤਾਬਕ 26 ਜਨਵਰੀ, 2012 ਨੂੰ ਉਸ ਨੇ 4672 ਪੌਂਡ ਆਪਣੇ ਖਾਤੇ ਵਿਚੋਂ ਸੁਰਿੰਦਰਜੀਤ ਸਿੰਘ ਤੇ ਜੋਗਿੰਦਰ ਕੌਰ ਨੂੰ ਦੇ ਦਿੱਤੇ। ਇਸੇ ਤਰ੍ਹਾਂ ਬਾਕੀ ਰਕਮ ਭਾਰਤ ਵਿਚ ਦੇਣ ਬਾਰੇ ਗੱਲਬਾਤ ਤੈਅ ਹੋਈ। ਇਸ ਤੋਂ ਇਲਾਵਾ ਉਸ ਨੇ ਆਪਣਾ ਪਾਸਪੋਰਟ ਵੀ ਉਨ੍ਹਾਂ ਨੂੰ ਦੇ ਦਿੱਤਾ।

ਉਪਰੋਕਤ ਦੋਵਾਂ ਨੇ 24 ਜਨਵਰੀ, 2012 ਨੂੰ ਉਸ ਦੇ ਪਾਸਪੋਰਟ 'ਤੇ ਜਾਅਲੀ ਵੀਜ਼ਾ ਲਾ ਕੇ ਫਲਾਈਟ ਤੋਂ ਤੁਰੰਤ ਪਹਿਲਾਂ ਪਾਸਪੋਰਟ ਉਸ ਨੂੰ ਦੇ ਦਿੱਤਾ। ਉਹ ਆਪਣੇ ਪੁਰਾਣੇ ਵੀਜ਼ੇ 'ਤੇ ਭਾਰਤ ਪਹੁੰਚੀ ਜਿਥੇ ਕਿ ਸੁਰਿੰਦਰਜੀਤ ਸਿੰਘ ਤੇ ਜੋਗਿੰਦਰ ਕੌਰ ਦੇ ਕਹਿਣ 'ਤੇ ਉਸ ਨੇ 16 ਫਰਵਰੀ, 2012 ਨੂੰ ਸ਼ਾਸਤਰੀ ਨਗਰ, ਬਟਾਲਾ ਦੇ ਵਾਸੀ ਡਾ. ਗੁਰਦੇਵ ਸਿੰਘ ਰੰਧਾਵਾ ਤੇ ਉਨ੍ਹਾਂ ਦੀ ਪਤਨੀ ਨੂੰ ਬਕਾਇਆ 3.36 ਲੱਖ ਰੁਪਏ ਨਗਦ ਦੇ ਦਿੱਤੇ।

ਜਦੋਂ 19 ਫਰਵਰੀ 2012 ਨੂੰ ਉਹ ਯੂ.ਕੇ. ਜਾਣ ਲਈ ਹਵਾਈ ਅੱਡੇ 'ਤੇ ਪਹੁੰਚੀ ਤਾਂ ਉਹ ਇਹ ਜਾਣ ਕੇ ਦੰਗ ਰਹਿ ਗਈ ਕਿ ਉਸ ਦੇ ਪਾਸਪੋਰਟ 'ਤੇ ਲੱਗਾ ਵੀਜ਼ਾ ਜਾਅਲੀ ਹੈ। ਇਸੇ ਕਾਰਨ ਉਸ ਦਾ ਪਾਸਪੋਰਟ ਵੀ ਕਾਲੀ ਸੂਚੀ ਵਿਚ ਪਾ ਦਿੱਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਆਈ.ਜੀ. ਨੂੰ ਇਸ ਬਾਰੇ ਆਪਣੇ ਪੱਧਰ 'ਤੇ ਢੁਕਵੀਂ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

## ਪੰਜਾਬੀ ਨੌਜਵਾਨ ਦੀ ਮਨੀਲਾ 'ਚ ਹੱਤਿਆ

**ਸਮਾਲਸਰ:** ਇਥੋਂ ਦੇ ਇਕ ਨੌਜਵਾਨ ਦੀ ਮਨੀਲਾ ਵਿਖੇ ਲੁਟੇਰਿਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਮ੍ਰਿਤਕ ਦੇ ਘਰਦਿਆਂ ਮੁਤਾਬਕ ਗੁਰਪ੍ਰੀਤ ਸਿੰਘ ਪੁੱਤਰ ਜਗਦੀਸ਼ ਸਿੰਘ ਸਰਾਂ ਚਾਰ ਸਾਲ ਪਹਿਲਾਂ ਮਨੀਲਾ ਚਲਾ ਗਿਆ ਸੀ। ਘਟਨਾ ਵਾਲੇ ਦਿਨ ਉਹ ਮਨੀਲਾ ਵਿਚ ਨਕਦੀ ਲੈ ਕੇ ਜਾ ਰਿਹਾ ਸੀ ਕਿ ਲੁਟੇਰਿਆਂ ਨੇ ਉਸ ਦਾ ਪਿੱਛਾ ਕਰਦਿਆਂ ਰਸਤੇ ਵਿਚ ਉਸ ਨੂੰ ਰੋਕ ਲਿਆ ਤੇ ਤੁਰੰਤ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਜਦ ਮਨੀਲਾ ਰਹਿੰਦੇ ਉਸ ਦੀ ਸਨੇਹੀਆਂ ਨੂੰ ਇਸ ਘਟਨਾ ਦਾ ਪਤਾ ਲੱਗਾ ਉਨ੍ਹਾਂ ਨੇ ਗੁਰਪ੍ਰੀਤ ਸਿੰਘ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਜਿਥੇ ਡਾਕਟਰਾਂ ਨੇ ਉਸ ਨੂੰ ਦੋ ਦਿਨ ਬਾਅਦ ਮ੍ਰਿਤਕ ਐਲਾਨ ਦਿੱਤਾ।

# ਇਟਲੀ ਪੁਲਿਸ ਨੇ ਕਿਰਪਾਨ ਲੁਹਾਈ

**ਰੋਮ:** ਇਟਲੀ ਪੁਲਿਸ ਵੱਲੋਂ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਇਟਲੀ ਦੇ ਪ੍ਰਧਾਨ ਤੇ ਨੈਸ਼ਨਲ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤਲਵਿੰਦਰ ਸਿੰਘ ਬਡਾਲੀ ਨੂੰ ਸ੍ਰੀ ਸਾਹਿਬ ਉਤਾਰਨ ਲਈ ਮਜਬੂਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਸ. ਬਡਾਲੀ ਮੁਤਾਬਕ ਜਦੋਂ ਉਹ ਰੋਜ਼ਾਨਾ ਵਾਂਗ ਦੁੱਧ ਵਾਲਾ ਟਰੱਕ ਲੈ ਕੇ ਫਿਓਰਨਜ਼ੋਲਾ ਨੇੜੇ ਦੁਪਹਿਰ ਇਕ ਵਜੇ ਜਾ ਰਹੇ ਸਨ ਤਾਂ ਪਿਚੈਸਾ ਜ਼ਿਲ੍ਹੇ ਦੀ ਪੁਲਿਸ ਨੇ ਉਨ੍ਹਾਂ ਨੂੰ ਰੋਕ ਕੇ ਸ੍ਰੀ ਸਾਹਿਬ ਲਾਹੁਣ ਲਈ ਕਿਹਾ।

ਉਨ੍ਹਾਂ ਪੁਲਿਸ ਨੂੰ ਵੱਖ-ਵੱਖ ਦਲੀਲਾਂ ਸਹਿਤ ਸਿੱਖ ਧਰਮ ਅੰਦਰ ਸ੍ਰੀ ਸਾਹਿਬ ਦੀ ਮਹੱਤਤਾ ਬਾਰੇ ਸਮਝਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਪੁਲਿਸ ਨੇ ਗੱਲ ਨਾ ਸੁਣੀ। ਮਜਬੂਰੀ ਵੱਸ ਬਡਾਲੀ ਨੂੰ ਆਪਣੀ ਸ੍ਰੀ ਸਾਹਿਬ ਉਤਾਰਨੀ ਪਈ ਸੀ। ਬਡਾਲੀ ਨੇ ਆਪਣੇ ਵਕੀਲ ਰਾਹੀਂ ਇਟਾਲੀਅਨ ਪੁਲਿਸ ਦੀ ਉਕਤ ਕਾਰਵਾਈ ਵਿਰੁੱਧ ਕੇਸ ਵੀ ਦਾਇਰ ਕਰ ਦਿੱਤਾ ਹੈ।

# ਪਰਵਾਸੀ 'ਤੇ ਧੋਖੇ ਨਾਲ ਦੂਜਾ ਵਿਆਹ ਕਰਾਉਣ ਦਾ ਦੋਸ਼

**ਸੰਗਰੂਰ:** ਪੰਜਾਬ ਆ ਕੇ ਆਪਣੇ ਆਪ ਨੂੰ ਕੁਆਰਾ ਦੱਸ ਕੇ ਦੂਜਾ ਵਿਆਹ ਕਰਾਉਣ ਤੇ ਵਿਆਹੁਤਾ ਨੂੰ ਵਿਦੇਸ਼ ਲਿਜਾ ਕੇ ਤੰਗ ਪ੍ਰੇਸ਼ਾਨ ਕਰਨ ਵਾਲੇ ਐਨ.ਆਰ.ਆਈ. ਲੜਕੇ ਖਿਲਾਫ ਪੀੜਤ ਲੜਕੀ ਦੀ ਮਾਂ ਨੇ ਕਾਰਵਾਈ ਦੀ ਮੰਗ ਕੀਤੀ ਹੈ। ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜ਼ਿਲ੍ਹਾ ਬਰਨਾਲਾ ਅਧੀਨ ਪੈਂਦੇ ਪਿੰਡ ਕੁਰੜ ਦੀ ਵਸਨੀਕ ਵਿਧਵਾ ਸਵਰਨਜੀਤ ਕੌਰ ਨੇ ਦੱਸਿਆ ਕਿ ਉਸ ਨੇ ਆਪਣੀ ਧੀ ਸੰਦੀਪ ਕੌਰ ਦੇ ਵਿਆਹ ਲਈ ਅਖ਼ਬਾਰ ਵਿਚ ਇਸ਼ਤਿਹਾਰ ਦਿੱਤਾ ਸੀ। ਇਸ਼ਤਿਹਾਰ ਦੇ ਆਧਾਰ 'ਤੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਅਧੀਨ ਪੈਂਦੇ ਪਿੰਡ ਦੇ ਵਸਨੀਕ ਐਨ.ਆਰ.ਆਈ. ਲੜਕੇ ਨਾਲ ਉਸ ਨੇ ਆਪਣੀ ਧੀ ਦਾ ਵਿਆਹ 13 ਫਰਵਰੀ, 2005 ਨੂੰ ਕੀਤਾ ਸੀ।

2006 ਵਿਚ ਉਸ ਦੀ ਧੀ ਆਪਣੇ ਐਨ.ਆਰ.ਆਈ. ਪਤੀ ਨਾਲ ਅਮਰੀਕਾ ਚਲੀ ਗਈ। ਉਥੇ ਜਾ ਕੇ ਉਸ ਨੂੰ ਪਤਾ ਲੱਗਿਆ ਕਿ ਉਸ ਦਾ ਪਤੀ ਪਹਿਲਾਂ ਹੀ ਵਿਆਹਿਆ ਹੈ ਤੇ ਉਸ ਦੇ ਇਕ ਬੇਟੀ ਵੀ ਹੈ। ਵਿਦੇਸ਼ ਵਿਚ ਦੁਖੀ ਸੰਦੀਪ ਕੌਰ ਨੇ ਆਪਣਾ ਦੁੱਖ ਆਪਣੀ ਕੈਂਸਰ ਪੀੜਤ ਮਾਂ ਨਾਲ ਸਾਂਝਾ ਨਾ ਕੀਤਾ ਤੇ ਸਭ ਕੁਝ ਆਪ ਹੀ ਬਰਦਾਸ਼ਤ ਕਰਦੀ ਰਹੀ। ਸੰਦੀਪ ਨੂੰ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਤੇ ਤਲਾਕ ਲਈ ਦਬਾਅ ਪਾਇਆ ਜਾਂਦਾ ਕਿਉਂਕਿ



ਉਸਦੇ ਪਤੀ ਦੇ ਵਿਦੇਸ਼ ਰਹਿੰਦੀ ਇਕ ਹੋਰ ਲੜਕੀ ਨਾਲ ਪ੍ਰੇਮ ਸਬੰਧ ਬਣ ਗਏ ਸਨ।

ਇਸ ਵਿਦੇਸ਼ੀ ਲੜਕੀ ਦੇ ਦਸੰਬਰ 2010 ਵਿਚ ਦੋ ਜੁੜਵਾਂ ਧੀਆਂ ਪੈਦਾ ਹੋਈਆਂ। ਇਹ ਸਾਰੀਆਂ ਗੱਲਾਂ ਸੰਦੀਪ ਨੇ ਜਨਵਰੀ 2013 ਵਿਚ ਉਸ ਨੂੰ ਦੱਸੀਆਂ ਸਨ। ਦਸੰਬਰ-2011 ਵਿਚ ਸੰਦੀਪ ਨੂੰ ਉਸ ਦੇ ਪਤੀ ਨੇ ਜਬਰੀ ਤਲਾਕ ਦੇ ਦਿੱਤਾ ਸੀ ਜਦਕਿ ਉਸ ਦੇ ਪੁੱਤਰ ਦੀ ਕਸਟਡੀ ਬਾਰੇ ਅਮਰੀਕਾ ਵਿਚ ਕੇਸ ਚੱਲ ਰਿਹਾ ਹੈ। ਹੁਣ ਸੰਦੀਪ ਅਮਰੀਕਾ ਵਿਚ ਇਕੱਲੀ ਰਹਿ ਰਹੀ ਹੈ ਪਰ ਫਿਰ ਵੀ ਉਸ ਦਾ ਪਤੀ ਤੇ ਸਹੁਰਾ ਪਰਿਵਾਰ ਉਸ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ।

ਦੁਖੀ ਮਾਂ ਨੇ ਦੱਸਿਆ ਕਿ ਅੱਜਕੱਲ੍ਹ ਇਹ ਐਨ.ਆਰ.ਆਈ ਪੰਜਾਬ ਆਇਆ ਹੋਇਆ ਹੈ। ਉਸ ਨੇ 25 ਤੋਲੇ ਸੋਨਾ ਤੇ 15 ਲੱਖ ਰੁਪਏ ਹੜੱਪ ਕਰਨ ਦੇ ਦੋਸ਼ ਹੇਠ ਐਨ.ਆਰ.ਆਈ. ਖ਼ਿਲਾਫ ਅੱਠ ਜੁਲਾਈ ਨੂੰ ਐਸ.ਐਸ.ਪੀ ਬਰਨਾਲਾ ਨੂੰ ਸ਼ਿਕਾਇਤ ਕੀਤੀ ਹੈ। ਸਵਰਨਜੀਤ ਕੌਰ ਨੇ ਖਦਸ਼ਾ ਪ੍ਰਗਟ ਕੀਤਾ ਕਿ ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਉਹ ਵਿਦੇਸ਼ ਫ਼ਰਾਰ ਹੋ ਸਕਦਾ ਹੈ। ਉਸ ਨੇ ਪੰਜਾਬ ਸਰਕਾਰ ਤੇ ਐਸ.ਐਸ.ਪੀ ਬਰਨਾਲਾ ਤੋਂ ਮੰਗ ਕੀਤੀ ਕਿ ਜਾਂਚ ਪੂਰੀ ਹੋਣ ਤੱਕ ਉਸ ਦਾ ਪਾਸਪੋਰਟ ਜ਼ਬਤ ਕਰਕੇ ਵਿਦੇਸ਼ ਜਾਣ ਤੋਂ ਰੋਕਿਆ ਜਾਵੇ।

# ਅਮਰੀਕਾ ਵੱਲੋਂ ਮੋਦੀ ਬਾਰੇ ਨਜ਼ਰੀਆ ਬਦਲਣ ਤੋਂ ਇਨਕਾਰ

**ਵਾਸ਼ਿੰਗਟਨ:** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਵੀਜ਼ੇ ਬਾਰੇ ਭਾਰਤ ਵਿਚ ਛਿੜੇ ਵਿਵਾਦ ਦੇ ਮੱਦੇਨਜ਼ਰ ਅਮਰੀਕਾ ਨੇ ਉਨ੍ਹਾਂ ਨੂੰ ਆਪਣੇ ਦੇਸ਼ ਆਉਣ ਦੀ ਇਜਾਜ਼ਤ ਦੇਣ ਬਾਰੇ ਕੋਈ ਭਰੋਸਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਵਿਦੇਸ਼ ਵਿਭਾਗ ਨੇ ਇਨ੍ਹਾਂ ਸਵਾਲਾਂ ਨੂੰ ਟਾਲ ਦਿੱਤਾ ਕਿ ਜੇ ਸ੍ਰੀ ਮੋਦੀ ਪ੍ਰਧਾਨ ਮੰਤਰੀ ਬਣ ਜਾਂਦੇ ਹਨ ਤਾਂ ਅਮਰੀਕਾ ਕੀ ਕਰੇਗਾ। ਵਿਭਾਗ ਨੇ ਕਿਹਾ ਕਿ ਸ੍ਰੀ ਮੋਦੀ ਵੀਜ਼ੇ ਲਈ ਅਰਜ਼ੀ ਦੇ ਸਕਦੇ ਹਨ ਜਿਸ ਉਪਰ ਵਿਚਾਰ ਕੀਤਾ ਜਾਵੇਗਾ ਪਰ ਵਿਭਾਗ ਦੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਆਈ।

ਵਿਦੇਸ਼ ਵਿਭਾਗ ਦੀ ਤਰਜਮਾਨ ਜੇਨ ਸਾਕੀ ਨੇ ਕਿਹਾ ਕਿ ਜੇ ਮੁੱਖ ਮੰਤਰੀ ਮੋਦੀ ਵੀਜ਼ੇ ਲਈ ਬਿਨੈ ਪੱਤਰ ਦਿੰਦੇ ਹਨ ਤਾਂ ਉਸ ਉਪਰ ਵਿਚਾਰ ਕੀਤਾ ਜਾਵੇਗਾ ਤੇ ਤੈਅ ਕੀਤਾ ਜਾਵੇਗਾ ਕਿ ਕੀ ਉਹ ਅਮਰੀਕੀ ਆਵਾਮ ਕਾਨੂੰਨ ਤੇ ਨੀਤੀ ਮੁਤਾਬਕ ਵੀਜ਼ਾ ਲੈਣ ਦੇ ਹੱਕਦਾਰ ਹਨ। ਉਂਜ ਉਨ੍ਹਾਂ ਮੋਦੀ ਨੂੰ ਵੀਜ਼ਾ ਦੇਣ ਬਾਰੇ ਕਿਹਾ ਕਿ ਇਸ ਬਾਰੇ ਨੀਤੀ ਤਬਦੀਲ ਨਹੀਂ ਹੋਈ। ਵਿਦੇਸ਼ ਵਿਭਾਗ ਦਾ ਇਹ ਬਿਆਨ ਉਦੋਂ ਆਇਆ ਜਦੋਂ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਆਪਣਾ ਵਾਸ਼ਿੰਗਟਨ ਦੌਰਾ ਸਮੇਟ ਕੇ ਵਾਪਸ ਆ ਰਹੇ ਸਨ।

ਉਧਰ, ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਦਾ ਵੀਜ਼ਾ ਨਾ ਦੇਣ ਲਈ ਬਰਾਕ ਓਬਾਮਾ ਨੂੰ ਕੁਝ ਸੰਸਦ ਮੈਂਬਰਾਂ ਵੱਲੋਂ ਪੱਤਰ ਲਿਖੇ ਜਾਣ ਦਾ ਮਾਮਲਾ ਹੋਰ ਉਲਝ ਗਿਆ ਹੈ ਕਿਉਂਕਿ ਕੁਝ ਸੰਸਦ ਮੈਂਬਰਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਇਸ ਪੱਤਰ 'ਤੇ ਦਸਖਤਤ ਨਹੀਂ ਕੀਤੇ ਸਨ। ਸੀ.ਪੀ.ਐਮ. ਦੇ ਆਗੂ ਸੀਤਾਰਾਮ ਯੇਚੁਰੀ, ਡੀ.ਐਮ.ਕੇ. ਦੇ ਸੰਸਦ ਮੈਂਬਰ ਕੇ.ਪੀ. ਰਾਮਾਲਿੰਗਮ ਤੇ ਸੀਪੀਆਈ ਦੇ ਸੰਸਦ ਮੈਂਬਰ ਐਮ.ਪੀ. ਅਛੂਤਨ ਵੱਲੋਂ ਦਸਤਖ਼ਤ ਕੀਤੇ ਹੋਣ ਤੋਂ ਇਨਕਾਰ ਕਰਨ 'ਤੇ ਭਾਜਪਾ ਦੇ ਇਕ ਸੰਸਦ ਮੈਂਬਰ ਨੇ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰ ਨੂੰ ਪੱਤਰ ਲਿਖ ਕੇ ਦਸਤਖ਼ਤਾਂ ਦੀ ਜਾਅਲਸਾਜ਼ੀ ਦੇ ਇਸ ਮਾਮਲੇ ਦੀ ਜਾਂਚ ਮੰਗੀ ਹੈ।

ਪਾਰਟੀ ਨੇ ਦੋਸ਼ ਲਾਇਆ ਹੈ ਕਿ ਇਸ ਸਾਰੇ ਕੁਝ ਪਿੱਛੇ ਕਾਂਗਰਸ ਦਾ ਹੱਥ ਹੈ। ਭਾਜਪਾ ਦੇ ਝਾਰਖੰਡ ਤੋਂ ਸੰਸਦ ਮੈਂਬਰ ਸੁਦਰਸ਼ਨ ਭਗਤ ਨੇ ਸਪੀਕਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਕੁਝ ਸੰਸਦ ਮੈਂਬਰਾਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਓਬਾਮਾ ਨੂੰ ਲਿਖੇ ਪੱਤਰ 'ਤੇ ਦਸਤਖ਼ਤ ਨਹੀਂ ਕੀਤੇ। ਇਸ ਕਰਕੇ ਜਾਅਲੀ ਦਸਤਖ਼ਤ ਕੀਤੇ ਜਾਣ ਦੇ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇ।

ਕਾਮਰੇਡ ਯੇਚੁਰੀ ਨੇ ਕਿਹਾ ਹੈ ਕਿ ਉਨ੍ਹਾਂ ਨੇ ਓਬਾਮਾ ਨੂੰ ਲਿਖੇ ਕਿਸੇ ਪੱਤਰ 'ਤੇ ਦਸਤਖ਼ਤ ਨਹੀਂ ਕੀਤੇ। ਉਹ ਤਾਂ ਕਿਤੋਂ ਉਨ੍ਹਾਂ ਦੇ ਦਸਤਖ਼ਤ ਚੁੱਕ ਕੇ ਪੱਤਰ 'ਤੇ ਲਾਏ ਗਏ ਹੋਣ ਵਾਂਗ ਜਾਪਦਾ ਹੈ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੇ ਕਿਰਦਾਰ ਦਾ ਵੀ ਹਿੱਸਾ ਹੈ ਤੇ ਉਨ੍ਹਾਂ ਦੀ ਪਾਰਟੀ ਦੇ ਸਿਧਾਂਤ

## ਯੇਚੁਰੀ ਵੀਜ਼ੇ ਖਿਲਾਫ ਚਿੱਠੀ ਤੋਂ ਮੁਕਰੇ



ਹਨ ਕਿ ਉਹ ਕਿਸੇ ਪ੍ਰਭੂਸੱਤਾ ਸੰਪੰਨ ਦੇਸ਼ ਦੇ ਅਧਿਕਾਰ ਖੇਤਰ ਵਿਚ ਆਉਂਦੇ ਮਾਮਲੇ ਬਾਰੇ ਉਸ ਦੇਸ਼ ਵਿਚ ਪਟੀਸ਼ਨ ਨਹੀਂ ਪਾਉਂਦੇ। ਡੀਐਮਕੇ ਦੇ ਰਾਮਾਲਿੰਗਮ ਨੇ ਦਸਤਖ਼ਤ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਸਦਾ ਤਾਮਿਲ ਵਿਚ ਦਸਤਖ਼ਤ ਕਰਦੇ ਹਨ ਪਰ ਜਦੋਂ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦੇ ਦਸਤਖ਼ਤ ਤਾਮਿਲ ਵਿਚ ਹੀ ਹਨ ਤਾਂ ਉਹ ਚੁੱਪ ਹੋ ਗਏ। ਦਸਤਖ਼ਤੀ ਮੁਹਿੰਮ ਸ਼ੁਰੂ ਕਰਨ ਵਾਲੇ ਆਜ਼ਾਦ ਸੰਸਦ ਮੈਂਬਰ ਮੁਹੰਮਦ ਅਦੀਬ ਦਾ ਕਹਿਣਾ ਹੈ ਕਿ ਸੀਤਾਰਾਮ ਯੇਚੁਰੀ ਨੇ ਖ਼ੁਦ ਰਾਜ ਸਭਾ ਵਿਚ ਉਨ੍ਹਾਂ ਦੇ ਸਾਹਮਣੇ ਪੱਤਰ 'ਤੇ ਦਸਤਖ਼ਤ ਕੀਤੇ ਹਨ। ਉਹ ਇਸ ਬਾਬਤ ਕਿਸੇ ਵੀ ਜਾਂਚ ਲਈ ਤਿਆਰ ਹਨ।

## ਵੀਜ਼ੇ ਖਿਲਾਫ ਚਿੱਠੀ 'ਤੇ ਦਸਤਖਤ ਸਹੀ ਕਰਾਰ

**ਵਾਸ਼ਿੰਗਟਨ:** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕੀ ਵੀਜ਼ਾ ਨਾ ਦੇਣ ਦੇ ਮਾਮਲੇ ਉੱਤੇ ਭਾਰਤੀ ਸੰਸਦ ਮੈਂਬਰਾਂ ਵੱਲੋਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਚਿੱਠੀ ਲਿਖੇ ਜਾਣ ਸਬੰਧੀ ਵਿਵਾਦ ਨੇ ਉਦੋਂ ਨਵਾਂ ਮੋੜ ਲੈ ਲਿਆ ਜਦੋਂ ਕੈਲੀਫੋਰਨੀਆ ਆਧਾਰਤ ਫਾਰੈਂਸਿਕ ਜਾਂਚਕਰਤਾ ਨੇ ਪੁਸ਼ਟੀ ਕੀਤੀ ਹੈ ਕਿ ਇਸ ਚਿੱਠੀ ਉੱਤੇ ਸੰਸਦ ਮੈਂਬਰਾਂ ਵੱਲੋਂ ਕੀਤੇ ਗਏ ਦਸਤਖ਼ਤ ਅਸਲ ਹਨ। ਦਾਅਵੇ ਮੁਤਾਬਕ ਇਹ ਕਾਪੀ-ਪੇਸਟ ਨਹੀਂ ਕੀਤੇ ਗਏ।

ਜਾਂਚਕਰਤਾ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਫਾਰੈਂਸਿਕ ਜਾਂਚ ਦੇ ਮਾਨਤਾ ਪ੍ਰਾਪਤ ਸਿਧਾਂਤਾਂ ਤੇ ਤਰੀਕਿਆਂ ਦੀ ਵਰਤੋਂ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਕਿਊ-1 ਤੋਂ ਕਿਊ-3 (ਰਾਜ ਸਭਾ ਮੈਂਬਰਾਂ ਦੀ ਚਿੱਠੀ ਦੇ ਤਿੰਨ ਸਫ਼ੇ) ਦਸਤਾਵੇਜ਼ ਇਕੋ ਵੇਲੇ ਤਿਆਰ ਕੀਤਾ ਗਿਆ ਸੀ ਤੇ ਇਸ ਉੱਤੇ ਕੀਤੇ ਗਏ ਦਸਤਖ਼ਤ ਸਹੀ/ਵਾਜਬ ਪਾਏ ਗਏ ਹਨ ਜੋ ਸਿਆਹੀ ਨਾਲ ਕੀਤੇ ਗਏ ਹਨ। ਇਸ ਤੋਂ ਪਹਿਲਾਂ ਲੋਕ ਸਭਾ ਮੈਂਬਰਾਂ ਦੀ ਚਿੱਠੀ ਬਾਰੇ ਵੀ ਇਹੋ ਸਿੱਟਾ ਕੱਢਿਆ ਗਿਆ ਸੀ।

ਸ੍ਰੀ ਓਬਾਮਾ ਨੂੰ ਬੀਤੇ ਸਾਲ 26 ਨਵੰਬਰ ਤੇ ਪੰਜ ਦਸੰਬਰ ਨੂੰ ਕ੍ਰਮਵਾਰ ਰਾਜ ਸਭਾ ਤੇ ਲੋਕ ਸਭਾ ਮੈਂਬਰਾਂ ਵੱਲੋਂ ਇਨ੍ਹਾਂ ਪੱਤਰਾਂ ਨੂੰ ਬੀਤੀ 21 ਜੁਲਾਈ ਨੂੰ ਮੁੜ ਤੋਂ ਫੈਕਸ ਕੀਤਾ ਗਿਆ ਸੀ। ਇਸ ਦੀ ਫਾਰੈਂਸਿਕ ਜਾਂਚ ਕੈਲੀਫੋਰਨੀਆ ਦੇ ਮਨਜ਼ੂਰਸ਼ੁਦਾ ਫਾਰੈਂਸਿਕ ਮਾਹਰ ਨੈਨੇਟ ਐਮ ਬਾਰਟੋ ਨੇ ਕੀਤੀ ਹੈ। ਇਹ ਜਾਂਚ ਸ੍ਰੀ ਮੋਦੀ ਖ਼ਿਲਾਫ਼ ਮੁਹਿੰਮ ਚਲਾਉਣ ਵਾਲੀ ਸੰਸਥਾ ਕੁਲੀਸ਼ਨ ਅਗੇਂਸਟ ਜੈਨੋਸਾਈਡ (ਸੀਏਜੀ) ਦੀ ਬੇਨਤੀ ਉੱਤੇ ਕਰਵਾਈ ਗਈ।

# ਅਮਰੀਕਾ ਵੱਲੋਂ ਭਾਰਤ ਦੀਆਂ 15 ਕੰਪਨੀਆਂ ਵਿਰੁਧ ਕਾਰਵਾਈ

**ਵਾਸ਼ਿੰਗਟਨ:** ਸ਼ੂਗਰ ਦੇ ਕੁਦਰਤੀ ਇਲਾਜ ਦੇ ਲੇਬਲ ਨਾਲ ਭਾਰਤ ਵਿਚ ਤਿਆਰ ਹੋਈਆਂ ਦਵਾਈਆਂ ਦੀ ਵੱਡੇ ਪੱਧਰ 'ਤੇ ਹੋ ਰਹੀ ਨਾਜਾਇਜ਼ ਵਿਕਰੀ ਨੂੰ ਨੱਥ ਪਾਉਣ ਲਈ ਅਮਰੀਕਾ ਦੀ ਸਿਹਤ ਅਥਾਰਟੀ ਖੁਰਾਕ ਤੇ ਦਵਾਈ ਪ੍ਰਸ਼ਾਸਨ (ਐਫ.ਡੀ.ਏ.) ਨੇ ਅਜਿਹੇ ਉਤਪਾਦ ਸਪਲਾਈ ਕਰਨ ਲਈ ਇਕ ਗੁਜਰਾਤ ਆਧਾਰਤ ਦਵਾਈ ਨਿਰਮਾਤਾ ਸਮੇਤ 15 ਕੰਪਨੀਆਂ ਖ਼ਿਲਾਫ਼ ਕਾਰਵਾਈ ਕੀਤੀ ਹੈ।

ਸੂਰਤ ਅਧਾਰਤ ਅਮਰੂਤਮ ਲਾਈਫ ਕੇਅਰ ਤੇ 14 ਹੋਰ ਕੰਪਨੀਆਂ ਨੂੰ ਜਾਰੀ ਕੀਤੇ ਵੱਖਰੇ-ਵੱਖਰੇ ਚਿਤਾਵਨੀ ਪੱਤਰਾਂ' ਵਿਚ ਐਫ.ਡੀ.ਏ. ਨੇ ਕਿਹਾ ਕਿ ਇਹ ਕੰਪਨੀਆਂ ਦਵਾਈਆਂ, ਤਾਕਤ ਵਾਲੀਆਂ ਦਵਾਈਆਂ ਤੇ ਸ਼ੂਗਰ ਦੇ ਇਲਾਜ ਲਈ ਆਯੂਰਵੈਦਿਕ ਉਤਪਾਦਾਂ ਦੇ ਲੇਬਲ ਨਾਲ ਗੈਰ-ਕਾਨੂੰਨੀ ਦਵਾਈਆਂ ਦੀ ਵਿਕਰੀ ਕਰਦੀਆਂ ਪਾਈਆਂ ਗਈਆਂ ਹਨ। ਪੱਤਰਾਂ ਮੁਤਾਬਕ ਇਨ੍ਹਾਂ ਵਿਚੋਂ ਜ਼ਿਆਦਾਤਰ ਕੰਪਨੀਆਂ ਸ਼ੂਗਰ ਦੇ ਇਲਾਜ ਲਈ ਭਾਰਤ ਵਿਚ ਬਣਾਈਆਂ ਦਵਾਈਆਂ ਵੇਚਦੀਆਂ ਹਨ ਜਦੋਂਕਿ ਇਨ੍ਹਾਂ ਵਿਚੋਂ ਦੋ ਕੰਪਨੀਆਂ ਦੇ ਭਾਰਤ ਵਿਚ ਸਪਲਾਇਰ ਜਾਂ ਸਹਾਇਕ ਕੰਪਨੀਆਂ ਹਨ।

ਇਕ ਹੋਰ ਵੱਖਰੇ ਬਿਆਨ ਵਿਚ ਐਫ.ਡੀ.ਏ. ਨੇ ਕਿਹਾ ਕਿ ਇਹ ਗੈਰ-ਕਾਨੂੰਨੀ ਉਤਪਾਦ ਜਿਨ੍ਹਾਂ ਵਿਚ ਤਾਕਤ ਦੀਆਂ ਦਵਾਈਆਂ ਤੇ ਸ਼ੂਗਰ ਦੇ ਇਲਾਜ ਤੇ ਦੂਰ ਰੱਖਣ ਦੇ ਦਾਅਵਿਆਂ ਵਾਲੇ ਆਯੂਰਵੈਦਿਕ ਉਤਪਾਦ ਸ਼ਾਮਲ ਹਨ, ਭਾਰਤ ਵਿਚ ਬਣੇ ਹੋਏ ਹਨ। ਐਫ.ਡੀ.ਏ. ਜੋ ਭਾਰਤੀ ਦਵਾਈ ਨਿਰਮਾਤਾ ਕੰਪਨੀਆਂ ਖ਼ਿਲਾਫ਼ ਉਨ੍ਹਾਂ ਦੇ ਉਤਪਾਦਾਂ ਵਿਚ ਘਾਟਾਂ ਦੇ ਚੱਲਦੇ ਕਾਰਵਾਈ ਕਰ ਰਿਹਾ ਹੈ, ਨੇ ਅਮਰੂਤਮ ਨੂੰ ਇਸ ਦੇ ਉਤਪਾਦ ਵਿਚ ਹੋਰ ਘਾਟਾਂ ਤੇ ਨਿਯਮਾਂ ਦਾ ਉਲੰਘਣ ਕੀਤੇ ਜਾਣ ਦੀ ਗੱਲ ਵੀ ਕਹੀ ਹੈ। ਇਨ੍ਹਾਂ ਕੰਪਨੀਆਂ ਵਿਚ ਰਨਬੈਕਸੀ, ਸਨ ਫਾਰਮਾ, ਕੈਡੀਲਾ, ਡਾਬਰ, ਗਲੈਨਮਾਰਕ ਤੇ ਆਰਪੀਜੀ ਲਾਈਫ ਸਾਇੰਸ ਵਰਗੀਆਂ ਵੱਡੀਆਂ ਕੰਪਨੀਆਂ ਸ਼ਾਮਲ ਹਨ।

# ਹਿਜ਼ਬ ਨੂੰ ਕੈਨੇਡਾ ਤੋਂ ਪੁੱਜ ਰਹੀ ਹੈ ਮੱਦਦ

**ਟੋਰਾਂਟੋ:** ਕਸ਼ਮੀਰ ਵਿਚ ਸਰਗਰਮ ਅਤਿਵਾਦੀ ਜਥੇਬੰਦੀ ਹਿਜ਼ਬੁਲ ਮੁਜਾਹਿਦੀਨ ਨੂੰ ਕੈਨੇਡਾ ਤੋਂ ਅਸਿੱਧੇ ਢੰਗ ਨਾਲ ਫੰਡ ਦਿੱਤੇ ਜਾਣ ਦਾ ਖ਼ਦਸ਼ਾ ਹੈ। ਕੈਨੇਡਾ ਵਿਚ ਬਣੀ ਇਸਲਮਿਕ ਸੁਸਾਇਟੀ ਆਫ਼ ਨਾਰਦਨ ਅਮਰੀਕਾ (ਇਸਨਾ) ਇਕ ਚੈਰਿਟੀ ਸੰਸਥਾ ਹੈ ਤੇ ਇਸ ਵੱਲੋਂ ਫੰਡ ਇਕੱਠਾ ਕਰਕੇ ਪਾਕਿਸਤਾਨ ਦੀਆਂ ਸੰਸਥਾਵਾਂ ਨੂੰ ਗ਼ਰੀਬਾਂ ਤੇ ਜ਼ਰੂਰਤਮੰਦ ਲੋਕਾਂ ਦੀ ਮਦਦ ਲਈ ਭੇਜਿਆ ਜਾਂਦਾ ਹੈ। ਇਹ ਖ਼ਦਸ਼ਾ ਹੈ ਕਿ ਇਕ ਸੰਸਥਾ ਅੱਗੋਂ ਪੈਸਾ ਹਿਜ਼ਬੁਲ ਮੁਜਾਹਿਦੀਨ ਨੂੰ ਪਹੁੰਚਾ ਰਹੀ ਹੈ।

ਕੈਨੇਡਾ ਦੀ ਸੰਘੀ ਚੈਰਿਟੀ ਨਿਗਰਾਨ ਅਥਾਰਟੀ ਕੈਨੇਡਾ ਮਾਲੀਆ ਏਜੰਸੀ ਵੱਲੋਂ ਇਸਨਾ ਉੱਪਰ ਨਜ਼ਰ ਰੱਖਣ ਮਗਰੋਂ ਖੁਲਾਸਾ ਹੋਇਆ ਹੈ ਕਿ ਇਸ ਨੇ 2,80,000 ਅਮਰੀਕੀ ਡਾਲਰ ਪਾਕਿਸਤਾਨ ਦੀ ਸੰਸਥਾ ਨੂੰ ਭੇਜੇ। ਏਜੰਸੀ ਨੂੰ ਖ਼ਦਸ਼ਾ ਹੈ ਕਿ ਇਸਨਾ ਵੱਲੋਂ ਭੇਜਿਆ ਪੈਸੇ ਅੱਗੇ ਅਤਿਵਾਦੀਆਂ ਨੂੰ ਜਾ ਰਿਹਾ ਹੈ। ਇਸ ਕਾਰਨ ਇਸਨਾ ਦਾ ਚੈਰਿਟੀ ਰੁਤਬਾ ਵਾਪਸ ਲੈਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ। ਉਧਰ, ਇਸਨਾ ਦੇ ਕਾਰਜਕਾਰੀ ਪ੍ਰਧਾਨ ਜੀ. ਨਬੀ ਚੌਧਰੀ ਨੇ ਸਰਕਾਰ ਦੇ ਦੋਸ਼ਾਂ ਨੂੰ ਰੱਦ ਕੀਤਾ ਹੈ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਸੰਗਠਨ ਨੂੰ ਇਹ ਪੈਸਾ ਕਸ਼ਮੀਰੀ ਮੁਸਲਮਾਨਾਂ ਦੀ ਗ਼ਰੀਬੀ ਧੋਣ ਲਈ ਦਿੱਤਾ ਜਾਂਦਾ ਹੈ। ਇਹ ਪੈਸਾ ਅਤਿਵਾਦੀਆਂ ਤੱਕ ਪੁੱਜਣ ਬਾਰੇ ਤੌਖ਼ਲੇ ਬੇਬੁਨਿਆਦ ਹਨ। ਹਾਲੇ ਤੱਕ ਇਸਨਾ ਨੇ ਪੈਸੇ ਦਾ ਹਿਸਾਬ-ਕਿਤਾਬ ਨਹੀਂ ਦਿੱਤਾ।

# ਅਮਰਤਿਆ ਸੇਨ ਬਾਰੇ ਟਿੱਪਣੀ ਕਰਕੇ ਕਸੂਤੀ ਫਸੀ ਭਾਜਪਾ

**ਨਵੀਂ ਦਿੱਲੀ:** ਨੋਬੇਲ ਪੁਰਸਕਾਰ ਜੇਤੂ ਅਰਥਸ਼ਾਸਤਰੀ ਅਮਰਤਿਆ ਸੇਨ ਖ਼ਿਲਾਫ਼ ਟਿੱਪਣੀ ਕਰਕੇ ਭਾਜਪਾ ਕਸਤੀ ਫਸ ਗਈ ਹੈ। ਇਸ ਮਾਮਲੇ ਨੂੰ ਲੈ ਕੇ ਕਾਂਗਰਸ ਨੇ ਵੀ ਵਿਰੋਧੀ ਪਾਰਟੀ ਦੀ ਸਖਤ ਅਲੋਚਨਾ ਕੀਤੀ ਹੈ। ਅਸਲ ਵਿਚ ਭਾਜਪਾ ਦੇ ਐਮ.ਪੀ. ਚੰਦਨ ਮਿੱਤਰਾ ਵੱਲੋਂ ਨੋਬੇਲ ਪੁਰਸਕਾਰ ਜੇਤੂ ਅਰਥਸ਼ਾਸਤਰੀ ਅਮਰਤਿਆ ਸੇਨ ਤੋਂ ਭਾਰਤ ਰਤਨ ਦਾ ਖਿਤਾਬ ਵਾਪਸ ਲੈਣ ਦੀ ਮੰਗ ਕਰਕੇ ਵਿਵਾਦ ਪੈਦਾ ਹੋਇਆ ਹੈ।



ਪ੍ਰੋ. ਸੇਨ ਨੇ ਕਿਹਾ ਕਿ ਜੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਕਹਿਣ ਤਾਂ ਇਹ ਖਿਤਾਬ ਮੋੜਨ ਲਈ ਤਿਆਰ ਹਨ। ਭਾਜਪਾ ਇਸ ਮਾਮਲੇ ਨਾਲੋਂ ਆਪਣਾ ਪੱਲਾ ਝਾੜਨ ਦੀ ਕੋਸ਼ਿਸ਼ ਕਰ ਰਹੀ ਹੈ ਜਦਕਿ ਕਾਂਗਰਸ ਨੇ ਇਸ ਦਾ ਫਾਇਦਾ ਲੈਂਦਿਆਂ ਕਰਾਰਾ ਵਾਰ ਕਰਦਿਆਂ ਕਿਹਾ ਕਿ ਇਸ ਤੋਂ ਭਾਜਪਾ ਦੀ ਫਾਸੀਵਾਦ ਮਾਨਸਿਕਤਾ ਝਲਕਦੀ ਹੈ।

ਚੇਤੇ ਰਹੇ ਕਿ ਪ੍ਰੋ. ਸੇਨ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਉਹ ਨਰਿੰਦਰ ਮੋਦੀ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ ਦੇਖਣਾ ਚਾਹੁੰਦੇ ਕਿਉਂਕਿ ਉਨ੍ਹਾਂ ਦਾ ਕਿਰਦਾਰ ਧਰਮ ਨਿਰਪੱਖ ਨਹੀਂ ਹੈ। ਉਨ੍ਹਾਂ ਸ੍ਰੀ ਮੋਦੀ ਦੇ ਸ਼ਾਸਕੀ ਮਾਡਲ 'ਤੇ ਵੀ ਸਵਾਲ ਉਠਾਏ ਸਨ।

ਪ੍ਰੋ. ਅਮਰਤਿਆ ਸੇਨ ਨੇ ਟੀ.ਵੀ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਚੰਦਨ ਮਿੱਤਰਾ ਨੂੰ ਸ਼ਾਇਦ ਪਤਾ ਨਹੀਂ ਹੈ ਕਿ ਉਨ੍ਹਾਂ ਨੂੰ ਭਾਰਤ ਰਤਨ ਦਾ ਖਿਤਾਬ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਦਿੱਤਾ ਗਿਆ ਸੀ ਤੇ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਆਪਣੇ ਹੱਥੀਂ ਸੌਂਪਿਆ ਸੀ। ਜੇ ਸ੍ਰੀ ਵਾਜਪਾਈ ਇਹ ਵਾਪਸ ਕਰਨ ਲਈ ਕਹਿਣ ਤਾਂ ਉਹ ਜ਼ਰੂਰ ਵਾਪਸ ਕਰ ਦੇਣਗੇ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਵੇਲੇ ਉਨ੍ਹਾਂ ਦੀ ਐਲ.ਕੇ. ਅਡਵਾਨੀ, ਯਸ਼ਵੰਤ ਸਿਨਹਾ, ਜਸਵੰਤ ਸਿੰਘ ਤੇ ਅਰੁਣ ਜੇਤਲੀ ਜਿਹੇ ਆਗੂਆਂ ਨਾਲ ਕਾਫੀ ਵਿਚਾਰ-ਚਰਚਾ ਹੋਈ ਸੀ।

ਪ੍ਰੋ. ਸੇਨ ਤੋਂ ਭਾਰਤ ਰਤਨ ਵਾਪਸ ਲੈਣ ਦੀ ਮੰਗ ਕਰਦਿਆਂ ਸ੍ਰੀ ਮਿੱਤਰਾ ਨੇ ਕਿਹਾ ਸੀ ਕਿ ਉਹ ਤਾਂ ਭਾਰਤ ਦੇ ਵੋਟਰ ਵੀ ਨਹੀਂ ਹਨ ਤੇ ਉਨ੍ਹਾਂ ਨੂੰ ਹੈਰਾਨੀ ਹੈ ਕਿ ਭਾਰਤ ਰਤਨ ਐਵਾਰਡੀ ਨੂੰ ਕਿਸੇ ਪਾਰਟੀ ਜਾਂ ਆਗੂ ਦੇ ਹੱਕ ਜਾਂ ਵਿਰੋਧ ਦੀ ਗੱਲ ਕਰਨੀ ਚਾਹੀਦੀ ਹੈ। ਸੂਚਨਾ ਤੇ ਪ੍ਰਸਾਰਨ ਮੰਤਰੀ ਮਨੀਸ਼ ਤਿਵਾੜੀ ਨੇ ਪ੍ਰੋ. ਸੇਨ 'ਤੇ ਕੀਤੇ ਹਮਲੇ ਦਾ ਭਾਜਪਾ ਨੂੰ ਕਰਾਰ ਜਵਾਬ ਦਿੰਦਿਆਂ ਕਿਹਾ ਕਿ ਇਹ ਕਿਹੋ ਜਿਹੀ ਮਾਨਸਿਕਤਾ ਹੈ। ਜੇ ਇਹ ਫਾਸੀਵਾਦ ਨਹੀਂ ਤਾਂ ਹੋਰ ਕੀ ਹੈ।

# ਭਾਰਤੀ ਮੂਲ ਦੇ ਅਮਰੀਕੀ ਨੌਜਵਾਨ ਤਣਾਅ ਦਾ ਸ਼ਿਕਾਰ

**ਨਿਊ ਯਾਰਕ:** ਅਮਰੀਕਾ ਵਿਚ 2008 ਵਿਚ ਆਈ ਆਰਥਿਕ ਮੰਦੀ ਦੇ ਸਿੱਟੇ ਹੁਣ ਸਾਹਮਣੇ ਆਉਣ ਲੱਗੇ ਹਨ ਤੇ ਲਗਾਤਾਰ ਸੰਕਟ ਵਿਚ ਘਿਰੇ ਭਾਰਤੀ ਮੂਲ ਦੇ ਪਰਿਵਾਰਾਂ ਦੇ ਮੈਂਬਰ ਜੋ ਪਹਿਲਾਂ ਨਿਰਾਸ਼ਾ ਤੇ ਤਣਾਅ ਦਾ ਸ਼ਿਕਾਰ ਹੋਏ, ਹੁਣ ਆਤਮ ਹਤਿਆ ਕਰਨ ਦੇ ਰਾਹ ਤੁਰ ਪਏ ਹਨ। ਦੇਸ਼ ਵਿਚ ਬੇਰੁਜ਼ਗਾਰੀ ਦੀ ਉੱਚੀ ਦਰ ਵੀ ਇਸ ਸਮੱਸਿਆ ਦੇ ਕਾਰਨਾਂ ਵਿਚੋਂ ਇਕ ਹੈ।

ਏਸ਼ੀਅਨ ਐਂਡ ਪੈਸੇਫ਼ਿਕ ਆਈਲੈਂਡਰ ਅਮਰੀਕਨ ਹੈਲਥ ਫ਼ੋਰਮ ਵੱਲੋਂ ਕਰਵਾਏ ਗਏ ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਏਸ਼ੀਆਈ ਮੂਲ ਦੇ ਅਮਰੀਕੀ ਪਰਿਵਾਰਾਂ ਨਾਲ ਸਬੰਧਤ 15 ਤੋਂ 24 ਸਾਲ ਦੀ ਉਮਰ ਦੇ ਲੋਕਾਂ ਨੂੰ ਖ਼ੁਦ ਲਈ ਰੁਜ਼ਗਾਰ ਦੇ ਬਿਹਤਰ ਮੌਕੇ ਦਿਖਾਈ ਨਹੀਂ ਦੇ ਰਹੇ ਜਿਸ ਕਾਰਨ ਇਹ ਤਣਾਅ ਦੀ ਮਾਰ ਹੇਠ ਆ ਰਹੇ ਹਨ ਜਦਕਿ ਲਗਾਤਾਰ ਅਜਿਹੇ ਹਾਲਾਤ ਵਿਚੋਂ ਲੰਘਣ ਕਾਰਨ ਆਤਮ ਹਤਿਆ ਕਰਨ ਦੀ ਬਿਰਤੀ ਪੈਦਾ ਹੋ ਜਾਂਦੀ ਹੈ।

ਅਧਿਐਨ ਵਿਚ ਕਈ ਘਟਨਾਵਾਂ ਦੀ ਮਿਸਾਲ ਪੇਸ਼ ਕੀਤੀ ਗਈ ਹੈ ਜਿਨ੍ਹਾਂ ਵਿਚ ਇਸ ਸਾਲ 23 ਅਪਰੈਲ ਨੂੰ ਭੇਤਭਰੇ ਹਾਲਾਤ ਵਿਚ ਮਰਨ ਵਾਲੇ



ਸੁਨੀਲ ਤ੍ਰਿਪਾਠੀ ਦਾ ਮਾਮਲਾ ਸ਼ਾਮਲ ਹੈ। ਸੁਨੀਲ ਤ੍ਰਿਪਾਠੀ ਨੂੰ ਪਿਛਲੇ ਸਾਲ ਬਰਾਊਨ ਯੂਨੀਵਰਸਿਟੀ ਨਾਲ ਸਬੰਧਤ ਇਕ ਕਾਲਜ ਵਿਚੋਂ ਕੱਢ ਦਿੱਤਾ ਗਿਆ ਸੀ ਕਿਉਂਕਿ ਕਾਲਜ ਪ੍ਰਬੰਧਕਾਂ ਨੂੰ ਉਸ ਦੇ ਤਣਾਅ ਦੀ ਬੀਮਾਰੀ ਦਾ ਸ਼ਿਕਾਰ ਹੋਣ ਬਾਰੇ ਪਤਾ ਲੱਗ ਗਿਆ ਸੀ। ਅਮਰੀਕੀ ਸਮਾਜ ਵਿਚ ਜੰਮੇ-ਪਲੇ ਨੌਜਵਾਨ ਸਮੇਂ ਤੋਂ ਪਹਿਲਾਂ ਹੀ ਉਨ੍ਹਾਂ ਗੱਲਾਂ ਨੂੰ ਲੈ ਕੇ ਫਿਕਰ ਸ਼ੁਰੂ ਕਰ ਦਿੰਦੇ ਹਨ ਜਿਨ੍ਹਾਂ ਦਾ ਟਾਕਰਾ ਉਨ੍ਹਾਂ ਨੇ ਕਈ ਸਾਲ ਮਗਰੋਂ ਕਰਨਾ ਹੁੰਦਾ ਹੈ। ਇਸ ਸੋਚ ਕਾਰਨ ਇਕ ਵਾਰ ਜੇ ਕੋਈ ਵਿਅਕਤੀ ਪਿੱਛੇ ਰਹਿ ਗਿਆ ਤਾਂ ਉਸ ਦਾ ਮੁੜ ਆਪਣੇ ਸਾਥੀਆਂ ਨਾਲ ਰਲਣਾ ਔਖਾ ਹੋ ਜਾਂਦਾ ਹੈ।

ਨੈਸ਼ਨਲ ਅਲਾਇੰਸ ਆਨ ਮੈਂਟਲ ਇਲਨੈਸ ਦੀ ਨਿਊਜਰਸੀ ਇਕਾਈ ਦੀ ਐਸੋਸੀਏਟ ਡਾਇਰੈਕਟਰ ਅਰੁਣਾ ਰਾਉ ਨੇ ਇਸ ਗੱਲ ਨਾਲ ਸਹਿਮਤੀ ਪ੍ਰਗਟਾਈ ਕਿ ਭਾਰਤੀ ਮੂਲ ਦੇ ਅਮਰੀਕੀਆਂ ਵਿਚ ਆਤਮ ਹਤਿਆ ਕਰਨ ਦਾ ਰੁਝਾਨ ਹੋਰ ਖ਼ਿੱਤਿਆਂ ਦੇ ਲੋਕਾਂ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹੈ। ਉਨ੍ਹਾਂ ਦੱਸਿਆ ਕਿ ਅਮਰੀਕੀ ਸਭਿਆਚਾਰ ਵਿਚ ਰੰਗੇ ਹੋਣ ਕਾਰਨ ਨੌਜਵਾਨ ਆਪਣੀਆਂ ਸਮੱਸਿਆਵਾਂ ਕਿਸੇ ਨਾਲ ਸਾਂਝੀਆਂ ਨਹੀਂ ਕਰ ਸਕਦੇ ਤੇ ਅਖ਼ੀਰ ਵਿਚ ਘੁਟ-ਘੁਟ ਕੇ ਜਿਊਣ ਨਾਲੋਂ ਆਤਮ ਹਤਿਆ ਦਾ ਰਾਹ ਚੁਣ ਲੈਂਦੇ ਹਨ। ਉਨ੍ਹਾਂ ਕਿਹਾ ਕਿ ਆਤਮ ਹਤਿਆ ਕਰਨ ਵਾਲਿਆਂ ਵਿਚੋਂ ਕਈ ਤਾਂ ਤਣਾਅ ਤੇ ਬੀਮਾਰੀ ਦੇ ਸ਼ਿਕਾਰ ਵੀ ਨਹੀਂ ਹੁੰਦੇ।

ਮਾਨਸਕ ਰੋਗਾਂ ਦੇ ਮਾਹਰ ਪਰੀਜਾਤ ਦੇਸ਼ਪਾਂਡੇ ਦਾ ਕਹਿਣਾ ਸੀ ਕਿ ਨੌਜਵਾਨਾਂ ਵਿਚ ਮਾਨਸਕ ਸਿਹਤ ਬਾਰੇ ਕਈ ਤਰ੍ਹਾਂ ਦੇ ਭਰਮ ਪੈਦਾ ਹੋ ਜਾਂਦੇ ਹਨ ਤੇ ਡਾਕਟਰੀ ਸਲਾਹ ਲੈਣ ਦੀ ਬਜਾਏ ਅਜਿਹੇ ਨੌਜਵਾਨ ਖ਼ੁਦ ਨੂੰ ਮਾਨਸਿਕ ਰੋਗੀ ਮੰਨ ਲੈਂਦੇ ਹਨ। ਇਸ ਸਮੱਸਿਆ ਦੇ ਟਾਕਰੇ ਲਈ ਭਾਰਤੀ ਮੂਲ ਦੇ ਨੌਜਵਾਨਾਂ ਵਿਚ ਜਾਗਰੂਕਤਾ ਪੈਦਾ ਕੀਤੇ ਜਾਣ ਦੀ ਲੋੜ ਹੈ।

# ਜਦੋਂ ਲੰਡਨ ਗੱਜਿਆ ਸੂਰਮਾ...

ਸ਼ਹੀਦੀ ਦਿਵਸ 'ਤੇ ਵਿਸ਼ੇਸ਼



**ਡਾ. ਚਰਨਜੀਤ ਸਿੰਘ ਗੁਮਟਾਲਾ**
**ਫੋਨ: 91-93757-39812**

ਲੰਡਨ ਦੇ ਵੈਸਟ ਮਿਨਸਟਰ ਏਰੀਏ ਵਿਚ ਡਿਸਟ੍ਰਿਕਟ ਲਾਈਨ 'ਤੇ ਸੇਂਟ ਜੇਮਜ਼ ਪਾਰਕ ਨਾਂ ਦਾ ਟਿਊਬ ਸਟੇਸ਼ਨ ਹੈ। ਸਟੇਸ਼ਨ ਦੇ ਬਾਹਰ ਨਿਕਲਦਿਆਂ ਹੀ ਕੈਕਸਟਨ ਹਾਲ ਹੈ। ਇਸੇ ਹਾਲ ਵਿਚ ਜਲ੍ਹਿਆਂਵਾਲਾ ਬਾਗ ਦੀ ਘਟਨਾ ਤੋਂ ਪੂਰੇ 20 ਸਾਲ 11 ਮਹੀਨਿਆਂ ਬਾਅਦ ਇਕ ਸੂਰਮੇ ਨੇ ਐਸਾ ਕਾਰਨਾਮਾ ਕੀਤਾ, ਜਿਸ ਦੀ ਭਾਰਤ ਦੀ ਆਜ਼ਾਦੀ ਦੀ ਲਹਿਰ ਦੇ ਇਤਿਹਾਸ ਵਿਚ ਵਿਸ਼ੇਸ਼ ਥਾਂ ਹੈ। 13 ਮਾਰਚ 1940 ਦੀ ਸ਼ਾਮ ਨੂੰ ਇਸੇ ਕੈਕਸਟਨ ਹਾਲ ਵਿਚ ਈਸਟ ਇੰਡੀਆ ਐਸੋਸੀਏਸ਼ਨ ਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਦੇ ਸਾਂਝੇ ਪ੍ਰਬੰਧ ਹੇਠ ਮੀਟਿੰਗ ਜੁੜੀ। ਮੀਟਿੰਗ ਦਾ ਪ੍ਰਧਾਨ ਲਾਰਡ ਜੈਟਲੈਂਡ ਸੀ ਜੋ 1917 ਤੋਂ 1922 ਤਕ ਬੰਗਾਲ ਦਾ ਗਵਰਨਰ ਰਹਿ ਚੁੱਕਾ ਸੀ ਅਤੇ 1935 ਤੋਂ ਸੈਕਰੇਟਰੀ ਆਫ਼ ਸਟੇਟ ਫਾਰ ਇੰਡੀਆ (ਵਜ਼ੀਰੇ-ਹਿੰਦ) ਸੀ।

ਇਸ ਮੀਟਿੰਗ ਵਿਚ ਸਰ ਪਰਸੀ ਸਾਈਕਸ ਨੇ ਅਫ਼ਗਾਨਿਸਤਾਨ ਦੇ ਹਾਲਾਤ ਬਾਰੇ ਆਪਣਾ ਵਿਖਿਆਨ ਦਿੱਤਾ। ਆਰਥਰ ਸਵਿਨਸਨ ਦੀ ਲਿਖਤ ਅਨੁਸਾਰ ਇਸ ਵਿਚ ਹੋਰਨਾਂ ਤੋਂ ਇਲਾਵਾ ਸਰ ਮਾਈਕਲ ਉਡਵਾਇਰ ਨੇ ਵੀ ਪ੍ਰਭਾਵਸ਼ਾਲੀ ਤਕਰੀਰ ਕੀਤੀ। ਸਰ ਮਾਈਕਲ ਉਡਵਾਇਰ 1913 ਤੋਂ 1919 ਤਕ ਪੰਜਾਬ ਦਾ ਲੈਫਟੀਨੈਂਟ ਗਵਰਨਰ ਰਹਿ ਚੁੱਕਾ ਸੀ। ਇਸ ਦੀ ਗਵਰਨਰੀ ਦੇ ਅਹਿਦ ਵਿਚ ਹੀ ਖ਼ਾਸ ਅਦਾਲਤਾਂ ਬਣਾ ਕੇ ਗ਼ਦਰ ਲਹਿਰ ਦੇ ਸੂਰਬੀਰਾਂ ਸ਼ਹੀਦ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਨੇਸ਼ ਪਿੰਗਲੇ ਤੇ ਹੋਰਨਾਂ ਨੂੰ ਫਾਂਸੀਆਂ, ਉਮਰ ਕੈਦਾਂ ਤੇ ਜਾਇਦਾਦ ਜ਼ਬਤੀਆਂ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ। ਜਲ੍ਹਿਆਂਵਾਲਾ ਬਾਗ ਦੀ ਖ਼ੂਨੀ ਘਟਨਾ ਤੇ ਮਾਰਸ਼ਲ ਲਾਅ ਦੇ ਅਤਿਆਚਾਰ ਸਭ ਇਸ ਦੇ ਗਵਰਨਰ ਹੁੰਦਿਆਂ ਹੋਏ।

1919 ਵਿਚ ਹੋਏ ਅੰਮ੍ਰਿਤਸਰ ਕਾਂਗਰਸ ਇਜਲਾਸ ਦੇ ਪ੍ਰਧਾਨ ਪੰਡਤ ਮੋਤੀ ਲਾਲ ਨਹਿਰੂ ਦੇ ਕਹਿਣ ਮੁਤਾਬਕ: 'ਜੋ ਕੁਝ ਵੀ ਇਥੇ ਵਾਪਰਿਆ, ਉਸ ਦੀ ਅਧਿਕਤਰ ਜ਼ਿੰਮੇਵਾਰੀ ਸਰ ਮਾਈਕਲ ਉਡਵਾਇਰ ਦੇ ਸਿਰ ਉਤੇ ਹੈ।'

ਸਰ ਮਾਈਕਲ ਉਡਵਾਇਰ ਜਲ੍ਹਿਆਂਵਾਲਾ ਬਾਗ ਵਿਚ ਗੋਲੀ ਚਲਾਉਣ ਦਾ ਹੁਕਮ ਦੇਣ ਵਾਲੇ ਬ੍ਰਿਗੇਡੀਅਰ ਜਨਰਲ ਡਾਇਰ ਦਾ ਸਭ ਤੋਂ ਵੱਡਾ ਹਮਾਇਤੀ ਸੀ। ਜਨਰਲ ਡਾਇਰ ਦੀ ਮੌਤ (1927) ਤੋਂ 13 ਸਾਲ ਬਾਅਦ ਤਕ ਇਹ ਬੰਦਾ ਲਗਾਤਾਰ ਉਸ ਦੇ ਅਤੇ ਆਪਣੇ ਕਾਰਨਾਮਿਆਂ ਬਾਰੇ ਸ਼ੇਖੀ ਮਾਰਦਾ ਰਿਹਾ।

ਇਸ ਮੀਟਿੰਗ ਵਿਚ ਵੀ ਉਸ ਨੇ ਤਜਰਬਿਆਂ ਦਾ ਜ਼ਿਕਰ ਕੀਤਾ। ਜੰਗ ਦੇ ਦਿਨ ਹੋਣ ਕਰ ਕੇ ਬਲੈਕ ਆਊਟ ਹੋ ਜਾਂਦਾ ਸੀ। ਇਸ ਲਈ ਮੀਟਿੰਗ ਸਾਢੇ ਚਾਰ ਵਜੇ ਹੀ ਸਮਾਪਤ ਹੋ ਜਾਣੀ ਸੀ। ਪ੍ਰਧਾਨ ਅਜੇ ਮੀਟਿੰਗ ਦੀ ਸਮਾਪਤੀ ਹੀ ਕਰ ਰਿਹਾ ਸੀ ਕਿ ਗੋਲੀ ਚੱਲਣ ਦੀ ਆਵਾਜ਼ ਆਈ। ਇਕ ਇਕ ਕਰ ਕੇ ਛੇ ਗੋਲੀਆਂ ਚੱਲੀਆਂ। ਸਾਰੀ ਮੀਟਿੰਗ ਵਿਚ ਹਫੜਾ ਦਫੜੀ ਪੈ ਗਈ। 75 ਸਾਲਾਂ ਦਾ ਸਰ ਮਾਈਕਲ ਉਡਵਾਇਰ ਧਰਤੀ 'ਤੇ ਡਿੱਗਾ ਪਿਆ ਸੀ। 84 ਵਰ੍ਹੇ ਦਾ ਪੰਜਾਬ ਦਾ ਇਕ ਹੋਰ ਸਾਬਕਾ ਲੈਫਟੀਨੈਂਟ ਗਵਰਨਰ ਸਰ ਲੁਈਸ ਡੇਨ, 79 ਸਾਲ ਦਾ ਮੁੰਬਈ ਦਾ ਸਾਬਕਾ ਗਵਰਨਰ ਲਾਰਡ ਲਾਮਿੰਗਟਨ ਤੇ ਪ੍ਰਧਾਨ ਲਾਰਡ ਜੈਟਲੈਂਡ ਜ਼ਖਮੀ ਹੋ ਗਏ ਸਨ। ਦੋ ਜਣਿਆਂ ਨੇ ਗੋਲੀ ਚਲਾਉਣ ਵਾਲੇ ਨੂੰ ਜੱਫਾ ਪਾਉਣ ਦੀ ਕੋਸ਼ਿਸ਼ ਕੀਤੀ। ਉਹ ਕਾਫੀ ਦੇਰ ਤਕ ਘੁਲਦੇ ਰਹੇ। ਤੀਜੇ ਨੇ ਉਸ ਦਾ ਪਿਸਤੌਲ ਖੋਹ ਲਿਆ। ਕੁਝ ਮਿੰਟਾਂ ਵਿਚ ਹੀ ਪੁਲੀਸ ਨੇ ਸਭ ਦਰਵਾਜ਼ੇ ਬੰਦ ਕਰ ਦਿੱਤੇ। ਟੈਲੀਫੋਨ ਉਤੇ ਗਾਰਦ ਬਿਠਾ ਦਿੱਤੀ ਗਈ। ਸਪੈਸ਼ਲ ਕੰਸਟੈਬਲਰੀ ਤੇ ਵਾਰ ਰਿਜ਼ਰਵ ਪੁਲੀਸ ਨੇ ਨਾ ਕੇਵਲ ਹਾਲ ਨੂੰ, ਬਲਕਿ ਨਾਲ ਲਗਦੀ ਸੇਂਟ ਜੇਮਜ਼ ਪਾਰਕ ਦੇ ਟਿਊਬ ਸਟੇਸ਼ਨ ਲੰਡਨ ਟਰਾਂਸਪੋਰਟ ਦੇ ਹੈਡ ਆਫਸ ਤੇ ਪੱਛਮੀ ਪਾਸੇ ਦੀਆਂ ਦੁਕਾਨਾਂ ਦੀਆਂ ਇਮਾਰਤਾਂ ਨੂੰ ਵੀ ਘੇਰਾ ਪਾ ਲਿਆ।

ਹਾਲ ਵਾਲੀ ਇਮਾਰਤ ਦੇ ਇਕ ਹਿੱਸੇ ਵਿਚ ਉਨ੍ਹਾਂ ਦਿਨਾਂ ਵਿਚ ਫੂਡ ਕੰਟਰੋਲ ਆਫ਼ਿਸ ਸੀ। ਮੀਟਿੰਗ ਵਿਚ ਹਾਜ਼ਰ ਡੇਢ ਸੌ ਬੰਦਾ ਤੇ ਆਫ਼ਿਸ ਦੇ ਕਲਰਕ ਸਭ ਢਾਈ ਘੰਟੇ ਲਈ ਰੋਕ ਦਿੱਤੇ ਗਏ। ਨਾ ਕੋਈ ਅੰਦਰੋਂ ਬਾਹਰ ਜਾ ਸਕਦਾ ਸੀ, ਨਾ ਕੋਈ ਬਾਹਰੋਂ ਅੰਦਰ ਆ ਸਕਦਾ ਸੀ। ਮੈਟਰੀਪੋਲੀਟਨ ਪੁਲੀਸ ਦਾ ਕਮਿਸ਼ਨਰ ਸਰ ਫਿਲਪ ਗੇਮ, ਅਸਿਸਟੈਂਟ ਕਮਿਸ਼ਨਰ ਕਰਨਲ ਕਾਰਟਨ, ਚੀਫ਼ ਇੰਸਪੈਕਟਰ ਬਰਟ ਬੜੇ ਚਿੰਤਾਤੁਰ ਇਧਰ-ਉਧਰ ਘੁੰਮ ਰਹੇ ਸਨ। ਮੀਟਿੰਗ ਵਿਚ ਹਾਜ਼ਰ ਡਾਕਟਰ ਗਰੇਸ ਮੈਕੀਨਨ ਤੇ ਲਾਰੰਸ ਆਫ ਅਰੇਬੀਆ ਦੇ ਭਰਾ ਡਾ. ਐਮ.ਆਰ. ਲਾਰੰਸ ਜ਼ਖਮੀਆਂ ਨੂੰ ਸੰਭਾਲਦੇ ਰਹੇ।

ਸਰ ਮਾਈਕਲ ਉਡਵਾਇਰ ਉਨ੍ਹੀਂ ਦਿਨੀਂ ਪ੍ਰਿੰਸ ਆਫ਼ ਵੇਲਜ਼ ਟੈਰਸ ਕਿਨਜ਼ਿੰਗਟਨ ਵਿਚ ਰਹਿੰਦਾ ਸੀ। ਉਹਦੀ ਮਿਸਜ਼ ਨੂੰ ਵੀ ਟੈਲੀਫੋਨ 'ਤੇ ਬੁਲਾਇਆ ਗਿਆ। ਸੱਰੇ ਵਿਚ ਵੋਕਿੰਗ ਤੋਂ ਉਹਦੀ ਧੀ ਮਿਸਜ਼ ਮਾਰਿਸ਼ ਵੀ ਪਿਉ ਦੀ ਮੌਤ ਸੁਣ ਕੇ ਦੌੜੀ ਆਈ। ਮਿਸਜ਼ ਉਡਵਾਇਰ ਨੇ ਦੱਸਿਆ ਕਿ ਉਡਵਾਇਰ ਨੇ ਘਰੋਂ ਤੁਰਨ ਲੱਗਿਆਂ ਉਸ ਨੂੰ ਕਿਹਾ ਸੀ, 'ਮੈਂ ਸ਼ਾਮ ਦੀ ਚਾਹ ਵੇਲੇ ਘਰ ਹੋਵਾਂਗਾ।' ਉਹ ਵਾਰ-ਵਾਰ ਸਭ ਨੂੰ ਇਹ ਦੱਸ ਰਹੀ ਸੀ ਪਰ ਉਹ ਸ਼ਾਮ ਮੁੜ ਕੇ ਨਾ ਆਈ। ਗੋਲੀ ਚਲਾਉਣ ਵਾਲਾ ਪੁਲੀਸ ਦੇ ਘੇਰੇ ਵਿਚ ਸ਼ਾਂਤ ਚਿਤ ਖਲੋਤਾ ਸੀ। ਸਕਾਟਲੈਂਡ ਯਾਰਡ ਨੇ ਇਕੱਲੇ-ਇਕੱਲੇ ਬੰਦੇ ਦੇ ਬਿਆਨ ਲਏ ਜੋ ਬਾਅਦ ਵਿਚ ਟਾਈਪ ਕੀਤੇ ਗਏ।

ਲਾਰਡ ਜੈਟਲੈਂਡ ਨੇ ਦੱਸਿਆ: 'ਮੈਂ ਸਟੇਜ ਤੋਂ ਜ਼ਰਾ ਪਰ੍ਹਾਂ ਹੋ ਰਿਹਾ ਸੀ, ਕਿ ਮੇਰੇ ਕੋਲ ਜਿਹੇ ਜ਼ੋਰ ਦੀ ਧਮਾਕਾ ਹੋਇਆ। ਇਹ ਦੋ ਗਜ਼ ਤੋਂ ਵਧੇਰੇ ਦੂਰ ਨਹੀਂ ਹੋ ਸਕਦਾ। ਮੈਂ ਆਪਣੀਆਂ ਆਂਦਰਾਂ ਵਿਚ ਤੇਜ਼ ਪੀੜ ਮਹਿਸੂਸ ਕੀਤੀ। ਇਸ ਨਾਲ ਮੈਂ ਉਖੜ ਗਿਆ। ਜਦੋਂ ਮੈਂ ਥੱਲੇ ਡਿੱਗ ਰਿਹਾ ਸਾਂ, ਮੈਂ ਕੁਝ ਹੋ ਗੋਲੀਆਂ ਚਲਦੀਆਂ ਸੁਣੀਆਂ ਪਰ ਦੇਖ ਨਹੀਂ ਸਕਿਆ ਕਿ ਕੀ ਵਾਪਰਿਆ ਹੈ। ਫਿਰ ਮੈਨੂੰ ਸੇਂਟ ਜਾਰਜਜ਼ ਹਸਪਤਾਲ ਲਿਜਾਇਆ ਗਿਆ ਜਿਥੇ ਐਕਸਰੇ ਕੀਤਾ ਗਿਆ। ਕੁਝ ਵੀ ਟੁੱਟਾ ਹੋਇਆ ਨਹੀਂ ਨਿਕਲਿਆ। ਮੇਰਾ ਨਹੀਂ ਖ਼ਿਆਲ ਕਿ ਮੈਨੂੰ ਕੋਈ ਵਧੇਰੇ ਨੁਕਸਾਨ ਪੁੱਜਾ ਹੈ, ਭਾਵੇਂ ਮੇਰੀਆਂ ਆਂਦਰਾਂ 'ਤੇ ਸਖ਼ਤ ਰਗੜਾਂ ਦੇ ਨਿਸ਼ਾਨ ਹਨ। ਬਾਅਦ ਵਿਚ ਪਤਾ ਲੱਗਾ ਕਿ ਇਹ ਗੋਲੀ ਸੀ ਜੋ ਮੇਰੇ ਵੱਜੀ। ਮੇਰੇ ਕੱਪੜਿਆਂ ਵਿਚ ਨਿਸ਼ਾਨ ਹਨ ਜਿਥੋਂ ਦੀ ਇਹ ਲੰਘੀ। ਕੋਟ, ਵੈਸਟ ਤੇ ਕਮੀਜ਼ 'ਤੇ ਸੜਨ ਦੇ ਨਿਸ਼ਾਨ। ਗੋਲੀ ਮੇਰੇ ਕੱਪੜਿਆਂ ਵਿਚੋਂ ਹੀ ਮਿਲੀ ਸੀ।' ਸਰ ਲਾਇਨਲ ਜੈਕਬ ਦੀ ਵਿਧਵਾ ਲੇਡੀ ਜੈਕਬ ਨੇ ਦਸਿਆ ਕਿ ਉਸ ਨੇ ਵੀ ਇਸ ਬੰਦੇ ਦੇ ਅਜੀਬ ਵਤੀਰੇ ਬਾਰੇ ਕੋਲ ਬੈਠੇ ਇਕ ਮਿੱਤਰ ਨੂੰ ਸੰਕੇਤ ਕੀਤਾ ਸੀ।



*ਲੰਡਨ ਦੇ ਸ਼ੈਫਰਡ ਬੁਸ਼ ਗੁਰਦੁਆਰੇ ਵਿਚ ਲੰਗਰ ਦੀ ਸੇਵਾ ਕਰ ਰਿਹਾ ਊਧਮ ਸਿੰਘ। ਇਹ ਤਸਵੀਰ 1938 ਦੀ ਹੈ।*

ਪਹਿਲਾਂ ਤਾਂ ਕਈ ਇਸ ਨੂੰ ਸ਼ੁਗਲ ਹੀ ਸਮਝਦੇ ਰਹੇ, ਜਿਵੇਂ ਲੈਂਘਮ ਮੈਨਸ਼ਨ ਅਰਨਜ਼ ਕੋਰਟ ਦੇ ਜੇ.ਐਫ. ਸੇਲ ਦਾ ਬਿਆਨ ਹੈ: ਮੇਰਾ ਖ਼ਿਆਲ ਹੈ ਕਿ ਪਹਿਲਾਂ ਤਾਂ ਬਹੁਤੇ ਲੋਕ ਇਹੀ ਖ਼ਿਆਲ ਕਰਦੇ ਰਹੇ ਕਿ ਇਹ ਆਇਰਸ਼ ਰਿਪਬਲਿਕ ਆਰਮੀ ਦੇ ਬੰਬ ਹਨ ਜਾਂ ਇਸੇ ਪ੍ਰਕਾਰ ਦੀ ਕੋਈ ਹੋਰ ਚੀਜ਼। ਉਨ੍ਹਾਂ ਨੂੰ ਉਦੋਂ ਤਕ ਨਾ ਪਤਾ ਲੱਗਾ, ਜਿੰਨਾ ਚਿਰ ਉਨ੍ਹਾਂ ਲਾਰਡ ਜੈਟਲੈਂਡ ਨੂੰ ਡਿਗਦੇ ਤੇ ਸਰ ਮਾਈਕਲ ਉਡਵਾਇਰ ਨੂੰ ਆਪਣੀ ਸੀਟ ਦੇ ਮੂਹਰੇ ਢਹਿ ਢੇਰੀ ਹੁੰਦੇ ਨਹੀਂ ਵੇਖਿਆ। ਤਦ ਉਨ੍ਹਾਂ ਨੂੰ ਗਿਆਨ ਹੋਇਆ ਕਿ ਹੁਣੇ ਹੁਣੇ ਕੀ ਘਟਨਾ ਵਾਪਰੀ ਹੈ। ਫਿਲਪ ਬਲੂਮਸ ਬਰਗ ਨਾਂ ਦਾ ਇਕ ਪੱਤਰ ਪ੍ਰੇਰਕ ਵੀ ਉਥੇ ਸੀ। ਉਹ ਆਪਣੀ ਅਖ਼ਬਾਰ ਨੂੰ ਮੀਟਿੰਗ ਦੀ ਖ਼ਬਰ ਦੇਣ ਲਈ ਟੈਲੀਫੋਨ ਕਰਨ ਗਿਆ ਸੀ ਕਿ ਗੋਲੀਆਂ ਦੀ ਆਵਾਜ਼ ਨਾਲ ਤਰਾਹ ਗਿਆ। ਉਹ ਸਟੇਜ ਵੱਲ ਦੌੜਿਆ ਤੇ ਕਿਸੇ ਵਿਚ ਵੱਜਾ।

ਸ਼ਾਮ ਦੇ ਸੱਤ ਵਜੇ ਦਰਵਾਜ਼ੇ ਖੁੱਲ੍ਹੇ ਤੇ ਲੋਕਾਂ ਨੂੰ ਘਰੋ-ਘਰੀ ਜਾਣ ਦੀ ਆਗਿਆ ਦਿੱਤੀ ਗਈ। ਗੋਲੀ ਚਲਾਉਣ ਵਾਲੇ ਬਾਰੇ ਦੱਸਿਆ ਗਿਆ ਕਿ ਉਸ ਦਾ ਨਾਂ ਰਾਮ ਮੁਹੰਮਦ ਸਿੰਘ ਆਜ਼ਾਦ ਹੈ, ਉਹ ਬਲੂਮਜ਼ ਬਰੀ ਰਹਿੰਦਾ ਹੈ, ਪਿਛਲੇ 7 ਮਹੀਨੇ ਬੋਰਨਮਊਥ ਵੀ ਰਿਹਾ ਹੈ। ਉਸ ਦਾ ਭਰਾ 1919 ਵਿਚ ਅੰਮ੍ਰਿਤਸਰ ਦੇ ਰੌਲਿਆਂ ਵਿਚ ਮਾਰਿਆ ਗਿਆ ਸੀ। ਉਹ ਭਰਵੇਂ ਸਰੀਰ ਦਾ ਨੌਜਵਾਨ ਹੈ ਜਿਸ ਦਾ ਕੱਦ ਵਧੇਰੇ ਲੰਬਾ ਨਹੀਂ। ਉਸ ਨੂੰ ਕੋਨਨ ਰੋ ਪੁਲਿਸ ਸਟੇਸ਼ਨ ਲਿਜਾਇਆ ਗਿਆ।

ਦੂਜੇ ਦਿਨ ਦੀਆਂ ਅਖ਼ਬਾਰਾਂ ਵਿਚ ਪਹਿਲੀ ਸੁਰਖੀ ਇਸੇ ਘਟਨਾ ਦੀ ਸੀ। ਜਿਹੜੀ ਤਸਵੀਰ ਪ੍ਰਕਾਸ਼ਤ ਹੋਈ, ਉਸ ਵਿਚ ਉਹ ਮੁਸਕਰਾ ਰਿਹਾ ਸੀ। ਰਿਮਾਂਡ ਵਿਚ ਕੁਝ ਸਮਾਂ ਰੱਖਣ ਤੋਂ ਬਾਅਦ ਉਸ ਨੂੰ ਚਾਰ ਅਪਰੈਲ ਨੂੰ ਬੋ ਸਟਰੀਟ ਵਿਚ ਮੈਜਿਸਟਰੇਟ ਸਰ ਰਾਬਰਟ ਡੂਮੈਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਸ ਦੀ ਸ਼ਨਾਖਤ ਹੋ ਚੁੱਕੀ ਸੀ। ਉਸ ਦਾ ਨਾਂ ਊਧਮ ਸਿੰਘ ਸੀ ਜੋ ਇੰਜੀਨੀਅਰ ਦੇ ਤੌਰ 'ਤੇ ਕੰਮ ਕਰਦਾ ਸੀ। ਉਸ ਦੀ ਰਿਹਾਇਸ਼ ਨਾਰਥ ਵੈਸਟ ਲੰਡਨ ਦੇ ਏਰੀਏ ਮਾਰਨਿੰਗਟਨ ਟੈਰੇਸ ਦੀ ਸੀ। ਜਲ੍ਹਿਆਂਵਾਲਾ ਬਾਗ ਦੀ ਘਟਨਾ ਵੇਲੇ ਉਸ ਦੀ ਉਮਰ 16 ਸਾਲਾਂ ਦੀ ਸੀ, ਹੁਣ ਉਹ 37 ਵਰ੍ਹਿਆਂ ਦਾ ਹੋ ਚੁੱਕਾ ਸੀ।

ਪੁਲੀਸ ਨੇ ਅਦਾਲਤ ਵਿਚ ਡਾਇਰੀ ਵੀ ਪੇਸ਼ ਕੀਤੀ ਜੋ ਉਸ ਕੋਲੋਂ ਮਿਲੀ ਦੱਸੀ ਜਾਂਦੀ ਸੀ। ਉਸ ਡਾਇਰੀ ਵਿਚ ਇਕ ਪਤਾ ਸਰ ਮਾਈਕਲ ਉਡਵਾਇਰ, ਸਨੀਬੈਂਕ ਬਰਲਸਟਨ, ਸਾਊਥ ਡੇਵਿਨ ਵੀ ਦਰਜ ਸੀ। ਡਿਟੈਕਟਿਵ ਇੰਸਪੈਕਟਰ ਡੇਟਿਨ ਨੇ ਆਖਿਆ ਹੈ ਕਿ ਉਡਵਾਇਰ ਦੇ ਅੰਦਰਾਜ ਦਾ ਪ੍ਰਗਟਾ ਕਰਦੀ 1940 ਦੀ ਡਾਇਰੀ ਸਿੰਘ ਕੋਲੋਂ ਕੈਕਸਟਨ ਹਾਲ ਵਿਚੋਂ ਮਿਲੀ ਸੀ। ਸਰ ਰਾਬਰਟ ਡੂਮੈਂਟ ਮੈਜਿਸਟਰੇਟ ਨੇ ਜ਼ਿਕਰ ਕੀਤਾ ਸੀ ਕਿ ਇਹ ਜਨਰਲ ਡਾਇਰ ਸੀ, ਜਿਸ ਨੇ 1919 ਵਿਚ ਅੰਮ੍ਰਿਤਸਰ ਦੀ ਗੜਬੜ ਦੇ ਦੌਰਾਨ ਗੋਲੀ ਦਾ ਹੁਕਮ ਦਿੱਤਾ ਸੀ। ਸਰਕਾਰੀ ਵਕੀਲ ਸਰ ਬਰਨਾਰਡ ਸਪਲਿਸਬਰੀ ਨੇ ਸਰ ਮਾਈਕਲ ਦੇ ਦੋ ਗੋਲੀਆਂ ਨਾਲ ਹੋਏ ਜ਼ਖ਼ਮਾਂ ਬਾਰੇ ਦੱਸਿਆ ਕਿ ਇਕ ਗੋਲੀ ਸਿੱਧੀ ਦਿਲ ਵਿਚ ਦੀ ਲੰਘ ਗਈ ਹੈ, ਮੌਤ ਦਾ ਕਾਰਨ ਖ਼ੂਨ ਦਾ ਘੱਟ ਜਾਣਾ ਸੀ।

ਡੀਟੈਕਟਿਵ ਸਾਰਜੈਂਟ ਐਸ. ਜੋਨਜ਼ ਨੇ ਕਿਹਾ ਕਿ ਜਦੋਂ ਚੀਜ਼ਾਂ ਦੀ ਲਿਸਟ ਬਣਾਈ ਜਾ ਰਹੀ ਸੀ ਤਾਂ ਸਿੰਘ ਦੇ ਕਬਜ਼ੇ ਵਿਚੋਂ ਮੋਚੀਆਂ ਵਾਲਾ ਚਾਕੂ ਵੀ ਮਿਲਿਆ ਸੀ। ਸਿੰਘ ਨੇ ਉਸ ਬਾਰੇ ਇਹ ਦੱਸਿਆ, "ਮੈਂ ਚਾਕੂ ਇਸ ਲਈ ਰੱਖਿਆ ਹੋਇਆ ਸੀ ਕਿ ਕੁਝ ਰਾਤਾਂ ਪਹਿਲਾਂ ਕੈਮਡਨ ਟਾਊਨ ਵਿਚ ਘੇਰਿਆ ਗਿਆ ਸਾਂ।" ਉਡਵਾਇਰ ਨੂੰ ਮਾਰਨ ਬਾਰੇ ਬਾਅਦ ਵਿਚ ਉਸ ਨੇ ਆਖਿਆ: "ਮੈਂ ਇਹ ਕੀਤਾ ਹੈ, ਕਿਉਂਕਿ ਮੈਨੂੰ ਇਸ ਦੇ ਵਿਰੁੱਧ ਗਿਲਾ ਸੀ। ਇਸ ਨਾਲ ਏਦਾਂ ਹੀ ਹੋਣੀ ਚਾਹੀਦੀ ਸੀ। ਮੇਰਾ ਕਿਸੇ ਜਥੇਬੰਦੀ ਨਾਲ ਜਾਂ ਕਿਸੇ ਹੋਰ ਨਾਲ ਕੋਈ ਸਬੰਧ ਨਹੀਂ...ਮੈਂ ਕੋਈ ਪ੍ਰਵਾਹ ਨਹੀਂ ਕਰਦਾ, ਮੈਂ ਮਰਨ ਨੂੰ ਕੁਝ ਨਹੀਂ ਸਮਝਦਾ, ਬੁੱਢੇ ਹੋਣ ਤਕ ਉਡੀਕ ਕਰਨ ਵਿਚ ਕੀ ਫਾਇਦਾ? ਜਦੋਂ ਜੁਆਨ ਹੋਵੇ ਤੁਹਾਨੂੰ ਉਦੋਂ ਮਰਨਾ ਚਾਹੀਦਾ ਹੈ, ਇਸ ਲਈ ਮੈਂ ਮਰ ਰਿਹਾ ਹਾਂ, ਮੈਂ ਆਪਣੇ ਦੇਸ਼ ਲਈ ਮਰ ਰਿਹਾ ਹਾਂ...।" ਉਸ ਨੇ ਹੋਰ ਆਖਿਆ: "ਮੈਂ ਬੋਰਨਡ ਮਾਊਥ ਪਬ ਵਿਚੋਂ ਕਿਸੇ ਫੌਜੀ ਤੋਂ ਇਹ ਰਿਵਾਲਵਰ ਖਰੀਦਿਆ ਸੀ। ਮੈਂ ਉਸ ਨੂੰ ਘੁੱਟ ਪਿਲਾਈ ਵੀ ਸੀ।"

ਸਾਰਜੈਂਟ ਨੇ ਦੱਸਿਆ, ਜਦੋਂ ਸਿੰਘ ਨੂੰ ਗ੍ਰਿਫ਼ਤਾਰ ਕੀਤਾ, ਉਹ ਕਾਫੀ ਦੇਰ ਚੁੱਪ ਰਿਹਾ, ਪਰ ਅਚਾਨਕ ਹੀ ਆਖਣ ਲੱਗਾ, 'ਸਿਰਫ਼ ਇਕੋ ਮਰਿਆ? ਉਹੋ! ਮੇਰਾ ਖਿਆਲ ਸੀ, ਮੈਂ ਹੋਰ ਵੀ ਲਊਂਗਾ। ਮੈਂ ਜ਼ਰੂਰ ਸੁਸਤ ਰਿਹਾ ਹੋਵਾਂਗਾ। ਦਰਅਸਲ ਆਲੇ ਦੁਆਲੇ ਤੀਵੀਆਂ ਬਹੁਤ ਸਨ।'

ਬੰਦੂਕਾਂ ਦੇ ਮਾਹਿਰ ਰਾਬਰਟ ਚਰਚਿਲ ਨੇ ਕਿਹਾ ਕਿ ਜਿਹੜਾ ਰਿਵਾਲਵਰ ਪੁਲੀਸ ਨੇ ਉਸ ਨੂੰ ਮੁਆਇਨੇ ਲਈ ਦਿੱਤਾ ਹੈ, ਉਹ ਛੇ ਗੋਲੀਆਂ ਦਾ 455 ਸਮਿਥ ਐਂਡ ਵੈਬਸਨ ਸੀ, ਜਿਹੜੇ ਪੰਝੀ ਵਰ੍ਹੇ ਪਹਿਲਾਂ ਬਰਤਨਾਵੀ ਸਰਕਾਰ ਲਈ ਬਣਾਏ ਗਏ ਸਨ। ਰਾਊਂਦ ਜਿਹੜੇ ਵਰਤੇ ਗਏ, ਲਗਪਗ ਤੀਹ ਸਾਲ ਪੁਰਾਣੇ ਅਤੇ 44 ਕੈਲੀਬਰ ਦੇ ਰਿਵਾਲਵਰ ਵਾਸਤੇ ਸਨ। ਨਤੀਜੇ ਦੇ ਤੌਰ 'ਤੇ ਇਹ ਇਸ ਰਿਵਾਲਵਰ ਵਿਚ ਪੂਰੀ ਤਰ੍ਹਾਂ ਫਿਟ ਨਹੀਂ ਆਏ। ਇਨ੍ਹਾਂ ਦੀ ਮਾਰ ਤੇ ਨਿਸ਼ਾਨੇ ਵਿਚ ਫ਼ਰਕ ਪੈ ਗਿਆ। ਉਸ ਨੇ ਤਜਰਬੇ ਦੇ ਤੌਰ 'ਤੇ ਛੇ ਰਾਊਂਦ ਫਾਇਰ ਕੀਤੇ ਸਨ ਜਿਨ੍ਹਾਂ ਵਿਚੋਂ ਦੋ ਫਾਇਰ, ਮਿਸ ਹੋ ਗਏ।

ਮੈਜਿਸਟਰੇਟ ਨੇ ਊਧਮ ਸਿੰਘ ਤੇ ਫਰਦ ਜੁਰਮ ਲਾ ਕੇ ਕੇਸ ਓਲਡ ਬੇਲੀ ਲਾ ਦਿੱਤਾ। ਪੰਜ ਜੂਨ ਨੂੰ ਮਿਸਟਰ ਜਸਟਿਸ ਐਟਕਿਨਸਨ ਦੀ ਅਦਾਲਤ ਵਿਚ ਕੇਸ ਪੇਸ਼ ਹੋਇਆ। ਜੱਜ ਨੇ ਸਜ਼ਾ ਸੁਣਾਉਣ ਤੋਂ ਪਹਿਲਾਂ ਊਧਮ ਸਿੰਘ ਪੰਦਰਾਂ ਮਿੰਟ ਆਪਣਾ ਬਿਆਨ ਦਿੰਦਾ ਰਿਹਾ। ਜਸਟਿਸ ਐਟਕਿਨਸਨ ਨੇ ਹਦਾਇਤ ਕੀਤੀ ਕਿ ਇਹ ਬਿਆਨ ਪ੍ਰਕਾਸ਼ਤ ਨਾ ਕੀਤਾ ਜਾਵੇ। ਊਧਮ ਸਿੰਘ ਨੇ ਆਪਣੇ ਵਕੀਲ ਜਾਨ ਹਚਨਸਨ ਦੇ ਉਤਰ ਵਿਚ ਇਹ ਵੀ ਦੱਸਿਆ ਕਿ ਜਦੋਂ ਉਹ ਹਿਰਾਸਤ ਵਿਚ ਸੀ ਤਾਂ ਉਹ ਲਗਾਤਾਰ 42 ਦਿਨ ਤੋਂ ਭੁੱਖ ਹੜਤਾਲ 'ਤੇ ਰਿਹਾ। ਊਧਮ ਸਿੰਘ ਨੇ ਇਹ ਵੀ ਕਿਹਾ ਕਿ ਅੰਮ੍ਰਿਤਸਰ ਵਿਚ ਚਲਾਈ ਗੋਲੀ ਨੇ ਉਸ ਦੇ ਦਿਲ ਵਿਚ ਬਰਤਾਨਵੀ ਸਰਕਾਰ ਬਾਰੇ ਨਫਰਤ ਭਰ ਦਿੱਤੀ ਸੀ। ਸਫ਼ਾਈ ਵਕੀਲ ਨੇ ਇਹ ਕਹਿਣ ਦੀ ਕੋਸ਼ਿਸ਼ ਕੀਤੀ ਕਿ ਊਧਮ ਸਿੰਘ ਛੱਤ ਵੱਲ ਗੋਲੀ ਚਲਾ ਕੇ ਸਿਰਫ ਪ੍ਰੋਟੈਸਟ ਕਰਨਾ ਚਾਹੁੰਦਾ ਸੀ, ਪਰ ਕਿਸੇ ਨੇ ਉਹਦਾ ਹੱਥ ਖਿੱਚ ਲਿਆ।

ਇਸ ਘਟਨਾ ਦੀਆਂ ਗਵਾਹੀਆਂ ਅਤੇ ਊਧਮ ਸਿੰਘ ਦੇ ਬਿਆਨਾਂ ਤੋਂ ਸਰ ਮਾਈਕਲ ਉਡਵਾਇਰ ਤੋਂ ਬਦਲਾ ਲੈਣ ਦੀ ਭਾਵਨਾ ਦਾ ਪ੍ਰਗਟਾਵਾ ਸਾਫ਼ ਸਿੱਧ ਹੁੰਦਾ ਸੀ। ਊਧਮ ਸਿੰਘ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਸਜ਼ਾ ਸੁਣ ਕੇ ਉਹ ਜਲਾਲ ਵਿਚ ਆ ਗਿਆ- "ਮੈਂ ਆਪਣੇ ਦੇਸ਼ ਲਈ ਮਰ ਰਿਹਾ ਹਾਂ, ਮੈਨੂੰ ਮਰਨ ਦੀ ਕੋਈ ਪ੍ਰਵਾਹ ਨਹੀਂ।" ਉਸ ਨੇ ਲਲਕਾਰ ਨੇ ਆਖਿਆ ਅਤੇ ਮੁੱਕੇ ਵੱਟ-ਵੱਟ ਕੇ ਕਟਹਿਰੇ ਦੇ ਜੰਗਲੇ ਦੀ ਬਾਹੀ 'ਤੇ ਮਾਰਦਾ ਰਿਹਾ। ਉਸ ਨੇ ਅਦਾਲਤ ਵਿਚ ਥੁੱਕਿਆ, ਫਿਰ ਸ਼ਾਂਤ ਚਿਤ ਹੋ ਕੇ ਮੁਸਕਰਾ ਪਿਆ। ਉਹ ਚਾਹੁੰਦਾ ਸੀ ਕਿ ਉਸ ਨੂੰ ਵੀ ਸ਼ਹੀਦ ਭਗਤ ਸਿੰਘ ਵਾਂਗ 23 ਤਾਰੀਖ ਨੂੰ ਫ਼ਾਂਸੀ ਮਿਲੇ ਜਿਵੇਂ ਉਸ ਵਲੋਂ ਸਿਨਕਲੇਅਰ ਰੋਡ ਲੰਡਨ ਦੇ ਗੁਰਦੁਆਰੇ ਦੇ ਸਕੱਤਰ ਸ. ਜਾਹਲ ਸਿੰਘ ਨੂੰ 30 ਮਾਰਚ 1940 ਨੂੰ ਬਰਿਕਸਟਨ ਜੇਲ੍ਹ ਤੋਂ ਪੁਸਤਕਾਂ ਵਾਪਸ ਭੇਜਦੇ ਸਮੇਂ ਲਿਖੇ ਪੱਤਰ ਤੋਂ ਸਪੱਸ਼ਟ ਹੈ। ਇਸ ਪੱਤਰ ਵਿੱਚ ਉਸ ਨੇ ਲਿਖਿਆ ਸੀ, "ਕੋਈ ਦਸ ਸਾਲ ਹੋਏ ਕਿ ਮੇਰਾ ਸਭ ਤੋਂ ਵਧੀਆ ਮਿੱਤਰ ਮੈਨੂੰ ਪਿੱਛੇ ਛੱਡ ਗਿਆ ਸੀ ਅਤੇ ਮੈਨੂੰ ਯਕੀਨ ਹੈ ਕਿ ਮੌਤ ਤੋਂ ਬਾਅਦ ਅਸੀਂ ਇਕ-ਦੂਜੇ ਨੂੰ ਮਿਲਾਂਗੇ, ਉਹ ਮੈਨੂੰ ਉਡੀਕ ਰਿਹਾ ਹੈ। ਉਸ ਦਿਨ 23 ਤਾਰੀਖ ਸੀ। ਮੈਨੂੰ ਆਸ ਹੈ ਕਿ ਮੈਨੂੰ ਵੀ ਇਸੇ ਤਾਰੀਖ ਨੂੰ ਫਾਂਸੀ ਦੇਣਗੇ, ਜਿਸ ਤਾਰੀਖ ਉਸ ਨੂੰ ਦਿੱਤੀ ਸੀ।" ਉਹ ਹੋਰ ਲਿਖਦੇ ਹਨ, "ਜਿਸ ਦਿਨ ਦਾ ਮੈਂ ਸ਼ਾਹੀ ਖ਼ਾਨਦਾਨ ਦਾ ਮਹਿਮਾਨ ਹੋ ਕੇ ਆਇਆ ਹਾਂ, 5 ਪੌਂਡ ਭਾਰ ਵਧਿਆ ਹੈ। ਮੈਨੂੰ ਕਿਸੇ ਚੀਜ਼ ਤੋਂ ਮੁਨਕਰ ਹੋਣ ਦੀ ਲੋੜ ਨਹੀਂ। ਮੈਂ ਜੰਮਿਆ ਹੀ ਮਰਨ ਲਈ ਹਾਂ ਅਤੇ ਜ਼ਰੂਰ ਮਰਨਾ ਹੈ।" ਪਰ ਉਸ ਦੀ ਇਹ ਖ਼ਾਹਿਸ਼ ਪੂਰੀ ਨਾ ਹੋਈ ਤੇ ਉਸ ਨੂੰ 31 ਜੁਲਾਈ (1940) ਨੂੰ ਫਾਂਸੀ ਦਿੱਤੀ ਗਈ।

## ਸ਼ਹੀਦ ਊਧਮ ਸਿੰਘ

ਅਣਖ ਆਬਰੂ ਵਾਲੀ ਧਰਤੀ ਬਣ ਗਈ ਕਾਇਰਾਂ ਦੀ।
ਊਧਮ ਸਿੰਘ ਨਹੀਂ ਲੱਭਦਾ ਫਿਰਦੀ ਡਾਰ ਹੈ ਡਾਇਰਾਂ ਦੀ।

ਉਨੀ ਸੌ ਉਨੀ ਦੀ ਭੁੱਲੀ ਜਾਏ ਵਿਸਾਖੀ ਨਾ।
ਅੱਖੀਂ ਦੇਖੀ ਸਾਥੋਂ ਭੁੱਲੀ ਜਾਏ ਚੌਰਾਸੀ ਨਾ।
ਨਹੀਂ ਭੁਲਦੀ ਤਸਵੀਰ ਗਲਾਂ ਵਿਚ ਪਾਏ ਟਾਇਰਾਂ ਦੀ।
ਊਧਮ ਸਿੰਘ...।

ਹੱਕ ਮੰਗਦਿਆਂ ਦੇ ਸਿਰ ਵਿਚ ਅੱਜ ਵੀ ਡਾਂਗਾਂ ਪੈਂਦੀਆਂ ਨੇ।
ਚੁੰਨੀਆਂ ਲੀਰੋ ਲੀਰ ਹੋਣ ਤੇ ਪੱਗਾਂ ਲਹਿੰਦੀਆਂ ਨੇ।
ਆਪਣਿਆਂ ਨੇ ਵੀ ਫੜ੍ਹ ਲਈ ਪਗਡੰਡੀ ਗੈਰਾਂ ਦੀ।
ਊਧਮ ਸਿੰਘ...।

ਜ਼ਰ, ਜ਼ੋਰੂ, ਜ਼ਮੀਨ ਲਈ ਲੋਕੀਂ ਅੱਜ ਵੀ ਲੜਦੇ ਨੇ।
ਗੋਲੀਆਂ ਦੇ ਨਾਲ ਮਰਦੇ ਜਾਂ ਜੇਲ੍ਹਾਂ ਵਿਚ ਸੜਦੇ ਨੇ।
ਪਰ ਤਵਾਰੀਖ ਨਹੀਂ ਬਣਦੀ ਕੀਤੇ ਫੋਕੇ ਫਾਇਰਾਂ ਦੀ।
ਊਧਮ ਸਿੰਘ...।

ਜੇਕਰ ਠੱਲ ਨਾ ਪਾਈ ਨਸ਼ੇ ਦਿਆਂ ਦਰਿਆਵਾਂ ਨੂੰ।
ਊਧਮ, ਭਗਤ, ਸਰਾਭੇ ਦੇ ਭੁੱਲ ਜਾਂਗੇ ਨਾਂਵਾਂ ਨੂੰ।
'ਟੱਲੇਵਾਲੀਆ' ਝੂਠੀ ਨਾ ਗੱਲ ਜਾਣੀ ਸ਼ਾਇਰਾਂ ਦੀ।
ਊਧਮ ਸਿੰਘ ਨਹੀਂ ਲੱਭਦਾ ਫਿਰਦੀ ਡਾਰ ਹੈ ਡਾਇਰਾਂ ਦੀ।

*-ਡਾ. ਅਮਨਦੀਪ ਸਿੰਘ ਟੱਲੇਵਾਲੀਆ*
*ਫੋਨ: 91-98146-99446*

# ਕਰਿ ਅਉਗਣ ਪਛੋਤਾਵਣਾ



ਡਾ. ਗੁਰਨਾਮ ਕੌਰ, ਕੈਨੇਡਾ

ਸਿੱਖ ਧਰਮ ਚਿੰਤਨ ਵਿਚ ਬੁਰਾਈ ਨੂੰ ਅਉਗਣ ਨਾਲ ਜੋੜਿਆ ਗਿਆ ਹੈ। ਅਉਗਣ ਹੀ ਹਰ ਤਰ੍ਹਾਂ ਦੀ ਬੁਰਾਈ ਨੂੰ ਜਨਮ ਦਿੰਦੇ ਹਨ। ਬੁਰਾਈ ਦਾ ਅਰਥ ਹੈ ਅਨੈਤਿਕ ਵਰਤਾਉ ਜਾਂ ਅਮਲ ਜੋ ਸਮਾਜ ਲਈ ਹਾਨੀਕਾਰਕ ਹੁੰਦਾ ਹੈ। ਬੁਰਾਈ ਮਨੁੱਖ ਨੂੰ ਅਜਿਹੇ ਕਰਮ ਕਰਨ ਲਈ ਪ੍ਰੇਰਤ ਕਰਦੀ ਹੈ ਜਿਨ੍ਹਾਂ ਤੋਂ ਉਹ ਸ਼ਰਮਸਾਰ ਹੁੰਦਾ ਹੈ। ਸਿੱਖ ਧਰਮ ਚਿੰਤਨ ਵਿਚ ਮਨੁੱਖ ਦੇ ਸਾਹਮਣੇ ਆਦਰਸ਼ ਆਤਮ-ਅਨੁਭਵ ਦਾ ਰੱਖਿਆ ਗਿਆ ਹੈ। ਗੁਰੂ ਨਾਨਕ ਸਾਹਿਬ ਨੇ 'ਜਪੁਜੀ' ਵਿਚ ਹੀ ਪ੍ਰਸ਼ਨ ਕੀਤਾ ਹੈ ਕਿ 'ਸਚਿਆਰ' ਕਿਵੇਂ ਬਣਨਾ ਹੈ, "ਕਿਵ ਸਚਿਆਰਾ ਹੋਵੀਐ"। 'ਸਚਿ' ਜਾਂ 'ਸਤਿ' ਪਰਮਾਤਮਾ ਲਈ ਆਇਆ ਹੈ ਅਤੇ ਮਨੁੱਖ ਸਾਹਮਣੇ ਆਦਰਸ਼ ਪਰਮ-ਸਤਿ ਦਾ ਅਨੁਭਵ ਕਰਨਾ ਰੱਖਿਆ ਹੈ। ਇਸ ਲਈ 'ਸਚਿਆਰਾ' ਸ਼ਬਦ ਉਸ ਆਦਰਸ਼ਕ ਆਤਮ ਲਈ ਵਰਤਿਆ ਗਿਆ ਹੈ, ਜਿਸ ਕਿਸਮ ਦਾ ਮਨੁੱਖ ਨੂੰ ਹੋਣਾ ਚਾਹੀਦਾ ਹੈ। ਆਦਰਸ਼ ਨੂੰ ਜਾਣਨ ਵਾਸਤੇ ਪਰਮਸਤਿ ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਮੂਲ ਮੰਤਰ ਵਿਚ ਕਰ ਦਿੱਤੀ ਗਈ ਹੈ। ਉਹ ਇੱਕੋ-ਇੱਕ ਅਤੇ ਸਰਬ-ਵਿਆਪਕ ਹਸਤੀ ਹੈ, ਜੋ ਸੰਸਾਰ ਦਾ ਰਚਣਹਾਰਾ, ਭੈ ਅਤੇ ਵੈਰ ਤੋਂ ਰਹਿਤ ਹੈ, ਸਮੇਂ ਅਤੇ ਸਥਾਨ ਵਿਚ ਨਹੀਂ ਆਉਂਦਾ ਪਰ ਇਹ ਦਿਸਦਾ ਸੰਸਾਰ ਉਸੇ ਇੱਕ ਦਾ ਸਰੂਪ ਹੈ। ਉਹ ਜਨਮਦਾ ਜਾਂ ਮਰਦਾ ਨਹੀਂ ਹੈ ਅਤੇ ਉਹ ਆਪਣੇ ਆਪ ਤੋਂ ਹੈ। ਇਸ ਦਾ ਅਰਥ ਹੈ ਕਿ ਉਸ ਦਾ ਜਨਮ ਕਿਸੇ ਹੋਰ ਤੋਂ ਨਹੀਂ ਹੁੰਦਾ। ਉਸ ਨੂੰ ਗੁਰੂ ਦੀ ਕਿਰਪਾ ਰਾਹੀਂ ਪਾ ਸਕੀਦਾ ਹੈ ਅਰਥਾਤ ਉਸ ਦਾ ਅਨੁਭਵ ਗੁਰੂ ਰਾਹੀਂ ਸੰਭਵ ਹੈ। ਇਸ ਤੋਂ ਅੱਗੇ ਦੱਸਿਆ ਹੈ ਕਿ ਉਹ ਅਕਾਲ ਪੁਰਖ ਯੁਗਾਂ ਤੋਂ ਪਹਿਲਾਂ ਵੀ ਸੀ, ਯੁਗਾਂ ਦੇ ਅਰੰਭ ਵਿਚ ਵੀ ਸੀ, ਉਸ ਦੀ ਹੋਂਦ ਹੁਣ ਵੀ ਹੈ ਅਤੇ ਉਸ ਦੀ ਹੋਂਦ ਸਦਾ ਰਹੇਗੀ।

ਸਿੱਖ ਧਰਮ ਅਨੁਸਾਰ ਪਰਮ-ਸਤਿ ਮਹਿਜ 'ਸਤਿ ਚਿੱਤ ਅਨੰਦ' ਹੀ ਨਹੀਂ ਹੈ, ਉਹ 'ਸਤਿ ਨਾਮ ਕਰਤਾ ਪੁਰਖੁ' ਹੈ। ਕਰਤਾ ਪੁਰਖ ਹੋਣਾ ਉਸ ਦੀ ਰਚਣ-ਸ਼ਕਤੀ ਨੂੰ ਦੱਸਦਾ ਹੈ। ਇਹ ਉਸ ਦੀ ਸਦੀਵੀ ਸਕ੍ਰਿਅਤਾ ਦਾ ਲਖਾਇਕ ਹੈ। ਉਸ ਦਾ ਇਹ ਸਦੀਵੀ ਸਕ੍ਰਿਅਤਾ ਦਾ ਗੁਣ ਪ੍ਰਾਪਤ ਕੀਤੇ ਜਾਣ ਵਾਲੇ ਆਦਰਸ਼ 'ਤੇ ਵੀ ਅਸਰ-ਅੰਦਾਜ਼ ਹੈ। ਕਹਿਣ ਦਾ ਅਰਥ ਹੈ ਕਿ ਇਸ ਨੇ ਸਿੱਖ ਦੇ ਵਿਅਕਤੀਤਵ 'ਤੇ ਵੀ ਅਸਰ ਪਾਇਆ ਹੈ ਅਤੇ ਉਸ ਨੂੰ ਸਕ੍ਰਿਅਤਾ ਬਖਸ਼ਿਸ਼ ਕੀਤੀ ਹੈ ਜਿਸ ਨੂੰ ਗੁਰੂ ਅਮਰਦਾਸ ਜੀ ਨੇ 'ਗੁਰਮੁਖਿ ਬੁਢੇ ਕਦੇ ਨਾਹੀ' ਕਿਹਾ ਹੈ। 'ਸਚਿਆਰ' ਉਹ ਹੈ ਜਿਸ ਨੇ ਪੂਰੀ ਤਰ੍ਹਾਂ ਆਤਮ-ਅਨੁਭਵ ਕਰ ਲਿਆ ਹੈ। ਇਸ ਮੰਜ਼ਲ ਦੀ ਪ੍ਰਾਪਤੀ ਤੋਂ ਪਹਿਲਾਂ ਉਹ ਸਿੱਖ ਅਰਥਾਤ ਸਤਿ ਦਾ ਖੋਜੀ ਹੈ, ਜਿਸ ਨੇ ਸਚਿਆਰ ਬਣਨ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨਾ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 'ਕੂੜੈ ਪਾਲ' ਕਿਹਾ ਹੈ। ਸਿੱਖ ਧਰਮ ਚਿੰਤਨ ਵਿਚ ਇਸ ਨੂੰ ਵਿਅਕਤੀਗਤ ਪੱਧਰ 'ਤੇ ਹਉਮੈ ਅਤੇ ਬ੍ਰਹਿਮੰਡੀ ਪੱਧਰ 'ਤੇ ਮਾਇਆ ਕਿਹਾ ਹੈ। ਹਉਮੈ ਅਤੇ ਮਾਇਆ ਤੋਂ ਬਹੁਤ ਸਾਰੇ ਮਨੋਵੇਗ ਜਾਂ ਵਿਕਾਰ ਪੈਦਾ ਹੁੰਦੇ ਹਨ ਜਿਵੇਂ ਕਾਮ, ਲੋਭ, ਮੋਹ, ਕ੍ਰੋਧ ਅਤੇ ਅਹੰਕਾਰ ਆਦਿ। ਇਹ ਬੁਰੀਆਂ ਬਿਰਤੀਆਂ ਪਰਮਾਤਮਾ ਨਾਲ ਇੱਕ-ਸੁਰਤਾ ਪੈਦਾ ਕਰਨ ਦੇ ਰਸਤੇ ਵਿਚ ਰੋੜਾ ਹਨ ਜੋ ਮਨੁੱਖ ਦੀ ਇਸ ਯਾਤਰਾ ਨੂੰ ਵਿਚਲਿਤ ਕਰਦੇ ਹਨ। ਇਨ੍ਹਾਂ ਬਿਰਤੀਆਂ ਨੂੰ ਬੁਰਾ ਇਸ ਲਈ ਹੀ ਨਹੀਂ ਕਿਹਾ ਗਿਆ ਕਿਉਂ ਕਿ ਇਨ੍ਹਾਂ ਬਿਰਤੀਆਂ ਦੇ ਨਤੀਜੇ ਨਾ ਸਿਰਫ ਸਮਾਜਿਕ ਪੱਖ ਤੋਂ ਅਣਇੱਛਤ ਅਤੇ ਮਾੜੇ ਨਿਕਲਦੇ ਹਨ, ਬਲਕਿ ਇਨ੍ਹਾਂ ਦੀ ਨਿੰਦਾ ਇਸ ਲਈ ਵੀ ਕੀਤੀ ਜਾਂਦੀ ਹੈ ਕਿ ਇਹ ਮਨੁੱਖ ਦੇ ਆਤਮ-ਅਨੁਭਵ ਦੇ ਰਸਤੇ ਵਿਚ ਅੜਿਕਾ ਪਾਉਂਦੇ ਹਨ ਅਤੇ ਮਨੁੱਖ ਦਾ ਧਿਆਨ ਵਿਚਲਿਤ ਕਰਦੇ ਹਨ। ਅੱਗੇ ਇਨ੍ਹਾਂ ਬੁਰੀਆਂ ਬਿਰਤੀਆਂ, ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਪੰਚ ਚੋਰ' ਜਾਂ 'ਪੰਚ ਦੂਤ' ਵੀ ਕਿਹਾ ਹੈ, ਦੀ ਸੰਖੇਪ ਚਰਚਾ ਹਾਜ਼ਰ ਹੈ।

**ਕਾਮ:** ਕਾਮ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਅਤੇ ਨਾਮਹੈ, ਜਿਸ ਦੇ ਕਈ ਅਰਥ ਕੀਤੇ ਜਾਂਦੇ ਹਨ ਜਿਵੇਂ ਚੇਸ਼ਟਾ, ਵਾਸ਼ਨਾ ਅਤੇ ਇੱਛਾ-ਵਸਤੂ ਆਦਿ। ਆਮ ਅਰਥਾਂ ਵਿਚ ਇਸ ਨੂੰ ਚੇਸ਼ਟਾ ਕਿਹਾ ਜਾਂਦਾ ਹੈ ਅਤੇ ਇਸ ਦੇ ਖ਼ਾਸ ਅਰਥਾਂ ਵਿਚ ਇਸ ਨੂੰ ਕਾਮ-ਵਾਸ਼ਨਾ ਲਈ ਵਰਤਿਆ ਜਾਂਦਾ ਹੈ। ਸਿੱਖ ਧਰਮ ਚਿੰਤਨ ਵਿਚ ਇਸ ਦੇ ਦੋਵੇਂ ਅਰਥ ਪ੍ਰਾਪਤ ਹਨ ਅਤੇ ਇਸ ਬੁਰੀ ਬਿਰਤੀ ਵੱਲ ਸਾਰੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਧਿਆਨ ਦੁਆਇਆ ਹੈ। ਗੁਰੂ ਸਾਹਿਬ ਨੇ ਕਾਮ ਦੀ ਮਾਨਸਿਕ ਤਵਾਜਨ ਨੂੰ ਵਿਚਲਿਤ ਕਰਨ ਵਾਲੀ ਬਿਰਤੀ ਦੇ ਤੌਰ 'ਤੇ ਨਿਖੇਧੀ ਕੀਤੀ ਹੈ। ਗੁਰੂ ਨਾਨਕ ਸਾਹਿਬ 'ਆਸਾ ਦੀ ਵਾਰ' ਵਿਚ ਕਹਿੰਦੇ ਹਨ ਕਿ ਇਸ ਕਲਿਯੁਗ ਦੇ ਸਮੇਂ ਵਿਚ ਕਾਮ ਨਾਇਬ ਹੈ ਜਿਸ ਨਾਲ ਸਲਾਹ-ਮਸ਼ਵਰਾ ਕੀਤਾ ਜਾਂਦਾ ਹੈ ਅਤੇ ਪਰਜਾ ਅੰਨੀ ਹੈ ਜੋ ਮੁਰਦਿਆਂ ਦੀ ਤਰ੍ਹਾਂ ਇਸ ਦੇ ਇਸ਼ਾਰੇ 'ਤੇ ਨੱਚਦੀ ਹੈ। ਗੁਰੂ ਅਰਜਨ ਦੇਵ ਅਨੁਸਾਰ ਕਾਮ-ਬਿਰਤੀ ਕਾਰਨ ਮਨੁੱਖ ਨਰਕ ਵਿਚ ਪੈਂਦੇ ਹਨ ਅਤੇ ਜਨਮ-ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ। ਮਨ ਨੂੰ ਵਿਚਲਿਤ ਕਰਨ ਵਾਲੀ ਇਹ ਬੁਰਾਈ ਤਿੰਨਾਂ ਜਹਾਨਾਂ ਵਿਚ ਵਿਚਰਦੀ ਰਹਿੰਦੀ ਹੈ; ਅਰਦਾਸ, ਤਪੱਸਿਆ ਅਤੇ ਸਿਸ਼ਟਾਚਾਰ ਨੂੰ ਤਬਾਹ ਕਰ ਦਿੰਦੀ ਹੈ। ਇਸ ਰਾਹੀਂ ਪ੍ਰਾਪਤ ਕੀਤੀ ਖੁਸ਼ੀ ਛਿੰਨ-ਭੰਗਰ ਹੁੰਦੀ ਹੈ ਜੋ ਇਨਸਾਨ ਨੂੰ ਹੀਣ, ਮੁਥਾਜ ਅਤੇ ਕਮਜ਼ੋਰ ਕਰ ਦਿੰਦੀ ਹੈ ਅਤੇ ਇਹ ਬਿਰਤੀ ਉਚੇ ਅਤੇ ਨੀਵੇਂ ਹਰ ਇੱਕ ਤੇ ਵਾਰ ਕਰਦੀ ਹੈ।

ਗੁਰੂ ਅਰਜਨ ਦੇਵ ਹਾਥੀ ਅਤੇ ਹਿਰਨ ਦੇ ਦ੍ਰਿਸ਼ਟਾਂਤ ਰਾਹੀਂ ਇਸ ਦੇ ਆਮ ਅਤੇ ਖਾਸ ਅਰਥਾਂ ਨੂੰ ਸਮਝਾਉਂਦੇ ਹਨ ਕਿ ਹਾਥੀ ਆਪਣੀ ਇਸ ਬਿਰਤੀ ਕਾਰਨ ਫਸ ਜਾਂਦਾ ਹੈ ਅਤੇ ਦੂਸਰਿਆਂ ਦੇ ਸਾਹਮਣੇ ਨਿਹੱਥਾ ਹੋ ਕੇ ਗ਼ੁਲਾਮੀ ਕਰਦਾ ਹੈ। ਹਿਰਨ ਸੰਗੀਤ ਦੀਆਂ ਮਿੱਠੀਆਂ ਧੁਨਾਂ ਵਿਚ ਫਸ ਕੇ ਆਪਣੀ ਮੌਤ ਸਹੇੜ ਲੈਂਦਾ ਹੈ। ਮਨੁੱਖ ਆਪਣੇ ਪਰਿਵਾਰ ਦੇ ਮੋਹ ਵਿਚ ਆ ਕੇ ਲਾਲਚ ਵਿਚ ਫਸ ਜਾਂਦਾ ਹੈ ਅਤੇ ਮਾਇਆ ਨਾਲ ਪਿਆਰ ਕਰਨ ਲੱਗ ਜਾਂਦਾ ਹੈ। ਉਹ ਇਸ ਨੂੰ ਆਪਣੀ ਸਮਝ ਬੈਠਦਾ ਹੈ ਪਰ ਅੰਤ ਵਿਚ ਇਹ ਮਨੁੱਖ ਦੇ ਨਾਲ ਨਹੀਂ ਨਿਭਦੀ। ਗੁਰੂ ਅਰਜਨ ਦੇਵ ਅੱਗੇ ਫੁਰਮਾਉਂਦੇ ਹਨ ਕਿ ਕਾਮ-ਵਸ ਹੋ ਕੇ ਮਨੁੱਖ ਦੂਸਰਿਆਂ ਦੀਆਂ ਇਸਤ੍ਰੀਆਂ ਤੇ ਨਜ਼ਰ ਰੱਖਦਾ ਹੈ ਅਤੇ ਉਨ੍ਹਾਂ ਦੇ ਘਰਾਂ ਵਿਚ ਸੰਨ੍ਹ ਲਾਉਂਦਾ ਹੈ। ਉਹ ਪਾਪ ਕਰਦਾ ਹੈ ਜਿਸ ਲਈ ਉਸ ਨੂੰ ਅੰਤ ਵਿਚ ਪਛਤਾਉਣਾ ਪੈਂਦਾ ਹੈ। ਉਪਰ ਦਿੱਤੇ ਹਵਾਲਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੀ ਭਟਕਣ ਕਾਰਨ ਉਨ੍ਹਾਂ ਅੰਦਰ ਗੁਨਾਹ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਬਿਰਤੀ ਕਾਰਨ ਮਨੁੱਖ ਨਿਰਦਈ ਬਣ ਜਾਂਦਾ ਹੈ ਅਤੇ ਕੋਮਲ ਭਾਵਨਾਵਾਂ ਵੱਲੋਂ ਅੰਨ੍ਹਾਂ ਹੋ ਜਾਂਦਾ ਹੈ ਅਤੇ ਮਨੁੱਖ ਨੈਤਿਕ ਕਦਰਾਂ-ਕੀਮਤਾਂ ਵੱਲੋਂ ਅੱਖਾਂ ਮੀਚ ਲੈਂਦਾ ਹੈ। ਇਹ ਬਿਰਤੀ ਮਨੁੱਖ ਕੋਲੋਂ ਸਵੈ-ਤਬਾਹੀ ਵਾਲੇ ਕੰਮ ਵੀ ਕਰਵਾ ਦਿੰਦੀ ਹੈ। ਇਹ ਬਿਰਤੀ ਮਨੁੱਖ ਦੇ ਕਾਰਜਾਂ 'ਤੇ ਬੁਰੀ ਤਰ੍ਹਾਂ ਅਸਰਦਾਇਕ ਹੁੰਦੀ ਹੈ।

**ਲੋਭ:** ਲੋਭ ਦਾ ਅਰਥ ਲਾਲਚ ਦੀ ਭਾਵਨਾ ਹੈ। ਲੋਭ ਦਾ ਅਰਥ ਅਜਿਹੀ ਇੱਛਾ ਤੋਂ ਲਿਆ ਜਾਂਦਾ ਹੈ ਜਿਸ ਅਨੁਸਾਰ ਮਨੁੱਖ ਉਨ੍ਹਾਂ ਚੀਜਾਂ ਤੇ ਕਬਜ਼ਾ ਕਰਨਾ ਚਾਹੁੰਦਾ ਹੈ ਜੋ ਉਸ ਦੀਆਂ ਆਪਣੀਆਂ ਨਹੀਂ ਹੁੰਦੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਵਰਤੋਂ ਹੋਰ ਵੀ ਵਿਸ਼ਾਲ ਅਰਥਾਂ ਵਿਚ ਕੀਤੀ ਗਈ ਹੈ। ਗੁਰੂ ਨਾਨਕ ਦੇਵ ਅਨੁਸਾਰ ਲੋਭੀ ਜੀਅੜਾ ਕਦੇ ਵੀ ਸਥਿਰ ਅਤੇ ਸ਼ਾਂਤ ਨਹੀਂ ਹੁੰਦਾ ਅਤੇ ਚਾਰੇ ਦਿਸ਼ਾਵਾਂ ਵਿਚ ਭਟਕਦਾ ਰਹਿੰਦਾ ਹੈ। ਲੋਭ ਵਿਚ ਜੀਵ ਕਦੇ ਅਕਾਸ਼ ਵਿਚ ਉਡਾਰੀਆਂ ਮਾਰਦਾ ਉਤੇ ਜਾਂਦਾ ਹੈ ਅਤੇ ਕਦੇ ਪਾਤਾਲ ਵਿਚ ਚਲਿਆ ਜਾਂਦਾ ਹੈ। ਕਹਿਣ ਤੋਂ ਭਾਵ ਹੈ ਕਿ ਇਹ ਕਦੇ ਵੀ ਟਿਕਾਉ ਵਿਚ ਨਹੀਂ ਆਉਂਦਾ। ਗੁਰੂ ਅਰਜਨ ਦੇਵ ਲੋਭ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਲੋਭ ਤੂੰ ਸ਼੍ਰੋਮਣੀ ਪੁਰਸ਼ ਹੈਂ ਕਿਉਂਕਿ ਤੂੰ ਵੱਡੇ ਵੱਡੇ ਲੋਕਾਂ ਨੂੰ ਫਸਾਇਆ ਹੈ ਅਤੇ ਜੀਵ ਤੇਰੇ ਕਾਰਨ ਅਨੇਕ ਲਹਿਰਾਂ ਦੇ ਕਲੋਲ ਕਰਦੇ ਹਨ। ਲੋਭ ਵਿਚ ਫਸਿਆ ਮਨੁੱਖ ਚਾਰੇ ਪਾਸੇ ਧਾਉਂਦਾ ਫਿਰਦਾ ਹੈ ਅਤੇ ਅਨੇਕ ਭਾਂਤ ਨਾਲ ਉਸ ਦਾ ਮਨ ਡੋਲਦਾ ਹੈ। ਉਸ ਨੂੰ ਮਿੱਤਰ, ਮਾਤਾ-ਪਿਤਾ, ਕਿਸੇ ਪੂਜਨੀਕ ਹਸਤੀ ਜਾਂ ਇਸ਼ਟ, ਸਕੇ-ਸਬੰਧੀ ਦੀ ਸ਼ਰਮ ਨਹੀਂ ਰਹਿੰਦੀ।

ਲੋਭ ਮਨੁੱਖ ਕੋਲੋਂ ਨਾ-ਕਰਨ ਯੋਗ ਕੰਮ ਕਰਾਉਂਦਾ ਹੈ, ਉਸ ਨੂੰ ਨਾ-ਖਾਣ ਯੋਗ ਖਵਾਉਂਦਾ ਹੈ ਅਤੇ ਨਾ-ਬਣਨ ਯੋਗ ਨੂੰ ਚੰਗੀ ਤਰ੍ਹਾਂ ਬਣਾਉਂਦਾ ਹੈ। ਗੁਰੂ ਅਰਜਨ ਦੇਵ ਅੱਗੇ ਫਰਮਾਉਂਦੇ ਹਨ ਕਿ ਲੋਭੀ ਮਨੁੱਖ ਵਾਸਤੇ ਧਨ ਹੀ ਸਭ ਕੁੱਝ ਬਣ ਜਾਂਦਾ ਹੈ। ਗੁਰੂ ਅਮਰਦਾਸ ਕਹਿੰਦੇ ਹਨ ਕਿ ਲੋਭੀ ਮਨੁੱਖ ਉਤੇ ਸਮਾਜਿਕ ਰਿਸ਼ਤਿਆਂ ਵਿਚ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਅਜਿਹਾ ਮਨੁੱਖ ਆਪਣੇ ਧਨ ਤੋਂ ਬਿਨਾਂ ਹੋਰ ਕਿਸੇ ਪ੍ਰਤੀ ਵੀ ਵਫਾਦਾਰ ਨਹੀਂ ਹੁੰਦਾ। ਅੰਤ ਵਿਚ ਉਹ ਕਿਸੇ ਨੂੰ ਵੀ ਧੂਹ ਕੇ ਉਥੇ ਲੈ ਜਾਵੇਗਾ ਜਿਥੇ ਕੋਈ ਬਹੁੜੀ ਨਹੀਂ ਹੁੰਦੀ। ਅਜਿਹਾ ਲੋਭੀ ਮਨੁੱਖ ਮਨਮੁਖਾਂ ਦੀ ਸੰਗਤ ਕਰਦਾ ਹੈ ਅਤੇ ਮੂੰਹ ਤੇ ਕਾਲਖ ਨਾਲ ਦਾਗ਼ ਲਾ ਲੈਂਦਾ ਹੈ। ਅਜਿਹੇ ਲੋਭੀ ਮਨੁੱਖ ਆਪਣਾ ਜਨਮ ਵਿਅਰਥ ਗੁਆ ਲੈਂਦੇ ਹਨ ਅਤੇ ਸੰਸਾਰ ਵਿਚੋਂ ਬਦਨਾਮੀ ਖੱਟ ਕੇ ਜਾਂਦੇ ਹਨ। ਸਿੱਖ ਧਰਮ ਚਿੰਤਨ ਅਨੁਸਾਰ ਇਸ ਬਿਰਤੀ ਦਾ ਮਨੁੱਖ ਦੇ ਮਨ 'ਤੇ ਏਨਾ ਗਹਿਰਾ ਅਸਰ ਹੁੰਦਾ ਹੈ ਕਿ ਲੋਭ ਵਾਲੀ ਵਸਤੂ ਵੱਲ ਇੱਕ ਦਮ ਖਿੱਚਿਆ ਚਲਾ ਜਾਂਦਾ ਹੈ। ਇਹ ਬਿਰਤੀ ਏਨੀ ਤਾਕਤਵਰ ਹੈ ਕਿ ਕਈ ਵਾਰ ਪਹੁੰਚੇ ਹੋਏ ਮਨੁੱਖ ਵੀ ਇਸ ਦੀ ਗ੍ਰਿਫਤ ਵਿਚ ਆ ਜਾਂਦੇ ਹਨ। ਇਸ ਲਈ ਇਸ ਬਿਰਤੀ ਤੋਂ ਬਹੁਤ ਹੀ ਹੁਸ਼ਿਆਰ ਰਹਿਣ ਦੀ ਜ਼ਰੂਰਤ ਹੈ।

**ਮੋਹ:** ਮੋਹ ਵੀ ਸੰਸਕ੍ਰਿਤ ਤੋਂ ਆਇਆ ਹੋਇਆ ਸ਼ਬਦ ਹੈ। ਇਸ ਦੇ ਕਈ ਅਰਥ ਕੀਤੇ ਜਾਂਦੇ ਹਨ ਜਿਵੇਂ ਬੇਹੋਸ਼ੀ, ਅਗਿਆਨ, ਸਨੇਹ, ਮੁਹੱਬਤ, ਭਰਮ, ਭੁਲੇਖਾ, ਦੁੱਖ ਅਤੇ ਕਲੇਸ਼ ਆਦਿ। ਮੋਹ ਨੂੰ ਇੱਕ ਬਿਰਤੀ ਦੇ ਰੂਪ ਵਿਚ ਦੋ ਅਰਥਾਂ ਵਿਚ ਲਿਆ ਜਾਂਦਾ ਹੈ ਜੋ ਕਿ ਆਪਸ ਵਿਚ ਸਬੰਧਤ ਹਨ। ਇਸ ਸ਼ਬਦ ਦੀ ਵਰਤੋਂ ਭਰਮ ਦਾ ਅਹਿਸਾਸ, ਚੇਤਨਾ ਦਾ ਖੋਣਾ, ਬੌਂਦਲਾਉਣਾ, ਭਟਕਣਾ ਅਤੇ ਗਲਤੀ ਦੇ ਅਹਿਸਾਸ ਵਿਚ ਕੀਤੀ ਜਾਂਦੀ ਹੈ। ਇਹ ਕੀਮਤਾਂ ਨੂੰ ਉਨ੍ਹਾਂ ਦੇ ਸਹੀ ਸੰਦਰਭ ਵਿਚ ਸਮਝ ਸਕਣ ਦੀ ਅਯੋਗਤਾ ਹੈ। ਪਰ ਇਸ ਦਾ ਇੱਕ ਅਰਥ ਦੁਨਿਆਵੀ ਚੀਜ਼ਾਂ ਨਾਲ ਲਗਾਉ ਵੀ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਅਰਥਾਂ ਵਿਚ ਆਤਮ ਦੇ ਮਾਇਆਵੀ ਲਗਾਉ ਦੇ ਨਜ਼ਰੀਏ ਨੂੰ ਦੱਸਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮੋਹ ਦਾ ਜ਼ਿਕਰ ਆਮ ਤੌਰ ਤੇ ਕੁਟੰਭ ਅਰਥਾਤ ਪਰਿਵਾਰ ਅਤੇ ਮਾਇਆ ਦੇ ਸਬੰਧ ਵਿਚ ਕੀਤਾ ਮਿਲਦਾ ਹੈ। ਮੋਹ ਅਸਲ ਵਿਚ ਉਸ ਲਗਾਉ ਦੇ ਅਰਥਾਂ ਵਿਚ ਵਰਤਿਆ ਗਿਆ ਹੈ ਜੋ ਗਲਤ ਨਜ਼ਰੀਏ ਅਤੇ ਗਲਤ ਧਾਰਨਾ ਵਿਚੋਂ ਉਪਜਦਾ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਸ ਮੋਹ ਦੇ ਕਾਰਨ ਇਹ ਸਾਰਾ ਸੰਸਾਰ ਡੁੱਬਿਆ ਹੋਇਆ ਹੈ। ਮੋਹ ਦੇ ਕਾਰਨ ਹੀ ਮਨੁੱਖ ਵਾਰ ਵਾਰ ਜਨਮ ਲੈਂਦਾ ਅਤੇ ਮਰਦਾ ਹੈ। ਮੋਹ ਦੇ ਕਾਰਨ ਹੀ ਮਨੁੱਖ ਨੂੰ ਜਮਾਂ ਦਾ ਡਰ ਸਤਾਉਂਦਾ ਹੈ। ਰਿਵਾਜ ਅਨੁਸਾਰ ਕਿਸੇ ਨੂੰ ਗੁਰੂ ਧਾਰਨ ਕਰਕੇ ਮਨੁੱਖ ਜਪ ਅਤੇ ਤਪ ਕਮਾਉਂਦਾ ਹੈ, ਉਸ ਨਾਲ ਵੀ ਇਹ ਮੋਹ ਨਹੀਂ ਜਾਂਦਾ। ਨਾ ਮਨੁੱਖ ਦਾ ਮੋਹ ਟੁੱਟਦਾ ਹੈ ਅਤੇ ਨਾ ਹੀ ਉਹ ਕਿਤੇ ਕਬੂਲ ਹੁੰਦਾ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਇਹ ਮੋਹ ਤਾਂ ਟੁੱਟਦਾ ਹੈ ਜੇ ਅਕਾਲ ਪੁਰਖ ਦੀ ਮਿਹਰ ਮਨੁੱਖ 'ਤੇ ਹੁੰਦੀ ਹੈ। ਨਦਰਿ ਰਾਹੀਂ ਹੀ ਆਤਮਾ ਪਰਮਾਤਮਾ ਵਿਚ ਵਿਲੀਨ ਹੁੰਦੀ ਹੈ। ਜਦੋਂ ਮਨੁੱਖ ਦੇ ਮਨ ਵਿਚੋਂ ਮੋਹ ਦੂਰ ਹੁੰਦਾ ਹੈ ਤਾਂ ਹੀ ਉਥੇ ਨਾਮ ਦਾ ਵਾਸਾ ਹੁੰਦਾ ਹੈ। ਗੁਰੂ ਅਰਜਨ ਦੇਵ ਨੇ ਮੋਹ ਨੂੰ ਨਾ ਜਿੱਤਿਆ ਜਾ ਸਕਣ ਵਾਲਾ ਸੂਰਮਾ ਕਿਹਾ ਹੈ ਜਿਸ ਦੀ ਪਕੜ ਵਿਚ ਦੇਵਤਿਆਂ ਦੇ ਸੇਵਕ ਅਤੇ ਗਵੱਈਏ, ਦੇਵਤੇ, ਮਨੁੱਖ, ਪਸ਼ੂ, ਪੰਛੀ ਸਭ ਫਸੇ ਹੋਏ ਹਨ। ਮੋਹ ਵਿਚ ਇਨ੍ਹਾਂ ਸਾਰਿਆਂ ਨੂੰ ਆਪਣੇ ਜਾਲ ਵਿਚ ਫਸਾ ਲੈਣ ਦੀ ਸ਼ਕਤੀ ਹੈ। ਇਸ ਤੋਂ ਬਚਣ ਲਈ ਇੱਕੋ-ਇੱਕ ਆਸਰਾ ਹੈ ਪਰਮਾਤਮਾ ਦੀ ਸ਼ਰਨ ਆਉਣਾ।

**ਕ੍ਰੋਧ:** ਸਿੱਖ ਧਰਮ ਚਿੰਤਨ ਅਨੁਸਾਰ ਕ੍ਰੋਧ ਇੱਕ ਐਸੀ ਬੁਰਾਈ ਹੈ ਜੋ ਗਲਤ ਕੰਮ ਕਰਨ ਦਾ ਕਾਰਨ ਬਣਦੀ ਹੈ ਅਤੇ ਆਤਮ-ਅਨੁਭਵ ਦੇ ਰਸਤੇ ਦਾ ਬਹੁਤ ਵੱਡਾ ਅੜਿੱਕਾ ਕ੍ਰੋਧ ਹੈ। ਇਹ ਇੱਕ ਐਸਾ ਵਲਵਲਾ ਹੈ ਜੋ ਮਨੁੱਖਾਂ ਅਤੇ ਕੌਮਾਂ ਦੋਹਾਂ ਦੀ ਤਬਾਹੀ ਦਾ ਕਾਰਨ ਬਣ ਸਕਦਾ ਹੈ। ਇਹ ਮਨੁੱਖ ਦੀ ਆਪਣੀ ਤਬਾਹੀ ਦਾ ਕਾਰਨ ਵੀ ਬਣ ਸਕਦਾ ਹੈ ਅਤੇ ਜਿਨ੍ਹਾਂ ਵੱਲ ਇਸ ਨੂੰ ਸੇਧਤ ਕੀਤਾ ਜਾਂਦਾ ਹੈ ਉਨ੍ਹਾਂ ਨੂੰ ਵੀ ਤਬਾਹ ਕਰ ਸਕਦਾ ਹੈ ਅਰਥਾਤ ਇਸ ਦਾ ਨੁਕਸਾਨ ਦੁਵੱਲਾ ਹੁੰਦਾ ਹੈ, ਇੱਕ-ਪਾਸੜ ਨਹੀਂ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਕ੍ਰੋਧ ਸਾਰੇ ਵਿਕਾਰੀਆਂ, ਬੁਰੇ ਕਰਮ ਕਰਨ ਵਾਲਿਆਂ ਨੂੰ ਨਾਸ ਕਰ ਦਿੰਦਾ ਹੈ। ਉਹ ਆਪਣਾ ਮਾਨ-ਸਨਮਾਨ ਅਤੇ ਸਿਆਣਪ ਖੋ ਦਿੰਦੇ ਹਨ ਕਿਉਂਕਿ ਉਹ ਪਰਮਾਤਮਾ ਦੇ ਪਵਿੱਤਰ ਨਾਮ ਨੂੰ ਭੁੱਲ ਜਾਂਦੇ ਹਨ। ਗੁਰੂ ਅਰਜਨ ਦੇਵ ਕ੍ਰੋਧ ਨੂੰ ਸੰਬੋਧਨ ਕਰਦੇ ਹੋਏ ਹਰ ਝਗੜੇ ਦਾ ਮੂਲ ਕਾਰਨ ਦੱਸਦੇ ਹਨ, ਜਿਸ ਨੂੰ ਕਦੇ ਕਿਸੇ 'ਤੇ ਦਇਆ ਨਹੀਂ ਆਉਂਦੀ। ਕ੍ਰੋਧ ਨੇ ਵਿਸ਼ਈ ਜੀਵਾਂ ਨੂੰ ਵੱਸ ਵਿਚ ਕੀਤਾ ਹੋਇਆ ਹੈ ਜੋ ਉਸ ਅੱਗੇ ਬਾਂਦਰ ਵਾਂਗ ਨਾਚ ਕਰਦੇ ਹਨ। ਅੱਗੇ ਜਮਦੂਤ ਅਜਿਹੇ ਬੰਦਿਆਂ ਨੂੰ ਕਈ ਤਰ੍ਹਾਂ ਦੀ ਸਜਾ ਨਾਲ ਤਾੜਦੇ ਹਨ। ਕ੍ਰੋਧ ਦੀ ਸੰਗਤ ਵਿਚ ਮਨੁੱਖ ਨੀਚ ਹੋ ਜਾਂਦੇ ਹਨ। ਉਹ ਅਕਾਲ ਪੁਰਖ ਹੀ ਦੀਨਾਂ ਦਾ ਦੁੱਖ ਦੂਰ ਕਰਨ ਵਾਲਾ ਹੈ ਜੋ ਸਭ 'ਤੇ ਦਇਆ ਕਰਦਾ ਹੈ ਤੇ ਸਭ ਜੀਆਂ ਦੀ ਰੱਖਿਆ ਕਰਦਾ ਹੈ।

**ਅਹੰਕਾਰ:** ਅਹੰਕਾਰ ਨੂੰ ਪੰਜਾਬੀ ਬੋਲੀ ਵਿਚ 'ਹੰਕਾਰ' ਵੀ ਲਿਖਿਆ ਜਾਂਦਾ ਹੈ। ਇਸ ਲਈ ਹੋਰ ਸ਼ਬਦ ਅਭਿਮਾਨ, ਹਉਮੈ ਅਤੇ ਘੁਮੰਡ ਆਦਿ ਵੀ ਵਰਤੇ ਜਾਂਦੇ ਹਨ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਧਿਆਨ ਨਾਲ ਵਾਚਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਅਹੰਕਾਰ ਜਾਂ ਹਉਮੈ ਨੂੰ ਸਾਰੀਆਂ ਬੁਰਾਈਆਂ ਨਾਲੋਂ ਬਦਤਰ ਮੰਨਿਆ ਗਿਆ ਹੈ, ਮਨੁੱਖ ਦੇ ਆਤਮ ਅਨੁਭਵ ਵਿਚ ਸਭ ਤੋਂ ਵੱਡਾ ਰੋੜਾ ਹੈ। ਅਹੰਕਾਰ ਦੇ ਇੱਕ ਤੋਂ ਵੱਧ ਕਾਰਨ ਹੋ ਸਕਦੇ ਹਨ, ਧਨ, ਸ਼ਕਤੀ ਜਾਂ ਸੁੰਦਰਤਾ ਦੇ ਮਾਲਕ ਆਦਿ ਹੋਣਾ। ਗੁਰੂ ਅਰਜਨ ਦੇਵ ਅਹੰਕਾਰ ਨੂੰ ਕਹਿੰਦੇ ਹਨ ਕਿ ਹੇ ਪਾਪੀ ਅਹੰਕਾਰ ਤੂੰ ਜੀਵਾਂ ਦੇ ਜਨਮ ਮਰਨ ਦਾ ਕਾਰਨ ਹੈਂ। ਮਾਇਆ ਦੇ ਅਨੇਕ ਕਿਸਮ ਦੇ ਖਿਲਾਰੇ ਪਾ ਕੇ ਤੂੰ ਮਿੱਤਰਾਂ ਦਾ ਤਿਆਗ ਕਰਾ ਕੇ ਵੈਰ ਪੱਕੇ ਕਰਾਈ ਜਾਂਦਾ ਹੈਂ। ਅਹੰਕਾਰ ਦੇ ਵੱਸ ਵਿਚ ਪੈ ਕੇ ਜੀਵ ਜਨਮ-ਮਰਨ ਦੇ ਗੇੜ ਵਿਚ ਪਏ ਹੋਏ ਥੱਕ ਜਾਂਦੇ ਹਨ, ਅਨੇਕ ਕਿਸਮ ਦੇ ਦੁੱਖ-ਸੁੱਖ ਭੋਗਦੇ ਹਨ। ਭਟਕਣਾ ਵਿਚ ਪਏ ਹੋਏ ਇੱਕ ਤਰ੍ਹਾਂ ਨਾਲ ਡਰਾਉਣੇ ਜੰਗਲ ਵਿਚੋਂ ਗੁਜ਼ਰਦੇ ਹਨ ਅਤੇ ਬੜੇ ਭਿਆਨਕ ਲਾ-ਇਲਾਜ ਰੋਗਾਂ ਵਿਚ ਫਸੇ ਹੋਏ ਹਨ। ਪਰਮਾਤਮਾ ਹੀ ਇੱਕ ਐਸਾ ਵੈਦ ਹੈ ਜੋ ਅਹੰਕਾਰ ਤੋਂ ਪੈਦਾ ਹੋਏ ਰੋਗਾਂ ਦਾ ਇਲਾਜ ਕਰਦਾ ਹੈ। ਦਾਨ ਦੇਣਾ ਅਤੇ ਹੋਰ ਧਾਰਮਿਕ ਕਹੇ ਜਾਣ ਵਾਲੇ ਕਰਮ ਕਰਨਾ ਵੀ ਮਨੁੱਖ ਨੂੰ ਅਹੰਕਾਰੀ ਬਣਾ ਦਿੰਦਾ ਹੈ। ਗੁਰੂ ਤੇਗ ਬਹਾਦਰ ਇਸੇ ਸਬੰਧ ਵਿਚ ਕਹਿੰਦੇ ਹਨ ਕਿ ਤੀਰਥ-ਯਾਤਰਾ, ਦਾਨ-ਪੁੰਨ, ਵਰਤ ਆਦਿ ਰੱਖ ਕੇ ਮਨੁੱਖ ਦੇ ਮਨ ਵਿਚ ਅਹੰਕਾਰ ਪੈਦਾ ਹੁੰਦਾ ਹੈ। ਇਹ ਇਸੇ ਤਰ੍ਹਾਂ ਨਿਹਫਲ ਜਾਂਦਾ ਹੈ ਜਿਵੇਂ ਹਾਥੀ ਦਾ ਇਸ਼ਨਾਨ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਬਿਰਤੀਆਂ ਨੂੰ ਪੰਜ ਚੋਰ ਇਸੇ ਲਈ ਕਿਹਾ ਹੈ ਕਿਉਂਕਿ ਇਹ ਮਨੁੱਖ ਕੋਲੋਂ ਚੰਗਿਆਈ ਖੋਹ ਲੈਂਦੇ ਹਨ।

## ਕਾਵਿ-ਕਿਆਰੀ

### ਮਨ ਪੀੜਾ

ਕਿੰਜ ਬੂਹਾ ਢੋ ਕੇ ਤੂੰ
ਕਿਹੜੇ ਰਾਹੀਂ ਤੁਰ ਗਿਆ,
ਵਾਪਸੀ ਦਾ ਰਾਹ ਤੇਰੇ
ਚੇਤਿਆਂ 'ਚੋਂ ਭੁੱਲਿਆ।
ਲੰਮੀਆਂ ਉਡੀਕਾਂ ਵਿਚ
ਖੁਦ ਵੀ ਉਡੀਕ ਬਣੀ,
ਝੂਠ ਜਿਹੀ ਜ਼ਿੰਦਗੀ ਦਾ
ਅੱਗਾ ਪਿੱਛਾ ਰੁੱਲਿਆ।

ਕਾਂਵਾਂ ਦੀਆਂ ਡਾਰਾਂ
ਮੇਰੇ ਵਿਹੜੇ ਤੋਂ ਲੰਘ ਗਈਆਂ,
ਢਹਿੰਦਿਆਂ ਬਨੇਰਿਆਂ 'ਤੇ
ਕਾਂ ਵੀ ਨਹੀਂ ਬੋਲਦੇ।
ਰਾਹਾਂ ਵਿਚ ਮਿੱਟੀ ਉਡੇ
ਆਉਂਦਾ-ਜਾਂਦਾ ਦਿਸਦਾ ਨਹੀਂ,
ਨੈਣ ਪਰਛਾਵਿਆਂ 'ਚੋਂ
ਸੱਚ ਪਏ ਟੋਲਦੇ।

ਚੁੱਪ ਦੇ ਸੁਨੇਹਿਆਂ ਦਾ
ਕੋਈ ਨਹੀਂ ਜਵਾਬ ਦਿੰਦਾ,
ਲੰਮੀਆਂ ਖਾਮੋਸ਼ੀਆਂ ਤਾਂ
ਜ਼ਿੰਦਗੀ ਦੀ ਹਾਰ ਏ।
ਮਨ ਦਿਆਂ ਰੋਗਾਂ ਲਈ
ਕੋਈ ਵੀ ਹਕੀਮ ਨਹੀਂ,
ਗਿਆਨ ਦਾ ਵੀ ਲੇਖਾ ਸਾਰਾ
ਲਗਦਾ ਬੀਮਾਰ ਏ।

ਚੰਨ ਅਤੇ ਸੂਰਜ ਦੀਆਂ
ਦੂਰੀਆਂ ਨੂੰ ਨਾਪਿਆ,
ਦਿਲ ਦੀਆਂ ਦੂਰੀਆਂ ਦਾ
ਕੋਈ ਵਿਗਿਆਨ ਨਹੀਂ।
ਕਿਹੜੀ ਗੱਲੋਂ ਮਾਹੀ
ਰਾਹਾਂ 'ਚ ਗਵਾਚ ਜਾਂਦੇ,
ਕਿਸੇ ਵੀ ਕਿਤਾਬ ਵਿਚ
ਇਸ ਦਾ ਗਿਆਨ ਨਹੀਂ।

ਸੱਚ ਦੀ ਅਵਾਜ਼ ਲਾਈ
ਕਿਸੇ ਨਾ ਧਿਆਨ ਦਿੱਤਾ,
ਝੂਠ ਦੇ ਬਹਾਨਿਆਂ 'ਤੇ
ਜ਼ਿੰਦਗੀ ਨੂੰ ਕੱਟਣਾ।
ਪਾਣੀ ਉਤੇ ਅੱਖਰਾਂ ਦਾ
ਕੋਈ ਵੀ ਵਜੂਦ ਨਹੀਂ,
ਜੀਉਣ ਦਾ ਹਿਸਾਬ ਬੱਸ
ਪੱਥਰਾਂ ਨੂੰ ਚੱਟਣਾ।

ਸਿਖਰ ਦੁਪਹਿਰ ਵੇਲੇ
ਧੁੱਪਾਂ ਨੂੰ ਸੀ ਮਾਣਿਆ,
ਸ਼ਾਮ ਵੇਲੇ ਜ਼ਿੰਦਗੀ ਨੇ
ਖੇਡ ਸਮਝਾਈ ਏ।
ਦੂਰ ਖੜਾ ਯਾਰ ਹੱਸੇ
ਹੱਥ ਨਹੀਂ ਫੜਾਉਂਦਾ ਹੁਣ,
ਕੱਚੇ ਰੰਗ ਕੱਚਿਆਂ ਨੇ
ਫਿੱਕ ਹੀ ਕਮਾਈ ਏ।

*-ਦਿਲਜੋਧ ਸਿੰਘ*
*ਫੋਨ: 414-688-7220*

---

### ਮੈਂ ਮੈਂ

ਵੇਖ ਲਿਆ ਮੈਂ ਉਨ੍ਹਾਂ ਨੂੰ,
ਪਰਖ ਲਿਆ ਤੈਨੂੰ ਵੀ,
ਇੱਕੋ ਰੋਗ ਗਰੱਸੇ ਸਾਰੇ,
ਕਰਦੇ ਮੈਂ ਮੈਂ ਮੈਂ।

ਇੱਕੋ ਥੈਲੇ ਦੇ ਚੱਟੇ ਵੱਟੇ,
ਭੰਗੀ ਸ਼ਰਾਬੀ ਹੋਏ ਇਕੱਠੇ,
ਕਾਂਵਾਂ ਵਾਂਗਰ ਝਪਟਾ ਮਾਰਨ,
ਕਰਦੇ ਕੈਂ ਕੈਂ ਕੈਂ।
ਬਗਲੇ ਭਗਤ ਚਿੱਟੇ ਚੋਲ਼ੇ,
ਦੁਨੀਆਂ ਠੱਗਦੇ ਪਾ ਕੇ ਝਓਲੇ।
ਤੋਤੇ ਵਾਂਗਰ ਚੂਰੀ ਖਾਂਦੇ
ਆਪਣੇ ਮੂੰਹੀਂ ਮੀਆਂ ਮਿੱਠੂ,
ਰੱਟੇ ਲਾਉਂਦੇ ਨਹੀਂ ਸ਼ਰਮਾਦੇ,
ਕਰਦੇ ਟੈਂ ਟੈਂ ਟੈਂ।

ਚੁਗਲੀ ਨਿੰਦਾ ਊਝਾਂ ਲਾਉਂਦੇ,
ਸਕਿਆਂ ਨੂੰ ਉਹ ਲੜਨਾ ਡਾਹੁੰਦੇ,
ਪਾਣੀ ਨੂੰ ਪਏ ਅੱਗਾਂ ਲਾਉਂਦੇ।
ਪੁੱਛੀਏ ਕਿਸ ਨੇ ਲਾਈ,
ਕਹਿੰਦੇ ਤੈਂ ਤੈਂ ਤੈਂ।

ਘੜਮੱਸ ਚੌਦੇਂ ਮੱਚੀ ਸਾਰੇ,
ਭ੍ਰਿਸ਼ਟਾਚਾਰ ਦੇ ਵਾਰੇ ਨਿਆਰੇ।
ਇਨਸਾਫ ਦੇ ਨਹੀਂ ਪਾਰ ਉਤਾਰੇ।
ਅੰਨ੍ਹੇ ਨੂੰ ਬੋਲਾ ਘੜੀਸੇ
ਕਰਦਾ ਹੈ? ਹੈ? ਹੈ?

*-ਚਰਨਜੀਤ ਸਿੰਘ ਪੰਨੂ*

---

### ਐ ਕਵਿਤਾ

ਐ ਕਵਿਤਾ ਮੈਨੂੰ ਪਤਾ ਲੱਗਾ ਏ
ਤੇਰੀ ਕਿਤਾਬ ਛਪੀ ਹੈ
ਤੂੰ ਸਭ ਨੂੰ ਭੇਜੀ ਹੈ ਪਰ ਮੈਨੂੰ ਨਹੀਂ।
ਇਹ ਤੂੰ ਚੰਗਾ ਕੀਤਾ
ਮੈਨੂੰ ਕਿਤਾਬ ਨਹੀਂ ਭੇਜੀ
ਜੇ ਭੇਜ ਦਿੰਦੀ ਤਾਂ
ਮੈਨੂੰ ਪਤਾ ਲੱਗ ਜਾਣੇ ਸਨ
ਤੇਰੇ ਦੁੱਖਾਂ ਦੇ ਵਗਦੇ
ਦਰਿਅਵਾਂ ਦੇ ਸਿਰਨਾਵੇਂ
ਤੇਰੇ ਤੋਂ ਅਪਹੁੰਚ ਹੋਈ
ਗੋਦੀ ਦਾ ਨਿੱਘ,
ਦਿਸ ਪੈਣੇ ਸਨ
ਤੇਰੇ ਖਾਰੇ ਹੰਝੂਆਂ ਦੇ ਲੂਣ।
ਕਿੱਥੇ ਸਹਿ ਹੋਣਾ ਸੀ ਮੈਥੋਂ ਇੰਨਾ
ਦਰਦ ਦਾ ਜਵਾਰ ਭਾਟਾ
ਜੋ ਹੋਇਆ ਚੰਗਾ ਹੀ ਹੋਇਆ।

*-ਜਨਮੇਜਾ*

## ਸਿੱਖੀ, ਬੰਦਾ ਸਿੰਘ ਬਹਾਦਰ ਅਤੇ ਇਤਿਹਾਸ-9

**ਇਤਿਹਾਸ ਦੇ ਝਰੋਖੇ 'ਚੋਂ**

# ਕੀ ਬੰਦਾ ਸਿੰਘ ਬਹਾਦਰ ਅੰਮ੍ਰਿਤਧਾਰੀ ਸੀ?

**ਹਰਪਾਲ ਸਿੰਘ**
**ਫੋਨ: 916-236-8830**

ਨਿਤਾਣੇ, ਲਤਾੜੇ ਅਤੇ ਹਾਰੇ ਹੋਏ ਲੋਕਾਂ ਦੀਆਂ ਸੁੱਤੀਆਂ ਸ਼ਕਤੀਆਂ ਜਗਾ ਕੇ ਉਨ੍ਹਾਂ ਵਿਚ ਸਮਾਜ ਸੁਧਾਰ ਅਤੇ ਕੌਮੀ ਚੜ੍ਹਤ ਦੀ ਉਚੀ, ਪਰ ਵਾਜਬ ਚਾਹਤ ਜਗਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਜੀਵਨ ਭਰ ਸੰਘਰਸ਼ ਕਰਦੇ ਰਹੇ। ਸਮਾਜਕ ਅਨਿਆਂ ਭਰੇ ਜਾਤੀ ਪ੍ਰਬੰਧ, ਸਿਆਸੀ ਤੇ ਧਾਰਮਿਕ ਜਬਰ ਨੂੰ ਉਨ੍ਹਾਂ ਸਿਰਫ਼ ਚੈਲਿੰਜ ਹੀ ਨਹੀਂ ਕੀਤਾ, ਸਗੋਂ ਇਹ ਲਾਹਣਤਾਂ ਖ਼ਤਮ ਕਰਨ ਹਿੱਤ ਲੰਬੀ ਜਦੋਜਹਿਦ ਵੀ ਕੀਤੀ। ਸਿੱਖ ਲਹਿਰ ਦਾ ਧਾਰਮਿਕ ਅਤੇ ਸਭਿਆਚਾਰਕ ਇਨਕਲਾਬ, ਫੌਜੀ ਇਨਕਲਾਬੀ ਲਹਿਰ ਵਿਚ ਬਦਲਿਆ। ਫੌਜੀ ਲਹਿਰ ਦਾ ਨਿਸ਼ਾਨਾ ਸਿਰਫ਼ ਨੈਤਿਕ ਆਦਰਸ਼ ਪ੍ਰਾਪਤ ਕਰਨਾ ਹੀ ਨਹੀਂ ਸੀ, ਸਗੋਂ ਇਸ ਉਤੇ ਪਹਿਰਾ ਦੇਣਾ ਵੀ ਸੀ। ਗੁਰੂ ਜੀ ਨੇ ਸਿੱਖ ਨੂੰ ਸੰਤ ਸਿਪਾਹੀ ਬਣਾਇਆ। ਉਨ੍ਹਾਂ ਦਾ ਨਿਸ਼ਾਨਾ ਕਿਸੇ ਵਿਸ਼ੇਸ਼ ਭੁਗੋਲਿਕ ਖੇਤਰ ਅੰਦਰ ਰਾਜ ਕਾਇਮ ਕਰਨਾ ਨਹੀਂ ਸੀ, ਸਗੋਂ ਸਮਾਜ ਅੰਦਰੋਂ ਹਰ ਕਿਸਮ ਦੀ ਨਾ-ਬਰਾਬਰੀ ਦਾ ਅੰਤ ਕਰਨਾ ਸੀ। ਰਾਜਸੀ ਸੱਤਾ ਦੀ ਪ੍ਰਾਪਤੀ ਰੂਹਾਨੀਅਤ ਦੀ ਮੰਜ਼ਿਲ ਸੀ। ਸੱਤਾ ਧਰਤੀ ਉਤੇ ਆਪਣੇ ਆਦਰਸ਼ਾਂ ਨੂੰ ਸਾਕਾਰ ਕਰਨ ਦਾ ਜ਼ਰੀਆ ਸੀ।

ਗੁਰੂ ਦਰਬਾਰ ਵਿਚ ਰਹਿੰਦੇ ਹੋਏ ਬੰਦੇ ਨੇ ਸਿੱਖ ਸਿਧਾਂਤਾਂ, ਅਮਲਾਂ ਅਤੇ ਗੁਰੂਆਂ ਦੁਆਰਾ ਕੀਤੀਆਂ ਕੁਰਬਾਨੀਆਂ ਨੂੰ ਨੇੜੇ ਹੋ ਕੇ ਦੇਖਿਆ। ਬੰਦੇ ਦੀਆਂ ਮਾਨਸਿਕ ਅਤੇ ਸਰੀਰਕ ਯੋਗਤਾਵਾਂ ਭਾਂਪਦੇ ਹੋਏ ਗੁਰੂ ਜੀ ਨੇ ਉਸ ਨੂੰ ਤਲਵਾਰਬਾਜ਼ੀ, ਤੀਰ-ਅੰਦਾਜ਼ੀ ਅਤੇ ਘੋੜ ਸਵਾਰੀ ਵਿਚ ਨਿਪੁੰਨ ਕੀਤਾ। ਗੁਰੂ ਜੀ ਜਦੋਂ ਵੀ ਸ਼ਿਕਾਰ 'ਤੇ ਜਾਂਦੇ ਸਨ, ਬੰਦਾ ਹਮੇਸ਼ਾ ਉਨ੍ਹਾਂ ਦੇ ਅੰਗ-ਸੰਗ ਰਹਿੰਦਾ ਸੀ। ਥੋੜ੍ਹੇ ਸਮੇਂ ਵਿਚ ਹੀ ਉਹ ਗੁਰੂ ਜੀ ਦੇ ਮਹਾਨ ਜਰਨੈਲਾਂ ਦੀ ਮੂਹਰਲੀ ਕਤਾਰ ਵਿਚ ਸ਼ਾਮਲ ਹੋ ਗਿਆ।

ਪਹਾੜੀ ਰਾਜਿਆਂ ਅਤੇ ਮੁਗਲਾਂ ਤੋਂ ਸਿੱਖੀ ਨੂੰ ਖਤਰਾ ਭਾਂਪਦੇ ਹੋਏ ਗੁਰੂ ਜੀ ਨੇ ਅਨੰਦਪੁਰ ਅਤੇ ਉਸ ਦੇ ਆਲੇ ਦੁਆਲੇ ਪੰਜ ਕਿਲੇ ਉਸਾਰੇ। ਪ੍ਰਿੰ. ਸਤਬੀਰ ਸਿੰਘ ਅਨੁਸਾਰ ਗੁਰੂ ਜੀ ਨੇ 6 ਕਿਲੇ ਬਣਵਾਏ। ਸਤਲੁਜ ਤੋਂ ਪਾਰ ਤਿੰਨ ਕਿਲੇ- ਲੋਹਗੜ੍ਹ, ਹੋਲਗੜ੍ਹ ਅਤੇ ਨਿਰਮੋਹਗੜ੍ਹ ਬਣਾਏ ਗਏ ਅਤੇ ਦਰਿਆ ਦੇ ਉਪਰ ਕੁਝ ਫਾਸਲੇ 'ਤੇ ਫਤਿਹਗੜ੍ਹ, ਅਨੰਦਗੜ੍ਹ ਅਤੇ ਕੇਸਗੜ੍ਹ ਕਿਲੇ ਉਸਾਰੇ ਗਏ। ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੀ ਪੁਸਤਕ 'ਸਿੱਖ ਤਵਾਰੀਖ' (ਪਹਿਲਾ ਹਿੱਸਾ ਪੰਨਾ 306) ਵਿਚ ਕਿਲਿਆਂ ਦੀ ਗਿਣਤੀ ਪੰਜ ਦੱਸਦੇ ਹਨ। ਉਨ੍ਹਾਂ ਅਨੁਸਾਰ 31 ਮਾਰਚ 1689 ਦੇ ਦਿਨ ਗੁਰੂ ਜੀ ਨੇ ਚੱਕ ਨਾਨਕੀ, ਅਨੰਦਪੁਰ ਦੇ ਆਲੇ-ਦੁਆਲੇ ਪੰਜ ਕਿਲੇ ਬਣਾਉਣੇ ਸ਼ੁਰੂ ਕੀਤੇ। ਗੁਰੂ ਜੀ ਨੇ ਇਨ੍ਹਾਂ ਕਿਲਿਆਂ ਦੇ ਨਾਂ ਅਨੰਦਗੜ੍ਹ, (ਹੁਣ ਵਾਲੇ ਅਨੰਦਗੜ੍ਹ ਕਿਲੇ ਵਾਲੀ ਜਗ੍ਹਾ) ਲੋਹਗੜ੍ਹ, ਤਾਰਾਗੜ੍ਹ (ਪੁਰਾਣੇ ਕੋਟ ਕਹਿਲੂਰ ਨੇੜੇ ਪਿੰਡ ਤਾਰਾਪੁਰ ਵਿਚ ਤਾਰਾਗੜ੍ਹ ਗੁਰਦੁਆਰੇ ਦੀ ਜਗ੍ਹਾ), ਅਗੰਮਗੜ੍ਹ (ਪਿੰਡ ਅੰਗਮਗੜ੍ਹ, ਮਾਤਾ ਜੀਤ ਕੌਰ ਦੇ ਗੁਰਦੁਆਰੇ ਨੇੜੇ) ਅਤੇ ਫਤਿਹਗੜ੍ਹ (ਚਰਨ ਗੰਗਾ ਨੇੜੇ ਪਿੰਡ ਸੋਹਲ ਦੀ ਹਦੂਦ ਵਿਚ ਗੁਰਦੁਆਰਾ ਫਤਿਹਗੜ੍ਹ ਵਾਲੀ ਜਗ੍ਹਾ) ਰੱਖੇ।

ਇਨ੍ਹਾਂ ਵਿਚੋਂ ਫਤਿਹਗੜ੍ਹ ਤੇ ਤਾਰਾਗੜ੍ਹ ਕਿਲੇ ਪਹਾੜੀ ਰਾਜਿਆਂ ਦੇ ਹਮਲੇ ਰੋਕਣ ਵਾਸਤੇ ਅਤੇ ਲੋਹਗੜ੍ਹ (ਜਿਸ ਦਾ ਦਰਵਾਜ਼ਾ ਬਹੁਤ ਮਜ਼ਬੂਤ ਸੀ) ਤੇ ਅਗੰਮਗੜ੍ਹ ਹੁਣ ਵਾਲੇ ਹੁਸ਼ਿਆਰਪੁਰ ਤੇ ਊਨਾ ਜ਼ਿਲ੍ਹਿਆਂ ਵੱਲੋਂ ਮੁਗਲ ਫੌਜਾਂ ਨੂੰ ਰੋਕਣ ਵਾਸਤੇ ਬਣਾਏ ਗਏ ਸਨ। ਅਨੰਦਗੜ੍ਹ ਜੋ ਸਭ ਤੋਂ ਮਹਿਫੂਜ਼ ਸੀ, ਦੋਹਾਂ ਪਾਸਿਆਂ ਦੀ ਫੌਜ ਰੋਕਣ ਵਾਸਤੇ ਸੀ। ਕਿਲਿਆਂ ਦੀ ਉਸਾਰੀ ਸਮੇਂ ਬੰਦੇ ਬਹਾਦਰ ਨੇ ਆਪਣੀ ਯੋਗਤਾ ਅਤੇ ਸ਼ਰਧਾ ਨਾਲ ਗੁਰੂ ਜੀ ਨੂੰ ਬਹੁਤ ਪ੍ਰਭਾਵਤ ਕੀਤਾ। ਹੁਣ ਉਹ ਗੁਰੂ ਦਾ ਖਾਸ ਬੰਦਾ ਸੀ।

**ਭੰਗਾਣੀ ਦਾ ਯੁੱਧ:** 15 ਸਤੰਬਰ 1688 ਦੇ ਦਿਨ (ਪ੍ਰਿੰ. ਸਤਬੀਰ ਸਿੰਘ ਅਨੁਸਾਰ ਫਰਵਰੀ 1686) ਪਹਾੜੀ ਰਾਜਿਆਂ-ਭੀਮ ਚੰਦ ਅਤੇ ਗੜਵਾਲ ਦੇ ਰਾਜਾ ਫਤਿਹ ਸ਼ਾਹ ਨੇ ਗੁਰੂ ਜੀ ਉਤੇ ਅਚਾਨਕ ਹੱਲਾ ਬੋਲ ਦਿੱਤਾ। ਭੰਗਾਣੀ ਜੋ ਪਾਉਂਟਾ ਸਾਹਿਬ ਤੋਂ 6 ਕੁ ਮੀਲ ਦੂਰ ਹੈ, ਦੇ ਸਥਾਨ 'ਤੇ ਭਾਰੀ ਲੜਾਈ ਹੋਈ। ਪਹਾੜੀ ਰਾਜਿਆਂ ਵਿਰੁਧ ਸਿੱਖਾਂ ਦੀ ਇਹ ਪਹਿਲੀ ਲੜਾਈ ਸੀ। ਉਹ ਸਿੱਖ ਜਿਹੜੇ ਕੱਲ੍ਹ ਉਠ ਨਹੀਂ ਸਨ ਸਕਦੇ, ਅੱਜ ਜਦੋਂ ਲੜਨ 'ਤੇ ਆਏ ਤਾਂ ਆਪਣੇ ਤੋਂ ਤਿੱਗਣੇ ਦੁਸ਼ਮਣਾਂ ਨੂੰ ਪਛਾੜ ਗਏ। ਗੁੱਸੇ ਵਿਚ ਭਰਿਆਂ ਨੇ ਉਹ ਤਲਵਾਰ ਚਲਾਈ ਕਿ ਫਤਿਹ ਸ਼ਾਹ ਦੇ ਮੂੰਹੋਂ ਨਿਕਲਿਆ ਕਿ 'ਯਾ ਅੱਲਾ! ਇਹ ਇਨਸਾਨ ਹਨ ਜਾਂ ਸ਼ੈਤਾਨ।' ਹਰੀ ਚੰਦ ਨੇ ਬੰਦੇ ਬਹਾਦਰ ਨੂੰ ਜੰਗ ਵਾਸਤੇ ਲਲਕਾਰਿਆ। ਦੋਹਾਂ ਯੋਧਿਆਂ ਵਿਚ ਪਹਿਲਾਂ ਤੀਰਾਂ ਦੀ ਲੜਾਈ ਸ਼ੁਰੂ ਹੋਈ। ਹਰੀ ਚੰਦ ਨੇ ਬੰਦੇ ਬਹਾਦਰ ਦਾ ਘੋੜਾ ਜ਼ਖ਼ਮੀ ਕਰ ਦਿੱਤਾ। ਬੰਦੇ ਬਹਾਦਰ ਨੂੰ ਘੋੜਾ ਛੱਡ ਕੇ ਪੈਦਲ ਲੜਨਾ ਪਿਆ, ਪਰ ਉਸ ਨੇ ਖੱਬੇ ਹੱਥ ਦੀ ਤਲਵਾਰ ਨਾਲ ਅਜਿਹਾ ਜ਼ੋਰਦਾਰ ਵਾਰ ਕੀਤਾ ਕਿ ਹਰੀ ਚੰਦ ਸਮੇਤ ਘੋੜੇ ਮੈਦਾਨ ਵਿਚ ਜਾ ਡਿੱਗਾ। ਉਨ੍ਹਾਂ ਦੇ ਦੂਜੇ ਵਾਰ ਨੇ ਹਰੀ ਚੰਦ ਦੀ ਖੋਪੜੀ ਚੀਰ ਦਿੱਤੀ। ਇਸ ਲੜਾਈ ਵਿਚ ਸਿੱਖਾਂ ਦੀ ਜਿੱਤ ਹੋਈ। ਗੁਰੂ ਜੀ ਬਚਿੱਤਰ ਨਾਟਕ ਵਿਚ ਲਿਖਦੇ ਹਨ,

ਜਬੈ ਬਾਨ ਲਾਗਯੋ। ਤਬੈ ਰੋਸ ਜਾਗਯੋ।
ਕਰੀ ਲੈ ਕਮਾਣੇ। ਹਨਿਯੋ ਏਕ ਜੁਆਨੇ।
ਸਭੈ ਬੀਰ ਧਾਏ। ਸਰੋਘੇ ਚਲਾਏ।
ਹਰੀ ਚੰਦ ਮਾਰੇ। ਸੇ ਜੋਧਾ ਲਤਾਰੇ।
ਭਈ ਜੀਤ ਮੇਰੀ। ਕ੍ਰਿਪਾ ਨਾਲ ਤੇਰੀ।
ਰਣ ਜੀਤ ਆਏ। ਜਯੋ ਗੀਤ ਗਾਏ।

**ਨਦੌਣ ਦੀ ਲੜਾਈ:** ਮਾਰਚ 1691 ਵਿਚ ਲਾਹੌਰ ਦੇ ਗਵਰਨਰ ਅਲਫ ਖਾਨ ਦੀ ਅਗਵਾਈ ਵਿਚ ਭੇਜੀ ਮੁਗਲ ਫੌਜ ਨੇ ਪਹਾੜੀ ਰਾਜਿਆਂ 'ਤੇ ਹਮਲਾ ਕਰ ਦਿੱਤਾ। ਪਹਾੜੀ ਰਾਜਿਆਂ ਨੇ ਬਿਲਾਸਪੁਰ ਦੇ ਰਾਜੇ ਭੀਮ ਚੰਦ ਰਾਹੀਂ ਯੁੱਧ ਵਿਚ ਗੁਰੂ ਜੀ ਕੋਲੋਂ ਮਦਦ ਮੰਗੀ। ਗੁਰੂ ਸਾਹਿਬ ਨੇ ਬੰਦਾ ਬਹਾਦਰ, ਦੀਵਾਨ ਨੰਦ ਚੰਦ, ਧਰਮ ਚੰਦ, ਭਾਈ ਮਨੀ ਰਾਮ, ਭਾਈ ਆਲਮ ਚੰਦ ਨੱਚਣਾ ਨੂੰ ਨਦੌਣ ਦੀ ਜੰਗ ਵਿਚ ਭੇਜਿਆ। ਇਸ ਜਥੇ ਵਿਚ ਲਗਭਗ 500 ਸਿੱਖ ਸ਼ਾਮਲ ਸਨ ਜਿਨ੍ਹਾਂ ਦੀ ਅਗਵਾਈ ਬੰਦਾ ਸਿੰਘ ਬਹਾਦਰ ਕਰ ਰਿਹਾ ਸੀ। 19 ਮਾਰਚ 1691 ਦੇ ਦਿਨ ਜ਼ਬਰਦਸਤ ਲੜਾਈ ਹੋਈ। ਬੰਦੇ ਨੇ ਇਸ ਲੜਾਈ ਵਿਚ ਬਹਾਦਰੀ ਦੇ ਉਹ ਜੌਹਰ ਦਿਖਾਏ ਕਿ ਸੂਰਜ ਛੁਪਣ ਸਮੇਂ ਅਲਫ ਖਾਨ ਦੀ ਫੌਜ ਮੈਦਾਨ ਛੱਡ ਗਈ। ਗੁਰ ਜੀ ਦੇ ਆਪਣੇ ਸ਼ਬਦਾਂ ਅਨੁਸਾਰ, ਭਜੇਯ ਅਲਫ ਖਾਨੇ ਨ ਖਾਨਾ ਸੰਭਾਰਿਯੋ।

**ਗੁਰੂ ਗੋਬਿੰਦ ਸਿੰਘ ਅਤੇ ਸ਼ਹਿਜ਼ਾਦਾ ਮੁਅੱਜ਼ਮ:** ਪੰਜਾਬ ਦੇ ਮਸਲੇ ਨਜਿੱਠਣ ਲਈ ਔਰੰਗਜ਼ੇਬ ਨੇ ਆਪਣੇ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ ਨੂੰ 13 ਜੁਲਾਈ 1696 ਨੂੰ ਪੰਜਾਬ ਭੇਜਿਆ। ਮੁਅੱਜ਼ਮ ਨੇ ਲਾਹੌਰ ਆਪਣਾ ਟਿਕਾਣਾ ਬਣਾਇਆ ਤੇ ਮਿਰਜ਼ਾ ਬੇਗ ਨੂੰ ਫੌਜਾਂ ਦੇ ਕੇ ਪਹਾੜੀ ਰਾਜਿਆਂ ਅਤੇ ਗੁਰੂ ਦੀ ਤਾਕਤ ਖ਼ਤਮ ਕਰਨ ਲਈ ਭੇਜਿਆ। ਮਿਰਜ਼ਾ ਬੇਗ ਗੁਰੂ ਦਾ ਸ਼ਰਧਾਲੂ ਸੀ। ਉਸ ਨੇ ਗੁਰੂ ਜੀ 'ਤੇ ਹਮਲਾ ਕਰਨਾ ਠੀਕ ਨਾ ਸਮਝਿਆ। ਭਾਈ ਨੰਦ ਲਾਲ ਦਾ ਵੀ ਸ਼ਹਿਜ਼ਾਦਾ ਮੁਅੱਜ਼ਮ 'ਤੇ ਬਹੁਤ ਪ੍ਰਭਾਵ ਸੀ। ਉਸ ਨੇ ਸ਼ਹਿਜ਼ਾਦੇ ਨੂੰ ਗੁਰੂ ਵਿਰੁਧ ਕਾਰਵਾਈ ਕਰਨ ਤੋਂ ਰੋਕਿਆ। ਸ਼ਹਿਜ਼ਾਦਾ ਵੀ ਗੁਰੂ ਜੀ ਦੀ ਅਜ਼ਮਤ ਤੋਂ ਜਾਣੂ ਸੀ। ਉਹ ਵੀ ਅਗਾਂਹ ਦੀ ਸੋਚਣ ਲੱਗਾ। ਉਸ ਸਮਝਿਆ ਕਿ ਗੁਰੂ ਨਾਲ ਦੋਸਤੀ ਕਿਸੇ ਬਿਖੜੇ ਸਮੇਂ ਕੰਮ ਆਵੇਗੀ। ਸੋ, ਜੰਗ ਕਰਨ ਦੀ ਬਜਾਇ ਉਸ ਨੇ ਗੁਰੂ ਜੀ ਵਲ ਦੋਸਤੀ ਦਾ ਹੱਥ ਵਧਾਇਆ।

**ਖਾਲਸਾ ਸਾਜਨਾ ਤੇ ਬੰਦੇ ਦਾ ਅੰਮ੍ਰਿਤ ਛਕਣਾ:** 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਚ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ। ਜਦੋਂ ਅਨੰਦਪੁਰ ਵਿਚ ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਪਹੁੰਚੇ ਤਾਂ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਤੋਂ ਪੁੱਛਿਆ ਕਿ ਗੁਰੂ ਤੇਗ ਬਹਾਦਰ ਨਾਲ ਕਿੰਨੇ ਸਿੱਖਾਂ ਨੇ ਕੁਰਬਾਨੀ ਦਿੱਤੀ। ਜਵਾਬ ਸੀ, ਸਿਰਫ਼ ਦੋ ਸਿੱਖਾਂ ਨੇ ਗੁਰੂ ਜੀ ਨਾਲ ਕੁਰਬਾਨੀ ਦਿੱਤੀ। ਗੁਰੂ ਜੀ ਨੇ ਕਿਹਾ, 'ਪਰ ਸਿੱਖਾ! ਸਿੱਖ ਤਾਂ ਸਾਡੇ ਬਹੁਤ ਆਹੇ?' ਜਵਾਬ ਮਿਲਿਆ, 'ਜੀ ਸੱਚੇ ਪਾਤਿਸ਼ਾਹ! ਸਭ ਬੇਮੁੱਖ ਹੋਇ, ਸਭ ਫਿਰ ਗਏ। ਨਿਸ਼ਾਨੀ ਤਾਂ ਨਾਹੀ ਸਿੱਖੀ ਦੀ ਕਿਸੇ ਨੂੰ ਲੱਗੀ, ਜੁ ਕੋਈ ਸਿੱਖ ਕਹੀ ਕਰੇ।' ਇਹ ਸੁਣ ਗੁਰੂ ਜੀ ਨੇ ਕਿਹਾ, 'ਐਸੀ ਨਿਸ਼ਾਨੀ ਸਿੱਖਾਂ ਨੂੰ ਲਾਵਾਂਗਾ, ਜੁ ਹਜ਼ਾਰਾਂ ਵਿਚ ਖੜੋਤਾ ਸਿੱਖ ਲੁਕੇ ਨਾਹੀ।' (ਰਹਿਤਨਾਮਾ)

24 ਸਾਲਾਂ ਬਾਅਦ 30 ਮਾਰਚ 1699 ਨੂੰ ਕੇਸਗੜ੍ਹ ਸਾਹਿਬ ਵਿਚ ਖਾਲਸੇ ਦੀ ਸਿਰਜਣਾ ਕਰ ਕੇ ਗੁਰੂ ਜੀ ਨੇ ਆਪਣੇ ਇਸ ਇਰਾਦੇ ਨੂੰ ਅਮਲੀ ਰੂਪ ਦਿੱਤਾ ਅਤੇ ਇੰਜ ਪਹਿਲੀ ਵਾਰ ਸਿੱਖ ਵਿਚਾਰਧਾਰਾ ਨੂੰ ਜਥੇਬੰਦ ਇਨਕਲਾਬੀ ਰੂਪ ਦਿੱਤਾ ਗਿਆ। ਪੰਜ ਪਿਆਰਿਆਂ ਵਿਚ ਭਾਈ ਦਇਆ ਰਾਮ ਖੱਤਰੀ ਲਾਹੌਰ ਵਾਸੀ, ਭਾਈ ਧਰਮ ਦਾਸ ਜੱਟ ਰੋਹਤਕ ਨਿਵਾਸੀ, ਭਾਈ ਹਿੰਮਤ ਪੁਰੀ ਨਿਵਾਸੀ, ਭਾਈ ਮੋਹਕਮ ਚੰਦ ਵਾਸੀ ਦਵਾਰਕਾ ਅਤੇ ਭਾਈ ਸਾਹਿਬ ਚੰਦ ਨਿਵਾਸੀ ਬਿਦਰ ਸ਼ਾਮਲ ਸਨ। ਭਾਈ ਮੋਹਕਮ ਚੰਦ ਛੀਂਬੇ, ਭਾਈ ਸਾਹਿਬ ਚੰਦ ਨਾਈ ਅਤੇ ਭਾਈ ਹਿੰਮਤ ਜੀ ਰਸੋਈਏ ਸਨ। ਅੰਮ੍ਰਿਤ ਛਕਣ ਤੋਂ ਬਾਅਦ ਪੰਜਾਂ ਪਿਆਰਿਆਂ ਨੇ ਗੁਰੂ ਜੀ ਨੂੰ ਅੰਮ੍ਰਿਤ ਛਕਾਇਆ।

"ਇਹ ਖਾਲਸਾ ਰਹਿਤ ਮਰਯਾਦਾ ਦਾ ਵਿਸ਼ਵਾਸ ਭਰਿਆ ਸਿਧਾਂਤ ਹੈ ਕਿ ਅੰਮ੍ਰਿਤ ਛਕਣ ਤੋਂ ਬਾਅਦ ਅੰਮ੍ਰਿਤਧਾਰੀ ਵਿਅਕਤੀ ਦਾ ਪਹਿਲਾ ਜੀਵਨ ਹਰ ਪੱਖੋਂ ਖ਼ਤਮ ਹੋ ਜਾਂਦਾ ਹੈ। ਇਸ ਗੱਲ ਨੂੰ ਅਸੀਂ ਤਿੰਨ ਸ਼ਬਦਾਂ-ਕੁਲ ਨਾਸ, ਧਰਮ ਨਾਸ



ਅਤੇ ਕਰਮ ਨਾਸ, ਰਾਹੀਂ ਸੰਖੇਪ ਰੂਪ ਵਿਚ ਦਰਸਾ ਸਕਦੇ ਹਾਂ। ਖਾਲਸਾ ਸਾਜਣ ਸਮੇਂ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰਿਆਂ ਦੇ ਸੀਸ ਲਾਹੇ ਤਾਂ ਇਹ ਗੱਲ ਵੀ ਇਸੇ ਧਾਰਨਾ ਦੀ ਪ੍ਰਤੀਕ ਹੈ ਕਿ ਅੰਮ੍ਰਿਤ ਛਕਣ ਤੋਂ ਬਾਅਦ ਪੰਜ ਪਿਆਰਿਆਂ ਦਾ ਪਹਿਲਾ ਜੀਵਨ ਖ਼ਤਮ ਹੋ ਕੇ ਨਵਾਂ ਜੀਵਨ ਸ਼ੁਰੂ ਹੋਇਆ ਸੀ।" (ਡਾ. ਸੁਖਦਿਆਲ ਸਿੰਘ)

**ਕੀ ਬੰਦਾ ਸਿੰਘ ਬਹਾਦਰ ਅੰਮ੍ਰਿਤਧਾਰੀ ਸੀ?:** ਆਰੀਆ ਸਮਾਜੀਆਂ ਅਤੇ ਹਿੰਦੂ ਲਿਖਾਰੀਆਂ ਨੇ ਬੰਦੇ ਨੂੰ ਬੈਰਾਗੀ ਸਾਧੂ ਦੱਸ ਕੇ ਇਸ ਝੂਠ ਦਾ ਪ੍ਰਚਾਰ ਕੀਤਾ ਕਿ ਬੰਦਾ ਸਿੰਘ ਬਹਾਦਰ ਨੇ ਖੰਡੇ ਦੀ ਪਾਹੁਲ ਨਹੀਂ ਲਈ ਸੀ। ਇਸ ਝੂਠੇ ਪ੍ਰਚਾਰ ਦਾ ਮੋਢੀ ਭਾਈ ਪਰਮਾਨੰਦ ਸੀ ਜਿਸ ਨੇ 1925 ਵਿਚ ਆਪਣੀ ਹਿੰਦੀ ਕਿਤਾਬ 'ਬੰਦਾ ਬੈਰਾਗੀ' ਵਿਚ ਅਜਿਹਾ ਲਿਖਿਆ। ਉਸ ਪਿੱਛੋਂ ਦੌਲਤ ਰਾਏ ਆਰੀਆ ਨੇ 'ਸਾਹਿਬੇ ਕਮਾਲ' ਕਿਤਾਬ ਲਿਖ ਕੇ ਅਤੇ ਡਾ. ਹਰੀ ਰਾਮ ਗੁਪਤਾ ਨੇ 'ਹਿਸਟਰੀ ਆਫ ਦਿ ਸਿੱਖਸ' ਲਿਖ ਕੇ ਇਹ ਝੂਠ ਉਛਾਲਿਆ ਕਿ ਬੰਦਾ ਬਹਾਦਰ ਨੇ ਖੰਡੇ ਦੀ ਪਾਹੁਲ ਨਹੀਂ ਲਈ ਸੀ। ਡਾ. ਗੁਪਤਾ ਲਿਖਦੇ ਹਨ ਕਿ 'ਬੰਦਾ ਸਿੰਘ ਪਹਿਲਾਂ ਹੀ ਮਹਾਂਰਾਸ਼ਟਰ ਵਿਚ ਗੁਰੂ ਮੰਨਿਆ ਜਾਂਦਾ ਸੀ ਤੇ ਬੜੀ ਵੱਡੀ ਗਿਣਤੀ ਵਿਚ ਆਪਣੇ ਸ਼ਰਧਾਲੂਆਂ 'ਤੇ ਹੁਕਮ ਚਲਾਉਂਦਾ ਸੀ। ਗੁਰੂ ਜੀ ਸਿੱਖਾਂ ਦੇ ਧਾਰਮਿਕ ਨੇਤਾ ਦੇ ਤੌਰ 'ਤੇ ਬੰਦਾ ਸਿੰਘ ਬਹਾਦਰ ਦੀ ਇੱਜ਼ਤ ਵਧਾਉਣਾ ਨਹੀਂ ਚਾਹੁੰਦੇ ਸਨ।'

ਸਿੱਖ ਇਤਿਹਾਸਕਾਰਾਂ ਵਿਚ ਰਤਨ ਸਿੰਘ ਭੰਗੂ, ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ, ਭਾਈ ਖਿਜਨ ਸਿੰਘ ਅਤੇ ਕਰਮ ਸਿੰਘ ਹਿਸਟੋਰੀਅਨ (ਭਾਵੇਂ ਬਾਅਦ ਵਿਚ ਉਸ ਨੇ ਆਪਣੀ ਲਿਖਤ ਵਿਚ ਬੰਦਾ ਸਿੰਘ ਬਹਾਦਰ ਨੂੰ ਅੰਮ੍ਰਿਤਧਾਰੀ ਮੰਨ ਲਿਆ ਸੀ) ਨੇ ਖੰਡੇ ਦੀ ਪਾਹੁਲ ਦੀ ਗੱਲ ਨੂੰ ਬਹੁਤ ਬੇਧਿਆਨੀ ਵਿਚ ਲਿਆ ਹੈ। ਅਸੀਂ ਕਦੀ ਇਹ ਸੋਚਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਗੁਰੂ ਗੋਬਿੰਦ ਸਿੰਘ ਅੰਮ੍ਰਿਤਧਾਰੀ ਸਿੱਖ ਕੌਮ ਦੀ ਵਾਗਡੋਰ ਐਸੇ ਬੈਰਾਗੀ ਸਾਧੂ ਨੂੰ ਕਿਸ ਤਰ੍ਹਾਂ ਸੌਂਪ ਸਕਦੇ ਸਨ ਜੋ ਅੰਮ੍ਰਿਤਧਾਰੀ ਨਹੀਂ ਹੈ। ਆਪਣੇ ਇਕ ਪੱਤਰ ਵਿਚ ਬੰਦਾ ਨਾਮ ਸਿਮਰਨ ਅਤੇ ਗੁਰਮਤਿ ਵਿਚ ਦ੍ਰਿੜ ਰਹਿਣ ਦਾ ਉਪਦੇਸ਼ ਦਿੰਦਾ ਹੈ। ਜੌਨਪੁਰ ਦੀ ਸੰਗਤ ਦੇ ਨਾਂ 12 ਦਸੰਬਰ 1710 ਵਿਚ ਉਹ ਲਿਖਦਾ ਹੈ, "ਪੰਜ ਹਥਿਆਰ ਬਨਿ ਕੈ ਹੁਕਮ ਦੇਖਦਿਆਂ ਦਰਸਨਿ ਆਵਣਾ ਖਾਲਸੇ ਦੀ ਰਹਿਤ ਰਾਹਣਾ...ਭੰਗ ਤਮਾਕੂ ਅਫੀਮ ਪੋਸਤ ਦਾਰੂ ਅਮਲ ਕੋਈ ਨਹੀਂ ਖਾਣਾ, ਮਾਸ ਮਛਲੀ ਪਿਆਜ ਨਹੀਂ ਖਾਣਾ ਚੋਰੀ ਜਾਰੀ ਨਹੀਂ ਕਰਨਾ...।" ਜਿਹੜਾ ਬੰਦਾ ਖਾਲਸੇ ਦੀ ਰਹਿਤ ਮਰਿਆਦਾ ਦਾ ਹੁਕਮ ਸੰਗਤ ਨੂੰ ਦਿੰਦਾ ਹੈ, ਕੀ ਉਹ ਆਪ ਉਸ ਰਹਿਤ ਮਰਿਆਦਾ ਦੀ ਪਾਲਣਾ ਨਹੀਂ ਕਰਦਾ ਹੋਵੇਗਾ? (ਕਈ ਲਿਖਾਰੀ ਬੰਦੇ ਦੇ ਪੱਤਰ ਨੂੰ ਹੁਕਮਨਾਮਾ ਦਾ ਨਾਂ ਦਿੰਦੇ ਹਨ। ਉਹ ਇਹ ਗੱਲ ਵਿਸਾਰ ਦਿੰਦੇ ਹਨ ਕਿ ਹੁਕਮਨਾਮਾ ਕੇਵਲ ਗੁਰੂਆਂ ਦੁਆਰਾ ਹੀ ਦਿੱਤਾ ਜਾਂਦਾ ਸੀ)

ਬੰਦਾ ਸਿੰਘ ਬਹਾਦਰ ਦੇ ਸਿੰਘ ਸਜਣ ਦੇ ਸੰਕੇਤ ਬਹੁਤ ਸਾਰੇ ਇਤਿਹਾਸਕ ਹਵਾਲਿਆਂ ਵਿਚੋਂ ਮਿਲਦੇ ਹਨ ਜਿਨ੍ਹਾਂ ਵਿਚ ਅਹਿਮਦ ਸ਼ਾਹ ਬਟਾਲੀਆ, ਗਣੇਸ਼ ਦਾਸ ਵਢੇਰਾ, ਕਨ੍ਹਈਆ ਲਾਲ, ਲਤੀਫ, ਮੈਲਕਮ, ਮਹਾਂ ਕੋਸ਼ ਦਾ ਲਿਖਾਰੀ ਡਾ. ਗੰਡਾ ਸਿੰਘ ਅਤੇ 'ਇਬਰਤਨਾਮਾ' ਅਲੀ-ਉਦ-ਦੀਨ ਮੁਫਤੀ ਔਫ ਲਾਹੌਰ ਦੀ ਫਾਰਸੀ ਲਿਖਤ ਸ਼ਾਮਲ ਹਨ।

'ਇਬਰਤਨਾਮਾ' (13 ਨਵੰਬਰ 1854) ਦੇ ਪੰਨਾ 39 ਉਤੇ ਦਰਜ ਹੈ ਕਿ ਬੰਦਾ ਇਹ ਸੁਣ ਕੇ ਤਨ ਮਨ ਨਾਲ ਚੇਲਾ ਬਣ ਗਿਆ ਅਤੇ ਪਾਹੁਲ ਲੈ ਕੇ ਜੰਗ ਲਈ ਤਿਆਰ ਹੋ ਗਿਆ। ਗਣੇਸ਼ ਦਾਸ ਵਢੇਰਾ ਅਨੁਸਾਰ, ਗੁਰੂ ਸਾਹਿਬ ਨੇ ਉਸ ਨੂੰ ਆਪਣੇ ਨਵੇਂ ਧਰਮ ਵਿਚ ਸ਼ਾਮਲ ਕਰ ਕੇ ਆਪਣਾ ਨਾਇਬ ਥਾਪ ਮਾਖੋਵਾਲ (ਅਨੰਦਪੁਰ) ਤੋਰ ਦਿੱਤਾ। ਨਰਿੰਦਰਪਾਲ ਸਿੰਘ ਕਰਤਾ 'ਪੰਜਾਬ ਦਾ ਇਤਿਹਾਸ' ਦੇ ਪੰਨਾ 53 ਲਿਖਦਾ ਹੈ- ਸੋ ਅੰਮ੍ਰਿਤ ਛਕਾਉਣ ਪਿੱਛੋਂ ਗੁਰੂ ਸਾਹਿਬ ਨੇ ਉਸ ਦਾ ਨਾਂ ਬੰਦਾ ਹੀ ਰੱਖਿਆ। ਡਾ. ਗੰਡਾ ਸਿੰਘ ਨੇ ਲਿਖਿਆ ਹੈ, ਬੰਦਾ ਸਿੰਘ ਬਹਾਦਰ ਨੂੰ ਸਿੱਖ ਰਹੁਰੀਤ ਅਨੁਸਾਰ ਅੰਮ੍ਰਿਤ ਛਕ ਕੇ ਸਿੰਘ ਸਜਾ ਦਿੱਤਾ ਅਤੇ ਉਸ ਦਾ ਨਾਉਂ ਬਦਲ ਕੇ ਬੰਦਾ ਸਿੰਘ ਰੱਖ ਦਿੱਤਾ। ਵਿਰੋਧੀ ਵਿਦਵਾਨਾਂ ਅਤੇ ਪ੍ਰਚਾਰਕਾਂ ਨੂੰ ਛੱਡ ਕੇ ਸਾਰੇ ਇਹ ਮੰਨਦੇ ਹਨ ਕਿ ਬੰਦਾ ਸਿੰਘ ਨੇ ਗੁਰੂ ਜੀ ਕੋਲੋਂ ਪਾਹੁਲ ਲਈ ਸੀ ਅਤੇ ਉਹ ਬੈਰਾਗੀ ਨਹੀਂ ਸੀ।

**ਬੰਦਾ ਸਿੰਘ ਬਹਾਦਰ ਦੀ ਨਿਯੁਕਤੀ:** ਜਦੋਂ ਗੁਰੂ ਗੋਬਿੰਦ ਸਿੰਘ ਮਾਰਵਾੜ ਵਿਚ ਭਗੌਰ ਵਿਚ ਠਹਿਰੇ ਹੋਏ ਸਨ, ਉਨ੍ਹਾਂ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਮਿਲੀ। 20 ਫਰਵਰੀ 1707 ਨੂੰ ਅਹਿਮਦਨਗਰ ਦੇ ਸਥਾਨ 'ਤੇ ਬਾਦਸ਼ਾਹ ਨੇ ਆਪਣੀ ਜ਼ਿੰਦਗੀ ਦਾ ਆਖਰੀ ਸਾਹ ਲਿਆ। 'ਹਿਸਟਰੀ ਆਫ ਦਿ ਪੰਜਾਬ' ਦੇ ਲਿਖਾਰੀ ਮੁਹੰਮਦ ਲਤੀਫ ਅਨੁਸਾਰ, ਉਸ ਸਮੇਂ ਔਰੰਗਜ਼ੇਬ ਦੀ ਉਮਰ 89 ਸਾਲ ਦੀ ਸੀ। ਪੁੱਤ, ਪੋਤਰਿਆਂ ਅਤੇ ਪੜਪੋਤਿਆਂ ਵਿਚ ਦਿੱਲੀ ਦੇ ਤਖ਼ਤ ਲਈ ਯੁੱਧ ਹੋਣਾ ਲਾਜ਼ਮੀ ਸੀ। ਤਿੰਨ ਵੱਡੇ ਦਾਅਵੇਦਾਰ ਸਨ। ਸਭ ਤੋਂ ਵੱਡਾ ਪੁੱਤਰ ਮੁਅੱਜ਼ਮ (ਬਹਾਦਰ ਸ਼ਾਹ) ਉਸ ਵੇਲੇ ਕਾਬਲ ਦਾ ਗਵਰਨਰ ਸੀ। ਉਸ ਦਾ ਸਭ ਤੋਂ ਭਰੋਸੇਯੋਗ ਆਦਮੀ ਮੁਨਿਅਮ ਖਾਂ ਸੀ ਜੋ ਉਸ ਵੇਲੇ ਲਾਹੌਰ ਦਾ ਸੂਬੇਦਾਰ ਸੀ। ਦੂਜਾ ਪੁੱਤਰ ਮੁਹੰਮਦ ਆਜ਼ਮ ਸ਼ਾਹ ਸੀ ਜੋ ਉਸ ਵੇਲੇ ਔਰੰਗਜ਼ੇਬ ਨਾਲ ਹਮਰਾਹ ਸੀ। ਤੀਜਾ ਪੁੱਤਰ ਕਾਮ ਬਖਸ਼ ਸੀ ਜੋ ਉਸ ਵੇਲੇ ਬੀਜਾਪੁਰ (ਦੱਖਣ) ਵਿਚ ਸੀ।

ਸ਼ਹਿਜ਼ਾਦਾ ਮੁਅੱਜ਼ਮ ਇਹ ਗੱਲ ਭਲੀ-ਭਾਂਤ ਸਮਝਦਾ ਸੀ ਕਿ ਇਕ ਦਿਨ ਦਿੱਲੀ ਦੇ ਤਖ਼ਤ ਲਈ ਉਸ ਨੂੰ ਆਪਣੇ ਭਰਾਵਾਂ ਨਾਲ ਜੰਗ ਕਰਨੀ ਪਵੇਗੀ। ਇਸ ਲਈ ਆਪਣੀ ਫੌਜੀ ਤਾਕਤ ਵਧਾਉਣ ਲਈ ਉਸ ਨੇ ਮੁਨਿਅਮ ਖਾਂ ਨੂੰ ਪੰਜਾਬ ਵਿਚੋਂ ਭਰਤੀ ਕਰਨ ਲਈ ਕਿਹਾ। ਉਨ੍ਹਾਂ ਦਿਨਾਂ ਵਿਚ ਪੰਜਾਬ ਵਿਚ ਸਿੱਖਾਂ ਦੀ ਬਹਾਦਰੀ ਅਤੇ ਹੌਸਲੇ ਦੀ ਚੰਗੀ ਚੜ੍ਹਤ ਸੀ। ਲਿਹਾਜ਼ਾ ਬਹੁਤ ਸਾਰੇ ਸਿੱਖਾਂ ਨੂੰ ਬਹਾਦਰ ਸ਼ਾਹ ਦੀ ਫੌਜ ਵਿਚ ਨੌਕਰੀ ਦਿੱਤੀ ਗਈ। ਸਿੱਖਾਂ ਦੀ ਰਜਮੈਂਟ ਨੂੰ ਗੁਰੂ ਦੀ ਸੰਗਤ ਕਿਹਾ ਜਾਂਦਾ ਸੀ। ਗੁਰੂ ਜੀ ਦਾ ਇਕ ਹੁਕਮਨਾਮਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਬਹਾਦਰ ਸ਼ਾਹ ਦੀ ਫੌਜ ਵਿਚ ਸਿੱਖਾਂ ਦੀ ਰਜਮੈਂਟ ਸੀ।

ਬਹਾਦਰ ਸ਼ਾਹ ਆਹਾ ਕਾਬਲ ਦਾ ਸੂਬੇਦਾਰ।
ਸਿੱਖ ਆਹੇ ਚਾਕਰ ਬਾਦਸ਼ਾਹ ਦੀ ਸਰਕਾਰ।
ਸਿੱਖਾ ਜਾਇ ਮੁਬਾਰਖ ਦਿੱਤੀ ਬਹਾਦਰ ਸ਼ਾਹ
(ਬੰਸਾਵਲੀ 9 ਅਤੇ 10 ਚਰਨ)

(ਹੁਕਮਨਾਮੇ ਵਿਚ ਲਿਖਿਆ ਹੈ ਸਰਬਤ ਖਾਲਸੇ ਵਾਲੀ ਲਸ਼ਕਰ ਬਾਦਸ਼ਾਹ)

ਕੇਸਰ ਸਿੰਘ ਛਿੱਬਰ ਅਨੁਸਾਰ ਜਦੋਂ ਬਹਾਦਰ ਸ਼ਾਹ (ਸ਼ਹਿਜ਼ਾਦਾ ਮੁਅੱਜ਼ਮ) ਕਾਬੁਲ ਦਾ ਸੂਬੇਦਾਰ ਸੀ, ਉਸ ਸਮੇਂ ਕੁਝ ਸਿੱਖ ਉਸ ਦੇ ਅਧੀਨ ਹੋ ਗਏ ਸਨ। ਇਨ੍ਹਾਂ ਸਿੱਖਾਂ ਨੂੰ ਗੁਰੂ ਜੀ ਦਾ ਹੁਕਮਨਾਮਾ ਮਿਲਿਆ ਸੀ ਜਿਸ ਵਿਚ ਬਾਦਸ਼ਾਹ ਦੇ ਲਸ਼ਕਰ ਵਿਚਲੇ ਖਾਲਸੇ ਨੂੰ ਸੰਬੋਧਨ ਕੀਤਾ ਗਿਆ ਸੀ। ਸਿੱਖਾਂ ਨੇ ਬਹਾਦਰ ਸ਼ਾਹ ਨੂੰ ਜਾ ਕੇ ਮੁਬਾਰਕਬਾਦ ਦਿੱਤੀ।

ਆਪਣੇ ਭਰਾਵਾਂ ਨਾਲ ਫੈਸਲਾਕੁਨ ਲੜਾਈ ਤੋਂ ਪਹਿਲਾਂ ਬਹਾਦਰ ਸ਼ਾਹ ਪੰਜਾਬ ਵਿਚ ਅਮਨ ਚਾਹੁੰਦਾ ਸੀ। ਉਸ ਨੂੰ ਇਸ ਗੱਲ ਦੀ ਸ਼ੰਕਾ ਸੀ ਕਿ ਨਾਜ਼ੁਕ ਮੌਕਾ ਦੇਖ ਕੇ ਪੰਜਾਬ ਦੇ ਸਿੱਖ ਕਿਤੇ ਗੜਬੜ ਨਾ ਕਰ ਦੇਣ। ਉਸ ਨੇ ਗੁਰੂ ਜੀ ਦੀ ਅਜ਼ਮਤ ਬਾਰੇ ਵੀ ਸੁਣ ਰੱਖਿਆ ਸੀ ਅਤੇ ਗੁਰੂ ਜੀ ਦੇ ਬਹਾਦਰ ਸਿੰਘਾਂ ਬਾਰੇ ਵੀ। ਇਸ ਲਈ ਉਸ ਨੇ ਗੁਰੂ ਜੀ ਵੱਲ ਦੋਸਤੀ ਅਤੇ ਸਹਾਇਤਾ ਲਈ ਹੱਥ ਵਧਾਇਆ। ਭਾਈ ਨੰਦ ਲਾਲ ਦੀ ਵਿਚੋਲਗੀ ਨਾਲ ਦੋਵੇਂ ਧਿਰਾਂ ਵਿਚ ਸਮਝੌਤਾ ਹੋ ਗਿਆ। ਗੁਰੂ ਜੀ ਨੇ ਬਾਦਸ਼ਾਹ ਦੀ ਸਹਾਇਤਾ ਲਈ ਘੋੜ ਸਵਾਰਾਂ ਦੀ ਛੋਟੀ ਟੁਕੜੀ ਵੀ ਭੇਜੀ ਜਿਸ ਦੀ ਅਗਵਾਈ ਬੰਦਾ ਸਿੰਘ ਬਹਾਦਰ ਕਰ ਰਿਹਾ ਸੀ। ਡਾ. ਸੁਖਦਿਆਲ ਸਿੰਘ ਦਾ ਕਹਿਣਾ ਹੈ ਕਿ ਸਿੱਖ ਸੈਨਿਕਾਂ ਦੀ ਟੁਕੜੀ ਪਹਿਲਾਂ ਹੀ ਬਹਾਦਰ ਸ਼ਾਹ ਕੋਲ ਸੀ ਜਿਸ ਦਾ ਕਮਾਂਡਰ ਬੰਦਾ ਸਿੰਘ ਬਹਾਦਰ ਸੀ। ਕੋਈ ਨਵੇਂ ਸਿੱਖ ਸੈਨਿਕ ਗੁਰੂ ਜੀ ਨੇ ਨਹੀਂ ਦਿੱਤੇ ਸਨ।

ਗੁਰੂ ਜੀ ਨੇ ਬਹਾਦਰ ਸ਼ਾਹ ਦੀ ਸਹਾਇਤਾ ਕਿਉਂ ਕੀਤੀ, ਇਸ ਦੀ ਡੂੰਘੀ ਪੜਚੋਲ ਕਰਨਾ ਜ਼ਰੂਰੀ ਹੈ। 13 ਜੁਲਾਈ 1696 ਨੂੰ ਔਰੰਗਜ਼ੇਬ ਨੇ ਆਪਣੇ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ ਨੂੰ ਪੰਜਾਬ ਦੇ ਮਸਲੇ ਦਾ ਹੱਲ ਕੱਢਣ ਲਈ ਭੇਜਿਆ। ਮੁਅੱਜ਼ਮ ਨੇ ਲਾਹੌਰ ਆਪਣਾ ਟਿਕਾਣਾ ਕੀਤਾ ਤੇ ਮਿਰਜ਼ਾ ਬੇਗ ਨੂੰ ਸਾਰੀ ਫੌਜ ਦੇ ਕੇ ਪਹਾੜੀ ਰਾਜਿਆਂ ਅਤੇ ਗੁਰੂ ਜੀ ਦੀ ਤਾਕਤ ਮਿਟਾਉਣ ਲਈ ਭੇਜਿਆ। ਸਿੱਖ ਰਵਾਇਤ ਹੈ ਕਿ ਭਾਈ ਨੰਦ ਲਾਲ ਜੋ ਸ਼ਹਿਜ਼ਾਦੇ ਦੇ ਮੀਰ ਮੁਨਸ਼ੀ ਸਨ, ਨੇ ਸ਼ਹਿਜ਼ਾਦੇ ਨੂੰ ਗੁਰੂ ਵਿਰੁਧ ਕਾਰਵਾਈ ਕਰਨ ਤੋਂ ਵਰਜਿਆ। ਸ਼ਹਿਜ਼ਾਦਾ ਮੁਅੱਜ਼ਮ ਵੀ ਗੁਰੂ ਜੀ ਦਾ ਭਗਤ ਸੀ ਅਤੇ ਉਨ੍ਹਾਂ ਦੀ ਅਜ਼ਮਤ ਦਾ ਕਾਇਲ ਸੀ। ਸਿੱਖਾਂ ਦੀ ਗੁਰੂ ਪ੍ਰਤੀ ਸ਼ਰਧਾ, ਉਨ੍ਹਾਂ ਦੀ ਬਹਾਦਰੀ ਅਤੇ ਮਜ਼ਬੂਤ ਜਥੇਬੰਦੀ ਦਾ ਉਹ ਕਾਇਲ ਹੋ ਗਿਆ। ਆਉਣ ਵਾਲੇ ਬਿਖੜੇ ਸਮੇਂ ਨੂੰ ਸਾਹਮਣੇ ਰੱਖ ਕੇ ਉਹ ਇਹ ਸੋਚਣ ਲੱਗਾ ਕਿ ਗੁਰੂ ਨਾਲ ਦੋਸਤੀ ਕਿਸੇ ਬਿਖੜੇ ਸਮੇਂ ਕੰਮ ਆਵੇਗੀ। ਸੋ, ਉਸ ਨੇ ਗੁਰੂ ਜੀ ਉਤੇ ਹਮਲਾ ਕਰਨ ਦੀ ਥਾਂ ਪਹਾੜੀ ਰਾਜਿਆਂ ਦਾ ਸੋਧਾ ਲਾਇਆ ਜੋ ਗਾਹੇ-ਬਗਾਹੇ ਗੁਰੂ ਜੀ ਲਈ ਪ੍ਰੇਸ਼ਾਨੀ ਦਾ ਸਬੱਬ ਬਣਦੇ ਸਨ। ਗੁਰੂ ਜੀ ਦੇ ਮਨ 'ਤੇ ਇਸ ਦਾ ਗਹਿਰਾ ਪ੍ਰਭਾਵ ਸੀ। ਇਸ ਲਈ ਉਨ੍ਹਾਂ ਸ਼ਹਿਜ਼ਾਦੇ ਦੀ ਮਦਦ ਕਰਨ ਦਾ ਮਨ ਬਣਾਇਆ।

ਸ਼ਹਿਜ਼ਾਦੇ ਮੁਅੱਜ਼ਮ ਦਾ ਸਬੰਧ ਸ਼ੀਆ ਘਰਾਣੇ ਨਾਲ ਸੀ। ਨਾ ਤਾਂ ਉਹ ਆਪਣੇ ਪਿਤਾ ਔਰੰਗਜ਼ੇਬ ਵਾਂਗ ਕੱਟੜ ਮੁਸਲਮਾਨ ਸੀ ਅਤੇ ਨਾ ਹੀ ਤੁਅੱਸਬੀ ਸੀ। ਉਹ ਫਰਾਖ ਦਿਲ ਅਤੇ ਡੂੰਘੀ ਸੋਚ ਵਾਲਾ ਸੀ। ਸ਼ੀਆ ਮੁਸਲਮਾਨ ਫਿਰਕੇ ਦੇ ਮੁੱਢ ਤੋਂ ਹੀ ਗੁਰੂ ਘਰ ਨਾਲ ਚੰਗੇ ਸਬੰਧ ਸਨ। ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਨੇ ਸੂਫੀ ਫਕੀਰ ਮੀਆਂ ਮੀਰ ਕੋਲੋਂ ਰਖਵਾਈ ਸੀ ਜੋ ਸ਼ੀਆ ਮੁਸਲਮਾਨ ਸੀ। ਦਾਰਾ ਸਿਕੋਹ ਵੀ ਸੂਫੀ ਸੀ ਅਤੇ ਉਹ ਗਾਹੇ-ਬਗਾਹੇ ਗੁਰੂ ਘਰ ਲਈ ਮਾਇਕ ਮਦਦ ਵੀ ਕਰਦਾ ਰਿਹਾ ਸੀ।

ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਇਸ ਉਮੀਦ ਨਾਲ ਸਹਿਯੋਗ ਦਿੱਤਾ ਹੋਵੇ ਕਿ ਆਉਣ ਵਾਲੇ ਸਮੇਂ ਵਿਚ ਬਾਦਸ਼ਾਹ ਸ਼ਾਹ ਨਾਲ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇ ਅਤੇ ਬਾਦਸ਼ਾਹ ਤੋਂ ਮੰਗ ਕੀਤੀ ਜਾਵੇ ਕਿ ਵਜ਼ੀਰ ਖਾਨ ਨੂੰ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ ਤਾਂ ਜੋ ਵਜ਼ੀਰ ਖਾਨ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਦੀ ਢੁਕਵੀਂ ਸਜ਼ਾ ਦਿੱਤੀ ਜਾਵੇ।

*(ਬਾਕੀ ਸਫਾ 25 'ਤੇ)*

## ਰਿਬੇਰੋ ਦੀ ਆਪਬੀਤੀ-9

# ਕੇ.ਪੀ.ਐਸ. ਗਿੱਲ ਅਤੇ ਆਪ੍ਰੇਸ਼ਨ ਬਲੈਕ ਥੰਡਰ

*ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ? ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ ਜੋ ਅਸੀਂ ਕਿਸ਼ਤਵਾਰ ਛਾਪ ਰਹੇ ਹਾਂ। ਇਸ ਕਿਸ਼ਤ ਵਿਚ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਦੀਆਂ ਆਪ-ਹੁਦਰੀਆਂ ਦੀ ਚਰਚਾ ਹੈ। ਨਾਲ ਹੀ ਪੰਜਾਬ ਦੇ ਸਮੁੱਚੇ ਮਸਲੇ ਬਾਰੇ ਸਿਆਸਤਦਾਨਾਂ ਦੀ ਸੌੜੀ ਪਹੁੰਚ ਬਾਰੇ ਟਿੱਪਣੀਆਂ ਹਨ। -ਸੰਪਾਦਕ*

**ਪੰਨਾ 331:** ਬੜੀ ਬਦਕਿਸਮਤ ਘਟਨਾ ਘਟੀ। ਗਿੱਲ ਨੇ ਜਦੋਂ ਪੁਲਿਸ ਚੀਫ ਦਾ ਚਾਰਜ ਲਿਆ, ਉਸ ਨੇ ਮੇਰੇ ਕੋਲ ਵਾਅਦਾ ਕੀਤਾ ਕਿ ਸ਼ਰਾਬ ਪੀਣੀ ਛੱਡ ਦਿਆਂਗਾ। ਮੈਨੂੰ ਲਗਦੈ, ਕੁੱਝ ਸਮਾਂ ਉਸ ਨੇ ਛੱਡੀ ਰੱਖੀ। ਮੈਂ ਰਾਤ ਦਾ ਖਾਣਾ ਖਤਮ ਕਰਨ ਲੱਗਾ ਸਾਂ ਕਿ ਆਈ.ਏ.ਐਸ. ਅਫਸਰ ਰੂਪਨ ਦਿਉਲ ਬਜਾਜ ਦਾ ਫੋਨ ਆਇਆ। ਉਹ ਮੈਨੂੰ ਤੁਰੰਤ ਘਰ ਮਿਲਣ ਦੀ ਇਛੁਕ ਸੀ। ਮੈਂ ਉਸ ਨੂੰ ਸਮਝਾਇਆ ਕਿ ਨੌਂ ਵੱਜ ਚੁੱਕੇ ਹਨ, ਇਹ ਮੀਟਿੰਗਾਂ ਦਾ ਸਮਾਂ ਨਹੀਂ ਹੁੰਦਾ। ਉਸ ਨੇ ਕਿਹਾ-ਬਹੁਤ ਜ਼ਰੂਰੀ ਮਿਲਣਾ ਹੈ, ਇਹ ਅਜਿਹੀ ਗੱਲ ਹੈ ਜਿਸ ਵਿਚ ਦੇਰੀ ਹੋ ਨਹੀਂ ਸਕਦੀ। ਰੂਪਨ ਬਾਰੇ ਪਤਾ ਸੀ ਅੱਖੜ ਸੁਭਾਅ ਦੀ ਹੈ, ਇਸ ਕਰ ਕੇ ਮੈਨੂੰ ਉਸ ਦਾ ਆਉਣਾ ਠੀਕ ਨਾ ਲੱਗਾ।

ਮਿਸਿਜ਼ ਬਜਾਜ ਦੀ ਕਹਾਣੀ ਬੇਚੈਨ ਕਰਨ ਵਾਲੀ ਸੀ। ਪਤਾ ਲੱਗਾ ਕਿ ਕੱਲ੍ਹ ਸ਼ਾਮ ਸਟੇਟ ਸਕੱਤਰ ਸੁਰਿੰਦਰ ਕਪੂਰ ਵਲੋਂ ਡਿਨਰ ਦੀ ਦਾਅਵਤ ਸੀ। ਸ਼ਰਾਬ ਪੀ ਕੇ ਗਿੱਲ ਔਰਤਾਂ ਵੱਲ ਆ ਗਿਆ। ਫਿਰ ਕੀ-ਕੀ ਹੋਇਆ, ਮੀਡੀਏ ਵਿਚ ਛਪ ਚੁੱਕਾ ਹੈ ਤੇ ਰੂਪਨ ਅਦਾਲਤ ਵਿਚ ਦੁਹਰਾ ਚੁੱਕੀ ਹੈ। ਮੈਂ ਵਾਅਦਾ ਕੀਤਾ ਕਿ ਇਹ ਗੱਲ ਗਵਰਨਰ ਦੇ ਧਿਆਨ ਵਿਚ ਲਿਆਵਾਂਗਾ।

ਜੋ ਉਸ ਨੇ ਦੱਸਿਆ, ਲਿਖ ਕੇ, ਗੁਪਤ ਲਿਫਾਫਾ ਮੈਂ ਗਵਰਨਰ ਹਾਊਸ ਤੋਰ ਦਿੱਤਾ। ਉਸ ਦਿਨ ਉਹ ਸ਼ਹਿਰੋਂ ਬਾਹਰ ਸੀ। ਉਸ ਦੇ ਸਕੱਤਰ ਨੇ ਲਿਫਾਫਾ ਲੈ ਕੇ ਕਿਹਾ ਕਿ ਜਦੋਂ ਸਾਹਬ ਆਉਣਗੇ, ਦਿਖਾ ਦਿਆਂਗਾ।

ਗਵਰਨਰ ਰਿਪੋਰਟ ਪੜ੍ਹ ਕੇ ਹੱਸ ਪਿਆ।

**ਜੂਲੀਓ ਰਿਬੇਰੋ**

**ਅਨੁਵਾਦ: ਹਰਪਾਲ ਸਿੰਘ ਪੰਨੂ**

**ਫੋਨ: 91-94642-51454**

ਹਾਲਾਂਕਿ ਮੈਂ ਇਸ਼ਾਰਾ ਕਰ ਦਿੱਤਾ ਸੀ ਕਿ ਇਸ ਔਰਤ ਦਾ ਸੁਭਾਅ ਅੱਖੜ ਹੈ, ਗਵਰਨਰ ਨੇ ਮਸਲਾ ਗੰਭੀਰਤਾ ਨਾਲ ਨਾ ਲਿਆ। ਉਸ ਨੇ ਕਿਹਾ-ਦੋਵਾਂ ਨੂੰ ਬੁਲਾ ਕੇ ਮੈਂ ਸੁਲ੍ਹਾ ਕਰਵਾ ਦਿਆਂਗਾ।

ਰੂਪਨ ਨੂੰ ਮਿਲਣ ਪਿਛੋਂ ਰੇਅ ਦਾ ਮੂਡ ਬਿਲਕੁਲ ਬਦਲ ਗਿਆ। ਉਹ ਰਾਜ਼ੀਨਾਵਾਂ ਨਹੀਂ, ਗਿੱਲ ਨੂੰ ਸਖਤ ਸਜ਼ਾ ਦਿਵਾਉਣੀ ਚਾਹੁੰਦੀ ਸੀ। ਮੈਂ ਗਿੱਲ ਨੂੰ ਕਿਹਾ, ਮੇਰੇ ਦਫਤਰ ਆ ਜਾਈਂ। ਉਧਰੋਂ ਰੂਪਨ ਨੂੰ ਬੁਲਾਵਾਂਗਾ। ਤੂੰ ਸਾਹਮਣੇ ਮੁਆਫੀ ਮੰਗ ਕੇ ਖਹਿੜਾ ਛੁਡਾ। ਮੈਂ ਰੂਪਨ ਨੂੰ ਸੱਦਿਆ, ਪਰ ਬੀਬੀ ਨੂੰ ਸ਼ੱਕ ਹੋਇਆ ਕਿ ਗਿੱਲ ਮੇਰੇ ਕਮਰੇ ਵਿਚ ਬੈਠਾ ਹੈ, ਉਹ ਆਈ ਹੀ ਨਾ; ਨਾਲੇ ਮੈਨੂੰ ਦੱਸ ਦਿੱਤਾ ਕਿ ਕਿਸ ਕਾਰਨ ਨਹੀਂ ਆ ਰਹੀ।

ਉਸ ਨੇ ਚੰਡੀਗੜ੍ਹ ਮੈਜਿਸਟਰੇਟ ਦੀ ਅਦਾਲਤ ਵਿਚ ਕੇਸ ਕਰ ਦਿੱਤਾ। ਗਿੱਲ ਆਪਣੇ ਬਚਾਉ ਵਿਚ ਲੱਗ ਗਿਆ। ਅਫਵਾਹ ਇਹ ਉਡੀ ਕਿ ਇਹ ਸਾਰਾ ਕੁੱਝ ਮੈਂ ਕਰਵਾਇਆ ਹੈ, ਈਰਖਾਵੱਸ। ਇਨ੍ਹਾਂ ਕਹਾਣੀਆਂ ਵੱਲ ਮੈਂ ਤਵੱਜੋ ਨਾ ਦਿਤੀ। ਬੰਬੇ ਤੋਂ ਨਿਕਲਦੇ ਅਖਬਾਰ 'ਸੰਡੇ ਆਬਜ਼ਰਵਰ' ਨੇ ਫਰੰਟ ਪੇਜ ਉਪਰ ਸਾਰਾ ਕੁੱਝ ਛਾਪ ਦਿੱਤਾ। ਆਬਜ਼ਰਵਰ ਨੇ ਕਹਾਣੀ ਕਿਥੋਂ ਲਈ, ਮੈਂ ਜਾਣਨਾ ਚਾਹਿਆ। ਪਤਾ ਲੱਗਾ ਕਿ ਰੇਅ ਦੇ ਦਫਤਰ ਵਿਚ ਇਕ ਜੁਆਨ ਆਈ.ਏ.ਐਸ. ਅਫਸਰ ਦਾ ਚਚੇਰਾ ਭਰਾ 'ਸੰਡੇ ਆਬਜ਼ਰਵਰ' ਦਾ ਰਿਪੋਰਟਰ ਹੈ, ਅਫਸਰ ਨੇ ਅੰਦਰਲੀ ਗੱਲ ਉਸ ਨੂੰ ਦੱਸ ਦਿਤੀ। ਇਹ ਝੂਠੀ ਸੂਚਨਾ ਗਵਰਨਰ ਦੇ ਦਫਤਰ ਵਿਚਲੇ ਟੈਲੀਫੋਨ ਰਾਹੀਂ ਦਿੱਤੀ ਗਈ। ਇਹ ਅਫਸਰ ਬੜਾ ਹੰਕਾਰਿਆ ਹੋਇਆ ਸੀ। ਮੈਂ ਕੁਝ ਨਾ ਕਿਹਾ, ਸਰਵਿਸ ਕਰਦਿਆਂ ਆਪੇ ਸਬਕ ਸਿੱਖ ਜਾਵੇਗਾ; ਹੁਣੇ ਇਹਦਾ ਕੈਰੀਅਰ ਕਾਹਨੂੰ ਖਰਾਬ ਕਰਨਾ! ਮੈਨੂੰ ਗਿਲਾ ਅਖਬਾਰ ਉਪਰ ਸੀ। ਸੰਪਾਦਕ ਅਤੇ ਪ੍ਰੈਸ ਕੌਂਸਲ ਨੂੰ ਮੈਂ ਖਤ ਲਿਖੇ। ਆਖਰ ਸੰਪਾਦਕ ਨੂੰ ਮੁਆਫੀ ਮੰਗਣੀ ਪਈ...ਸੰਪਾਦਕ ਜਿਹੜਾ ਮੇਰਾ ਦੋਸਤ ਸੀ।

**ਪੰਨਾ 333:** 9 ਮਈ 1988; ਦੁਪਹਿਰ ਸਵਾ ਇਕ ਵਜੇ ਐਸ.ਐਸ. ਵਿਰਕ ਡੀ.ਆਈ.ਜੀ. ਸੀ.ਆਰ.ਪੀ. ਨੂੰ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਗੋਲੀ ਵੱਜੀ ਜਿਸ ਨਾਲ ਉਸ ਦਾ ਜਬਾੜਾ ਉਡ ਗਿਆ, ਬਾਰੀਕ ਸਰਜਰੀ ਦੀ ਲੋੜ ਪਈ। ਦਰਬਾਰ ਸਾਹਿਬ ਦੇ ਅੰਦਰ ਜਿਹੜੀ ਕਿਲਾਬੰਦੀ ਕੀਤੀ ਹੋਈ ਸੀ, ਉਸ ਦੇ ਮੁਕਾਬਲੇ ਪਰਿਕਰਮਾ ਦੇ ਬਾਹਰ ਸੀ.ਆਰ.ਪੀ. ਵੱਲੋਂ ਮੋਰਚੇ ਬਣਾਏ ਗਏ ਸਨ। ਵਿਰਕ ਉਨ੍ਹਾਂ ਦਾ ਮੁਆਇਨਾ ਕਰਦਾ ਫਿਰ ਰਿਹਾ ਸੀ। ਦੋ ਸਾਲ ਪਹਿਲਾਂ ਕੱਢੇ ਗਏ ਖਾੜਕੂ ਹੌਲੀ-ਹੌਲੀ ਫੇਰ ਅੰਦਰ ਘੁਸ ਆਏ। ਉਦੋਂ ਕੁਝ ਦੇਰ ਤੱਕ ਪੁਲਿਸ ਅੰਦਰ ਰਹੀ, ਪਰ ਸਿੱਖਾਂ ਦੀ ਨਫ਼ਰਤ ਸਦਕਾ ਵਾਪਸ ਬੁਲਾਣੀ ਪਈ। ਪੁਲਸੀਆਂ ਨੂੰ ਤਾਂ ਔਰਤਾਂ ਮਿਹਣੇ ਮਾਰ ਜਾਂਦੀਆਂ। ਅਕਾਲੀ ਪੱਖੀ ਬ੍ਰਿਗੇਡੀਅਰ ਮਹਿੰਦਰ ਸਿੰਘ ਵੱਲੋਂ ਤਿਆਰ ਕੀਤੀ ਫੋਰਸ ਵੀ ਬੇਕਾਰ ਹੋ ਗਈ। ਅਕਾਲ ਤਖਤ ਦੇ ਜਥੇਦਾਰ ਜਸਬੀਰ ਸਿੰਘ (ਸੰਤ ਜਰਨੈਲ ਸਿੰਘ ਦਾ ਭਤੀਜਾ) ਵਲੋਂ ਕੀਤੀਆਂ ਕੋਸ਼ਿਸ਼ਾਂ ਵਿਅਰਥ ਰਹੀਆਂ। ਪ੍ਰਾਈਮ ਮਿਨਿਸਟਰ ਦਫਤਰ ਦੇ ਸਕੱਤਰ ਕੈਪਟਨ ਸਤੀਸ਼ ਸ਼ਰਮਾ ਨੇ ਜੈਨ ਸੰਤ ਸੁਸ਼ੀਲ ਮੁਨੀ ਰਾਹੀਂ ਯਤਨ ਕੀਤਾ। ਇਹ ਮੁਨੀ ਧਰਮ ਦੀ ਸਿਆਸਤ ਖੇਡਣ ਵਿਚ ਰੁਚਿਤ ਸੀ। ਮੁਨੀ ਦਾ ਦਾਅਵਾ ਸੀ ਕਿ ਉਹ ਖਾੜਕੂਆਂ ਨੂੰ ਗੱਲਬਾਤ ਲਈ ਮਨਾ ਲਏਗਾ। ਕੇਂਦਰੀ ਕਾਂਗਰਸ ਪਾਰਟੀ ਆਪਣੀਆਂ ਵਿਉਂਤਾਂ ਬਣਾ ਰਹੀ ਸੀ। ਮੈਂ ਚੰਡੀਗੜ੍ਹੋਂ ਜਹਾਜ਼ ਰਾਹੀਂ ਅੰਮ੍ਰਿਤਸਰ ਤੁਰਨ ਲੱਗਾ ਸਾਂ ਜਦੋਂ ਸ਼ਰਮੇ ਦਾ ਫੋਨ ਆਇਆ। ਉਸ ਨੇ ਮੈਨੂੰ ਕਿਹਾ ਕਿ ਸੀ.ਆਰ.ਪੀ. ਨੂੰ ਪਿੱਛੇ ਹਟਾ ਲਉ, ਬਾਹਰੋਂ ਕੁਝ ਖਾੜਕੂ ਅੰਦਰਲਿਆਂ ਨਾਲ ਗੱਲਬਾਤ ਕਰਨ ਵਾਸਤੇ ਆ ਰਹੇ ਹਨ। ਮੈਂ ਉਸ ਨੂੰ ਕਾਹਨੂੰ ਦੱਸਣਾ ਸੀ ਕਿ ਸੰਭਵ ਹੱਲ ਤਾਂ ਮੇਰੇ ਇਨਕਾਰ ਕਾਰਨ ਤਾਰਪੀਡੋ ਹੋ ਚੁੱਕਾ ਹੈ। ਜੇ ਕਿਤੇ ਅਕਲ ਦਲੀਲ ਰਾਹੀਂ ਰਸਤਾ ਨਿਕਲ ਸਕਦਾ, ਮੇਰੇ ਵਰਗਾ ਖੁਸ਼ ਆਦਮੀ ਹੋਰ ਕੌਣ ਹੋਣਾ ਸੀ? ਮੈਨੂੰ ਪਤਾ ਸੀ ਇਹ ਸਭ ਕੁਝ ਬੇਕਾਰ ਹੈ, ਪਰ ਮੇਰੀ ਕੌਣ ਸੁਣੇ?

ਮੈਂ ਅੰਮ੍ਰਿਤਸਰ ਆਪਣੀਆਂ ਫੋਰਸਾਂ ਨੂੰ ਕੁਝ ਦਿਨ ਹੋਰ ਆਰਾਮ ਕਰਨ ਲਈ ਕਿਹਾ। ਉਹ ਮੰਨ ਤਾਂ ਗਏ ਪਰ ਗੁੱਸੇ ਨਾਲ, ਹਿਚਕਚਾਉਂਦੇ ਹੋਏ। ਮੈਂ ਵਿਸਥਾਰ ਨਾਲ ਕੋਈ ਗੱਲ ਨਾ ਦੱਸੀ, ਇਹੀ ਕਿਹਾ-ਹੁਕਮ ਆਇਆ ਹੈ। ਉਹੀ ਹੋਇਆ, ਗੱਲਬਾਤ ਫੇਲ੍ਹ ਹੋ ਗਈ, ਸੁਸ਼ੀਲ ਮੁਨੀ ਪਰਤ ਗਿਆ; ਸਾਡੀ ਗੋਦੀ ਵਿਚ ਬੱਚਾ ਫੜਾ ਗਿਆ, ਤਾਂ ਕਿ ਖਿਡਾਉਂਦੇ ਰਹੀਏ।

ਅਪਰੈਲ 1988 ਤੱਕ ਹੋਰ ਖਾੜਕੂ ਅੰਦਰ ਪਹੁੰਚ ਗਏ। ਅਫਵਾਹ ਸੀ ਕਿ ਦਰਬਾਰ ਸਾਹਿਬ ਅੰਦਰ ਉਹ ਲੋਕਾਂ ਨੂੰ ਤਸੀਹੇ ਦੇ ਰਹੇ ਹਨ; ਪਤਾ ਲੱਗਾ, ਕੁਝ ਲੋਕਾਂ ਨੂੰ ਜਾਸੂਸ ਸਮਝ ਕੇ ਜਾਂ ਦਗੇਬਾਜ਼ ਕਹਿ ਕੇ ਮਾਰ ਵੀ ਦਿੱਤਾ ਸੀ। ਸਾਡੇ ਕੋਲ ਇਨ੍ਹਾਂ ਗੱਲਾਂ ਦੀ ਪੜਤਾਲ ਵਾਸਤੇ ਕੋਈ ਸਾਧਨ, ਸਬੂਤ ਨਹੀਂ ਸਨ। ਸਾਨੂੰ ਤਾਂ ਇੰਨਾ ਪਤਾ ਸੀ ਕਿ ਅੰਦਰ ਮੋਰਚਾਬੰਦੀ ਹੋ ਚੁੱਕੀ ਹੈ ਤੇ ਸਮਾਂ ਆਉਣ 'ਤੇ ਸਾਨੂੰ ਕਿਹਾ ਜਾਏਗਾ, ਇਨ੍ਹਾਂ ਨੂੰ ਬਾਹਰ ਕੱਢੋ।



*ਆਈ.ਏ.ਐਸ. ਅਫਸਰ ਰੂਪਨ ਦਿਉਲ ਬਜਾਜ ਜਿਸ ਨੇ ਕੇ.ਪੀ.ਐਸ. ਗਿੱਲ ਦੀਆਂ ਗੁੱਡੀਆਂ ਘੁਮਾ ਛੱਡੀਆਂ।*

ਸਿੱਖ ਸੰਗਤ ਦੋ ਗੱਲਾਂ ਕਾਰਨ ਔਖੀ ਸੀ। ਇਕ ਤਾਂ ਦਰਬਾਰ ਸਾਹਿਬ ਮੱਥਾ ਟੇਕਣ ਜਾਂਦੇ ਯਾਤਰੂਆਂ ਦੀ ਸਖਤ ਤਲਾਸ਼ੀ ਹੁੰਦੀ, ਦੂਜੇ ਅੰਦਰ ਜਾਣ ਵਾਲਿਆਂ ਨੂੰ ਪਤਾ ਸੀ ਕਿ ਖਾੜਕੂ ਕਿਸੇ ਨੂੰ ਵੀ ਫੜ ਕੇ ਤਸੀਹੇ ਦੇ ਸਕਦੇ ਹਨ, ਸ਼ੱਕੀ ਬੰਦਿਆਂ ਨੂੰ ਮਾਰ ਦਿੰਦੇ ਹਨ। ਪੂਰੇ ਬੇਕਸੂਰ ਲੋਕ ਇਸ ਹਿਸਾਬ ਆਪਣੀਆਂ ਜਾਨਾਂ ਗੁਆ ਚੁਕੇ ਸਨ। ਸਾਰੇ ਅਫਸਰ ਮੈਨੂੰ ਕਹਿ ਰਹੇ ਸਨ ਕਿ ਜੁਆਨ ਤਿਆਰ ਹਨ, ਦੇਰ ਨਾ ਕਰੀਏ; ਪਰ ਮੈਂ ਉਨ੍ਹਾਂ ਦੀਆਂ ਲਗਾਮਾਂ ਕੱਸ ਰੱਖੀਆਂ ਸਨ। ਉਨ੍ਹਾਂ ਦਾ ਖਿਆਲ ਸੀ, ਦੇਰ ਕਰਨ ਨਾਲ ਨੁਕਸਾਨ ਹੋਏਗਾ, ਮੈਂ ਸੋਚਦਾ ਸਾਂ ਕਾਹਲ ਨੁਕਸਾਨ ਕਰੇਗੀ।

ਦਰਬਾਰ ਸਾਹਿਬ ਦੀ ਅੱਠੇ ਪਹਿਰ ਇਕ ਮਰਿਆਦਾ ਹੈ। ਜੇ ਲੰਮਾ ਸਮਾਂ ਫੋਰਸਾਂ ਨੂੰ ਅੰਦਰ ਰਹਿਣਾ ਪਿਆ ਤਾਂ ਮਰਿਆਦਾ ਭੰਗ ਹੋਣ ਨਾਲ ਸਿੱਖ ਨਾਰਾਜ਼ ਹੋਣਗੇ। ਸਰਬਜੀਤ ਸਿੰਘ ਵਿਰਕ ਇਸ ਧਾਰਨਾ ਦੇ ਉਲਟ ਸੀ, ਉਸ ਦਾ ਆਖਣਾ ਸੀ ਕਿ ਪੇਂਡੂ ਲੋਕ ਖਾੜਕੂਆਂ ਦੀਆਂ ਕਰਤੂਤਾਂ ਤੋਂ ਇੰਨੇ ਦੁਖੀ ਹੋਏ ਪਏ ਹਨ ਕਿ ਉਹ ਕੋਈ ਪ੍ਰਤੀਕਰਮ ਨਹੀਂ ਕਰਨਗੇ। ਇਹ ਗੱਲਾਂ ਹੋ ਰਹੀਆਂ ਸਨ ਕਿ ਗਿੱਲ ਆ ਗਿਆ। ਉਸ ਨੇ ਕਿਹਾ-ਦੋ ਤਿੰਨ ਦਿਨ ਘੇਰਾਬੰਦੀ ਕਰਨ ਬਾਅਦ ਦਰਬਾਰ ਸਾਹਿਬ ਖਾਲੀ ਕਰਵਾ ਲਈਏ। ਮੈਂ ਕਿਹਾ-ਤੁਹਾਡੀਆਂ ਰਾਵਾਂ ਮੈਂ ਰੇਅ ਅਤੇ ਰਾਜੀਵ ਗਾਂਧੀ ਤੱਕ ਪੁਚਾ ਕੇ ਫੈਸਲਾ ਕਰਾਂਗਾ।

**ਪੰਨਾ 336:** ਐਨ.ਐਸ.ਜੀ. ਗਾਰਦ ਦਿੱਲੀ ਤੋਂ ਅੰਮ੍ਰਿਤਸਰ ਪੁੱਜ ਚੁੱਕੀ ਸੀ; ਮੈਂ ਅੰਮ੍ਰਿਤਸਰ ਤੋਂ ਚੰਡੀਗੜ੍ਹ, ਰੇਅ ਨਾਲ ਦਿੱਲੀ ਰਾਜੀਵ ਗਾਂਧੀ ਕੋਲ ਗਿਆ। ਆਈ.ਬੀ. ਡਾਇਰੈਕਟਰ ਨਾਰਾਇਣਨ ਅਤੇ ਅੰਦਰੂਨੀ ਸੁਰੱਖਿਆ ਮੰਤਰੀ ਚਿਦੰਬਰਮ ਆਏ ਬੈਠੇ ਸਨ। ਇਹ ਦੋ ਬੰਦੇ ਆਪ੍ਰੇਸ਼ਨ ਬਲੈਕ ਥੰਡਰ-2 ਦੇ ਥਿੰਕ ਟੈਂਕ ਸਨ। ਇਹ ਦਿਖਾਈ ਨਹੀਂ ਦਿੰਦੇ ਸਨ, ਸੀਨ ਦੇ ਪਿਛਲੇ ਪਾਸੇ ਸਰਕਾਰ ਦੀਆਂ ਅੱਖਾਂ ਅਤੇ ਕੰਨ ਇਹੋ ਦੋ ਬੰਦੇ ਸਨ, ਰਾਜੀਵ ਗਾਂਧੀ ਦੇ ਭਰੋਸੇਯੋਗ ਸਲਾਹਕਾਰ।

ਨਾਰਾਇਣਨ ਨੇ ਪਿੰਡਾਂ ਵਿਚਲੀ ਸਥਿਤੀ ਜਾਣਨੀ ਚਾਹੀ, ਖਬਰ ਮਿਲੀ ਕਿ ਪੇਂਡੂ ਸਿੱਖ ਦਰਬਾਰ ਸਾਹਿਬ ਅੰਦਰਲੇ ਖਾੜਕੂਆਂ ਕਾਰਨ ਦੁਖੀ ਹਨ; ਜੇ ਆਪ੍ਰੇਸ਼ਨ ਕਰ ਦੇਈਏ, ਕੋਈ ਹਲਚਲ ਨਹੀਂ ਹੋਵੇਗੀ। ਇਸ ਗੱਲ ਦਾ ਪਤਾ ਉਦਣੇ ਹੀ ਲੱਗ ਗਿਆ ਜਦ ਬਰਖਾਸਤ ਕੀਤੇ ਗਏ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਐਲਾਨ ਕੀਤਾ ਕਿ ਦਰਬਾਰ ਸਾਹਿਬ ਦੀ ਘੇਰਾਬੰਦੀ ਚੁੱਕਣ ਲਈ ਜਥਾ ਲੈ ਕੇ ਜਾਵਾਂਗਾ। ਉਸ ਨਾਲ ਜਾਣ ਲਈ ਕੋਈ ਤਿਆਰ ਨਹੀਂ ਸੀ। ਸੋ, ਇਨ੍ਹਾਂ ਦੀ ਕੋਸ਼ਿਸ਼ ਨਾਕਾਮ ਰਹੀ। ਗ੍ਰਿਫਤਾਰੀ ਦੇ ਕੇ ਸਬਰ ਸ਼ੁਕਰ ਕੀਤਾ।

ਸਾਫ ਹੋ ਗਿਆ ਕਿ ਲੋਕਾਂ ਦੀ ਖਾੜਕੂਆਂ ਨਾਲ, ਉਨ੍ਹਾਂ ਦੇ ਕੰਮ ਢੰਗ ਨਾਲ ਕੋਈ ਹਮਦਰਦੀ ਨਹੀਂ ਸੀ। ਪੰਜਵੇਂ ਦਿਨ ਤੱਕ ਗਿੱਲ ਬੇਚੈਨ ਹੋ ਗਿਆ। ਮਈ 14 ਨੂੰ ਮੇਰੇ ਕੋਲ ਰੇਅ ਦਾ ਫੋਨ ਆਇਆ ਕਿ ਗਿੱਲ ਨੂੰ ਲੈ ਕੇ ਜਹਾਜ਼ ਰਾਹੀਂ ਦਿੱਲੀ ਪੁੱਜੋ। ਅੱਧੀ ਰਾਤ ਅਸੀਂ ਦਿੱਲੀ ਪ੍ਰਧਾਨ ਮੰਤਰੀ ਦੀ ਕੋਠੀ ਪੁੱਜ ਗਏ। ਪ੍ਰਧਾਨ ਮੰਤਰੀ ਨੇ ਗਿੱਲ ਦੀਆਂ ਦਲੀਲਾਂ ਸ਼ਾਂਤ ਚਿੱਤ ਨਾਲ ਸੁਣੀਆਂ; ਫਿਰ ਵੀ ਇਹ ਕਿਹਾ ਕਿ ਦੇਰ ਬੇਸ਼ੱਕ ਹੋ ਜਾਵੇ, ਕਾਹਲ ਵਿਚ ਕੋਈ ਨੁਕਸਾਨ ਨਾ ਕਰਾ ਬੈਠਣਾ।

ਮੈਂ ਪ੍ਰਧਾਨ ਮੰਤਰੀ ਨੂੰ ਕਿਹਾ-ਪਰਿਕਰਮਾ ਵਿਚ ਖਾੜਕੂ ਸ਼ਰੇਆਮ ਹਥਿਆਰ ਫੜੀ ਘੁੰਮਦੇ ਫਿਰ ਰਹੇ ਹਨ। ਆਗਿਆ ਹੋਵੇ ਤਾਂ ਇਕ-ਦੋ ਨੂੰ ਫੁੰਡ ਦੇਈਏ। ਬਾਕੀਆਂ ਦੇ ਹੌਸਲੇ ਪਸਤ ਹੋ ਜਾਣਗੇ, ਆਤਮ ਸਮਰਪਣ ਕਰ ਦੇਣਗੇ। ਮੇਰੀ ਸਲਾਹ ਮੰਨ ਲਈ ਗਈ। ਅਸੀਂ ਦੋ-ਤਿੰਨ ਖਾੜਕੂ ਫੁੰਡ ਦਿਤੇ। ਖਾੜਕੂਆਂ ਦੀ ਮਾਯੂਸੀ ਪ੍ਰਗਟ ਹੋ ਗਈ। ਲਾਸ਼ਾਂ ਪਰਿਕਰਮਾ ਵਿਚ ਪਈਆਂ ਸਨ, ਕੋਈ ਸੰਭਾਲਣ ਲਈ ਨਹੀਂ ਸੀ ਨਿਕਲ ਰਿਹਾ; ਲਾਸ਼ਾਂ ਕੋਲ ਆਉਣ ਦਾ ਮਤਲਬ ਹੈ, ਫੁੰਡੇ ਜਾਵਾਂਗੇ।

ਅਗਲੇ ਦਿਨ ਸਵੇਰੇ ਪੰਜ ਵਜੇ ਚੰਡੀਗੜ੍ਹ ਆ ਗਏ, ਇਸੇ ਜਹਾਜ਼ ਵਿਚ ਗਿੱਲ ਅੰਮ੍ਰਿਤਸਰ ਚਲਾ ਗਿਆ। ਪੰਜ ਦਿਨ ਅਤੇ ਰਾਤਾਂ ਕੰਮ ਲੱਗਾ ਰਿਹਾ, ਮੈਂ ਉਸ ਦੀ ਤਾਕਤ ਦੇਖ ਕੇ ਹੈਰਾਨ ਹੋ ਗਿਆ। ਵਿਦੇਸ਼ੀ ਮੀਡੀਆ ਇਸ ਕਾਰਵਾਈ ਨੂੰ ਕਵਰ ਕਰ ਰਿਹਾ ਸੀ। ਗਿੱਲ ਦੀ ਅੰਗਰੇਜ਼ੀ ਸ਼ਾਨਦਾਰ ਹੈ। ਚਿਦੰਬਰਮ ਦੀ ਚਿੰਤਾ ਨੂੰ ਨਜ਼ਰਅੰਦਾਜ਼ ਕਰ ਕੇ ਗਿੱਲ ਨੇ ਟੈਲੀਵਿਜ਼ਨ ਸਟਾਫ ਨੂੰ ਅਜਿਹੀ ਥਾਂ ਬਿਠਾਇਆ ਜਿਥੋਂ ਸੰਸਾਰ ਇਸ ਐਕਸ਼ਨ ਨੂੰ ਲਾਈਵ ਦੇਖ ਸਕੇ।

ਸਵੇਰੇ ਸੱਤ ਵਜੇ ਮੈਂ ਸੌਣ ਹੀ ਲੱਗਾ ਸਾਂ ਕਿ ਗਿੱਲ ਦਾ ਫੋਨ ਆ ਗਿਆ। ਉਹ ਬਹੁਤ ਬੇਚੈਨ ਸੀ, ਗੁੱਸੇ ਵਿਚ ਸੀ। ਉਸ ਨੇ ਦੱਸਿਆ ਕਿ ਐਨ.ਐਸ.ਜੀ. ਮੇਰਾ ਹੁਕਮ ਨਹੀਂ ਮੰਨਦੇ; ਸੋ, ਮੈਂ ਆਪਣੇ ਆਦਮੀਆਂ ਨਾਲ ਅੰਦਰ ਹਮਲਾ ਕਰਨ ਲੱਗਾ ਹਾਂ। ਐਨ.ਐਸ.ਜੀ. ਨੇ ਕਹਿ ਦਿਤਾ ਸੀ-ਦਿੱਲੀ ਤੋਂ ਹੁਕਮ ਮਿਲੇਗਾ, ਅੰਦਰ ਜਾਵਾਂਗੇ; ਗਿੱਲ ਸਾਡਾ ਹਾਕਮ ਨਹੀਂ। ਮੈਂ ਗਿੱਲ ਨੂੰ ਕਿਹਾ-ਇਕ ਘੰਟਾ ਉਡੀਕ, ਮੈਂ ਗੱਲ ਕਰਦਾ ਹਾਂ। ਘੰਟਾ ਤਾਂ ਲੱਗਿਆ ਈ ਨਹੀਂ। ਐਨ.ਐਸ.ਜੀ. ਨੂੰ ਅੰਦਰ ਜਾਣ ਦਾ ਹੁਕਮ ਮਿਲ ਗਿਆ। ਨਾਰਾਇਣਨ ਦੇ ਕਹਿਣ 'ਤੇ ਐਨ.ਐਸ.ਜੀ. ਨੇ ਆਰਾਮ ਨਾਲ, ਯੋਗਤਾ ਨਾਲ ਅੰਦਰਲਾ ਕੰਮ-ਕਾਜ ਨਿਬੇੜ ਲਿਆ।

**ਪੰਨਾ 339:** ਨਿਰਾਸ਼, ਘਿਰੇ ਹੋਏ ਖਾੜਕੂਆਂ ਨੇ ਟੁਕੜੀਆਂ ਵਿਚ ਦਰਬਾਰ ਸਾਹਿਬ ਵਿਚੋਂ ਬਾਹਰ ਆਉਣਾ ਸ਼ੁਰੂ ਕਰ ਦਿੱਤਾ। ਬੇਕਸੂਰ ਸ਼ਰਧਾਲੂ ਛੱਡ ਦਿੱਤੇ ਗਏ। ਇਕ ਖਾੜਕੂ ਲੀਡਰ ਨੇ ਸਾਇਨਾਈਡ ਨਿਗਲ ਲਿਆ ਤੇ ਸਭ ਦੇ ਸਾਹਮਣੇ ਮਰ ਗਿਆ, ਬਾਕੀਆਂ ਨੂੰ ਤਫਤੀਸ਼ ਵਾਸਤੇ ਹਿਰਾਸਤ ਵਿਚ ਲੈ ਲਿਆ। ਤੀਹ ਸਖਤ ਜਾਨ ਖਾੜਕੂ ਦਰਬਾਰ ਸਾਹਿਬ ਅੰਦਰ ਬੈਠੇ ਰਹੇ, ਬਾਹਰ ਆਉਣ ਤੋਂ ਇਨਕਾਰ ਕਰ ਦਿੱਤਾ। ਵਾਰ-ਵਾਰ ਲਾਊਡਸਪੀਕਰ ਰਾਹੀਂ ਬਾਹਰ ਆਉਣ ਲਈ ਕਿਹਾ, ਕੋਈ ਅਸਰ ਨਹੀਂ। ਕੁੱਝ ਬਰਤਨਾਂ ਵਿਚ ਉਨ੍ਹਾਂ ਨੇ ਟੱਟੀ-ਪੇਸ਼ਾਬ ਕੀਤਾ ਹੋਇਆ ਸੀ। ਆਖਰ ਉਹ ਵੀ ਬਾਹਰ ਆ ਗਏ। ਇਕ ਕਤਾਰ ਵਿਚ, ਹਥਿਆਰ ਸਿਰਾਂ ਉਪਰ ਰੱਖ ਕੇ ਉਹ ਬਾਹਰ ਨਿਕਲੇ। ਉਨ੍ਹਾਂ ਵਿਚੋਂ ਇਕ ਨੇ ਲਾਈਨ ਤੋੜ ਕੇ ਭੱਜਣਾ ਚਾਹਿਆ ਜਿਸ ਨੂੰ ਗੋਲੀ ਨਾਲ ਫੁੰਡ ਦਿੱਤਾ ਗਿਆ, ਦੂਜਿਆਂ ਨੂੰ ਕੰਨ ਹੋ ਗਏ। ਸਾਰਾ ਸੀਨ ਦੁਨੀਆਂ ਨੇ ਟੀ.ਵੀ. ਉਪਰ ਲਾਈਵ ਦੇਖਿਆ। ਦੋ-ਤਿੰਨ ਸਾਲ ਵਿਸ਼ੇਸ਼ ਅਦਾਲਤ ਵਿਚ ਮੁਕੱਦਮਾ ਚਲਦਾ ਰਿਹਾ, ਆਖਰ ਸਾਰੇ ਬਰੀ ਹੋ ਗਏ। ਇੰਨੇ ਪੁਖਤਾ ਸਬੂਤ ਹੋਣ ਦੇ ਬਾਵਜੂਦ ਬਰੀ ਹੋਣ ਦਾ ਅਰਥ ਹੈ, ਖਾੜਕੂ ਨੂੰ ਸਜ਼ਾ ਨਹੀਂ ਹੋ ਸਕਦੀ।

ਇਸ ਆਪ੍ਰੇਸ਼ਨ ਪਿਛੋਂ ਅੰਦਰ ਫੋਲਾ-ਫਾਲੀ ਕੀਤੀ ਤਾਂ ਮਲਬੇ ਦੇ ਢੇਰ ਵਿਚੋਂ 60 ਪਿੰਜਰ ਮਿਲੇ। ਖਾੜਕੂਆਂ ਵੱਲੋਂ ਤਸੀਹੇ ਦੇ ਕੇ ਮਾਰੇ ਗਏ ਲੋਕਾਂ ਦੇ ਪਿੰਜਰ। ਹਰ ਰੋਜ਼ ਖੁਦਾਈ ਵਿਚੋਂ ਹੋਰ ਲਾਸ਼ਾਂ ਮਿਲ ਜਾਂਦੀਆਂ। ਇਹ ਸੀਨ ਵੀ ਟੀ.ਵੀ. ਉਪਰ ਦਿਖਾਏ ਗਏ। ਸਿੱਖ ਸੰਗਤ ਬੁਰੀ ਤਰ੍ਹਾਂ ਝੰਜੋੜੀ ਗਈ, ਪਤਾ ਸੀ ਸਭ ਸੱਚ ਹੈ; ਪਰ ਪੰਥ ਇਸ ਨੁਮਾਇਸ਼ ਨੂੰ ਬੰਦ ਕਰਵਾਉਣੀ ਚਾਹੁੰਦਾ ਸੀ।

ਇਸ ਦੂਜੇ ਬਲੈਕ ਥੰਡਰ ਆਪ੍ਰੇਸ਼ਨ ਦਾ ਹੀਰੋ ਗਿੱਲ ਸੀ, ਦੂਜਾ ਡੀ.ਸੀ. ਸਰਬਜੀਤ ਸਿੰਘ, ਜਿਸ ਨੇ ਸਾਬਤ ਕੀਤਾ ਕਿ ਸਿਵਲ ਅਫਸਰਾਂ ਕੋਲ ਵਧੀਕ ਜਾਣਕਾਰੀ ਹੁੰਦੀ ਹੈ, ਕਿਉਂਕਿ ਉਹ ਲੋਕਾਂ ਦੇ ਨੇੜੇ ਹਨ। ਗਿੱਲ ਨੂੰ ਇਨ੍ਹਾਂ ਸੇਵਾਵਾਂ ਸਦਕਾ ਪਦਮਸ੍ਰੀ ਖਿਤਾਬ ਮਿਲਿਆ। ਉਸ ਕੋਲ ਇਹ ਖਿਤਾਬ ਹਾਸਲ ਕਰਨ ਦੀ ਯੋਗਤਾ ਹੈ ਸੀ।

**ਪੰਨਾ 341:** ਖਾੜਕੂਵਾਦ ਦੇ ਮੁੱਦੇ 'ਤੇ ਪੰਜਾਬੀ ਸਮਾਜ ਫਿਰਕੂ ਆਧਾਰ 'ਤੇ ਪਾਟ ਚੁੱਕਾ ਸੀ। ਜਦੋਂ ਕੋਈ ਖਾੜਕੂ ਮਾਰਿਆ ਜਾਂਦਾ, ਹਿੰਦੂ ਖੁਸ਼ ਹੁੰਦੇ; ਸਿੱਖ ਇਸ ਨੂੰ ਝੂਠਾ ਪੁਲਿਸ ਮੁਕਾਬਲਾ ਆਖ ਕੇ ਨਿੰਦਦੇ। ਦੋਸ਼ ਹੁੰਦਾ-ਮਾਸੂਮ ਸਿੱਖ ਮੁੰਡੇ ਫੜ-ਫੜ ਕੇ ਮਾਰੇ ਜਾ ਰਹੇ ਹਨ। ਕੁੱਝ ਹਿੰਦੂ ਬੁੱਧੀਜੀਵੀ ਵੀ ਝੂਠੇ ਮੁਕਾਬਲਿਆਂ ਖਿਲਾਫ ਆਵਾਜ਼ ਉਠਾਉਂਦੇ। ਉਹ ਆਰਮੀ ਸਿੱਖ ਜਰਨੈਲ ਜਿਨ੍ਹਾਂ ਨੇ ਉਤਰ ਪੂਰਬੀ ਭਾਰਤ ਵਿਚ, ਬੰਗਲਾਦੇਸ਼ ਵਿਚ ਇਸੇ ਤਰ੍ਹਾਂ ਦੇ ਐਕਸ਼ਨ ਕੀਤੇ ਸਨ, ਇਨ੍ਹਾਂ ਮੁਕਾਬਲਿਆਂ ਨੂੰ ਨਿੰਦਦੇ।

ਕੋਈ ਭਾਈਚਾਰਾ ਆਪਣੇ ਹੀ ਬੰਦਿਆਂ ਦੇ ਖਿਲਾਫ ਕਿਵੇਂ ਹੋ ਸਕਦਾ ਹੈ? ਆਇਰਲੈਂਡ ਦੇ ਕੈਥੋਲਿਕ ਪਾਦਰੀ ਦਹਿਸ਼ਤਵਾਦ ਦੇ ਖਿਲਾਫ ਹਨ, ਪਰ ਉਨ੍ਹਾਂ ਦੀ ਆਈ.ਆਰ.ਏ. ਜਥੇਬੰਦੀ ਨਾਲ ਪੂਰੀ ਹਮਦਰਦੀ ਹੈ। ਜਦੋਂ ਮੈਂ ਪੁਲਿਸ ਚੀਫ ਸਾਂ, ਕੈਥੋਲਿਕ ਲੇਖਕ ਅਤੇ ਨੇਤਾ ਕੋਨੋਰ ਕਰੂਜ਼ ਮੈਨੂੰ ਚੰਡੀਗੜ੍ਹ ਦਫਤਰ ਵਿਚ ਮਿਲਿਆ। ਉਹ

(ਬਾਕੀ ਅਗਲੇ ਸਫੇ 'ਤੇ)

*ਕੋਈ ਕਮਿਊਨਿਟੀ ਆਪਣੇ ਹੀ ਬੰਦਿਆਂ ਦੇ ਖਿਲਾਫ ਕਿਵੇਂ ਹੋ ਸਕਦੀ ਹੈ? ਆਇਰਲੈਂਡ ਦੇ ਕੈਥੋਲਿਕ ਪਾਦਰੀ ਆਤੰਕਵਾਦ ਦੇ ਖਿਲਾਫ ਹਨ, ਪਰ ਉਨ੍ਹਾਂ ਦੀ ਆਈ.ਆਰ.ਏ. ਜਥੇਬੰਦੀ ਨਾਲ ਪੂਰੀ ਹਮਦਰਦੀ ਹੈ। ਜਦੋਂ ਮੈਂ ਪੁਲਿਸ ਚੀਫ ਸਾਂ, ਕੈਥੋਲਿਕ ਲੇਖਕ ਅਤੇ ਨੇਤਾ ਕੋਨੋਰ ਕਰੂਜ਼ ਮੈਨੂੰ ਚੰਡੀਗੜ੍ਹ ਦਫਤਰ ਵਿਚ ਮਿਲਿਆ। ਉਹ ਲੁਧਿਆਣੇ ਅਕਾਲੀ ਮੀਟਿੰਗ ਦੇਖ ਕੇ ਆਇਆ ਸੀ। ਉਹ ਹੈਰਾਨ ਸੀ, ਇਕ ਵੀ ਅਕਾਲੀ ਨੇਤਾ ਨੇ ਖਾੜਕੂਆਂ ਦੀ ਨਿੰਦਿਆਂ ਨਹੀਂ ਕੀਤੀ, ਪੁਲਿਸ ਨੂੰ ਰੱਜ ਕੇ ਭੰਡਿਆ ਜਾ ਰਿਹਾ ਸੀ। ਉਸ ਨੇ ਦੇਖਿਆ, ਸਾਰੇ ਅਕਾਲੀ ਲੀਡਰਾਂ ਦੁਆਲੇ ਪੁਲਿਸ ਦੇ ਜੁਆਨਾਂ ਦਾ ਪਹਿਰਾ ਸੀ, ਤਾਂ ਵੀ ਉਹ ਧੜੱਲੇ ਨਾਲ ਪੁਲਿਸ ਨੂੰ ਨਿੰਦ ਰਹੇ ਸਨ।*



*ਕੈਥੋਲਿਕ ਪਾਦਰੀ ਕੋਨੋਰ ਕਰੂਜ਼*

# ਪਿਉ-ਪੁੱਤਰ

ਪੰਜਾਬੀ ਸ਼ਾਇਰ ਮਰਹੂਮ ਪਾਸ਼ ਦੇ ਪਿਤਾ ਸੋਹਨ ਸਿੰਘ ਸੰਧੂ ਦਾ 25 ਜੁਲਾਈ ਨੂੰ ਕੈਲੇਫੋਰਨੀਆ (ਅਮਰੀਕਾ) ਦੇ ਸ਼ਹਿਰ ਯੂਨੀਅਨ ਸਿਟੀ ਵਿਖੇ ਦੇਹਾਂਤ ਹੋ ਗਿਆ। ਉਹ 86 ਵਰ੍ਹਿਆਂ ਦੇ ਸਨ। ਉਹ ਕੁਝ ਸਮੇਂ ਤੋਂ ਢਿੱਲੇ-ਮੱਠੇ ਸਨ। ਪਿਛਲੇ ਸਮੇਂ ਦੌਰਾਨ ਉਨ੍ਹਾਂ ਪਾਸ਼ ਜਿਸ ਨੂੰ ਖਾਲਿਸਤਾਨੀਆਂ ਨੇ 23 ਮਾਰਚ 1988 ਨੂੰ ਕਤਲ ਕਰ ਦਿੱਤਾ ਸੀ, ਬਾਰੇ ਦੋ ਅਹਿਮ ਕਿਤਾਬਾਂ ਦਾ ਸੰਪਾਦਕ ਕੀਤਾ। 'ਪਾਸ਼ ਤਾਂ ਸੂਰਜ ਸੀ' ਨਾਂ ਦੀ ਕਿਤਾਬ ਵਿਚ ਪਾਸ਼ ਬਾਰੇ ਵੱਖ-ਵੱਖ ਲੇਖਕਾਂ ਦੀਆਂ ਕਵਿਤਾਵਾਂ ਅਤੇ 'ਸਾਹਿਤ ਦਾ ਸਾਗਰ ਪਾਸ਼' ਵਿਚ ਪਾਸ਼ ਦੀ ਕਵਿਤਾ ਤੇ ਜ਼ਿੰਦਗੀ ਬਾਰੇ ਲੇਖ ਸ਼ਾਮਲ ਹਨ। ਹੁਣ ਉਨ੍ਹਾਂ ਦੀ ਇਕ ਹੋਰ ਕਿਤਾਬ ਛੇਤੀ ਹੀ ਛਪਣ ਵਾਲੀ ਹੈ ਜਿਸ ਵਿਚ ਉਨ੍ਹਾਂ ਪਾਸ਼ ਦੀ ਸਾਰੀ ਵਾਰਤਕ ਦਾ ਸੰਪਾਦਨ ਕੀਤਾ ਹੈ। ਉਹ ਖੁਦ ਸਾਹਿਤਕ ਰੁਚੀਆਂ ਵਾਲੇ ਸਨ ਅਤੇ ਪਾਸ਼ ਨੂੰ ਸਾਹਿਤ ਦੀ ਚੇਟਕ ਘਰ ਆਉਂਦੇ ਕਿਤਾਬਾਂ-ਰਸਾਲਿਆਂ ਤੋਂ ਹੀ ਲੱਗੀ ਸੀ। ਇਥੇ ਅਸੀਂ ਪਾਸ਼ ਵੱਲੋਂ ਆਪਣੇ ਪਿਤਾ ਸੋਹਨ ਸਿੰਘ ਸੰਧੂ ਨੂੰ 1973 ਵਿਚ ਲਿਖੀ ਚਿੱਠੀ ਅਤੇ ਉਸ ਦੇ ਪਿਤਾ ਵੱਲੋਂ 2009 ਵਿਚ ਆਪਣੇ ਪੁੱਤ ਪਾਸ਼ ਬਾਰੇ ਲਿਖੀ ਇਬਾਰਤ ਛਾਪ ਰਹੇ ਹਾਂ। ਇਨ੍ਹਾਂ ਲਿਖਤਾਂ ਤੋਂ ਪਿਉ-ਪੁੱਤ ਦੇ ਨਿਵੇਕਲੇ ਰਿਸ਼ਤੇ ਦੀ ਸੂਹ ਮਿਲਦੀ ਹੈ।

## ਪਿਉ ਪੁੱਤਰ ਦੀਆਂ ਪੀੜ੍ਹੀਆਂ

**1973**

ਤੁਹਾਡੇ ਵੱਲ ਵੇਖਿਆਂ ਮੈਨੂੰ ਆਪਣੀ ਕਿਸਮਤ ਬਹੁਤ ਅਮੀਰ ਲਗਦੀ ਹੈ। ਕਾਸ਼! ਮੇਰੀ ਪੀੜ੍ਹੀ ਦੇ ਹਰੇਕ ਨੌਜਵਾਨ ਕੋਲ ਤੁਹਾਡੇ ਜਿਹਾ ਪਿਤਾ ਹੁੰਦਾ। ਮੈਨੂੰ ਇਕ ਖਿਝ ਜਿਹੀ ਕਈ ਵਰ੍ਹਿਆਂ ਤੋਂ ਬੇਚੈਨ ਕਰੀ ਆਉਂਦੀ ਹੈ ਕਿ ਮੈਂ ਤੁਹਾਡੇ ਲਈ ਓਨਾ ਚੰਗਾ ਕਿਉਂ ਨਹੀਂ ਬਣ ਸਕਿਆ ਜਿੰਨਾ ਤੁਹਾਡਾ ਹੱਕ ਏ। ਇਹ ਖਿਝ ਓਦੋਂ ਵੀ ਮੇਰੀਆਂ ਅੱਖਾਂ 'ਚ ਸੀ ਜਦੋਂ ਆਪਾਂ ਪਿਛਲੀ ਵੇਰ ਵਿਛੜੇ ਸਾਂ ਤੇ ਹੁਣ ਵੀ ਮੇਰੇ ਦਿਲ 'ਚ ਹੈ ਜਦ ਕਿ ਮੈਂ ਖਤ ਲਿਖ ਰਿਹਾ ਹਾਂ।

ਖਤ ਨੂੰ ਦੇਰੀ ਇਸ ਲਈ ਹੋਈ ਕਿ ਮੈਂ ਤੁਹਾਡੇ ਕੋਲ ਝੂਠ ਨਹੀਂ ਬੋਲਣਾ ਚਾਹੁੰਦਾ ਸਾਂ। ਆਪਣੇ ਬਾਰੇ ਇਕ ਵਧੀਆ ਪਿਤਾ ਨੂੰ ਝੂਠ-ਮੂਠ ਦੀਆਂ ਤਸੱਲੀਆਂ ਦੇਣਾ ਕੋਈ ਚੰਗੀ ਗੱਲ ਨਹੀਂ। ਦਰਅਸਲ ਮੈਂ ਆਪਣੇ ਆਪ ਨੂੰ ਫੈਸਲਾ ਕਰਨ ਲਈ ਮਨਾ ਰਿਹਾ ਸਾਂ ਜਿਸ ਦੀ ਤੁਹਾਡੇ ਖਤ ਵਿਚ ਮੰਗ ਸੀ। ਤੇ ਹੁਣ ਮੈਂ ਆਪਣੇ ਆਪ 'ਤੇ ਕਾਬੂ ਪਾਉਣ ਦਾ ਫੈਸਲਾ ਕਰ ਲਿਆ ਹੈ। ਮੈਂ ਕੋਸ਼ਿਸ਼ ਕਰਾਂਗਾ ਕਿ ਹਮੇਸ਼ਾ ਇਸ ਫੈਸਲੇ 'ਤੇ ਕਾਇਮ ਰਹਾਂ।

ਮੈਨੂੰ ਮੰਨਣਾ ਪੈਂਦਾ ਹੈ ਕਿ ਜ਼ਿੰਦਗੀ ਵਿਚ ਮੈਂ ਬਹੁਤਾ ਸਿਆਣਾ ਨਹੀਂ ਹਾਂ। ਪਿਉ ਪੁੱਤਰ ਦੀਆਂ ਪੀੜ੍ਹੀਆਂ ਦੇ ਜ਼ਿੰਦਗੀ ਵਿਚਲੇ ਬੁਰੇ ਭਲੇ ਨੂੰ ਪਰਖਣ ਲਈ ਕੁਝ ਕੁ ਵੱਖਰੇ ਮਾਪ ਜ਼ਰੂਰ ਹੁੰਦੇ ਹਨ, ਪਰ ਏਨੇ ਨਹੀਂ ਕਿ ਵਖਰਾਅ ਦੀ ਆੜ ਵਿਚ ਹਰ ਗਲਤੀ ਨੂੰ ਜਾਇਜ਼ ਠਹਿਰਾਇਆ ਜਾ ਸਕੇ। ਅਸਲ ਵਿਚ ਵਿਗਿਆਨ ਦੀ ਤਰੱਕੀ ਨਾਲ ਲੋਕਾਂ ਦਾ ਜੀਵਨ ਵਧੇਰੇ ਮੈਕੇਨਾਈਜ਼ਡ ਹੋ ਰਿਹਾ ਹੈ ਕਿ ਇਸ ਮਸ਼ੀਨੀਕਰਨ ਨਾਲ ਲੋਕਾਂ ਦੇ ਆਰਥਿਕ ਜੀਵਨ ਤੋਂ ਇਲਾਵਾ ਸਮਾਜੀ ਸੰਸਕਾਰਾਂ, ਮਾਨਤਾਵਾਂ ਤੇ ਵਿਸ਼ਵਾਸਾਂ ਉਤੇ ਵੀ ਫਰਕ ਪਿਆ ਹੈ।

ਪਿਛਲਾ ਪੰਜਾਹ ਸਾਲ ਦਾ ਸਮਾਂ ਸਮਾਜੀ ਚੇਤਨਾ ਵਿਚ ਟੁੱਟ ਭੁੱਜ ਦਾ ਸਮਾਂ ਰਿਹਾ ਹੈ, ਸਾਹਿਤ ਦੀ ਭਾਸ਼ਾ ਵਿਚ ਇਸ ਨੂੰ ਮੋਹ ਭੰਗ ਦਾ ਸਮਾਂ ਆਖਿਆ ਜਾਂਦਾ ਹੈ। ਸਮਾਜੀ ਅਸਲੀਅਤ ਜੋ ਤੀਹ ਸਾਲ ਪਹਿਲਾਂ ਸੀ, ਉਹ ਹੁਣ ਨਹੀਂ ਹੈ; ਪਰ ਹੁਣ ਕੀ ਹੈ, ਇਹਨੂੰ ਭਲੀ ਭਾਂਤ ਸਮਝ ਸਕਣਾ ਏਨਾ ਸੌਖਾ ਨਹੀਂ। ਸਮਾਜੀ ਤਾਣਾ ਬਾਣਾ ਏਨਾ ਉਲਝ ਗਿਆ ਹੈ ਕਿ ਕੋਈ ਜਣਾ ਜੋ ਇਕੋ ਵੇਲੇ ਇਹਨੂੰ ਸਮਝਣ ਦੀ ਕੋਸ਼ਿਸ਼ ਵੀ ਕਰ ਰਿਹਾ ਹੋਵੇ ਅਤੇ ਨਾਲ ਦੀ ਨਾਲ ਆਪ ਵੀ ਇਸ ਟੁੱਟ ਭੱਜ ਦਾ ਸ਼ਿਕਾਰ ਹੋਵੇ- ਇਸ ਦੇ ਅਸੂਲਾਂ ਨੂੰ ਨਿਖਾਰ ਕੇ ਪੇਸ਼ ਨਹੀਂ ਕਰ ਸਕਦਾ ਕਿ 'ਆਹ ਹਨ ਸਮਾਜ ਦੇ ਨਿਯਮ!' ਘੱਟੋ ਘੱਟ ਮੈਂ ਤਾਂ ਇਸ ਤਰ੍ਹਾਂ ਕਰਨ ਦੇ ਕਾਬਲ ਨਹੀਂ ਹਾਂ।

ਮੈਂ, ਬਹੁਤ ਸਾਰੇ ਸਾਹਿਤਕਾਰ ਤੇ ਸਮਾਜ ਵਿਗਿਆਨੀ ਵਰਤਮਾਨ ਦੇ ਯਥਾਰਥ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ। ਵਿਗਿਆਨੀ ਪਹਿਲਾਂ ਦੀਆਂ ਥਿਊਰੀਆਂ ਤੇ ਸਮਾਜਿਕ ਵਿਕਾਸ ਦੇ ਨਿਯਮਾਂ ਦੀ ਸਹਾਇਤਾ ਨਾਲ ਅੱਜ ਨੂੰ ਪਰਖ ਕੇ ਕਿਸੇ ਸਿੱਟੇ 'ਤੇ ਪੁੱਜਣ ਦੀ ਕੋਸ਼ਿਸ਼ ਕਰਦੇ ਹਨ ਤੇ ਸਾਹਿਤਕਾਰ ਇਸ ਜ਼ਿੰਦਗੀ ਵਿਚ ਡੂੰਘੇ ਖੁੱਭ ਕੇ ਅਮਲੀ ਤੌਰ 'ਤੇ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਸਾਰੇ ਸਾਧਾਰਨ ਮਨੁੱਖ ਦੀ ਰੂਹ ਦਾ ਸ਼ੈਤਾਨ ਤੇ ਰੂਹ ਦਾ ਦੇਵਤਾ ਫੜ ਸਕਣ ਲਈ ਸੰਘਰਸ਼ ਕਰ ਰਹੇ ਹਾਂ। ਇਸ ਸੰਘਰਸ਼ ਵਿਚ ਵਿਗਿਆਨੀ ਦਾ ਰੋਲ ਕੇਵਲ ਦਰਸ਼ਕ ਵਾਲਾ ਵੀ ਹੋ ਸਕਦਾ ਹੈ, ਪਰ ਸਾਹਿਤਕਾਰ ਦਾ ਨਹੀਂ। ਸਾਹਿਤਕਾਰ ਦਰਸ਼ਕ ਨਹੀਂ ਹੋ ਸਕਦਾ। ਜ਼ਿੰਦਗੀ ਦੀ ਇਸ ਵਿਸ਼ਾਲ ਸਟੇਜ ਉਤੇ ਉਸ ਨੂੰ ਕਿਸੇ ਨਾ ਕਿਸੇ ਰੂਪ ਵਿਚ ਹਿੱਸਾ ਲੈਣਾ ਹੀ ਪੈਂਦਾ ਹੈ, ਪਰ ਅਸੀਂ ਦੋਵੇਂ (ਸਮਾਜ ਵਿਗਿਆਨੀ ਤੇ ਲੇਖਕ) ਸੱਚੇ ਤੇ ਈਮਾਨਦਾਰ ਹਾਂ। ਸਾਡਾ ਤੀਜਾ ਰਕੀਬ ਸਿਆਸਤਦਾਨ ਬੇਈਮਾਨ ਹੈ। ਉਹ ਸਮਾਜ ਦੇ ਸੱਚ ਨੂੰ ਸਵਾਰਥ ਦੇ ਸ਼ੀਸ਼ੇ ਵਿਚੋਂ ਦੇਖਦਾ ਹੈ ਤੇ ਮਰਜ਼ੀ ਮੁਤਾਬਕ ਤੋੜ ਮਰੋੜ ਕੇ ਪੇਸ਼ ਕਰਦਾ ਹੈ।

ਮੈਂ ਅੱਜ ਤਾਈਂ ਜਿੰਨੀ ਵੀ ਰਚਨਾ ਕੀਤੀ ਹੈ, ਉਸ ਦੇ ਏਡੀ ਛੇਤੀ ਪਾਪੂਲਰ ਹੋਣ ਦਾ ਇਹੀ ਕਾਰਨ ਹੈ ਕਿ ਇਸ ਲਿਖਣ ਪਿਛੇ ਕਿਸੇ ਮੂਡ ਦੀ ਤਰੰਗ ਜਾਂ ਹਿਪੋਕਰੇਸੀ ਦਾ ਹੱਥ ਨਹੀਂ, ਸਗੋਂ ਸਮਾਜੀ ਜ਼ਿੰਦਗੀ ਵਿਚ ਮਹਿੰਗੇ ਤੇ ਔਖੇ ਤਜਰਬੇ ਕਰ ਕੇ ਜੋ ਵੀ ਸਮਝਿਆ ਹੈ, ਲਿਖਿਆ ਹੈ। ਨਹੀਂ ਤਾਂ ਸਾਹਿਤ ਨੂੰ ਫੈਸ਼ਨ ਵਜੋਂ ਰਚਣ ਵਾਲੇ ਅਣਗਿਣਤ ਸਾਹਿਤਕਾਰ ਜੋ ਪੰਜਾਹ ਸੱਠ ਸਾਲਾਂ ਤੋਂ ਲਗਾਤਾਰ ਕਲਮ ਘਿਸਾਈ ਕਰ ਰਹੇ ਹਨ, ਅੱਜ ਉਨ੍ਹਾਂ ਨੂੰ ਕੋਈ ਨਹੀਂ ਜਾਣਦਾ।

ਤੇ ਤੁਹਾਡੇ 23 ਸਾਲਾ ਪੁੱਤਰ ਦੇ ਕਿਸੇ ਸਮਾਗਮ ਵਿਚ ਜਾਣ 'ਤੇ ਹਾਜ਼ਰ ਲੋਕ ਸਤਿਕਾਰ ਵਜੋਂ ਖੜ੍ਹੇ ਹੋ ਜਾਂਦੇ ਹਨ ਜਾਂ ਤਾੜੀਆਂ ਮਾਰਦੇ ਹਨ। ਇਹ ਮੈਂ ਕਿਸੇ ਘੁਮੰਡ ਵਿਚੋਂ ਨਹੀਂ ਲਿਖ ਰਿਹਾ, ਸਗੋਂ ਜ਼ਿੰਦਗੀ ਦੇ ਚੰਗੇ ਜਾਂ ਮਾੜੇ ਅਮਲੀ ਤਜਰਬੇ ਦੀ ਅਹਿਮੀਅਤ ਦੱਸਣ ਲਈ ਲਿਖ ਰਿਹਾ ਹਾਂ। ਮੈਂ ਸਮਾਜ ਵਿਚ ਆਪਣੀ ਕੋਈ ਨਿਰਲੇਪ ਸ਼ਖ਼ਸੀਅਤ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ।



ਸੋਹਨ ਸਿੰਘ ਸੰਧੂ



ਪਾਸ਼

ਮੈਂ ਇਸ ਦੇ ਬੁਰੇ ਭਲੇ, ਡਰ, ਦਲੇਰੀ, ਗੰਦਗੀ ਤੇ ਸਫ਼ਾਈ ਵਿਚ ਗਲ ਤੀਕ ਡੁੱਬਿਆ ਰਿਹਾ ਹਾਂ। ਜੇ ਮੈਂ ਪੜ੍ਹ ਲਿਖ ਕੇ, ਸੈੱਟ ਹੋ ਕੇ ਪਰੰਪਰਾਗਤ ਰੂਪ ਵਿਚ ਪਤਵੰਤੇ ਸੱਜਣਾਂ (ਜਿਵੇਂ ਤੁਸੀਂ ਹੋ) ਵਿਚ ਆਪਣੀ ਥਾਂ ਬਣਾ ਲੈਂਦਾ, ਤਾਂ ਮੈਂ ਇਹ ਕੁਝ ਕਦੀ ਨਹੀਂ ਸੀ ਬਣ ਸਕਣਾ ਜੋ ਅੱਜ ਹਾਂ।

## ਮੇਰੇ ਪੁੱਤ ਪਾਸ਼ ਦੀ ਕਲਮ

**2009**

ਮੇਰੇ ਬੇਟੇ ਪਾਸ਼ ਦਾ ਜਨਮ 9 ਸਤੰਬਰ 1950 ਨੂੰ ਹੋਇਆ। ਮੇਰੀ ਸਾਹਿਤਕ ਰੁਚੀ ਕਾਰਨ ਘਰ ਵਿਚ ਕਈ ਕਿਤਾਬਾਂ ਰਸਾਲੇ ਪੜ੍ਹਨ ਲਈ ਹੁੰਦੇ ਸਨ। ਇਸ ਲਈ ਪਾਸ਼ ਦੀ ਰੁਚੀ ਵੀ ਏਸ ਪਾਸੇ ਲੱਗ ਗਈ। ਉਸ ਨੇ ਪਹਿਲੀ ਕਵਿਤਾ 15 ਸਾਲ ਦੀ ਉਮਰ ਵਿਚ ਮੈਨੂੰ ਇਕ ਚਿੱਠੀ ਰਾਹੀਂ ਲਿਖ ਭੇਜੀ ਸੀ। ਫਿਰ 17 ਸਾਲ ਦੀ ਉਮਰੇ ਉਹ ਦੀ ਇਕ ਕਵਿਤਾ ਜਲੰਧਰ ਦੇ ਕਿਸੇ ਪਰਚੇ ਵਿਚ ਛਪੀ। ਮੈਨੂੰ ਯਾਦ ਹੈ ਕਿ ਬਿਸ਼ਨ ਸਿੰਘ ਉਪਾਸ਼ਕ 1967 ਵਿਚ ਦਿੱਲੀ ਤੋਂ ਮੈਨੂੰ ਮਿਲਣ ਆਇਆ ਤਾਂ ਗੱਲਾਂ ਗੱਲਾਂ ਵਿਚ ਕਹਿਣ ਲੱਗਾ ਕਿ ਇਸ ਬੱਚੇ (ਪਾਸ਼) ਨੂੰ ਤੁਸੀਂ ਛੋਟਾ ਨਾ ਸਮਝੋ, ਇਹ ਸੂਝ ਪੱਖੋਂ ਆਪਣੀ ਉਮਰ ਨਾਲੋਂ 25 ਵਰ੍ਹੇ ਵੱਡਾ ਹੈ। ਇਸ ਸਭ ਤੋਂ ਮੈਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਪਾਸ਼ ਨਿਵੇਕਲੀ ਪ੍ਰਤਿਭਾ ਦਾ ਮਾਲਕ ਹੋਵੇਗਾ। ਮਗਰੋਂ ਉਹ ਦੀ ਪੇਸ਼ਨਗੋਈ ਬਿਲਕੁਲ ਸੱਚੀ ਨਿਕਲੀ। ਜਦੋਂ 1970 ਵਿਚ ਉਹ ਪਹਿਲੀ ਵਾਰ ਉਸ ਵੇਲੇ ਦੀ ਇਨਕਲਾਬੀ ਲਹਿਰ ਵਿਚ ਸ਼ਾਮਲ ਹੋਣ ਕਾਰਨ ਝੂਠੇ ਕਤਲ ਕੇਸ ਵਿਚ ਜੇਲ੍ਹ ਗਿਆ ਤਾਂ ਉਦੋਂ ਉਸ ਦੀ ਪਹਿਲੀ ਪੁਸਤਕ 'ਲੋਹ ਕਥਾ' ਛਪੀ। ਬਾਅਦ ਵਿਚ ਦੂਜੀਆਂ ਦੋਨੋਂ ''ਉਡਦੇ ਬਾਜ਼ਾਂ ਮਗਰ' (1974) ਤੇ 'ਸਾਡੇ ਸਮਿਆਂ ਵਿਚ' (1978), ਉਹ ਦੇ ਜੀਵਨ ਕਾਲ ਵਿਚ ਹੀ ਛਪ ਗਈਆਂ ਤੇ ਯੂਨੀਵਰਸਿਟੀਆਂ ਵਿਚ ਐਮ.ਏ. ਦੇ ਸਲੇਬਸ ਵਿਚ ਲੱਗੀਆਂ।

1971 ਵਿਚ ਮੈਂ ਖੁਸ਼ਵੰਤ ਸਿੰਘ ਦੇ ਪਰਚੇ 'ਇਲੱਸਟਰੇਟਡ ਵੀਕਲੀ ਆਫ ਇੰਡੀਆ' ਵਿਚ ਸਤਿੰਦਰ ਸਿੰਘ ਦਾ ਲੇਖ 'ਨੈਕਸਲਿਜ਼ਮ ਇਨ ਇੰਡੀਆ' (ਭਾਰਤ ਵਿਚ ਨਕਸਲਵਾਦ) ਪੜ੍ਹਿਆ ਜਿਸ ਵਿਚ ਪਾਸ਼ ਨੂੰ ਪੰਜਾਬ ਦੇ ਤਿੰਨ ਵੱਡੇ ਲੀਡਰਾਂ 'ਚੋਂ ਇਕ ਦੱਸਿਆ (ਗਿਆ ਸੀ) ਤਾਂ ਮੈਂ ਹੈਰਾਨ ਰਹਿ ਗਿਆ। ਮੇਰੇ ਨਾਲ ਦੇ ਅਫ਼ਸਰ ਮੈਨੂੰ ਵਧਾਈਆਂ ਦੇਣ ਲੱਗੇ। ਜੇਲ੍ਹੋਂ ਬਾਹਰ ਆ ਕੇ ਉਹਨੇ ਸਾਹਿਤਕ ਰਸਾਲਾ 'ਸਿਆੜ' ਆਪਣੇ ਬਲਬੂਤੇ ਸ਼ੁਰੂ ਕੀਤਾ ਤੇ ਹੋਰ ਵੀ ਅਗਾਂਹ-ਵਧੂ ਰਸਾਲਿਆਂ 'ਚ ਕੰਮ ਕੀਤਾ। ਜੇਲ੍ਹ ਵਿਚ ਹੁੰਦਿਆਂ ਉਹਨੇ ਇਕ ਵਾਰੀ ਥਿਊਰੀ ਆਫ ਰਿਲੇਟਿਵਟੀ ਮੰਗੀ ਜਿਸ ਤੋਂ ਉਹ ਦੀ ਭੌਤਿਕ ਵਿਗਿਆਨ ਪ੍ਰਤੀ ਤੜਫ ਸਾਫ਼ ਜ਼ਾਹਿਰ ਹੁੰਦੀ ਹੈ। ਮੈਂ ਹੈਰਾਨ ਹੋਇਆ। ਉਸ ਵੇਲੇ ਏਨੀ ਘੱਟ ਵਿਦਿਆ ਹੋਣ ਦੇ ਬਾਵਜੂਦ ਇਹੋ ਜਿਹੇ ਗੰਭੀਰ ਵਿਸ਼ੇ ਉਹ ਸਮਝ ਸਕਦਾ ਸੀ। ਇਨ੍ਹਾਂ ਸਾਲਾਂ ਵਿਚ ਹੀ ਉਹਨੇ ਜੋਤਿਸ਼ ਅਤੇ ਤਾਰਾ ਵਿਗਿਆਨ ਵੀ ਬਹੁਤ ਪੜ੍ਹਿਆ, ਪਰ ਜੋਤਿਸ਼ ਨੂੰ ਨਕਾਰਿਆ ਤੇ ਭਰਮ ਭੁਲੇਖੇ ਪਾਉਣ ਵਾਲਾ ਪਖੰਡ ਦੱਸਿਆ। ਰਾਤ ਨੂੰ ਤਿੰਨ ਤਿੰਨ ਵਜੇ ਤੱਕ ਆਪਣੀ ਖੁਦ-ਸਾਜੀ ਦੂਰਬੀਨ ਰਾਹੀਂ ਆਕਾਸ਼ ਵਿਚ ਤਾਰਿਆਂ ਦਾ ਅਧਿਐਨ ਕਰਦਿਆਂ ਉਹਨੂੰ ਮੈਂ ਆਪ ਤੱਕਿਆ। 1984 ਵਿਚ ਉਹਨੇ ਹੱਥ ਨਾਲ ਸਾਈਕਲੋਸਟਾਈਲ ਕਰ ਕੇ ਪਰਚਾ 'ਹਾਕ' ਕੱਢਣਾ ਅਰੰਭਿਆ। ਇਸ ਵਿਚ ਉਹਨੇ ਇਲਾਕੇ ਦੀਆਂ ਸਮਾਜਕ ਬੁਰਾਈਆਂ ਬਾਰੇ ਖੂਬ ਲਿਖਿਆ, ਜਿਦ੍ਹੇ ਨਾਲ ਇਲਾਕੇ ਦੇ ਚੌਧਰੀਆਂ ਦੇ ਸਮਾਜਕ ਕਾਰਿਆਂ ਤੇ ਕਾਲਾ ਧੰਦਾ ਕਰਨ ਵਾਲਿਆਂ ਨੂੰ ਲੋਕਾਂ ਸਾਹਮਣੇ ਨੰਗਾ ਕੀਤਾ; ਇਹਦੇ ਲਈ ਭਾਵੇਂ ਕਾਫ਼ੀ ਵਿਰੋਧ ਅਤੇ ਧਮਕੀਆਂ ਦਾ ਸਾਹਮਣਾ ਕਰਨਾ ਪਿਆ। ਹੋਰ ਉਸ ਨੇ ਚਲੰਤ ਵਹਿਮਾਂ ਭਰਮਾਂ, ਜਾਤਾਂ ਤੇ ਮਜ਼ਹਬਾਂ ਬਾਰੇ ਆਮ ਲੋਕਾਂ ਨੂੰ ਸਾਵਧਾਨ ਕੀਤਾ। ਖਗੋਲ ਵਿਗਿਆਨ ਬਾਰੇ ਉਸ ਦੇ ਅਧਿਐਨ ਤੇ ਖੋਜ ਦੀ ਮਿਸਾਲ, ਉਸ ਦੇ ਦੋ ਲੇਖ 'ਤੇਰਾ ਕੇਵਡ ਚੀਰਾ' ਤੇ 'ਕਿਹ ਬਿਧ ਸਜਾ ਪ੍ਰਥਮ ਸੰਸਾਰਾ' ਪੜ੍ਹਨਯੋਗ ਹਨ। ਉਪਰਲਿਆਂ ਵਿਸ਼ਿਆਂ ਤੋਂ ਪਤਾ ਲੱਗਦਾ ਹੈ ਕਿ ਉਹਦੀ ਖੋਜ ਦਾ ਘੇਰਾ ਕਿਤਨਾ ਵਿਸ਼ਾਲ ਸੀ। ਪਾਸ਼ ਨੂੰ ਹਰ ਕਿਸਮ ਦੇ ਗਿਆਨ ਦੀ ਲਲਕ ਸੀ। ਅਖੀਰ ਵਿਚ 'ਹਾਕ' ਵਿਚ ਹੀ ਉਸ ਨੇ ਖਾਲਿਸਤਾਨੀ ਧਿਰ, ਅਤਿਵਾਦੀਆਂ ਦੇ ਜ਼ੁਲਮਾਂ ਤੇ ਨਿਰਦੋਸ਼ਾਂ ਦੇ ਧੜਾਧੜ ਕਤਲਾਂ ਬਾਰੇ ਗੱਜ ਵੱਜ ਕੇ ਲਿਖਿਆ। ਸਟੇਟ ਤੇ ਪੁਲਿਸ ਦੇ ਜ਼ੋਰ ਜਬਰ ਤੇ ਤਸ਼ੱਦਦ ਦੇ ਬਾਰੇ ਵੀ ਲਿਖਿਆ, ਤੇ ਡਟ ਕੇ ਮੁਕਾਬਲਾ ਕੀਤਾ। ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਨੂੰ ਵੀ ਮੁਆਫ਼ ਨਹੀਂ ਕੀਤਾ। ਅਮਰੀਕਾ ਜਾ ਕੇ ਵੀ ਉਹਨੇ ਲਿਖਣਾ ਜਾਰੀ ਰੱਖਿਆ ਤੇ ਖਾਲਿਸਤਾਨੀ ਧਿਰ ਦੇ ਜ਼ੁਲਮਾਂ ਤੇ ਉਨ੍ਹਾਂ ਦੀ ਸੌੜੀ ਸੋਚ ਬਾਰੇ 'ਐਂਟੀ-47' ਫਰੰਟ ਅਕਾਲਕ ਲੜੀ ਵਾਲਾ ਲੇਖ ਪੜ੍ਹਨਯੋਗ ਹੈ। ਏਸੇ ਕਾਰਨ ਹੀ ਖਾਲਿਸਤਾਨੀਆਂ ਨੇ 23 ਮਾਰਚ 1988 ਵਾਲੇ ਦਿਨ ਘਰ ਦੇ ਟਿਊਬਵੈਲ 'ਤੇ ਘਾਤ ਲਾ ਕੇ ਪਾਸ਼ ਨੂੰ ਸ਼ਹੀਦ ਕਰ ਦਿੱਤਾ। ਸ਼ਾਇਦ ਉਹ ਸੋਚਦੇ ਸਨ ਕਿ ਉਨ੍ਹਾਂ ਪਾਸ਼ ਦੀ ਕਲਮ ਨੂੰ ਸਦਾ ਲਈ ਚੁੱਪ ਕਰ ਦਿੱਤਾ, ਪਰ ਉਨ੍ਹਾਂ ਦਾ ਇਹ ਭੁਲੇਖਾ ਹੈ ਕਿਉਂਕਿ ਕਲਮਾਂ ਕਦੇ ਨਹੀਂ ਮਰਦੀਆਂ।

## ਕੇ.ਪੀ.ਐਸ. ਗਿੱਲ ਅਤੇ ਆਪ੍ਰੇਸ਼ਨ ਬਲੈਕ ਥੰਡਰ

*(ਪਿਛਲੇ ਸਫੇ ਦੀ ਬਾਕੀ)*

ਲੁਧਿਆਣੇ ਅਕਾਲੀ ਮੀਟਿੰਗ ਦੇਖ ਕੇ ਆਇਆ ਸੀ। ਉਹ ਹੈਰਾਨ ਸੀ, ਇਕ ਵੀ ਅਕਾਲੀ ਨੇਤਾ ਨੇ ਖਾੜਕੂਆਂ ਦੀ ਨਿੰਦਾ ਨਹੀਂ ਕੀਤੀ, ਪੁਲਿਸ ਨੂੰ ਰੱਜ ਕੇ ਭੰਡਿਆ ਜਾ ਰਿਹਾ ਸੀ। ਉਸ ਨੇ ਦੇਖਿਆ, ਸਾਰੇ ਅਕਾਲੀ ਲੀਡਰਾਂ ਦੁਆਲੇ ਪੁਲਿਸ ਦੇ ਜੁਆਨਾਂ ਦਾ ਪਹਿਰਾ ਸੀ, ਤਾਂ ਵੀ ਉਹ ਧੜੱਲੇ ਨਾਲ ਪੁਲਿਸ ਨੂੰ ਨਿੰਦ ਰਹੇ ਸਨ।

**ਪੰਨਾ 342:** ਮੈਂ ਕੋਨੋਰ ਨੂੰ ਦੱਸਿਆ, ਪੁਲਿਸ ਇਨ੍ਹਾਂ ਲੀਡਰਾਂ ਦੀਆਂ ਗੱਲਾਂ ਦਾ ਬੁਰਾ ਨਹੀਂ ਮਨਾਉਂਦੀ, ਸਾਨੂੰ ਪਤਾ ਹੈ ਕਿ ਖਾੜਕੂਆਂ ਦੀ ਨਿੰਦਿਆ ਕਰਨ ਲੱਗ ਜਾਣ ਤਾਂ ਜਲਦੀ ਹੀ ਇਨ੍ਹਾਂ ਦੀਆਂ ਚਿਤਾਵਾਂ ਬਲਦੀਆਂ ਦਿਖਾਈ ਦੇਣਗੀਆਂ। ਖਾੜਕੂਆਂ ਦੇ ਭੋਗ ਉਤੇ ਲੀਡਰ ਹੁਮ-ਹੁਮਾ ਕੇ ਜਾਂਦੇ, ਸ਼ਹੀਦ ਨੂੰ ਸ਼ਰਧਾਂਜਲੀਆਂ ਦਿੰਦੇ। ਮੁਕਾਬਲੇ ਵਿਚ ਕੋਈ ਬੇਕਸੂਰ ਨਾਗਰਿਕ ਮਾਰਿਆ ਜਾਂਦਾ, ਕੋਈ ਅਕਾਲੀ ਉਸ ਦੇ ਭੋਗ 'ਤੇ ਨਾ ਪੁੱਜਦਾ। ਮੈਂ ਪੁਲਿਸ ਅਫਸਰਾਂ ਦੀਆਂ ਡਿਊਟੀਆਂ ਲਾਈਆਂ ਸਨ ਕਿ ਬੇਕਸੂਰਾਂ ਦੇ ਭੋਗਾਂ 'ਤੇ ਉਹ ਜਾਇਆ ਕਰਨ। ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿਵਾਉਂਦਾ। ਸਰੀਰਕ ਤੌਰ 'ਤੇ ਫਿੱਟ ਹੁੰਦਾ ਤਾਂ ਪੁਲਿਸ ਵਿਚ ਪਰਿਵਾਰ ਦਾ ਕੋਈ ਜੀਅ ਭਰਤੀ ਕਰ ਲੈਂਦਾ। ਮੈਂ ਸਖਤ ਤਾੜਨਾ ਕੀਤੀ ਹੋਈ ਸੀ ਕਿ ਪੁਲਿਸ ਦੇ ਲਲਕਾਰੇ ਸਦਕਾ ਦੌੜੇ ਜਾਂਦੇ ਬੰਦੇ ਉਤੇ ਫਾਇਰ ਨਹੀਂ ਕਰਨਾ। ਕਈ ਬੰਦੇ ਡਰ ਕੇ ਐਵੇਂ ਦੌੜਨ ਲਗਦੇ ਹਨ।

ਸਟੇਟ ਖਿਲਾਫ ਲੜਨ ਵਾਸਤੇ ਖਾੜਕੂਆਂ ਕੋਲ ਨਾ ਵਧੀਕ ਧਨ ਹੁੰਦਾ ਹੈ, ਨਾ ਨਫਰੀ। ਇਸੇ ਕਰ ਕੇ ਉਹ ਨਿਹੱਥੇ ਮਾਸੂਮ ਲੋਕਾਂ ਨੂੰ ਮਾਰਨ ਲਗਦੇ ਹਨ। ਇਨ੍ਹਾਂ ਐਕਸ਼ਨਾਂ ਵਿਚ ਕੋਈ ਪੁਲਸੀਆ ਮਾਰਿਆ ਜਾਂਦਾ, ਮੈਂ ਆਖਦਾ; ਇਹ ਤਾਂ ਹੋਣਾ ਈ ਐ, ਇਸ ਲੜਾਈ ਦੀ ਕੀਮਤ ਚੁਕਾਉਣੀ ਪਏਗੀ। ਜਦੋਂ ਕੋਈ ਖਾੜਕੂ ਕਤਲ ਹੋ ਜਾਂਦਾ, ਮੀਡੀਏ ਵਿਚ ਹਾਹਾਕਾਰ ਮੱਚ ਜਾਂਦੀ। ਮੇਰੇ ਉਪਰ ਦੋ ਵਾਰ ਹਮਲਾ ਹੋਇਆ। ਮੈਨੂੰ ਨਿਸ਼ਾਨਾ ਬਣਾ ਕੇ ਮੈਨੂੰ ਨ੍ਹੀਂ ਲਗਦਾ ਉਨ੍ਹਾਂ ਨੇ ਕੋਈ ਗਲਤ ਕੰਮ ਕੀਤਾ, ਆਖਰ ਮੈਂ ਉਨ੍ਹਾਂ ਦਾ ਦੁਸ਼ਮਣ ਸਾਂ।

**(ਚਲਦਾ)**

## ਕੀ ਬੰਦਾ ਸਿੰਘ ਬਹਾਦਰ ਅੰਮ੍ਰਿਤਧਾਰੀ ਸੀ?

*(ਸਫਾ 23 ਦੀ ਬਾਕੀ)*

ਡਾ. ਸੁਖਦਿਆਲ ਸਿੰਘ ਦਾ ਵਿਚਾਰ ਹੈ ਕਿ ਜਦੋਂ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਕਾਬੁਲ ਦਾ ਗਵਰਨਰ ਸੀ ਤਾਂ ਕਾਫ਼ੀ ਗਿਣਤੀ ਵਿਚ ਸਿੱਖ ਉਸ ਦੀ ਫੌਜ ਵਿਚ ਭਰਤੀ ਹੋ ਗਏ ਸਨ। ਸਿੱਖਾਂ ਦੀ ਵੱਖਰੀ ਰਜਮੈਂਟ ਸੀ। ਇਸ ਰਜੀਮੈਂਟ ਨੂੰ ਗੁਰੂ ਦੀ ਸੰਗਤ ਆਖਿਆ ਜਾਂਦਾ ਸੀ ਤੇ ਇਸ ਰਜੀਮੈਂਟ ਦੇ ਸਿੱਖ ਕਮਾਂਡਰ ਨੂੰ ਗੁਰੂ ਦਾ ਬੰਦਾ। ਇਹ ਕਮਾਂਡਰ ਹੀ ਬੰਦਾ ਸਿੰਘ ਬਹਾਦਰ ਸੀ। ਇਸ ਦੀ ਪੁਸ਼ਟੀ ਕੇਸਰ ਸਿੰਘ ਛਿੱਬਰ ਵੀ ਕਰਦਾ ਹੈ।

ਸਰੂਪ ਦਾਸ ਭੱਲਾ (ਮਹਿਮਾ ਪ੍ਰਕਾਸ਼) ਨੇ ਵੀ ਆਪਣੀ ਲਿਖਤ ਵਿਚ ਅਜਿਹੇ ਬੰਦੇ ਦਾ ਜ਼ਿਕਰ ਕੀਤਾ ਹੈ ਜਿਹੜਾ ਗੁਰੂ ਜੀ ਦਾ ਵੀ ਪੱਕਾ ਸਿੱਖ ਸੀ ਅਤੇ ਬਹਾਦਰ ਸ਼ਾਹ ਦੀ ਫੌਜ ਵਿਚ ਉਚੇ ਰੁਤਬੇ ਵਾਲਾ ਬੰਦਾ ਸੀ। ਜਦੋਂ ਇਹ ਉਚੇ ਰੁਤਬੇ ਵਾਲਾ ਬੰਦਾ ਗੁਰੂ ਜੀ ਦੇ ਦਰਬਾਰ ਵਿਚ ਗੁਰੂ ਜੀ ਪਾਸ ਹੀ ਬੈਠਾ ਸੀ ਤਾਂ ਸਿੱਖ ਅੰਦਾਜ਼ਾ ਲਗਾਉਂਦੇ ਹਨ ਕਿ ਇਹ ਕੌਣ ਹੈ। ਫਿਰ ਗੁਰੂ ਜੀ ਸਿੱਖਾਂ ਨੂੰ ਆਪ ਹੀ ਦੱਸਦੇ ਹਨ ਕਿ ਤੁਸੀਂ ਇਸ ਨਾਲ ਐਵੇਂ ਹਾਸਾ ਮਜ਼ਾਕ ਨਾ ਕਰੋ, ਇਹ ਤਾਂ ਬਾਦਸ਼ਾਹ ਪਾਸ ਬਹੁਤ ਵੱਡੇ ਰੁਤਬੇ ਵਾਲਾ ਅਧਿਕਾਰੀ ਹੈ,

ਆਲਮ ਸਿੰਘ ਸੋ ਕਹਿਓ ਬਿਆਨ।
ਮੀਰ ਜੀ ਬੜੇ ਮਰਾਤਬਾਨ।
ਮੀਰ ਮਰਾਤਬਾਨ ਹੈ ਬਾਦਸ਼ਾਹ ਕੇ ਪਾਸ।
ਤੁਮ ਤੋ ਮੋਟੀ ਬਾਤ ਕਰ ਕਰਤੇ ਹਾਸ ਬਿਲਾਸ।

ਔਰੰਗਜ਼ੇਬ ਦੀ ਮੌਤ ਸਮੇਂ ਬਹਾਦਰ ਸ਼ਾਹ ਦਾ ਛੋਟਾ ਭਰਾ ਆਜ਼ਮ ਸ਼ਾਹ ਅਹਿਮਦ ਨਗਰ ਵਿਚ ਸੀ। ਜਦੋਂ ਉਸ ਨੂੰ ਬਹਾਦਰ ਸ਼ਾਹ ਦੀ ਮੁਹਿੰਮ ਦਾ ਪਤਾ ਲਗਿਆ ਤਾਂ ਉਸ ਨੂੰ ਟੱਕਰ ਦੇਣ ਲਈ ਆਜ਼ਮ ਸ਼ਾਹ ਗਵਾਲੀਅਰ ਰਾਹੀਂ ਹੋ ਕੇ ਚੱਲ ਪਿਆ। ਬਹਾਦਰ ਸ਼ਾਹ ਧੌਲਪੁਰ ਦੇ ਲਾਗੇ ਜਾਜੂ ਦੇ ਸਥਾਨ 'ਤੇ ਡੇਰਾ ਲਾਈ ਬੈਠਾ ਸੀ ਜਿਥੇ ਦੋਹਾਂ ਫੌਜਾਂ ਵਿਚ ਭਿਆਨਕ ਲੜਾਈ ਹੋਈ। ਤਿੰਨ ਦਿਨਾਂ ਤੱਕ ਚੱਲੀ ਲੜਾਈ ਵਿਚ ਆਜ਼ਮ ਸ਼ਾਹ ਅਤੇ ਉਸ ਦੇ ਬਹੁਤ ਸਾਰੇ ਜਰਨੈਲ ਮਾਰੇ ਗਏ। ਇਸ ਲੜਾਈ ਵਿਚ ਸਿੱਖ ਫੌਜ ਵੀ ਸ਼ਾਮਲ ਸੀ ਜਿਸ ਦੀ ਅਗਵਾਈ ਬੰਦਾ ਸਿੰਘ ਬਹਾਦਰ ਦੇ ਹੱਥ ਸੀ। ਬੰਦੇ ਦਾ ਚਿਹਰਾ-ਮੋਹਰਾ ਅਤੇ ਕੱਦ-ਕਾਠ ਗੁਰੂ ਜੀ ਨਾਲ ਮੇਲ ਖਾਂਦਾ ਸੀ, ਇਸ ਲਈ ਬਹੁਤੇ ਸਿੱਖ ਇਤਿਹਾਸਕਾਰਾਂ ਨੇ ਇਸ ਗੱਲ ਦਾ ਭੁਲੇਖਾ ਖਾਂਦਿਆਂ ਇਹ ਕਹਿ ਦਿੱਤਾ ਕਿ ਇਸ ਲੜਾਈ ਵਿਚ ਗੁਰੂ ਜੀ ਖੁਦ ਸ਼ਾਮਲ ਸਨ ਅਤੇ ਉਨ੍ਹਾਂ ਦੇ ਹੱਥੋਂ ਹੀ ਆਜ਼ਮ ਸ਼ਾਹ ਮਾਰਿਆ ਗਿਆ ਸੀ। ਉਸ ਵਕਤ ਗੁਰੂ ਜੀ ਰਾਜਪੂਤਾਨੇ ਵਿਚ ਸਨ ਅਤੇ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਸੁਣ ਕੇ ਉਨ੍ਹਾਂ ਦਿੱਲੀ ਵਲ ਰੁਖ਼ ਕਰ ਲਿਆ ਸੀ ਤਾਂ ਜੋ ਦਿੱਲੀ ਪਹੁੰਚ ਕੇ ਬਦਲੇ ਹੋਏ ਸਿਆਸੀ ਹਾਲਾਤ ਦਾ ਜਾਇਜ਼ਾ ਲਿਆ ਜਾ ਸਕੇ।

**(ਚਲਦਾ)**

### ਕਵੀਸ਼ਰੀ

**(ਪੰਜਾਬੀ ਪੰਚਾਇਤੀ ਚੋਣਾਂ)**

ਰੌਣਕਾਂ ਦੁਬਾਰਾ ਥੜ੍ਹਿਆਂ 'ਤੇ ਛਾ ਗੀਆਂ।
ਬਾਪੂ ਜੀ ਪੰਚੈਤ ਦੀਆਂ ਚੋਣਾਂ ਆ ਗੀਆਂ।
ਰਿਸ਼ਤੇ ਸਿਫਰਸ਼ਾਂ ਕਿਸੇ ਨਾ ਕਾਰ ਦੇ।
ਗੋਭੀਆਂ ਤੇ ਲਾਹਣਾਂ ਨਈਂ ਜੂ ਕੰਮ ਸਾਰਦੇ।
ਨੋਟਾਂ ਨਾਲ ਵੋਟਾਂ ਦੀ ਰਵੈਤ ਪਾ ਗੀਆਂ।
ਹੋ ਗੀ ਵੱਢੀ ਆਪਣੀ ਕਬੀਲਦਾਰੀ ਆ।
ਚੱਲਦੇ ਭਾਅ ਬਣਦੀ ਰਕਮ ਭਾਰੀ ਆ।
ਰਾਜਸੀ ਦਲੀਲਾਂ ਨੂੰ ਮਹਿੰਗਾਈਆਂ ਖਾ ਗੀਆਂ।
ਪੰਚ ਜੋ ਖੜਾ ਸੀ ਪੈਸੇ ਲੈ ਕੇ ਬਹਿ ਗਿਆ।
ਮੀਤਾ ਦੋਵੇਂ ਪਾਸਿਆਂ ਤੋਂ ਗੁੱਥੀ ਲੈ ਗਿਆ।
ਸਬਕ ਲੋਕ ਰਾਜ ਦਾ ਚੰਗਾ ਪੜ੍ਹਾ ਗੀਆਂ।
ਫਿਨੋ ਤੇ ਜਗੀਰੋ ਦੋਵੇਂ ਭੈਣਾਂ ਖੜੀਆਂ।
ਅਜੇ ਤੱਕ ਦੋਵਾਂ ਧੜਿਆਂ ਤੋਂ ਅੜੀਆਂ।
ਸੁਣਿਆਂ ਮਰੂਤੀ ਦਾ ਸੁਆਲ ਪਾ ਗੀਆਂ।
ਕਹਿੰਦਾ ਤੇ ਕਹੌਂਦਾ ਵਿਹੜੇ ਗੇੜਾ ਲਾ ਗਿਆ।
ਅੱਜ ਤੇ ਗਰੀਬੀ ਦਾ ਨਜ਼ਾਰਾ ਆ ਗਿਆ।
ਭੁੱਕੀਆਂ ਅਫੀਮਾਂ ਦੇ ਅਮਲ ਲਾ ਗੀਆਂ।
ਬਾਪੂ ਜੀ ਪੰਚੈਤ ਦੀਆਂ ਚੋਣਾਂ ਆ ਗੀਆਂ।

**-ਫਕੀਰ ਹਿਊਸਟੋਨਵੀ**

# ਚਾਚੀ ਅਤੇ ਚਾਚੀ ਦੇ ਚਰਖੇ ਦੀ ਘੂਕ

ਗੱਜਣਵਾਲਾ ਸੁਖਮਿੰਦਰ
ਫੋਨ: 91-99151-06449

ਚਾਚੀ ਰੰਗ ਦੀ ਪੱਕੀ, ਕੱਦ ਦੀ ਸਮੱਧਰ, ਬੋਲਣ ਵਿਚ ਬਹੁਤ ਹੀ ਮਿਲਾਪੜੀ ਤੇ ਮ੍ਰਿਦਲ ਸੀ। ਉਹ ਮੂੰਹ ਮੱਥਾ ਧੋ ਕੇ ਬੈਠਦੀ ਤਾਂ ਅਜੀਬ ਜਿਹੀ ਆਭਾ, ਅਜਬ ਜਿਹੀ ਸੁੰਦਰਤਾ ਝਲਕਦੀ। ਉਹ ਸੁਭਾਅ ਦੀ ਹਸਮੁੱਖ ਹੀ ਨਹੀਂ ਸੀ ਬਲਕਿ ਬਹੁਤ ਹੀ ਸਾਊ, ਸਿਆਣੀ ਮੱਤ ਦੇਣ ਵਾਲੀ ਸੀ।

ਹਰ ਕੁੜੀ ਜਦ ਚਰਖਾ ਕੱਤਣ ਲਗਦੀ ਹੈ ਅਤੇ ਪਹਿਲੀ ਵਾਰ ਤੰਦ ਪਾਉਣ ਲਗਦੀ ਹੈ ਤਾਂ ਤੰਦ ਟੁੱਟ ਟੁੱਟ ਜਾਂਦਾ ਹੈ। ਤੰਦ ਪਾਉਣਾ ਹੁਨਰ ਹੈ, ਕਲਾ ਹੈ। ਤੱਕਲੇ ਨੂੰ ਡੰਗਣਾ, ਚਰਖੇ ਨੂੰ ਗੇੜਨਾ, ਰੂੰ ਦਾ ਛੱਡਣਾ-ਸਭ ਇਕਾਗਰ ਮਨ ਨਾਲ ਜੁੜੀਆਂ ਗੱਲਾਂ ਹੁੰਦੀਆਂ। ਪੰਜਤਾਲੀ ਪੰਜਾਹ ਸਾਲ ਪਹਿਲਾਂ ਪੈਸੇ ਦੀ ਬਹੁਤਾਤ ਨਹੀਂ ਸੀ। ਵੇਲੇ ਬਹੁਤ ਹੀ ਭਲੇ ਸਨ। ਮੰਗ ਤੰਗ ਕੇ ਖਾਣ ਵਾਲੇ ਨੂੰ ਚੰਗਾ ਨਹੀਂ ਸੀ ਜਾਣਿਆ ਜਾਂਦਾ। ਹੱਥੀਂ ਕਰਕੇ ਰੁੱਖੀ-ਮਿੱਸੀ ਖਾ ਕੇ ਜਿਉਣ ਵਾਲੇ ਨੂੰ ਸਿਆਣਾ ਆਖਦੇ ਸੀ। ਸੰਜਮੀ ਬੰਦੇ ਦੀ ਪਿੰਡ ਕਦਰ ਕਰਦਾ। ਪੈਸੇ ਨਾਲੋਂ ਪਿਆਰ ਮੁੱਲਵਾਨ ਸੀ। ਬੰਦਾ ਢਿੱਲਾ-ਮੱਠਾ ਹੋ ਜਾਂਦਾ, ਸਾਰੀ ਓਹੜ-ਪੋਹੜ ਪਿੰਡ 'ਚੋਂ ਹੋ ਜਾਂਦੀ, ਆਰਾਮ ਆ ਜਾਂਦਾ।

ਚਾਚੀ ਨੂੰ ਹੋਰ ਸਾਜ-ਸਮਾਨ ਦੇ ਨਾਲ ਚਰਖਾ ਦਾਜ 'ਚ ਆਇਆ ਸੀ। ਬਹੁਤ ਵਰ੍ਹੇ ਇਹ ਸੰਦੂਕ 'ਤੇ ਹੀ ਢਕਿਆ ਪਿਆ ਰਿਹਾ। ਚਾਚੀ ਦਾ ਇਕ ਜੇਠ ਸੀ ਜੋ ਅਜ਼ਾਦੀਆਂ ਤੋਂ ਪਹਿਲਾਂ ਦੂਰ ਪ੍ਰਦੇਸੀਂ ਚਲਾ ਗਿਆ ਸੀ; ਕੁਝ ਚਿਰ ਬਾਅਦ ਉਸ ਨੇ ਆਪਣੇ ਛੋਟੇ ਭਰਾ ਯਾਨਿ ਚਾਚੀ ਦੇ ਘਰਵਾਲੇ ਨੂੰ ਵੀ ਆਪਣੇ ਕੋਲ ਬੁਲਾ ਲਿਆ। ਫਿਰ ਚਾਚੀ ਇਕੱਲੀ ਰਹਿ ਗਈ। ਵਿਆਹ ਹੋਏ ਨੂੰ ਇਕ ਇਕ ਕਰਕੇ ਬਹੁਤ ਸਾਲ ਬੀਤਦੇ ਗਏ। ਚਾਚੀ ਦੇ ਕੋਈ ਨਿੱਕਾ ਨਿਆਣਾ ਵੀ ਨਹੀਂ ਸੀ ਹੋਇਆ। ਸਮੇਂ ਨੇ ਚਾਚੀ ਨੂੰ ਇਕੱਲੀ ਕਰ ਦਿੱਤਾ।

ਮੋਠੂ ਮਲੰਗਾ! ਜਦ ਔਰਤ ਦੇ ਕੋਲ ਉਸ ਦਾ ਖਾਵੰਦ ਨਾ ਹੋਵੇ ਤਾਂ ਔਰਤ ਦੇ ਜਾਣੋ ਕੰਮ ਹੀ ਮੁੱਕ ਜਾਂਦੇ ਹਨ। ਫਿਰ ਚਾਚੀ ਦੇ ਦਿਨ ਰਾਤ ਵਰ੍ਹੇ ਵਰ੍ਹੇ ਜਿਡੇ ਹੋ ਗਏ; ਮੁੱਕਣ ਦਾ ਨਾਂ ਨਾ ਲੈਂਦੇ। ਜਦ ਇਹ ਅਵਸਥਾ ਤਾਰੀ ਹੋ ਗਈ ਤਾਂ ਉਹ ਸੰਦੂਕ 'ਤੇ ਪਿਆ ਚਰਖਾ ਉਸ ਵੇਲੇ ਹੇਠ ਉਤਰ ਆਇਆ। ਚਾਚੀ ਚਰਖੇ ਨੂੰ ਸਰਦ ਦਿਨਾਂ 'ਚ ਧੁੱਪ ਸੀਹੇ ਡਾਹ ਲੈਂਦੀ, ਗਰਮੀਆਂ 'ਚ ਉਹ ਛੱਤੜੇ ਹੇਠ ਟਿਕਾ ਲੈਂਦੀ; ਸਿਆਲੂ ਰਾਤਾਂ 'ਚ ਤਾਂ ਚਰਖਾ ਉਸ ਦਾ ਸਾਥੀ ਹੀ ਬਣ ਜਾਂਦਾ। ਦੇਰ ਰਾਤ ਤਕ ਤੰਦ ਪਈ ਜਾਂਦੇ, ਸੂਤ ਲਿਪਟੀ ਜਾਂਦਾ; ਚਾਚੀ ਦੇ ਡੂੰਘੀਆਂ ਸੋਚਾਂ ਵਿਚ ਪਿਆਂ ਚਰਖਾ ਘੁੰਮੀ ਜਾਂਦਾ। ਚਾਚੀ ਚਰਖਾ ਕੱਤਦੀ ਹੁੰਦੀ ਤਾਂ ਪਿੰਡ ਦੀਆਂ ਕੁੜੀਆਂ ਚਾਚੀ ਕੋਲ ਆ ਜਾਂਦੀਆਂ, ਉਹ ਤੰਦ ਪਾਉਂਦੀਆਂ ਤੇ ਘਰਾਂ ਨੂੰ ਚਲੀਆਂ ਜਾਂਦੀਆਂ।

ਹਰ ਕੁੜੀ ਨੇ ਹਯਾਤੀ ਦੇ ਨਵੇਂ ਦੌਰ ਵਿਚ ਦਾਖਲ ਹੋਣਾ ਹੁੰਦਾ ਹੈ। ਓਨ੍ਹੀ ਵੇਲੀਂ ਜਿਹੜੀ ਚੁੱਲੇ-ਚੌਂਤਰੇ ਦਾ ਕੰਮ ਜਾਣਦੀ ਹੁੰਦੀ, ਦਰੀਆਂ ਅਤੇ ਨਾਲੇ ਬੁਣਨ ਤੋਂ ਵਾਕਫ ਅਤੇ ਤੰਦਾਂ ਦੀ ਸਿਆਣੀ ਹੁੰਦੀ, ਉਸ ਨੂੰ ਸਚਿਆਰੀ ਗਿਣਿਆ ਜਾਂਦਾ। ਇਹ ਹੀ ਬਹੁਤੀਆਂ ਦੇ ਉਸ ਵੇਲੇ ਦੇ ਡਿਪਲੋਮੇ ਸੀ ਡਿਗਰੀਆਂ ਸੀ। ਬਹੁਤ ਕੁਝ ਨਾ ਹੁੰਦਿਆਂ ਵੀ ਜ਼ਮਾਨਾ ਸੋਹਜ ਅਤੇ ਸਕੂਨ ਨਾਲ ਓਤਪੋਤ ਸੀ। ਸਿੱਧੀ ਸਾਫ ਜਿਹੀ ਜ਼ਿੰਦਗੀ ਸੀ ਤੇ ਸਿਧੇ ਜਿਹੇ ਹਾਸੇ। ਲੋਕ ਦਿਨੇ ਵੀ ਰੱਜ ਕੇ ਸੌਂਦੇ ਤੇ ਰਾਤਾਂ ਤਾਂ ਜਾਣੋ ਬਣੀਆਂ ਹੀ ਸੌਣ ਲਈ ਹੋਣ।

ਚਾਚੀ ਤੰਦ ਪਾਉਂਦੀ ਤਾਂ ਚਰਖੇ ਦੀ ਘੂਕ ਦੇ ਨਾਲ ਨਾਲ ਉਹ ਨਿੰਮਾ ਨਿੰਮਾ ਜਿਹਾ ਕੁਝ ਗੁਣਗੁਣਾਉਂਦੀ ਹੁੰਦੀ। ਚਾਹੇ ਬਹੁਤੀ ਸਮਝ ਨਹੀਂ ਸੀ ਲਗਦੀ ਪਰ ਉਸ ਦੀ ਸੁਰ 'ਚੋਂ ਕਿਸੇ ਹਉਕੇ, ਵੈਰਾਗ ਕਿਸੇ ਵਿਛੋੜੇ ਦੀ ਗੱਲ ਦਿਸਦੀ। ਇਉਂ ਸਮਾਂ ਬੀਤਦਾ ਗਿਆ, ਸਰਦ ਰਾਤਾਂ ਤਿੱਖੜ ਦੁਪਹਿਰੇ ਲੰਘਦੇ ਗਏ। ਨਾ ਚਿੱਠੀ ਨਾ



ਚੀਰਾ; ਵੱਡੀਆਂ ਜੰਗਾਂ ਲੱਗ ਗਈਆਂ ਸਨ, ਉਸ ਦਾ ਘਰ ਵਾਲਾ ਨਾ ਆਇਆ। ਪਿੰਡ ਦੀਆਂ ਕੁੜੀਆਂ ਕੱਤਰੀਆਂ ਆਉਂਦੀਆਂ ਰਹੀਆਂ, ਤੰਦ ਪਾਉਣੇ ਸਿੱਖ-ਸਿੱਖ ਆਪਣੇ ਨਵੇਂ ਘਰੀ ਤੁਰਦੀਆਂ ਗਈਆਂ। ਵਰ੍ਹੇ ਬੀਤਦੇ ਗਏ ਜਿਵੇਂ ਜਿਵੇਂ; ਪਰਦੇਸੀ ਦੇ ਆਉਣ ਦੀਆਂ ਆਸਾਂ ਮੁਕਦੀਆਂ ਗਈਆਂ ਤਿਵੇਂ ਤਿਵੇਂ।

ਫਿਰ ਜ਼ਮਾਨਾ ਨਵੇਂ ਦੌਰ ਵਿਚ ਪ੍ਰਵੇਸ਼ ਕਰ ਗਿਆ; ਹਰੀ ਕ੍ਰਾਂਤੀ ਨੇ ਪਿੰਡਾਂ ਦਾ ਮੂੰਹ ਮੱਥਾ ਬਦਲ ਦਿੱਤਾ ਸੀ। ਲੋਕ ਬਦਲ ਗਏ ਲੋਕਾਂ ਦੇ ਲਿਬਾਸ ਬਦਲ ਗਏ ਸਨ। ਲੋਕੀਂ ਅੰਦਰਲੇ ਭੀੜੇ ਘਰਾਂ ਚੋਂ ਬਾਹਰ ਨਿਕਲ ਆਏ ਸਨ; ਫਿਰਨੀਆਂ 'ਤੇ ਦੁਨੀਆਂ ਵਸਣ ਲੱਗ ਪਈ ਸੀ। ਸੜਕਾਂ ਨੇ ਪਿੰਡਾਂ ਵੱਲ ਮੂੰਹ ਕਰ ਲਿਆ ਸੀ। ਗੱਡਿਆਂ ਟਾਂਗਿਆਂ ਦੇ ਦਿਨ ਲੱਦ ਚੱਲੇ ਸਨ। ਹੌਲੀ ਹੌਲੀ ਸਭ ਦੇ ਕੱਚੇ, ਪੱਕੇ ਹੋਣ ਲੱਗੇ ਸਨ ਪਰ ਚਾਚੀ ਦੀ ਇਕ ਸਵਾਤ ਤੇ ਬਰਾਂਡਾ ਕੱਚੇ ਦਾ ਕੱਚਾ ਹੀ ਰਿਹਾ; ਮੀਂਹ ਨ੍ਹੇਰੀਆਂ ਆਉਂਦੀਆਂ ਰਹੀਆਂ ਪਰ ਲਿਪਿਆ ਪੋਚਿਆ ਉਹ ਚਾਚੀ ਦਾ ਸਾਥ ਦਿੰਦਾ ਰਿਹਾ।

ਮੋਠੂ ਮਲੰਗਾ! ਅਕਸਰ ਕੋਈ ਔਰਤ ਜੋ ਔਲਾਦ ਵੱਲੋਂ ਸੱਖਣੀ ਰਹਿ ਗਈ ਹੋਵੇ ਉਸ ਨੂੰ ਪਿੰਡ ਵਾਲੇ ਬਾਹਲਾ ਅਦਬੀ ਉਚਾ ਸਥਾਨ ਨਹੀਂ ਦਿਆ ਕਰਦੇ। ਪਰ ਇਥੇ ਚਾਚੀ ਨੂੰ ਸਾਰੇ ਚੰਗੇ ਅਰਥਾਂ 'ਚ ਦਰਵੇਸ਼ਣੀ ਕਰਕੇ ਜਾਣਦੇ ਸਨ। ਘਰ ਅੱਗੋਂ ਦੀ ਲੰਘਦੀਆਂ ਪੌਂਦੀਆਂ ਔਰਤਾਂ ਉਸ ਨੂੰ ਮਿਲ ਕੇ ਜਾਂਦੀਆਂ; ਚਾਚੀ ਦੇ ਚਰਨੀਂ ਹੱਥ ਲਾ ਕੇ ਅਸੀਸ ਲੈਂਦੀਆਂ। ਜਣੇਪਾ ਕੱਟਣ ਜਾਂ ਹੋਰ ਦਿਨੀ ਦਿਹਾਰੀਂ ਵਿਆਹੀਆਂ ਕੁੜੀਆਂ ਕੱਤਰੀਆਂ ਪੇਕੀਂ ਆਉਂਦੀਆਂ ਤਾਂ ਚਾਚੀ ਨੂੰ ਆ ਕੇ ਜਰੂਰ ਮਿਲਦੀਆਂ। ਉਨ੍ਹਾਂ ਦੇ ਘਰੀਂ ਕੋਈ ਖੁਸ਼ੀ ਹੁੰਦੀ, ਭਤੀਜੇ ਦਾ ਵਿਆਹ ਜਾਂ ਦਿਉਰ ਦਾ ਮੰਗਣਾ ਹੁੰਦਾ ਤਾਂ ਉਹ ਪਿੰਡ 'ਚ ਭਾਜੀ, ਪਤਾਸੇ ਵੰਡਦੀਆਂ ਅਤੇ ਚਾਚੀ ਨੂੰ ਲਾਜ਼ਮੀ ਦੇ ਕੇ ਜਾਂਦੀਆਂ।

ਚਾਚੀ ਢਲਣ ਵਾਲੀ ਨਹੀਂ ਸੀ ਪਰ ਤੁਰ

## ਚਲਦੇ ਚਲਦੇ

ਗਿਆਂ ਦੀਆਂ ਯਾਦਾਂ ਬੰਦੇ ਨੂੰ ਹਰਾ ਦਿੰਦੀਆਂ। ਚਾਚੀ ਦੇ ਮੁੱਖ ਤੋਂ ਵੀ ਪਿਛਲਾ ਪਹਿਰ ਝਲਕਣ ਲੱਗ ਪਿਆ ਸੀ। ਚਾਚੀ ਦੋ ਰੋਟੀਆਂ ਸਵੇਰੇ ਤੇ ਦੋ ਰੋਟੀਆਂ ਸ਼ਾਮ ਨੂੰ ਲਾਹੁੰਦੀ ਤੇ ਇਕ ਗਜ਼ਾ ਕਰਨ ਵਾਲੇ ਵਾਸਤੇ। ਅੱਧੀ ਰੋਟੀ ਜਨੌਰਾਂ ਨੂੰ ਭੋਰ ਕੇ ਪਾ ਦਿੰਦੀ। ਚਾਚੀ ਦੇ ਚਰਖੇ ਦੀ ਘੂਕ ਪੈਂਦੇ ਪੈਂਦੇ ਫਿਰ ਉਹ ਅਵਸਥਾ ਵੀ ਆ ਗਈ ਜਦ ਸੂਖਮ ਬੁੱਧੀ 'ਚੋਂ ਇਕ ਬਹੁਤ ਹੀ ਫਰਿਆਦਮਈ ਅਵਾਜ਼ ਉਪਜਦੀ ਹੈ-ਰੱਬਾ ਹੁਣ ਤਾਂ ਚੱਕ ਲੈ। ਚਾਚੀ ਦੇ ਮੁਖਾਰਬਿੰਦ ਤੋਂ ਵੀ ਇਹ ਅਲਫਾਜ਼ ਉਤਰਨ ਲੱਗ ਪਏ ਸਨ।

ਰਾਤ ਦਾ ਪਿਛਲਾ ਪੱਖ ਸੀ। ਤੜਕਾ ਹੋ ਗਿਆ ਸੀ। ਸਵੇਰ ਦੇ ਪੰਜ ਕੁ ਵਜੇ ਸਨ। ਸਿਆਲੂ ਰੁੱਤ ਸੀ। ਗੁਰਦੁਆਰੇ ਵਾਲਾ ਭਾਈ ਰੋਜ਼ ਦੀ ਤਰ੍ਹਾਂ ਸਪੀਕਰ ਤੋਂ ਮੁਖਾਤਿਬ ਹੋਇਆ-ਨਗਰ ਨਿਵਾਸੀਓ ਉਠੋ; ਅੰਮ੍ਰਿਤ ਵੇਲਾ ਹੋ ਗਿਆ ਸੌਚ ਇਸ਼ਨਾਨ ਕਰੋ, ਦੇਹੀਆਂ ਪਵਿੱਤਰ ਕਰੋ-ਤੇ ਫਿਰ ਬੜੇ ਭਰੇ ਮਨ ਨਾਲ ਉਸ ਆਖਿਆ-ਭਾਈ! ਆਪਣੀ ਦਰਵੇਸ਼ਣੀ ਚਾਚੀ ਆਪਣੇ ਸਵਾਸ ਪੂਰੇ ਕਰਕੇ ਚੱਲ ਵਸੀ ਹੈ। ਚੱਲਣੀ ਸਰਾਂ ਹੈ ਇਹ ਸੰਸਾਰ-ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ-ਕਿਸੇ ਸਦਾ ਬੈਠ ਨਹੀਂ ਰਹਿਣਾ ਵਾਰੀ ਅਨੁਸਾਰ ਇਕ ਦਿਨ ਸੱਭ ਨੇ ਚਲੇ ਜਾਣਾ ਹੈ।

ਆਪਣੇ ਦਿਨ ਪੂਰੇ ਕਰ ਕੇ ਚਾਚੀ ਚਲੀ ਗਈ। ਬਾਹਲੇ ਦਿਨ ਨਹੀਂ ਸੀ ਹੋਏ ਸ਼ਰੀਕਾਂ ਨੇ ਚਾਚੀ ਦਾ ਘਰ ਢਾਹ ਕੇ ਆਪਣੇ ਘਰਾਂ 'ਚ ਰਲਾ ਲਿਆ। ਸਾਹ ਮੁੱਕ ਗਏ ਗਿਲੇ-ਸ਼ਿਕਵੇ ਝੇੜੇ-ਝੋਰੇ ਵੀ ਚਾਚੀ ਦੇ ਸਾਰੇ ਸਾਹਾਂ ਦੇ ਨਾਲ ਹੀ ਸੁੱਕ ਗਏ। ਹਮੇਸ਼ਾ ਹਮੇਸ਼ਾ ਲਈ ਗੁੰਮ ਹੋ ਗਈ ਹਵਾ ਵਿਚ ਉਸ ਦੇ ਰਿਦੇ 'ਚੋਂ ਨਿਕਲਦੀ ਵੈਰਾਗਾਂ ਵਿਛੋੜਿਆਂ ਦੀ ਹੂਕ। ਚਲੀ ਗਈ ਸੀ ਚਾਚੀ ਅਤੇ ਚਾਚੀ ਦੇ ਚਰਖੇ ਦੀ ਘੂਕ।

# ਮਗਰੋਂ ਲੁਕਣ ਨਾਲੋਂ ਪਹਿਲਾਂ ਸੋਚ ਸਮਝ ਕੇ ਕੰਮ ਕਰ ਲਵੋ ਜਨਾਬ

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਸਿਆਣਿਆਂ ਕਿਹੈ, ਕੰਮ ਉਹ ਕਰੋ ਜੋ ਨੀਵੀਂ ਪਾਉਣ ਲਈ ਮਜਬੂਰ ਨਾ ਕਰੇ। ਵੈਸੇ ਵੀ ਅੱਖ 'ਚ ਅੱਖ ਪਾ ਕੇ ਗੱਲ ਕਰਨ ਦਾ ਆਪਣਾ ਹੀ ਸਰੂਰ ਹੈ। ਜੇ ਦੂਜਿਆਂ ਨੂੰ ਜਵਾਬਦੇਹ ਹੋਣ ਦੀ ਥਾਂ ਖੁਦ ਨੂੰ ਜਵਾਬਦੇਹ ਰਹਿਣ ਵਾਲੀ ਨੀਤੀ ਅਪਨਾ ਲਈ ਜਾਵੇ ਤਾਂ ਸ਼ਾਇਦ ਕਦੇ ਅੱਖ ਨੀਵੀਂ ਕਰਨ ਦੀ ਨੌਬਤ ਹੀ ਨਾ ਆਵੇ। ਇਹ ਗੱਲਾਂ ਇਸ ਕਰਕੇ ਉਸਲਵੱਟੇ ਲੈ ਰਹੀਆਂ ਨੇ ਕਿ ਪਿਛਲੇ ਦਿਨੀਂ ਗਾਇਕ ਗਿੱਪੀ ਗਰੇਵਾਲ ਜਲੰਧਰ ਦੇ ਪ੍ਰੈਸ ਕਲੱਬ ਵਿਚ ਪੱਤਰਕਾਰਾਂ ਦੇ ਮੱਥੇ ਲੱਗਣੋਂ ਡਰ ਗਿਆ। ਉਹਦੀ ਨਵੀਂ ਆਈ ਫਿਲਮ ਦੀ ਪ੍ਰੈਸ ਕਾਨਫਰੰਸ ਰੱਖੀ ਗਈ ਸੀ ਤੇ ਪੱਤਰਕਾਰਾਂ ਨੂੰ ਇਹ ਕਹਿ ਕੇ ਸੱਦਿਆ ਗਿਆ ਸੀ ਕਿ ਗਿੱਪੀ, ਜੈਜ਼ੀ ਬੀ ਤੇ ਸਿਮਰਨ ਕੌਰ ਮੁੰਡੀ ਰੂਬਰੂ ਹੋਣ ਆ ਰਹੇ ਨੇ, ਪਰ ਐਨ ਮੌਕੇ 'ਤੇ ਗਿੱਪੀ ਝਕਾਨੀ ਦੇ ਗਿਆ।

ਪੱਤਰਕਾਰਾਂ ਨੇ ਪੁੱਛਿਆ, ਤੁਸੀਂ ਤਾਂ ਕਿਹਾ ਸੀ ਕਿ ਗਿੱਪੀ ਵੀ ਆਏਗਾ, ਕਿੱਧਰ ਗਿਆ ਉਹ? ਜਵਾਬ ਸੀ, ਉਹਨੂੰ ਕੋਈ ਜ਼ਰੂਰ ਕੰਮ ਪੈ ਗਿਆ...।

ਖੈਰ ਗੱਲ ਆਈ-ਗਈ ਹੋ ਗਈ ਪਰ ਪਿਛੋਂ ਪਤਾ ਲੱਗਾ ਕਿ ਗਿੱਪੀ ਨੂੰ ਆਪਣਾ ਪਾਲ਼ਾ ਮਾਰ ਰਿਹਾ ਸੀ ਕਿ ਉਸ ਨੇ ਪੰਜਾਬੀ ਗਾਇਕੀ 'ਚ ਚੰਦ ਬਹੁਤ ਚਾੜ੍ਹੇ ਨੇ ਤੇ ਜੇ ਪੱਤਰਕਾਰਾਂ ਉਸ ਦੇ ਚਿੱਠੇ ਖੋਲ੍ਹਣੇ ਸ਼ੁਰੂ ਕਰ ਦਿੱਤੇ ਤਾਂ ਲੈਣੇ ਦੇ ਦੇਣੇ ਪੈ ਸਕਦੇ ਨੇ। ਉਹਨੂੰ ਡਰ ਸੀ ਕਿ ਪੱਤਰਕਾਰ ਉਸ ਨੂੰ ਪੁੱਛ ਸਕਦੇ ਨੇ ਕਿ, 'ਇਸਤਰੀ ਜਾਗ੍ਰਿਤੀ ਮੰਚ' ਵਾਲੀਆਂ ਬੀਬੀਆਂ ਨੇ ਤੁਹਾਡੇ ਪੁਤਲੇ ਵੀ ਫੂਕੇ ਨੇ, ਪਰ ਫੇਰ ਵੀ ਤੁਸੀਂ ਰਿਸ਼ਤਿਆਂ ਨੂੰ ਪਲੀਤ ਕਰਨ ਵਾਲੇ ਗਾਣੇ ਗਾਈ ਜਾ ਰਹੇ ਓ?' ਕਿਤੇ ਇਹ ਨਾ ਪੁੱਛ ਲਿਆ ਜਾਏ ਕਿ ਤੁਸੀਂ ਆਪਣੇ ਖਿਲਾਫ਼ ਪੈਂਦੇ ਰੌਲੇ ਨੂੰ ਠੰਢਾ ਕਰਨ ਲਈ ਧਾਰਮਿਕ ਐਲਬਮ 'ਤਲਵਾਰ' ਕੱਢ ਛੱਡਦੇ ਓ, ਪਰ ਕੁਝ ਚਿਰ ਬਾਅਦ ਫੇਰ ਸ਼ੁਰੂ ਕਰ ਦਿੰਦੇ ਓ, 'ਮੈਂ ਪਿੰਡ ਨਾਨਕੇ ਰਹਿੰਦਾ ਸੀ, ਉਹ ਭੂਆ ਕੋਲੇ ਪੜ੍ਹਦੀ ਸੀ', 'ਮੈਂ ਕਿਆ ਕਿੱਥੇ ਆਂ, ਪਿੰਡ ਮਾਸੀ ਦੇ ਗਈ ਸੀ' ਵਗੈਰਾ-ਵਗੈਰਾ।

ਉਹ ਚੁਸਤੀ ਨਾਲ ਉਥੇ ਸਵਾਲਾਂ ਦੇ ਜਵਾਬ ਦੇਣੋਂ ਤਾਂ ਬਚ ਗਿਆ ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜਦੋਂ ਕਲਾਕਾਰ ਜਾਣਦੇ ਹਨ ਕਿ ਜੋ ਬੋਲ ਅਸੀਂ ਅੱਜ ਮੂੰਹੋਂ ਕੱਢਦੇ ਹਾਂ, ਇਹ ਸਾਰੀ ਉਮਰ ਸਾਡੇ ਨਾਲ ਹੀ ਤੁਰਦੇ ਰਹਿਣੇ ਨੇ ਤਾਂ ਪਹਿਲਾਂ ਇਸ ਗੱਲ ਨੂੰ ਕਿਉਂ ਨਹੀਂ ਵਿਚਾਰਦੇ। ਹੁਣੇ-ਹੁਣੇ ਇਸੇ ਗਿੱਪੀ ਦਾ ਇਕ ਗੀਤ ਚੈਨਲਾਂ 'ਤੇ ਚੱਲ ਕੇ ਹਟਿਐ, 'ਪਾਪਾ ਨੂੰ ਪਤਾ ਲੱਗ ਜਾਊਗਾ' ਤੇ ਇਹਦੇ ਨਾਲ ਹੀ ਉਹਦਾ ਇਕ ਹੋਰ ਗੀਤ ਚੱਲ ਕੇ ਹਟਿਐ, ਜਿਸ 'ਚ ਉਹਨੇ ਪ੍ਰਾਇਮਰੀ ਕਲਾਸ ਤੋਂ ਹੁੰਦੀ ਆਸ਼ਕੀ ਬਿਆਨ ਕੀਤੀ ਏ ਜਿਸ ਦੇ ਬੋਲ ਨੇ, 'ਨੀਂ ਉਹ ਪ੍ਰਾਇਮਰੀ ਕਲਾਸ ਵਾਲਾ ਨਲਕਾ, ਜਿੱਥੇ ਬਹਿ ਕੇ ਫੱਟੀਆਂ ਸੀ ਪੋਚਦੇ...।' ਇਨ੍ਹਾਂ ਗਾਣਿਆਂ ਦਾ ਵਿਰੋਧ ਵੀ ਹੋ ਜਾਣਾ ਸੀ, ਜੇ ਪਹਿਲਾਂ ਹੋਏ ਵਿਰੋਧ ਤੋਂ ਕਲਾਕਾਰਾਂ ਨੇ ਕੋਈ



*ਗਿੱਪੀ ਗਰੇਵਾਲ*

ਸਬਕ ਸਿੱਖਿਆ ਹੁੰਦਾ ਜਾਂ ਆਮ ਲੋਕਾਂ ਇਨ੍ਹਾਂ ਨੂੰ ਨੱਥ ਪਾਉਣ ਦੀ ਗੱਲ ਸੋਚੀ ਹੁੰਦੀ।

ਇਹ 'ਕੱਲੇ ਗਿੱਪੀ ਦੀ ਸਮੱਸਿਆ ਨਹੀਂ, ਪੰਜਾਬ ਦੇ ਦੋ ਦਰਜਨ ਤੋਂ ਵੱਧ ਉਨ੍ਹਾਂ ਚਰਚਿਤ ਕਲਾਕਾਰਾਂ ਦੀ ਹੈ, ਜਿਹੜੇ ਸਿਰਫ਼ 'ਹਿੱਟ' ਹੋਣ ਲਈ ਕਿਸੇ ਦੀ ਵੀ ਇੱਜ਼ਤ ਦਾ ਕਬਾੜਾ ਸਸਤੇ ਭਾਅ ਕਰ ਸਕਦੇ ਨੇ। ਇਨ੍ਹਾਂ ਦਾ ਇਕ ਨੁਕਾਤੀ ਪ੍ਰੋਗਰਾਮ ਹੈ, 'ਚਰਚਾ' ਤੇ ਸਮਾਜ ਦੇ ਜਾਗ੍ਰਿਤ ਲੋਕਾਂ ਵੱਲੋਂ ਜਦੋਂ ਇਨ੍ਹਾਂ ਦੀਆਂ ਯਭਲੀਆਂ ਦੀ ਚਰਚਾ ਕੀਤੀ ਜਾਂਦੀ ਏ ਤਾਂ ਇਹ ਉਨ੍ਹਾਂ ਦੇ ਮੱਥੇ ਲੱਗਣ ਤੋਂ ਭੱਜਦੇ ਨੇ। ਕਈ ਪੱਤਰਕਾਰਾਂ ਨੂੰ ਤਾਂ ਅਸੀਂ ਇਹ ਕਹਿੰਦੇ ਵੀ ਸੁਣਿਐ ਕਿ ਗਿੱਪੀ ਨੂੰ ਪੁੱਛਣਾ ਸੀ, ਬਈ ਜਦੋਂ ਨਾ ਗਾਉਂਦਾ ਹੋਣ ਦੇ ਬਾਵਜੂਦ ਗਾਇਕੀ ਵਿਚ ਤੇਰਾ ਜੁਗਾੜ ਲੱਗ ਗਿਆ ਤਾਂ ਹਰ ਤੀਜੇ ਮਹੀਨੇ ਪੰਜਾਬੀ ਫਿਲਮ ਵਿਚ ਦਿਸ ਕੇ ਕਿਹੜਾ ਅਕਸ਼ੈ ਕੁਮਾਰ ਬਣਨ ਦਾ ਭਰਮ ਪਾਲੀ ਫ਼ਿਰਦਾਂ।'

ਖੈਰ, ਬਹੁਤ ਘੱਟ ਕਲਾਕਾਰ ਨੇ, ਜਿਹੜੇ ਮੀਡੀਏ ਦੇ ਸਵਾਲਾਂ ਦਾ ਸਾਹਮਣਾ ਕਰ ਸਕਦੇ ਨੇ। ਇਕ ਵਾਰ ਪੰਜਾਬ ਦੇ ਇਕ ਨਾਮਵਰ ਕਲਾਕਾਰ ਦੀ ਨਵੀਂ ਐਲਬਮ ਦੀ ਪ੍ਰੈਸ ਕਾਨਫਰੰਸ ਚੱਲ ਰਹੀ ਸੀ। ਜਾਣ-ਪਛਾਣ ਵਾਲਿਆਂ ਕਈ ਮਸ਼ਹੂਰ ਹਸਤੀਆਂ ਨੇ ਉਸ ਦੀ ਗਾਇਕੀ ਤੇ ਹੋਰ ਕੰਮਾਂ ਬਾਬਤ ਬੜਾ ਕੁਝ ਬੋਲਿਆ। ਇਕ ਨੇ ਇਹ ਵੀ ਕਹਿ ਛੱਡਿਆ, 'ਇਹ ਕਲਾਕਾਰ ਮਾਂ ਬੋਲੀ ਪੰਜਾਬੀ ਨੂੰ ਪ੍ਰਣਾਇਆ ਏ, ਇਹਦਾ ਗਾਉਣ ਢੰਗ ਨਿਰਾਲਾ ਏ ਤੇ ਇਸ ਦੇ ਗੀਤ ਬੱਚਿਆਂ ਤੋਂ ਬਜ਼ੁਰਗਾਂ ਤੱਕ ਇਕ ਸਮਾਨ ਪ੍ਰਭਾਵ ਛੱਡਦੇ ਨੇ...।' ਉਸ ਦੀ ਸਿਫ਼ਤ ਵਿਚ ਹੋਰ ਵੀ ਬੜੀਆਂ ਗੱਲਾਂ ਕਹੀਆਂ ਗਈਆਂ, ਜਿਨ੍ਹਾਂ ਨੂੰ ਸੁਣ ਕਲਾਕਾਰ ਮੰਦ-ਮੰਦ ਮੁਸਕਰਾ ਰਿਹਾ ਸੀ।

ਫੇਰ ਕਲਾਕਾਰ ਨੇ ਕਿਹਾ, 'ਸਾਹਮਣਲੀ ਸਕਰੀਨ 'ਤੇ ਤੁਸੀਂ ਮੇਰੇ ਨਵੇਂ ਗੀਤ ਦਾ ਵੀਡੀਓ ਦੇਖ ਲਵੋ, ਬਾਅਦ 'ਚ ਆਪਾਂ ਸਵਾਲਾਂ ਜਵਾਬਾਂ ਵੱਲ ਮੁੜਦੇ ਹਾਂ।' ਵੀਡੀਓ ਸ਼ੁਰੂ ਹੋਇਆ ਤਾਂ ਉਮਰ 'ਚ ਕਲਾਕਾਰ ਦੀ ਬੇਬੇ ਦਿਸਣ ਵਾਲੀ ਗੋਰੀ ਛੋਟੀ ਜਹੀ ਨਿੱਕਰ ਪਾ ਕੇ ਬਿਨਾਂ ਵਜ੍ਹਾ ਛਾਲ਼ਾਂ ਮਾਰਦੀ ਫਿਰੇ। ਕਲਾਕਾਰ ਕੁਝ ਹੋਰ ਕਹੇ ਤੇ ਗੋਰੀ ਕੁਝ ਹੋਰ ਹੀ ਕਰਦੀ ਫਿਰੇ।

ਗਾਣਾ ਖਤਮ ਹੋਇਆ ਤਾਂ ਕਲਾਕਾਰ ਪੱਤਰਕਾਰਾਂ ਦੇ ਅੜਿੱਕੇ ਆ ਗਿਆ। ਪਹਿਲਾ ਸਵਾਲ ਹੋਇਆ, "ਹੁਣੇ-ਹੁਣੇ ਤੁਹਾਡੇ ਬਾਰੇ ਨਾਲ ਬੈਠੇ ਸੱਜਣ ਨੇ ਕਿਹਾ ਸੀ ਕਿ ਤੁਸੀਂ ਮਾਂ ਬੋਲੀ ਨੂੰ ਸਮਰਪਤ ਹੋ, ਮਾਂ ਬੋਲੀ ਦੇ ਵਿਕਾਸ ਲਈ ਯਤਨਸ਼ੀਲ ਹੋ, ਪਰ ਆਹ ਗੋਰੀ ਦੇ ਦੁੜੰਗੇ ਅਤੇ ਕੱਪੜੇ ਦੇਖ ਕੇ ਤਾਂ ਨਹੀਂ ਲੱਗਦਾ ਕਿ ਇੰਜ ਮਾਂ ਬੋਲੀ ਦਾ ਵਿਕਾਸ ਹੁੰਦਾ ਹੋਏਗਾ।"

ਕਲਾਕਾਰ ਭਮੱਤਰ ਗਿਆ। ਉਹਨੇ ਕੋਈ ਹੋਰ ਜਵਾਬ ਅਹੁੜਦਾ ਨਾ ਦੇਖ ਤਾਰੀਫ ਕਰਨ ਵੱਲ ਸੱਜਣ ਵੱਲ ਉਂਗਲ ਕਰਕੇ ਕਹਿ ਛੱਡਿਆ, "ਮੈਂ ਤਾਂ ਕਦੇ ਆਖਿਆ ਹੀ ਨਹੀਂ ਕਿ ਮੈਂ ਮਾਂ ਬੋਲੀ ਦੀ ਸੇਵਾ ਕਰਦਾ ਹਾਂ, ਇਹ ਤਾਂ ਇਨ੍ਹਾਂ ਨੇ ਆਖਿਐ, ਅਸੀਂ ਤਾਂ ਸੌ ਫ਼ੀਸਦੀ ਕਮਰਸ਼ੀਅਲ ਬੰਦੇ ਹਾਂ, ਮਾਰਕੀਟ ਵਿਚ ਜੋ ਵਿਕਦੈ, ਉਹ ਗਾਈਦੈ।"

ਉਹਨੇ ਆਪ ਬਚਣ ਖਾਤਰ ਨਾਲ ਦੇ ਸਿਰ ਸਾਰਾ ਠੀਕਰਾ ਭੰਨ ਛੱਡਿਆ। ਇਹ ਸਾਰੀਆਂ ਘਟਨਾਵਾਂ ਉਨ੍ਹਾਂ ਕਲਾਕਾਰਾਂ ਨਾਲ ਜ਼ਿਆਦਾ ਵਾਪਰਦੀਆਂ ਨੇ, ਜਿਹੜੇ ਪਹਿਲਾਂ ਕੰਮ ਕਰਨ ਵੇਲ਼ੇ ਕੁਝ ਸੋਚਦੇ ਨਹੀਂ ਤੇ ਬਾਅਦ ਵਿਚ ਉਨ੍ਹਾਂ ਨੂੰ ਸ਼ਰਮ ਮਾਰਿਆਂ ਕੋਈ ਜਵਾਬ ਨਹੀਂ ਸੁੱਝਦਾ। ਕਈ ਕਲਾਕਾਰ ਅਜਿਹੇ ਨੇ, ਜਿਹੜੇ ਉਲਝਣ ਪੈਂਦੀ ਦੇਖ, 'ਅੱਗੇ ਤੋਂ ਖਿਆਲ ਰੱਖਾਂਗੇ' ਕਹਿ ਖਹਿੜਾ ਛੁਡਾਉਂਦੇ ਨੇ, ਪਰ ਅਗਲੇ ਹਫ਼ਤੇ ਉਨ੍ਹਾਂ ਦਾ ਕੋਈ ਹੋਰ ਕਾਰਨਾਮਾ ਸਾਹਮਣੇ ਆ ਜਾਂਦੈ।

ਇਨ੍ਹੀਂ ਦਿਨੀਂ ਪੰਜਾਬ ਦਾ ਇਕ ਵਿਵਾਦਤ ਕਲਾਕਾਰ ਆਪਣੀ ਧਾਰਮਿਕ ਐਲਬਮ ਰਿਲੀਜ਼ ਕਰਨ ਦੀ ਯੋਜਨਾ ਬਣਾ ਰਿਹੈ। ਲੋਕਾਂ ਉਸ ਨੂੰ ਹਰ ਮੋੜ 'ਤੇ ਬਹੁਤ ਘੇਰਿਐ ਤੇ ਆਪਣੇ ਖਿਲਾਫ ਹੋਏ ਪ੍ਰਚਾਰ ਨੂੰ ਦੇਖਦਿਆਂ ਉਹਨੇ ਯੋਜਨਾ ਬਣਾਈ ਏ ਕਿ ਕਿਉਂ ਨਾ ਭੁੱਲ ਬਖਸ਼ਾਈ ਐਲਬਮ ਕਰ ਲਈ ਜਾਵੇ। ਇਕ ਵਾਰ ਆਪਣਾ ਚੰਗਾ ਪ੍ਰਭਾਵ ਸਿਰਜਣ ਖਾਤਰ ਉਹ ਇਹ ਸਭ ਢਕਵੰਜ ਰਚ ਰਿਹੈ। ਦੇਖਦੇ ਹਾਂ, ਹੁਣ ਉਹ ਕਦੋਂ ਐਲਬਮ ਕਰਦਾ ਤੇ ਉਸ ਤੋਂ ਬਾਅਦ ਧਾਰਮਿਕ ਪਾਸੇ ਮੁੜਨ ਪਿੱਛੇ ਕੀ ਤਰਕ ਦਿੰਦੈ।

ਕਦੇ-ਕਦੇ ਇੰਜ ਜਾਪਣ ਲੱਗਦੈ ਕਿ ਪੰਜਾਬ ਦੇ ਬਹੁਤੇ ਕਲਾਕਾਰ ਭਾਰਤ ਦੀ ਕੇਂਦਰੀ ਲੀਡਰਸ਼ਿਪ ਵਿਚਲੇ ਦਿਗਵਿਜੇ ਸਿੰਘ, ਜੈ ਰਾਮ ਰਮੇਸ਼ ਅਤੇ ਬੇਨੀ ਪ੍ਰਸਾਦ ਵਰਮਾ ਵਰਗੇ ਬਣ ਚੁੱਕੇ ਨੇ। ਇਨ੍ਹਾਂ ਲੀਡਰਾਂ ਨੇ 'ਯੂ ਪੀ ਏ' ਸਰਕਾਰ ਦੀ ਤੋਏ-ਤੋਏ ਕਰਾਉਣ ਵਿਚ ਕੋਈ ਕਸਰ ਨਹੀਂ ਛੱਡੀ ਤੇ ਜਦੋਂ ਇਨ੍ਹਾਂ ਵੱਲੋਂ ਕੋਈ ਭਸੂੜੀਨੁਮਾ ਬਿਆਨ ਦਾਗ਼ ਦਿੱਤਾ ਜਾਂਦੈ ਤਾਂ ਕਾਂਗਰਸ ਖੁਦ ਨੂੰ ਇਨ੍ਹਾਂ ਨਾਲੋਂ ਵੱਖ ਸਾਬਤ ਕਰਨ ਦੀ ਕੋਸ਼ਿਸ਼ ਕਰਨ ਲੱਗਦੀ ਏ।

ਗੀਤਾ ਜ਼ੈਲਦਾਰ, ਹਨੀ ਸਿੰਘ ਤੇ ਗਿੱਪੀ ਗਰੇਵਾਲ ਵੀ ਦਿੱਗੀ ਵਾਂਗ ਪਹਿਲਾਂ ਮੁਸੀਬਤ ਸਹੇੜਨ ਵਾਲੀ ਗੱਲ ਕਰ ਲੈਂਦੇ ਨੇ, ਪਰ ਬਾਅਦ ਵਿਚ ਇਨ੍ਹਾਂ ਨੂੰ ਵਿਵਾਦਗ੍ਰਸਤ ਲੀਡਰਾਂ ਵਾਂਗ ਬਚਣ ਦਾ ਰਾਹ ਨਹੀਂ ਲੱਭਦਾ। ਇਹ ਮਹਾਂਮੂਰਖ ਲੀਡਰਾਂ ਵਾਂਗ ਇਹ ਵੀ ਨਹੀਂ ਕਹਿ ਸਕਦੇ ਕਿ ਸਾਡੇ ਵੀਡੀਓ ਜਾਂ ਗੀਤ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਐ ਕਿਉਂਕਿ ਆਮ ਲੋਕਾਂ ਨੇ ਸਾਰਾ ਕੁਝ ਕਰਦਿਆਂ ਚੈਨਲਾਂ 'ਤੇ ਇਨ੍ਹਾਂ ਨੂੰ ਅੱਖੀਂ ਦੇਖਿਆ ਹੁੰਦੈ।

### ਜੱਟਾਂ ਦੀਆਂ ਹਾਈਟੈਕ ਫਿਲਮਾਂ

ਇਕ ਵੇਲਾ ਸੀ ਜਦੋਂ 'ਬਦਲਾ ਜੱਟੀ ਦਾ', 'ਅਣਖ ਜੱਟਾਂ ਦੀ', 'ਜੱਟ ਤੇ ਜ਼ਮੀਨ', 'ਪੁੱਤ ਜੱਟਾਂ ਦੇ', 'ਗੰਡਾਸਾ ਜੱਟ ਦਾ' ਵਰਗੀਆਂ ਫਿਲਮਾਂ ਦਰਸ਼ਕਾਂ ਨੂੰ ਭਾਉਂਦੀਆਂ ਸਨ। ਇਨ੍ਹਾਂ ਫਿਲਮਾਂ ਦਾ ਸਰੂਰ ਦਰਸ਼ਕਾਂ ਦੇ ਦਿਮਾਗ 'ਤੇ ਬੜਾ ਚਿਰ ਚੜ੍ਹਿਆ ਰਿਹਾ। ਮੇਰੇ ਇਕ ਦੋਸਤ ਦਾ ਚਾਚਾ ਤਾਂ ਇਹ ਵੀ ਕਹਿੰਦੈ, ਕਿ ਜਦੋਂ 'ਅਣਖ ਜੱਟਾਂ ਦੀ' ਫਿਲਮ ਆਈ ਸੀ, ਉਦੋਂ ਮੈਂ ਇੰਟਰਵੈਲ ਤੱਕ ਸਿਨੇਮੇ 'ਚ ਬੈਠੇ ਨੇ ਅਧੀਆ ਖਾਲੀ ਕਰ ਦਿੱਤਾ ਸੀ, ਕਿਉਂਕਿ ਮੇਰੇ ਅੰਦਰਲੀ ਅਣਖ ਜਾਗ ਪਈ ਸੀ। ਜਦੋਂ ਉਹ ਪੂਰੀ ਫਿਲਮ ਦੇਖ ਕੇ ਬਾਹਰ ਨਿਕਲਿਆ ਸੀ ਤਾਂ ਖੁਦ ਨੂੰ ਗੱਦਾਫ਼ੀ ਨਾਲੋਂ ਘੱਟ ਨਹੀਂ ਸੀ ਸਮਝ ਰਿਹਾ। ਮੂਡ 'ਚ ਆਇਆ ਅੱਜ ਵੀ ਕਹਿ ਛੱਡਦੈ, 'ਕਈ ਦਿਨ ਮੈਨੂੰ ਨਾਲਦੀਆਂ ਜ਼ਮੀਨਾਂ ਵਾਲੇ ਆਪਣੇ ਵੈਰੀ ਲੱਗਦੇ ਰਹੇ ਤੇ ਦਿਲ ਕਰੇ ਸਭ ਦੇ ਡੱਕਰੇ ਕਰ ਦਿਆਂ।'

ਫੇਰ ਜਦੋਂ ਦਰਸ਼ਕ ਇਨ੍ਹਾਂ ਫਿਲਮਾਂ ਤੋਂ ਉਕਤਾ ਗਏ ਤਾਂ ਲੰਮਾ ਸਮਾਂ ਪੰਜਾਬੀ ਫਿਲਮਾਂ ਦੀ ਬ੍ਰੇਕ ਲੱਗੀ ਰਹੀ। ਹੁਣ ਜਦੋਂ ਇਕ ਵਾਰ ਫਿਰ ਬ੍ਰੇਕ ਤੋਂ ਪੈਰ ਚੁੱਕਿਆ ਗਿਐ ਤਾਂ ਪਹਿਲਾਂ ਵਾਂਗ 'ਜੱਟ' ਆਧਾਰਤ ਫਿਲਮਾਂ ਮੁੜ ਰਿਲੀਜ਼ ਹੋਣੀਆਂ ਸ਼ੁਰੂ ਹੋ ਚੁੱਕੀਆਂ ਨੇ।



## ਕਹਾਣੀ

# ਕੁਰਸੀ

***ਮਰਹੂਮ ਕਹਾਣੀਕਾਰ ਰਘੁਬੀਰ ਢੰਡ ਦੀ ਕਹਾਣੀ 'ਸ਼ਾਨੇ-ਪੰਜਾਬ' ਪਾਠਕ ਪੰਜਾਬ ਟਾਈਮਜ਼ ਦੇ ਪੰਨਿਆਂ ਉਤੇ ਪੜ੍ਹ ਚੁਕੇ ਹਨ ਜੋ ਸੱਚਮੁਚ ਹੀ ਪੰਜਾਬ ਦੀ ਸ਼ਾਨ ਕਹੀ ਜਾ ਸਕਦੀ ਹੈ। ਇਸ ਵਾਰ ਛਾਪੀ ਜਾ ਰਹੀ ਉਸ ਦੀ ਕਹਾਣੀ 'ਕੁਰਸੀ' ਕੋਈ ਕਹਾਣੀ ਨਹੀਂ, ਮਾਨੋ ਕਈ ਯੁੱਗਾਂ ਦੀ ਕੋਈ ਕਥਾ-ਵਾਰਤਾ ਹੈ... ਤੇ ਜਾਪਦਾ ਹੈ ਇਨ੍ਹਾਂ ਯੁੱਗਾਂ ਦਾ ਭਾਰ ਇਸ ਕਹਾਣੀ ਦੇ ਮੁੱਖ ਪਾਤਰ ਅਰਜਣ ਅਮਲੀ ਦੀਆਂ ਪਿਛਲੀਆਂ ਅਤੇ ਅਗਲੀਆਂ ਪੀੜ੍ਹੀਆਂ ਢੋਹ ਰਹੀਆਂ ਹਨ। ਢੰਡ ਨੇ ਇਸ ਕਹਾਣੀ ਵਿਚ ਇਨ੍ਹਾਂ ਪੀੜ੍ਹੀਆਂ ਦੇ ਹੱਡੀਂ ਰਚ ਗਏ ਦਰਦ ਨੂੰ ਬਰਸਾਤੀ ਨਦੀ ਵਾਂਗ ਬੇਮੁਹਾਰ ਵਗਣ ਲਾ ਦਿੱਤਾ ਹੈ। ਲੇਖਕ ਨੇ ਇਸ ਦਰਦ ਨੂੰ ਜਿੰਦਾਂ ਬੰਦੇ ਦੀ ਤੜਫਾਹਟ ਨਾਲ ਗੁੰਦਿਆ ਹੈ, ਉਸ ਦੀ ਕੋਈ ਰੀਸ ਨਹੀਂ। ਕਹਾਣੀ ਵਿਚ ਬਹੁਤ ਥਾਂਈਂ ਗੱਲਾਂ, ਅਰਜਣ ਦੇ ਨਗੋਜਿਆਂ ਵਾਂਗ ਆਕਾਸ਼ ਤੱਕ ਉਡਾਣ ਭਰਦੀਆਂ ਹਨ।-ਸੰਪਾਦਕ***

## ਰਘੁਬੀਰ ਢੰਡ

ਅਸੀਂ ਸਾਰੇ ਉਧਰ ਵੇਖਣ ਲੱਗ ਪਏ ਜਿੱਧਰੋਂ ਚਪੇੜਾਂ, ਮੁੱਕਿਆਂ ਅਤੇ ਘਰੋੜ-ਘਰੋੜ ਗਾਲ੍ਹਾਂ ਕੱਢਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਜਦੋਂ ਇਹ ਆਵਾਜ਼ਾਂ ਸਕੂਲ ਦੀ ਹੱਦ ਅੰਦਰ ਦਾਖ਼ਲ ਹੋਣ ਲੱਗੀਆਂ ਤਾਂ ਮੇਰੇ ਦੋਸਤ ਹੈਡਮਾਸਟਰ ਬਲਬੀਰ ਨੇ ਲਲਕਾਰਾ ਮਾਰਿਆ, "ਖ਼ਬਰਦਾਰ, ਜੇ ਹੁਣ ਹੱਥ ਲਾਇਆ ਤਾਂ!" ਪਰ ਲਲਕਾਰਾ ਜ਼ਰਾ ਕੁ ਅਸਰ ਤੋਂ ਬਾਅਦ ਬੇਅਸਰ ਹੋ ਗਿਆ। ਬਲਬੀਰ ਨੇ ਜਾ ਕੇ ਉਹਦਾ ਗੁੱਟ ਫੜ ਝਟਕਾ ਮਾਰਿਆ, "ਕੰਜਰ ਦਿਆ ਅਮਲੀਆ, ਕੁਸ਼ ਹੋਸ਼ ਕਰ। ਜੇ ਜੁਆਕ ਮਰ ਗਿਆ ਤਾਂ...।"

ਅਮਲੀ ਮੇਰੀ ਕੁਰਸੀ ਕੋਲ ਖਲੋਤੀ ਨਿੰਮ ਨਾਲ ਜਾ ਲੱਗਿਆ। ਬਲਬੀਰ ਨੇ ਮੁੰਡੇ ਦੇ ਰੋੜੇ ਸਿਰ 'ਤੇ ਹੱਥ ਫੇਰਿਆ। ਉਹਦੀਆਂ ਗੱਲ੍ਹਾਂ 'ਤੇ ਪੂੰਝੇ ਹੋਏ ਅੱਥਰੂਆਂ ਦੀਆਂ ਧਾਰਾਂ ਸਾਫ ਵਿਖਾਈ ਦੇ ਰਹੀਆਂ ਸਨ, ਪਰ ਉਹ ਇੰਨਾ ਡਰਿਆ ਹੋਇਆ ਨਹੀਂ ਸੀ। ਉਹ ਮੋਟੇ ਠੁੱਲ੍ਹੇ ਨੈਣ-ਨਕਸ਼ਾਂ ਵਾਲਾ ਬੜਾ ਕੱਦਵਾਰ ਮੁੰਡਾ ਸੀ, ਅਣਘੜ ਟੰਬੇ ਵਰਗਾ। ਬਲਬੀਰ ਨੇ ਉਹਨੂੰ ਹੱਥ-ਮੂੰਹ ਧੋ ਜਮਾਤ ਵਿਚ ਜਾ ਕੇ ਬੈਠਣ ਲਈ ਆਖਿਆ। ਜਦੋਂ ਉਹ ਤੁਰ ਪਿਆ ਤਾਂ ਮੇਰੀ ਨਜ਼ਰ ਉਹਦੀਆਂ ਤਕੜੀਆਂ ਲੱਤਾਂ ਅਤੇ ਧੂੜ ਭਰੇ ਕੱਛੂਪਾਥੀਆਂ ਵਰਗੇ ਪੈਰਾਂ 'ਤੇ ਜਾ ਪਈ। ਮੈਂ ਸੋਚਿਆ ਕਿ ਗਰੀਬਾਂ ਦੇ ਮੁੰਡੇ ਕੁਝ ਜ਼ਰੂਰਤ ਤੋਂ ਜ਼ਿਆਦਾ ਹੀ ਆਗਿਆਕਾਰ ਹੁੰਦੇ ਹਨ। ਨਹੀਂ ਤਾਂ ਇਹਦੀ ਇੱਕੋ ਠਿੱਬੀ ਨਾਲ ਅਮਲੀ ਪਿਉ ਦੀਆਂ ਚਕਰੀਆਂ ਘੁੰਮ ਜਾਣਗੀਆਂ ਸਨ।

ਅਮਲੀ ਹਾਲੀਂ ਵੀ ਨਿੰਮ ਨਾਲ ਹੱਥ ਟਿਕਾਈ ਹੌਂਕੀ ਜਾ ਰਿਹਾ ਸੀ। ਸਾਹਾਂ ਵਿਚਕਾਰ ਜਿਹੜਾ ਛਿਣ ਬਚਦਾ, ਉਹਦੇ ਵਿਚ ਮੁੰਡੇ ਨੂੰ ਪੁਣੀ ਜਾ ਰਿਹਾ ਸੀ, "...ਮਾਂ ਦਾ ਖਸਮ! ਮੈਂ...ਨੰਗੇ ਪੈਰੀਂ ਸਕੂਲ ਨੀਂ ਜਾਣਾ। ਜਿਵੇਂ ਕਿਤੇ ਪੰਜਗਰਾਈਆਂ ਵਾਲੇ ਸਰਦਾਰਾਂ ਦਾ ਕਾਕਾ ਹੁੰਦੈ...ਸਾਰਾ ਮੁਲਖ ਨੰਗੇ ਪੈਰੀਂ ਤੁਰਿਆ ਫਿਰਦੈ...ਤੈਨੂੰ ਈ ਬਿੱਜ ਪੈਂਦੀ ਐ...।"

ਬਲਬੀਰ ਨੇ ਅਮਲੀ ਨੂੰ ਪਿਆਰ ਲੱਦੀ ਝਿੜਕ ਮਾਰੀ, "ਚੱਲ ਬਸ ਵੀ ਕਰ ਹੁਣ! ਐਵੇਂ ਕਿੱਲ੍ਹੀ ਜਾਨੈਂ। ਜਿਹੜੇ ਚਾਰ ਸਾਹ ਔਂਦੇ ਨੇ, ਉਨ੍ਹਾਂ ਤੋਂ ਵੀ ਜਾਏਂਗਾ। ਬਹਿ ਜਾ, ਘੜੀ 'ਰਾਮ ਕਰ ਲੈ...ਇਹ ਆਪਣਾ ਮਿੱਤਰ ਐ...ਵਲੈਤੋਂ ਆਇਐ...ਕੋਈ ਗੱਲਬਾਤ ਸੁਣਾ ਇਹਨੂੰ!"

ਬਲਬੀਰ ਜਮਾਤ ਵਿਚ ਚਲਿਆ ਗਿਆ। ਅਮਲੀ ਮੇਰੇ ਸਾਹਵੇਂ ਨਿੰਮ ਦੀ ਢੋਅ ਲਾ ਪੈਰਾਂ ਭਾਰ ਬਹਿ ਗਿਆ।

ਇਹ ਘਟਨਾ ਵਾਪਰਨ ਤੋਂ ਪਹਿਲਾਂ ਮੈਂ ਬੜੇ ਅਨੰਦ ਵਿਚ ਸਾਂ। ਨਿੰਮ ਦੀ ਗੂੜ੍ਹੀ ਛਾਂ। ਛਾਂ ਵਿਚ ਡੱਠੀ ਮੇਰੇ ਲਈ ਉਚੇਚੇ ਤੌਰ 'ਤੇ ਘਰੋਂ ਮੰਗਵਾਈ ਜੱਦੀ-ਪੁਸ਼ਤੀ ਕੁਰਸੀ 'ਤੇ ਮੈਂ ਬੈਠਾ ਸੀ। ਪਿੰਡੋਂ ਜ਼ਰਾ ਹਟਵੇਂ ਇਸ ਸਕੂਲ ਵਿਚ ਦੋ ਹੀ ਅਧਿਆਪਕ ਸਨ-ਮੇਰਾ ਦੋਸਤ ਬਲਬੀਰ ਅਤੇ ਬੀਬੀ ਪਰਮਿੰਦਰ। ਮੇਰੇ ਸਾਹਵੇਂ ਕੁਝ ਸੌ ਗਜ਼ਾਂ ਦੀ ਵਿੱਥ 'ਤੇ ਬਠਿੰਡਾ ਬ੍ਰਾਂਚ ਨਹਿਰ ਚੁੱਪ-ਚਾਪ ਵਗ ਰਹੀ ਸੀ। ਬਹੁਤ ਹੀ ਚਿੱਟਾ ਪਾਣੀ, ਜਿਵੇਂ ਕੁਆਰੀ ਬਰਫ਼ ਪਿਘਲ ਕੇ ਕੌਲ ਪੂਰੇ ਕਰਨ ਯਾਰ ਦੇ ਟਿੱਲੇ ਨੂੰ ਤੁਰੀ ਜਾ ਰਹੀ ਹੋਵੇ। ਫ਼ਸਲਾਂ ਵੱਢੀਆਂ ਗਈਆਂ ਸਨ। ਭਾਵੇਂ ਵੱਢਾਂ 'ਚ ਕਣਕ ਦੀਆਂ ਭਰੀਆਂ ਦੇ ਸੋਨੇ ਦਾ ਰੂਪ ਝੱਲਿਆ ਨਹੀਂ ਸੀ ਜਾ ਰਿਹਾ, ਪਰ ਕੁੱਬੀਆਂ ਪਿੱਠਾਂ ਵਾਲੀਆਂ ਸੁਆਣੀਆਂ ਸਿਲਾ ਕਿਉਂ ਚੁਗ ਰਹੀਆਂ ਸਨ?

ਖ਼ੈਰ, ਮੈਂ ਅਜਿਹਾ ਕੁਝ ਵੀ ਨਹੀਂ ਸਾਂ ਸੋਚ ਰਿਹਾ। ਅਸ਼ੋਕਾ ਹੋਟਲ ਦੀ ਸ਼ਾਮ ਦਾ ਨਸ਼ਾ ਹਾਲੀ ਵੀ ਮੇਰੇ ਜ਼ਿਹਨ 'ਤੇ ਬਰਾਬਰ ਛਾਇਆ ਹੋਇਆ ਸੀ।

ਦਿੱਲੀ ਦੀ ਸ਼ਾਮ ਸੀ। ਅਪਰੈਲ ਦੀ ਤਪੀ ਹੋਈ ਸ਼ਾਮ। ਧੂੜ ਤੇ ਧੂੰਏਂ ਦੇ ਬੱਦਲਾਂ ਵਿਚ ਗਲੇਫੀ ਸ਼ਾਮ। ਭੀੜ ਤੇ ਸ਼ੋਰ ਨਾਲ ਸ਼ਾਮ ਦੀਆਂ ਪੁੜਪੁੜੀਆਂ ਪਾਟ ਰਹੀਆਂ ਸਨ। ਸੌ ਕੁ ਡੈਲੀਗੇਟ ਅਸ਼ੋਕਾ ਹੋਟਲ 'ਚ ਦਾਖ਼ਲ ਹੋਏ। ਧੂੜ-ਧੂੰਆਂ, ਭੀੜ ਤੇ ਸ਼ੋਰ ਗੇਟ ਅੱਗੇ ਖਲੋਤੇ ਛੇ ਫੁੱਟੇ ਤੁਰਲਿਆਂ ਵਾਲੇ ਸਿੱਖ ਨੌਜਵਾਨ ਪਹਿਰੇਦਾਰਾਂ ਤੋਂ ਅਗਾਂਹ ਨਹੀਂ ਸੀ ਜਾ ਸਕਦਾ। ਅਸੀਂ ਅੰਦਰ ਸਾਂ। ਭਾਰਤ ਦੀ ਸਾਰੀ ਕਲਾ ਕੰਧਾਂ 'ਤੇ ਚਿਪਕੀ ਹੋਈ ਸੀ। ਚੱਪਾ-ਚੱਪਾ ਏਅਰ-ਕੰਡੀਸ਼ੰਡ, ਨੁੱਕਰ-ਨੁੱਕਰ ਰਵੀ ਸ਼ੰਕਰ ਦੀ ਟੁਣਕ ਰਹੀ ਸਿਤਾਰ। ਅਸੀਂ ਸਾਰੇ ਖ਼ੂਬਸੂਰਤ ਕੁਰਸੀਆਂ 'ਤੇ ਬੈਠ ਗਏ। ਇੰਨੇ ਲੰਮੇ ਚੌੜੇ ਹਾਲ ਵਿਚ ਵਨ-ਪੀਸ ਗਲੀਚਾ ਵੇਖ ਮੈਂ ਹੈਰਾਨ ਰਹਿ ਗਿਆ। ਹੱਥ ਠੀਕ ਹੀ ਕਰਾਮਾਤੀ ਹੁੰਦੇ ਹਨ। ਅਸੀਂ ਖਾਣਾ ਖਾਣ ਲੱਗੇ। ਇਕ ਨੁੱਕਰ ਤੋਂ ਦੂਜੀ ਨੁੱਕਰ ਤੀਕ ਮੇਜ਼ਾਂ 'ਤੇ ਇੰਨੀ ਪ੍ਰਕਾਰ ਦੇ ਖਾਣੇ ਸਨ ਕਿ ਬਚਪਨ ਤੋਂ ਛੱਤੀ ਪ੍ਰਕਾਰ ਦੇ ਭੋਜਨਾਂ ਦੀ ਮਿੱਥ ਅੱਜ ਸਾਕਾਰ ਹੋ ਖਲੋਤੀ ਸੀ। ਜਿੰਨਾ ਖਾਧਾ, ਉਸ ਤੋਂ ਦੁੱਗਣਾ ਛੱਡਿਆ। ਇਕ ਵਾਰ ਤਾਂ ਮੇਰਾ ਦਿਲ ਕੀਤਾ ਕਿ ਪ੍ਰਬੰਧਕਾਂ ਤੋਂ ਪੁੱਛਾਂ ਕਿ ਇਹ ਜੂਠ ਕਿਹੜਾ ਖੁਸ਼ਕਿਸਮਤ ਖਾਵੇਗਾ? ਪਰ ਇਹ ਗੱਲ ਅਸ਼ੋਕਾ ਹੋਟਲ ਦੇ ਪੱਧਰ ਦੀ ਨਾ ਹੋਣ ਕਰ ਕੇ ਮੈਂ ਅਣਕਹੀ ਹੀ ਰਹਿਣ ਦਿੱਤੀ। ਉਦੋਂ ਹੀ ਤਬਲਾ ਵੱਜਿਆ, ਸਿਤਾਰ ਟੁਣਕੀ ਅਤੇ ਘੁੰਗਰੂ ਛਣਕੇ। ਸਾਹਮਣੇ ਨ੍ਰਿਤ ਲਈ ਸਜੀ ਧਜੀ ਨ੍ਰਿਤਕੀ ਹੱਥ ਜੋੜ ਪ੍ਰਣਾਮ ਕਰ ਰਹੀ ਸੀ। ਫਿਰ ਉਹ ਅੰਗਰੇਜ਼ੀ ਬੋਲਣ ਲੱਗੀ, ਫਿਰ ਨੱਚਣ ਲੱਗੀ। ਸਿਤਾਰ ਤੇ ਤਬਲੇ ਵਾਲਾ ਉਹਦੇ ਨਾਚ ਨੂੰ ਸੰਗੀਤ ਵਿਚ ਢਾਲਣ ਲੱਗੇ। ਉਹ ਇਕ ਪ੍ਰਭਾਵ ਨੱਚਦੀ ਤੇ ਫਿਰ ਵਿਆਖਿਆ ਕਰਦੀ...ਵੇਖੋ, ਹੁਣ ਮੈਂ ਮੱਥੇ ਦੀਆਂ ਤਿਓੜੀਆਂ ਨਾਲ, ਅੱਖਾਂ ਨਾਲ, ਭਰਵੱਟਿਆਂ ਨਾਲ, ਨੱਕ ਨਾਲ, ਬੁੱਲ੍ਹਾਂ ਨਾਲ, ਠੋਡੀ ਤੇ ਗੱਲ੍ਹਾਂ ਨਾਲ ਗੁੱਸਾ ਨੱਚਣ ਲੱਗੀ ਹਾਂ-ਹੁਣ ਵਰਾਗ...ਹੁਣ ਕਰੁਣਾ...ਹੁਣ ਖੁਸ਼ੀ...ਤੇ ਹੁਣ ਪ੍ਰੇਮ...।

ਡੈਲੀਗੇਟ ਝੂਮ ਰਹੇ ਸਨ। ਮੇਰੇ ਸੱਜੇ ਖੱਬੇ ਆਸਟਰੇਲੀਆ ਅਤੇ ਜ਼ਾਂਬੀਆਂ ਦੇ ਡੈਲੀਗੇਟ ਬੈਠੇ ਅਸ਼-ਅਸ਼ ਕਰ ਰਹੇ ਸਨ...ਤਸਵੀਰਾਂ ਲੈ ਰਹੇ ਸਨ...ਟੇਪ ਕਰ ਰਹੇ ਸਨ ਤੇ ਮੈਨੂੰ ਹਿੰਦੁਸਤਾਨੀ ਹੋਣ ਕਰ ਕੇ ਸ਼ਾਬਾਸ਼ ਦੇ ਰਹੇ ਸਨ। ਮੈਨੂੰ, ਜਿਸ ਨੂੰ ਸਾਹਮਣੇ ਜਲਵਾਗਰ ਨ੍ਰਿਤਕੀ ਵਿਆਖਿਆ ਨਾ ਕਰਦੀ ਤਾਂ ਇਹ ਵੀ ਅਹਿਸਾਸ ਨਹੀਂ ਸੀ ਹੋ ਸਕਦਾ ਕਿ ਅਜਿਹੀ ਖ਼ੂਬਸੂਰਤ ਥਾਂ ਕੋਈ ਵੈਰਾਗ ਤੇ ਕਰੁਣਾ ਜਿਹੇ ਪ੍ਰਭਾਵ ਵੀ ਨੱਚਣ ਦਾ ਹੌਸਲਾ ਕਰ ਸਕਦਾ ਹੈ। ਤਕਰੀਬਨ ਇੱਕ ਘੰਟਾ ਇਹੀ ਪਰੀ ਨਾਚ ਹੁੰਦਾ ਰਿਹਾ। ਫਿਰ ਸੁੰਦਰ ਨ੍ਰਿਤਕੀ ਨੇ ਹੱਥ ਹਿੰਦੁਸਤਾਨੀ ਅੰਦਾਜ਼ ਵਿਚ ਜੋੜ 'ਥੈਂਕ ਯੂ' ਆਖਿਆ। ਜਦੋਂ ਉਹ ਪਰਦੇ ਪਿੱਛੇ ਚਲੀ ਗਈ ਤਾਂ ਮੇਰੇ ਨਾਲ ਦੇ ਡੈਲੀਗੇਟਾਂ ਨੇ ਆਖਿਆ, "ਇਹ ਤੇਰਾ ਮੁਲਕ ਏ। ਉਸ ਨ੍ਰਿਤਕੀ ਨੂੰ ਆਖ ਕਿ ਅਸੀਂ ਉਹ ਦੇ ਆਟੋਗ੍ਰਾਫ ਲੈਣਾ ਚਾਹੁੰਦੇ ਹਾਂ।" ਮੈਂ ਪ੍ਰਬੰਧਕ ਨੂੰ ਆਖਿਆ ਤੇ ਉਸ ਨੇ ਮੈਨੂੰ ਵਿਸ਼ਵਾਸ ਦਿਵਾਇਆ ਕਿ ਨ੍ਰਿਤਕੀ ਕੱਪੜੇ ਬਦਲ ਕੇ ਆਵੇਗੀ। ਉਹ ਆਈ ਜਿਵੇਂ ਪਰੀ ਇੰਦਰ ਦੇ ਖਾੜੇ 'ਚੋਂ ਮਾਤ ਲੋਕ 'ਚ ਉਤਰ ਆਈ ਹੋਵੇ। ਉਹ ਆਟੋਗ੍ਰਾਫ ਦਿੰਦੀ ਗਈ। ਥੈਂਕ ਯੂ ਲੈਂਦੀ ਗਈ। ਮੁਸਕਾਂਦੀ ਗਈ ਅਤੇ ਅੱਖਾਂ 'ਤੇ ਡਿੱਗਦੇ ਵਾਲਾਂ ਨੂੰ ਕੰਨਾਂ ਪਿੱਛੇ ਟੁੰਗਦੀ ਗਈ। ਉਤਰੀ ਕੋਰੀਆ ਦਾ ਡੈਲੀਗੇਟ ਕਹਿਣ ਲੱਗਿਆ, "ਮੈਡਮ ਤੁਹਾਡੇ ਨਾਚ ਨੇ ਤਾਂ ਕੀਲ ਲਿਆ ਸਾਨੂੰ।...ਕੀ ਤੁਸੀਂ ਪਿੰਡਾਂ ਵਿਚ ਵੀ ਜਾ ਕੇ ਨੱਚਦੇ ਹੋ?"

ਨ੍ਰਿਤਕੀ ਦੀ ਕਲਮ ਰੁਕ ਗਈ। ਉਹਨੇ ਤਰਾਸ਼ੇ ਭਰਵੱਟੇ ਉਤਾਂਹ ਚੁੱਕੇ ਤੇ ਸੁੰਗੜੀ ਜਿਹੀ ਮੁਸਕਾਨ ਨਾਲ ਬੋਲੀ, "ਸਰ, ਨ੍ਰਿਤ ਸਭਿਆ ਲੋਕਾਂ ਲਈ ਕੀਤਾ ਜਾਂਦਾ ਹੈ।"

ਮੈਨੂੰ ਹੋਰ ਡੈਲੀਗੇਟਾਂ ਦਾ ਤਾਂ ਪਤਾ ਨਹੀਂ, ਅਸ਼ੋਕਾ ਹੋਟਲ ਵਾਲੀ ਨ੍ਰਿਤਕੀ ਮੇਰੇ ਦਿਲ ਦਿਮਾਗ 'ਤੇ ਛਾਈ ਰਹੀ।

ਕੱਲ੍ਹ ਦਿੱਲੀਓਂ ਪੰਜਾਬ ਆਉਂਦਿਆਂ ਵੀ।

ਤੇ ਅੱਜ ਸਕੂਲ ਵਿਚ ਨਿੰਮ ਦੀ ਛਾਂ ਹੇਠ ਸ਼ਾਹਾਨਾ ਕੁਰਸੀ 'ਤੇ ਬੈਠਿਆਂ ਵੀ ਮੇਰੀ ਲਿਵ ਉਧਰ ਹੀ ਲੱਗੀ ਰਹੀ। ਮੇਰੇ ਸਾਹਮਣੇ ਨਹਿਰ ਦਾ ਚਾਂਦੀ ਰੰਗਾ ਪਾਣੀ ਕੰਢਿਆਂ 'ਤੇ ਝਾਲ ਫੇਰਦਾ ਵਹਿ ਰਿਹਾ ਸੀ ਤੇ ਮੈਨੂੰ ਜਾਪ ਰਿਹਾ ਸੀ, ਜਿਵੇਂ ਅਸ਼ੋਕਾ ਹੋਟਲ ਵਾਲੀ ਨ੍ਰਿਤਕੀ ਪਾਣੀ 'ਤੇ ਨੱਚ ਰਹੀ ਹੋਵੇ ਅਤੇ ਉਹਦੇ ਕ੍ਰੋਧਿਤ ਨਾਚ ਨਾਲ ਪਾਣੀ ਉਬਲ ਪਿਆ ਹੋਵੇ ਤੇ ਫਿਰ ਉਹਨੇ ਆਪਣੇ ਘੁੰਗਰੂ ਇੰਨੀ ਸ਼ਾਂਤ ਅਦਾ ਵਿਚ ਛਣਕਾਏ ਹੋਣ ਕਿ ਖੁਆਜਾ ਪੀਰ ਇਕਦਮ ਠੰਢੇ ਸੀਤ ਹੋ ਗਏ...।

ਮੈਨੂੰ ਉਹ ਅਪਸਰਾ ਹੋਰਾਂ ਸੁਆਣੀਆਂ ਨਾਲ ਸਿਲਾ ਚੁਗਦੀ ਵੀ ਨਜ਼ਰ ਆਉਂਦੀ। ਸਿਲਾਂ ਉਹਦੇ ਵਾਲਾਂ 'ਚ ਉਲਝ ਉਲਝ ਜਾਂਦੀਆਂ। ਮੁੜ੍ਹਕੋ ਮੁੜ੍ਹਕੀ ਹੋਈ ਦੀਆਂ ਗੱਲ੍ਹਾਂ ਵਿਚ ਤਾਂਬਾ ਤਪਣ ਲੱਗਦਾ। ਉਹਦੀ ਗਰਦਨ 'ਤੇ ਪਿੱਤ ਨਿਕਲ ਆਉਂਦੀ। ਰੰਗ ਸਾਂਵਲਾ ਹੋ ਜਾਂਦਾ। ਲੰਮੇ ਵਾਲ ਟੁੱਟ-ਭੱਜ, ਗਿੱਠ ਭਰ ਦੀਆਂ ਲਟੂਰੀਆਂ ਬਣ ਜਾਂਦੇ ਅਤੇ ਉਹ ਲਾਭੀ ਚਮਿਆਰ ਦੀ ਬਚਨੀ ਵਰਗੀ ਹੋ ਜਾਂਦੀ। ਬਚਨੀ ਸਗੋਂ ਲੰਮੀ, ਸੁਡੌਲ ਤੇ ਛਾਂਟਵੀਂ ਲੱਗਦੀ। ਸਾਰਾ ਮਾਹੌਲ ਮੈਨੂੰ ਵਿਧਾਤਾ ਦਾ ਰੂਪ ਹੀ ਜਾਪਣ ਲੱਗਦਾ।

ਉਸ ਦੀ ਅਜਿਹੀ ਹਾਲਤ ਵੇਖ ਮੈਨੂੰ ਉਹਦੇ 'ਤੇ ਬੜਾ ਤਰਸ ਆਇਆ। ਮੈਂ ਫੌਰਨ ਉਸ ਨੂੰ ਅਸ਼ੋਕਾ ਹੋਟਲ ਲੈ ਗਿਆ।

ਮੁੜ ਅਸ਼ੋਕਾ ਹੋਟਲ ਮੁੜ ਉਹੀ ਨਾਚ...ਮੁੜ ਸਭਿਆ ਤਬਕੇ ਵੱਲੋਂ ਮਰਹਬਾ!

ਪਰ ਕਮਬਖ਼ਤ ਅਮਲੀ ਦਾਲ ਵਿਚ ਰੋੜ ਵਾਂਗ ਰੜਕਿਆ।

ਮੈਂ ਅਮਲੀ ਵੱਲ ਬੜੇ ਗਹੁ ਨਾਲ ਵੇਖਿਆ। ਉਹਦੀਆਂ ਅੱਖਾਂ ਬੜੀਆਂ ਮੋਟੀਆਂ ਅਤੇ ਲਾਲ ਸਨ। ਉਂਜ ਅੱਖਾਂ ਵਿਚ ਜਾਨ ਦੀ ਥਾਂ ਉਦਾਸੀ ਸੀ। ਗਲ ਪਾਏ ਕੱਪੜੇ ਘਸੇ ਹੋਏ ਸਨ-ਉਂਜ ਸਨ ਸਾਫ਼। ਉਸ ਨੇ ਬੜੇ ਕਰੀਨੇ ਨਾਲ ਖੀਸੇ 'ਚੋਂ ਲੈਂਪ ਦੀ ਡੱਬੀ ਕੱਢੀ, ਪਰ ਮੈਂ ਉਸ ਨੂੰ ਬੈਨਸਨ ਐਂਡ ਹੈਜਿਜ਼ ਦੀ ਸਿਗਰਟ ਲਾਈਟਰ ਨਾਲ ਲੁਆ ਦਿੱਤੀ।...ਦੋ ਕੁ ਸੂਟੇ ਮਾਰ ਉਸ ਨੇ ਸਿਗਰਟ ਬੁਝਾ ਕੇ ਕੰਨ ਵਿਚ ਟੁੰਗ ਲਈ ਅਤੇ ਉਹਦੀ ਥਾਂ ਲੈਂਪ ਦੀ ਸਿਗਰਟ ਲਾ ਲਈ ਅਤੇ ਉਹਨੂੰ ਚੀਚੀ 'ਚ ਟੁੰਗ ਸੂਟਾ ਮਾਰਿਆ।



"ਕੀ ਗੱਲ ਮੇਰੇ ਵਾਲੀ ਨੀਂ ਪੀਤੀ?"

"ਉਹ ਬਾਊ ਜੀ, ਉਦੋਂ ਪੀਵਾਂਗਾ ਜਦੋਂ ਤਲਬ ਘੱਟ ਹੋਵੇਗੀ। ਨਿਸ਼ਾ ਤਾਂ ਲੈਂਪ ਦੀ ਨਾਲ ਹੀ ਹੁੰਦੀ ਐ। ਇਕ ਵਾਰ ਤਾਂ ਸਾਲੀ ਵੱਢਦੀ ਤੁਰੀ ਜਾਂਦੀ ਐ।"

ਅਮਲੀ ਬੰਦਾ ਦਿਲਚਸਪ ਸੀ।

"ਨਾਂ ਕੀ ਏ ਤੇਰਾ?"

"ਜੀ ਨਾਂ ਤਾਂ ਅਰਜਣ ਐ, ਪਰ ਸੱਦਦੇ ਸਾਰੇ 'ਅਰਜੂ-ਅਰਜੂ' ਕਰਕੇ ਨੇ।"

"ਕੰਮ ਕੀ ਕਰਦਾ ਏਂ?"

ਅਮਲੀ ਨੇ ਚੁਟਕੀ ਮਾਰ ਭਰਵਾਂ ਕਸ਼ ਖਿੱਚਿਆ। ਬੋਲਿਆ, "ਜੀ ਜੁਆਨੀ ਵੇਲੇ ਲਗੋਜੇ ਵਜਾਉਂਦਾ ਹੁੰਦਾ ਸੀ। ਹੁਣ ਸਰੀਰ ਨਸ਼ਿਆਂ ਨੇ ਗਾਲ ਸੁੱਟਿਆ। ਫੇਫੜਿਆਂ 'ਚ ਪਹਿਲਾਂ ਵਰਗੀ ਲਚਕ ਨੀ ਰਹੀ...ਸਾਹ ਵਿਚਾਲਿਉਂ ਹੀ ਟੁੱਟ ਜਾਂਦੈ।"

ਮੇਰੀ ਦਿਲਚਸਪੀ ਵਧ ਗਈ। ਪੁੱਛਿਆ, "ਉਦੋਂ ਕਿਹੋ ਜਿਹੇ ਵਜਾਉਂਦਾ ਸੈਂ?"

ਉਹਦੀ ਸਿਗਰਟ ਮੁੱਕ ਗਈ ਸੀ। ਕੰਨ 'ਚੋਂ ਕੱਢ ਮੇਰੇ ਵਾਲੀ ਲਾਂਦਿਆਂ ਬੋਲਿਆ, "ਉਦੋਂ ਤਾਂ ਜੀ ਇਕ ਵਾਰ ਗੱਲਾਂ ਕਰਾ ਦਿੰਦਾ ਸੀ", ਫਿਰ ਹੌਕਾ ਲੈ ਕੇ ਬੋਲਿਆ, "ਪਰ ਬਾਊ ਜੀ, ਸਮੇਂ-ਸਮੇਂ ਸਮਰੱਥ, ਉਹੀ ਅਰਜਣ ਦੇ ਬਾਣ ਸਨ, ਉਹੀ ਅਰਜਣ ਦੇ ਹੱਥ।"

"ਹੁਣ ਫੇਰ ਲਾਂਘਾ ਕਿਵੇਂ ਲੰਘਦੈ?"

ਅਮਲੀ ਨੇ ਆਖਰੀ ਸੂਟਾ ਖਿੱਚ ਵਗਾਹ ਮਾਰਿਆ। ਬੋਲਿਆ, "ਬਸ, ਐਵੇਂ ਧੰਦ ਪਿਟਦੇ ਆਂ। ਘਰਵਾਲੀ ਤੇ ਕੁੜੀ ਸਿਲਾਂ-ਸੁਲਾਂ ਚੁਗ ਲਿਆਉਂਦੀਆਂ ਨੇ, ਜਾਂ ਕੱਖ-ਕੰਡਾ। ਆਪ ਕੋਈ ਡੰਗਰ ਪਸ਼ੂ ਪਾਲ ਲਈਦੈ ਜਾਂ ਦਿਹਾੜੀ ਦੱਫਾ ਕਰ ਲਈਦੈ, ਪਰ ਹੁਣ ਸਾਲੇ ਭਈਆਂ ਦਾ ਬੇੜਾ ਬਹਿ ਗਿਆ। ਆਪਣੇ ਬੰਦੇ ਨੂੰ ਤਾਂ ਦਿਹਾੜੀ ਹੁਣ ਮਿਲਦੀ ਹੀ ਨਹੀਂ।"

ਜੀਅ ਕੀਤਾ, ਅਮਲੀ ਨੂੰ ਪਰੋਲੇਤਾਰੀ ਕੌਮਾਂਤਰੀਵਾਦ ਦਾ ਸਬਕ ਚਾਰਾਂ। ਮੈਂ ਇਸ ਕਾਬਲ ਵੀ ਸਾਂ। ਅਸ਼ੋਕਾ ਹੋਟਲ 'ਚੋਂ ਨ੍ਰਿਤਕੀ ਦੇ ਘੁੰਗਰੂਆਂ ਦੀ ਛਣਕਾਰ ਸੁਣ ਕੇ ਆਏ ਬੰਦੇ ਲਈ ਸਿਧਾਂਤ ਚਾਰਨ ਦਾ ਗੁਰ ਆਉਣਾ ਕੋਈ ਔਖਾ ਕੰਮ ਨਹੀਂ ਹੁੰਦਾ। ਫਿਰ ਸੋਚਿਆ ਕਿ ਅਮਲੀ ਨੂੰ ਆਥਣੇ ਭੁੱਖ ਲੱਗੇਗੀ, ਮੁੰਡਾ ਜੁੱਤੀ ਮੰਗੇਗਾ ਤੇ ਅਜਿਹੀ ਹਾਲਤ ਵਿਚ ਅਮਲੀ ਤੋਂ ਪਰੋਲੇਤਾਰੀ ਕੌਮਾਂਤਰੀਵਾਦ ਹਜ਼ਮ ਨਹੀਂ ਹੋਣਾ।

ਸੋਚਦਿਆਂ ਸੋਚਦਿਆਂ ਮੈਂ ਇੰਗਲੈਂਡ ਪੁੱਜ ਪਿਆ। ਅਸੀਂ ਸਾਰੇ ਆਵਾਸੀ ਭਈਏ ਬਣ ਗਏ ਅਤੇ ਅੰਗਰੇਜ਼ ਮਜ਼ਦੂਰ ਅਰਜਣ ਅਮਲੀ। ਅੰਦਰੋਂ ਤਾਂ ਕੋਈ ਫਰਕ ਨਹੀਂ ਸੀ-ਸਿਰਫ 'ਸਾਲੇ ਭਈਏ' ਦੀ ਥਾਂ 'ਬਲੈਕ ਬਾਸਟਰਡ' ਹੋ ਨਿੱਬੜੇ ਸਾਂ।

"ਬਾਊ ਜੀ, ਕਿਤੇ ਦੂਰ ਚਲੇ ਗਏ ਜਾਪਦੇ ਓ...।" ਪਤਾ ਨਹੀਂ ਕਿੰਨੀ ਦੇਰ ਦੀ ਉਡੀਕ ਤੋਂ ਬਾਅਦ ਅਮਲੀ ਨੇ ਮੈਨੂੰ ਬੁਲਾ ਕੇ ਜਗਾਇਆ।

"ਨਹੀਂ, ਮੈਂ ਤਾਂ ਤੇਰੇ ਮੁੰਡੇ ਬਾਰੇ ਸੋਚ ਰਿਹਾ ਸਾਂ। ਪੜ੍ਹਾ ਕੇ ਕੀ ਬਣਾਏਂਗਾ ਇਹਨੂੰ?"

ਅਮਲੀ ਬੋਲਿਆ, "ਬਾਊ ਜੀ! ਇਹ ਕਿਹੜਾ ਆਪਣੇ ਵੱਸ ਐ। ਜੇ ਇਹਦੀ ਕਿਸਮਤ 'ਚ ਹੋਊ, ਬਣਿਆ ਈ ਪਿਐ। ਪਰ ਜੇ ਮੇਰੀ ਵਾਹ ਚੱਲੀ ਤਾਂ ਦੋ ਕੰਮ ਨੀਂ ਇਹਨੂੰ ਕਰਨ ਦੇਣੇ। ਇਕ ਤਾਂ ਪੁਲਿਸ 'ਚ ਭਰਤੀ ਨੀਂ ਹੋਣ ਦੇਣਾ ਤੇ ਦੂਜਾ ਇਹਨੂੰ ਗਾਉਣ ਵਾਲਿਆਂ ਨਾਲ ਨੀਂ ਰਲਣ ਦੇਣਾ।"

"ਕਿਉਂ?...ਇਹੀ ਤਾਂ ਦੋ ਪੇਸ਼ੇ ਨੇ ਇੱਜ਼ਤ ਮਾਣ ਵਾਲੇ...ਲੋਕਾਂ ਦੀ ਸੇਵਾ ਵਾਲੇ।"

ਫ਼ਿਕਰਾ ਮੇਰਾ ਮਸਾਂ ਹੀ ਪੂਰਾ ਹੋਇਆ ਕਿ ਅਮਲੀ ਦੀਆਂ ਅੱਖਾਂ 'ਚ ਲਾਲ ਡੋਰੇ ਉਭਰ ਆਏ, ਜਿਵੇਂ ਕਿਸੇ ਨੇ ਅਭਿਮਨਿਊ ਦਾ ਸਿਰ ਧੜ ਨਾਲੋਂ ਅੱਡ ਕਰ ਦਿੱਤਾ ਹੋਵੇ। ਸਿਲਾਂ ਚੁਗਣ ਵਾਲੀਆਂ ਸੁਆਣੀਆਂ ਦੇ ਐਨ ਕੋਲੋਂ ਇਕ ਕਹਿਰ ਦਾ ਵਰੋਲਾ ਉਠਿਆ ਅਤੇ ਸਭ ਕੁਝ ਹੂੰਝਦਾ ਨਹਿਰ ਵੱਲ ਨੱਸ ਤੁਰਿਆ, ਪਰ ਕੰਢਿਆਂ 'ਤੇ ਪੁੱਜ ਖਿੰਡ-ਪੁੰਡ ਗਿਆ।

ਤੇ ਅਮਲੀ ਕੁੜੱਤਣ ਥੁੱਕਣ ਲੱਗ ਪਿਆ। ਕੁੜੱਤਣ ਜਿਹੜੀ ਸ਼ਾਇਦ ਉਹਨੇ ਮੇਰੇ ਲਈ ਹੀ ਸਾਂਭ ਕੇ ਰੱਖੀ ਹੋਈ ਸੀ, "ਬਾਊ ਜੀ। ਤੁਸੀਂ ਸ਼ਾਇਦ ਸਾਡੀ ਦੁਨੀਆਂ 'ਚ ਨਹੀਂ ਰਹਿੰਦੇ। ਰਾਖ਼ਸ਼ਾਂ 'ਚ ਤਾਂ ਸ਼ਾਇਦ ਕਿਤੇ ਨਾ ਕਿਤੇ ਤਰਸ ਦਾ ਭੋਰਾ ਹੋਊ, ਪਰ ਪੁਲਿਸ 'ਚ ਨਹੀਂ। ਅਸੀਂ ਸੁਣੀ ਨੀਂ, ਹੰਢਾਈ ਐ। ਆਹ ਮਾਸਟਰ ਐ ਨਾ ਬਲਬੀਰਾ, ਇਹਦੇ ਘਰਾਂ 'ਚੋਂ ਈ ਸੀ ਮੁੰਡਾ, ਹਰਭਜਨ... ਭਜੋ ਭਜੋ ਕਰ ਕੇ ਸੱਦਦੇ ਸਨ। ਪੁੱਜ ਕੇ ਸੋਹਣਾ ਤੇ ਚੌਦਾਂ ਜਮਾਤਾਂ ਪਾਸ। ਏਨਾ ਨਰਮ, ਏਨਾ ਕੂਲਾ ਕਿ ਗੱਲ ਈ ਛੱਡ ਦਿਉ। ਮੈਨੂੰ ਵੀ ਚਾਚਾ ਕਹਿ ਕੇ ਬੁਲਾਉਂਦਾ ਸੀ। ਚਿਰ ਪਿੱਛੋਂ ਮਿਲਾਂ ਤਾਂ ਮੇਰੇ ਗੋਡੀਂ ਹੱਥ ਲਾਉਂਦਾ। ਲੋਕ ਤਾਂ ਐਮੇਂ ਗੱਲਾਂ ਕਰਦੇ ਨੇ, ਉਹ ਕਰ ਕੇ ਵਿਖਾਉਂਦਾ ਸੀ। ਵਿਆਹ ਕਰਾਇਆ ਤੇ ਕੋਈ ਜੰਨ ਨੀਂ ਲੈ ਕੇ ਗਿਆ। 'ਕੱਲਾ ਗਿਆ ਤੇ ਬਹੂ ਨੂੰ ਤਿੰਨਾਂ ਕੱਪੜਿਆਂ ਵਿਚ ਸਕੂਟਰ 'ਤੇ ਬਿਠਾ ਕੇ ਲੈ ਆਇਆ। ਅਤੇ ਬਹੂ ਵੀ ਪੁੱਜ ਕੇ ਸ਼ੈਲ ਤੇ ਸਵੇਰੇ ਉਠ ਕੇ ਨਾਂ ਲੈਣ ਵਾਲੀ ਸਚਿਆਰੀ...।"

"ਫੇਰ?" ਮੈਂ ਉਹਨੂੰ ਟੋਕਿਆ। ਮੈਨੂੰ ਅਮਲੀਆਂ ਬਾਰੇ ਪਤਾ ਸੀ, ਜਿੱਧਰ ਨੂੰ ਤੁਰ ਪੈਣ, ਤੁਰੇ ਹੀ ਜਾਂਦੇ ਨੇ...।

"ਫੇਰ ਕੀ...ਇਕ ਰਾਤ ਗੋਲੀਆਂ ਚੱਲੀਆਂ ਤੇ ਪਿੰਡ ਦਾ ਸਰਦਾਰ ਸ਼ਮਸ਼ੇਰ ਸਿੰਘ ਕਿਸੇ ਮਾਰ ਘੱਤਿਆ। ਚੱਲੀ ਤਾਂ ਬਾਊ ਜੀ ਗੋਲੀ ਪਰ ਸਰਦਾਰ ਵੱਢਿਆ ਕਿਰਪਾਨਾਂ ਨਾਲ। ਦੂਜੇ ਦਿਨ ਪੁਲਿਸ ਦੀਆਂ ਧਾੜਾਂ ਉਤਰ ਆਈਆਂ। ਇਕ ਵਾਢਿਉਂ ਸਾਰਾ ਪਿੰਡ ਬੰਨ੍ਹ ਸੱਥ 'ਚ ਬਹਾਇਆ। ਹਾਲੀਆਂ ਦੇ ਹਲ ਛੁਡਾ ਦਿੱਤੇ। ਭੱਠੇ 'ਤੇ ਇੱਟਾਂ ਕੱਢਣ ਜਾਂਦੇ ਲੋਕ ਰਾਹ 'ਚੋਂ ਵਲ ਲਿਆਂਦੇ। ਸਕੂਲ ਦੇ ਜੁਆਕ ਘੇਰ ਲਿਆਂਦੇ। ਈਦੂ ਵਾਗੀ ਦੀ ਹੁੱਕੀ ਭੰਨ ਸੁੱਟੀ ਤੇ ਵੱਗ ਨੇ ਫਸਲਾਂ ਉਜਾੜ ਦਿੱਤੀਆਂ। ਬਲਬੀਰੇ ਮਾਸਟਰ ਦਾ ਚਪੇੜਾਂ ਨਾਲ ਮੂੰਹ ਰੰਗ ਦਿੱਤਾ। ਹਾਹਾਕਾਰ ਮੱਚ ਗਿਆ। ਡੀ.ਐਸ.ਪੀ. ਕੁੜੀ ਦੀ ਗਾਲ੍ਹ ਬਿਨਾਂ ਨੀਂ ਸੀ ਬੋਲਦਾ। ਅਖੇ, ਨਕਸਲੀਆਂ ਨੇ ਸਰਦਾਰ ਦਾ ਖ਼ੂਨ ਕੀਤੈ, ਅਤੇ ਖ਼ੂਨੀਆਂ ਦਾ ਮੋਹਰੀ ਐ ਭਜੋ। ਉਹਨੂੰ ਹਾਜ਼ਰ ਕਰੋ, ਨਹੀਂ ਤਾਂ ਸਣ ਬੱਚੇ ਘਾਣੀ ਪੀੜ ਦਿਆਂਗਾ।...ਰੌਣ ਵਰਗੀਆਂ ਅੱਖਾਂ ਸਨ ਡੀ.ਐਸ.ਪੀ. ਦੀਆਂ। ਭਜੋ ਦੇ ਪਿਉ ਦਾ ਰਫ਼ਲਾਂ ਦੇ ਬੱਟਾਂ ਨਾਲ ਮੋਢਾ ਤੋੜ ਦਿੱਤਾ ਅਤੇ ਡੀ.ਐਸ.ਪੀ. ਨੇ ਆਪ ਉਹਦੀ ਧੌਲੀ ਦਾੜ੍ਹੀ ਖੱਬਲ ਵਾਂਗ ਪੱਟ ਦਿੱਤੀ। ਉਹਨੇ ਬਾਊ ਜੀ ਬਥੇਰੇ ਵਾਸਤੇ ਪਾਏ, ਬਈ ਮੈਂ ਬਹੂ ਤੋਂ ਪੁੱਛਿਐ, ਭਜੋ ਤਾਂ ਕਿੰਨੇ ਦਿਨਾਂ ਤੋਂ ਘਰ ਹੀ ਨਹੀਂ ਵੜਿਆ। ਬਸ ਬਾਊ ਜੀ, ਫੇਰ ਕੀ ਸੀ। ਭਜੋ ਦੀ ਬਹੂ ਨੂੰ ਸੱਥ ਵਿਚ ਤਲਬ ਕੀਤਾ ਗਿਆ। ਉਹਨੇ ਪਿੰਡ ਦੀ ਨੂੰਹ ਹੋਣ ਕਰ ਕੇ ਸੱਥ 'ਚ ਆਉਣ ਤੋਂ ਨਾਂਹ ਨੁਕਰ ਕੀਤੀ। ਤੈਸ਼ 'ਚ ਆਇਆ ਡੀ.ਐਸ.ਪੀ. ਗਾਰਦ ਲੈ ਉਹਦੇ ਘਰ ਜਾ ਵੜਿਆ। ਰਾਖ਼ਸ਼ ਨੇ ਉਹਦੀ ਚੁੰਨੀ ਗਲ 'ਚ ਪਾ ਲਈ। ਇਹੋ ਜਿਹੀਆਂ ਗਾਲ੍ਹਾਂ ਤੇ ਗੰਦ ਬਕਿਆ ਕਿ ਦੱਸਦਿਆਂ ਜੀਭ ਨੂੰ ਤੰਦੂਆ ਪੈ ਜਾਵੇ। ਫੇਰ ਬਹੂ ਦਾ ਗਲਮਾਂ ਫੜ ਲੰਗਾਰ ਕਰ ਦਿੱਤਾ ਤੇ ਫੇਰ ਜੋੜ ਕੇ ਰਫ਼ਲ ਦਾ ਬੱਟ ਉਹਦੀ ਛਾਤੀ 'ਤੇ ਮਾਰਿਆ। ਨਗਾਹੇ ਦੀ ਸੌਂਹ ਬਾਊ ਜੀ, ਦੁੱਧ ਦੀ ਤਤੀਰੀ ਡੀ.ਐਸ.ਪੀ. ਦੇ ਮੂੰਹ 'ਤੇ ਪੈ ਗਈ ਤੇ ਉਹ ਰਾਖ਼ਸ਼ ਮਾਂ ਦੇ ਦੁੱਧ ਨੂੰ ਥੁੱਕਣ ਲੱਗ ਪਿਆ ਅਤੇ ਵੱਡੇ ਸਰਦਾਰ ਦਾ ਭਰਾ ਚਿੱਟੇ ਰੁਮਾਲ ਨਾਲ ਉਹ ਦਾ ਮੂੰਹ ਸਾਫ਼ ਕਰਨ ਲੱਗ ਪਿਆ...।"

ਇਕ ਚੁੱਪ।

ਮੈਂ ਅਮਲੀ ਦੇ ਮੋਢੇ 'ਤੇ ਹੱਥ ਰੱਖ ਦਿੱਤਾ ਤੇ ਉਹ ਭੁੱਬ ਮਾਰ ਕੇ ਮੈਨੂੰ ਚਿੰਬੜ ਗਿਆ। ਡੁਸਕਦਾ ਰਿਹਾ ਤੇ ਟੁੱਟੀਆਂ-ਟੁੱਟੀਆਂ ਗੱਲਾਂ ਕਰਦਾ ਰਿਹਾ। "...ਤਿੰਨ ਦਿਨ ਇਹੀ ਅੰਨ੍ਹੀ ਪੀਂਹਦੀ ਰਹੀ। ਤੀਜੇ ਦਿਨ ਭਜੋ ਪੁਲਿਸ ਮੁਕਾਬਲਾ ਬਣਾ ਮਾਰ ਦਿੱਤਾ...ਤੇ ਤਿੰਨ ਵਰ੍ਹੇ ਹੋ ਚੱਲੇ ਨੇ ਬਾਊ ਜੀ, ਲੋਕ ਅਜੇ ਵੀ ਬਰੜਾ ਬਰੜਾ ਉਠਦੇ ਨੇ...।"

ਫਿਰ ਉਹ ਮੈਥੋਂ ਜ਼ਰਾ ਕੁ ਪਰ੍ਹੇ ਹੋ ਕੇ ਬਹਿ ਗਿਆ। ਸਿਗਰਟ ਲਾਈ, ਫਿਰ ਲੰਮੀ ਚੁੱਪ ਪਸਰ ਗਈ। ਚੁੱਪ ਜਿਹੜੀ ਸ਼ਾਂਤੀ ਵਰਗੀ ਨਹੀਂ ਸੀ। ਹੁਣ ਉਹ ਰੋ ਨਹੀਂ ਸੀ ਰਿਹਾ, ਪਰ ਉਹਦੀਆਂ ਅੱਖਾਂ ਇੰਜ ਸਨ ਜਿਵੇਂ ਸੂਰਜ ਪੱਛਮ ਦੀ ਥਾਂ ਉਹਦੀਆਂ ਅੱਖਾਂ 'ਚ ਮਰ ਗਿਆ ਹੋਵੇ।

ਮੇਰਾ ਦਿਲ ਤਾਂ ਕੀਤਾ ਕਿ ਅਮਲੀ ਦੀ ਚੀਰ-ਫਾੜ ਕਰਾਂ, "ਤੂੰ ਤਾਂ ਅਰਜਣ ਸੀ, ਦਰਪੋਦੀ ਦੇ ਚੀਰ ਹਰਨ ਸਮੇਂ ਤੇਰੇ ਗੰਡੀਵ ਧਨੁਸ਼ ਨੇ ਅੰਗੜਾਈ

ਕਿਉਂ ਨਾ ਲਈ।" ਨਾਲੇ ਇਹ ਵੀ ਪੁੱਛਾਂ ਕਿ ਤੇਰੇ ਪਿੰਡ 'ਚ ਬਸ ਇਕ ਭਜੋ ਹੀ ਬਾਜ਼ ਸੀ? ਬਾਕੀ ਸਾਰੀਆਂ ਚਿੜੀਆਂ ਹੀ ਸਨ? ਉਨ੍ਹਾਂ ਨੂੰ ਬਾਜ਼ ਕਿਉਂ ਨਾ ਬਣਾਇਆ?

ਪਰ ਅਮਲੀ ਤਾਂ ਬਿਲਕੁਲ ਬੁਝ ਗਿਆ ਸੀ। ਮੈਂ ਗੱਲ ਦਾ ਰੁਖ ਹੀ ਬਦਲ ਦਿੱਤਾ, "ਪਰ ਤੂੰ ਆਪਣੇ ਮੁੰਡੇ ਨੂੰ ਗਾਉਣਾ ਵਜਾਉਣਾ ਕਿਉਂ ਨੀਂ ਸਿਖਾਉਣਾ ਚਾਹੁੰਦਾ?"

ਪਰ ਉਹ "ਐਕਸਕਿਊਜ਼ ਮੀ' ਆਖਣ ਤੋਂ ਬਿਨਾਂ ਹੀ ਨਲਕੇ ਵੱਲ ਤੁਰ ਗਿਆ। ਮੇਰੀਆਂ ਨਜ਼ਰਾਂ ਉਹਦੇ ਪਿੱਛੇ-ਪਿੱਛੇ। ਉਹਨੇ ਕੁਰਲੀ ਕੀਤੀ, ਅੱਖਾਂ 'ਤੇ ਛਿੱਟੇ ਮਾਰੇ, ਪਾਣੀ ਦੇ ਦੋ-ਚਾਰ ਬੁੱਕ ਪੀਤੇ ਤੇ ਪਰਤ ਆਇਆ। ਖੀਸੇ 'ਚੋਂ ਡੱਬੀ ਕੱਢ ਜ਼ਰਦੇ ਦੀ ਚੂੰਢੀ ਮੂੰਹ 'ਚ ਟਿਕਾਈ। ਬੋਲਿਆ, "ਸਾਲਾ ਕਾਲਜਾ ਜਿਹਾ ਮਚਣ ਲੱਗ ਪਿਆ ਸੀ...ਕੀ ਪਿਐ ਗੌਣ ਵਜਾਉਣ 'ਚ ਬਾਊ ਜੀ। ਮੈਂ ਸਾਰੀ ਉਮਰ ਲਾ ਦਿੱਤੀ, ਨਾਲੇ ਮੇਰੇ ਪਿਉ ਨੇ। ਪਰ ਖੱਟਿਆ ਕੀ? ਆਹ ਭੁੱਖ ਨੰਗ। ਸਰੀਰ ਨੂੰ ਨਸ਼ੇ ਵਾਧੂ ਦੇ ਲਾ ਲਏ। ਅੱਜ ਹੀ ਵੇਖ ਲਵੋ। ਮੁੰਡਾ ਜੁੱਤੀ ਵਾਸਤੇ ਕਈ ਦਿਨਾਂ ਤੋਂ ਰਿਹਾੜ ਕਰਦਾ ਸੀ। ਮੈਨੂੰ ਕਿਤੇ ਪਤਾ ਨ੍ਹੀਂ, ਬਈ ਉਹਦੇ ਪੈਰ ਜਲਦੇ ਨੇ, ਪਰ ਲੈ ਕੇ ਕਿੱਥੋਂ ਦੇਵਾਂ? ਇੱਥੇ ਤਾਂ ਦੋ ਡੰਗ ਦੀ ਰੋਟੀ ਦਾ ਵੀ ਫਿਕਰ ਐ...।"

ਉਹਦੀਆਂ ਅੱਖਾਂ ਮੁੜ ਲਾਲ ਹੋ ਗਈਆਂ ਤੇ ਉਹਨੇ ਖੇਤਾਂ ਵਿਚ ਸੋਨੇ ਵਾਂਗ ਡਲ੍ਹਕਦੀਆਂ ਕਣਕ ਦੀਆਂ ਭਰੀਆਂ ਵੱਲ ਨਜ਼ਰ ਮਾਰ ਆਖਿਆ, "ਔਹ ਵੇਖ ਲਵੋ, ਕਿੰਨਾ ਅੰਨ ਪਿਐ, ਪਰ ਮੈਂ ਉਹ ਡੂਢੀ 'ਤੇ ਲੈ ਕੇ ਖਾਣੈ। ਇਹੀ ਹਾਲ ਮੇਰੇ ਬਾਪ ਦਾ ਸੀ। ਤੁਸੀਂ ਪਾਖਰ ਸਾਰੰਗੀ ਵਾਲੇ ਦਾ ਨਾਂ ਤਾਂ ਸੁਣਿਆ ਹੋਣੈ। ਮੇਰਾ ਪਿਉ ਸੀ ਉਹ। ਸਾਰੇ ਦੇਸ਼ 'ਚ ਮਸ਼ਹੂਰ ਸੈਂ। ਕੀਹਦਾ ਪਾਣੀ-ਹਾਰ ਆਂ। ਟਿਕੀ ਹੋਈ ਚਾਨਣੀ ਰਾਤ 'ਤੇ ਜਦੋਂ ਸਾਰੰਗੀ ਵਜਾਉਂਦਾ ਹੁੰਦਾ ਸੀ, ਢਾਡੀ ਵਾਲੀ ਆਣ ਐ, ਚੰਦ ਅਸਮਾਨ 'ਚ ਤੁਰਨੋਂ ਹਟ ਜਾਂਦਾ ਸੀ। ਖ਼ਬਰ ਨ੍ਹੀਂ, ਉਹਨੂੰ ਕਿਹੜਾ ਦਰਦ ਸੀ, ਝਾਂਜਰ ਵਾਂਗ ਸਾਰੰਗੀ ਦੇ ਗਜ਼ਾਂ ਦੇ ਘੁੰਗਰੂ ਛਣਕਦੇ ਤੇ ਸਾਰੰਗੀ ਆਏਂ ਵੱਜਦੀ ਜਿਵੇਂ ਕੋਈ ਰੋ ਰਿਹਾ ਹੋਵੇ ਤੇ ਉਹ ਆਪ ਰੋਣ ਲੱਗ ਪੈਂਦਾ। ਫੇਰ ਕਈ ਵਾਰ ਜਗੜੇ ਦੀ ਕੋਠੀ ਵਾਲੇ ਅੰਬਾਂ ਦੇ ਦਰਖ਼ਤਾਂ 'ਚੋਂ ਮੋਰ ਬੋਲਣ ਲੱਗ ਪੈਂਦੇ। ਮੈਂ ਪੁੱਛਦਾ, "ਬਾਪੂ! ਬੱਦਲ ਤਾਂ ਘੋਰਿਆਂ ਨ੍ਹੀਂ, ਮੋਰ ਕਿਉਂ ਬੋਲਦੇ ਨੇ?" ਬਾਪੂ ਆਖਦਾ, "ਮੇਰੀ ਸਾਰੰਗੀ 'ਤੇ ਮੈਲ ਹੋ ਜਾਂਦੇ ਨੇ।"...ਬੇਬੇ ਖਿਝੀ ਰਹਿੰਦੀ...ਤੇਰੇ ਪਿਉ ਦਾ ਦਿਮਾਗ ਹਿੱਲ ਗਿਐ।...ਬਾਪੂ ਦਾ ਇਕ ਗੁਰਭਾਈ ਹੁੰਦਾ ਸੀ-ਰਾਏਕੋਟੀਆ ਵਲੈਤੀ।...ਬਾਹਲਾ ਮੋਹ ਕਰਦਾ ਸੀ ਮੈਨੂੰ।...ਉਹ ਦੱਸਦਾ ਹੁੰਦਾ ਸੀ...ਪਾਖਰ ਜਦੋਂ ਸਾਰੰਗੀ ਵਜਾਉਂਦੈ ਨਾ, ਤਾਂ ਮੋਰ ਪਹਿਲਾਂ ਤਾਂ ਮਸਤੀ 'ਚ ਗੌਂਦੇ ਨੇ, ਫੇਰ ਸਾਰੰਗੀ ਦੇ ਦਰਦ ਨਾਲ ਵੈਰਾਗ ਰੋਣ ਲੱਗ ਜਾਂਦੇ ਨੇ। ਉਨ੍ਹਾਂ ਦੀਆਂ ਹਿੰਝਾਂ ਧਰਤੀ 'ਤੇ ਡਿੱਗਣ ਤੋਂ ਪਹਿਲਾਂ ਹੀ ਮੋਰਨੀਆਂ ਆਪਣੀਆਂ ਚੁੰਝਾਂ 'ਚ ਬੋਚ ਲੈਂਦੀਆਂ ਨੇ। ਤੇ...ਤੇ...ਤੇ ਉਹ ਗੱਭਣ ਹੋ ਜਾਂਦੀਆਂ ਨੇ...।' ਇਸ ਪਿਛਲੀ ਗੱਲ 'ਤੇ ਬਾਊ ਜੀ, ਉਹ ਜ਼ਰਾ ਕੁ ਅਟਕ ਜਾਂਦਾ ਸੀ। ਮੇਰੇ ਖਿਆਲ 'ਚ ਉਹ ਕੁਸ਼ ਸੰਗ ਜਾਂਦਾ ਸੀ...ਚਾਚੇ ਦੀਆਂ ਇਹੋ ਜਿਹੀਆਂ ਗੱਲਾਂ ਸੁਣ ਮੈਂ ਬਾਪੂ ਨੂੰ ਬੜੇ ਗਹੁ ਨਾਲ ਵੇਖਦਾ ਤੇ ਉਹ ਮੈਨੂੰ ਕੋਈ ਔਲੀਆ ਜਾਪਦਾ। ਮੈਂ ਬਾਪੂ ਨੂੰ ਅੰਤਾਂ ਦਾ ਮੋਹ ਕਰਨ ਲੱਗ ਪਿਆ। ਜਦੋਂ ਉਹ ਘਰ ਹੁੰਦਾ ਤਾਂ ਮੈਂ ਟਿੱਕੀ ਵੱਟ ਕੇ ਬੜੇ ਪ੍ਰੇਮ ਨਾਲ ਚਿਲਮ 'ਚ ਤਮਾਖੂ ਪਾ ਗੋਹੇ ਦੀ ਅੱਗ ਧਰਦਾ। ਨੇਚੇ 'ਚ ਤਰਫਾਨ ਫੇਰਦਾ ਤੇ ਹੁੱਕਾ ਤਾਜ਼ਾ ਕਰਦਾ। ਪੰਜ-ਸੱਤ ਘੁੱਟਾਂ ਖਿੱਚ ਹੁੱਕਾ ਚਲਾ ਵੀ ਦਿੰਦਾ। ਬੇਬੇ ਬੋਲੀ ਤੁਰੀ ਜਾਂਦੀ, ਪਰ ਬਾਪੂ ਬਹੁਤਾ ਗੌਲਦਾ ਨਹੀਂ ਸੀ ਹੁੰਦਾ। ਉਹ ਜਦੋਂ ਵੀ ਕੋਈ ਗੱਲ ਕਰਦਾ ਤਾਂ ਸਾਰੰਗੀ ਦੀ ਹੀ ਗੱਲ ਕਰਦਾ, ਜਾਂ ਹੱਥਾਂ ਨੂੰ ਖੜਤਾਲਾਂ ਵਾਂਗ ਵਜਾਉਂਦਾ ਰਹਿੰਦਾ। ਮੇਰੇ ਪੁੱਛਣ 'ਤੇ ਦੱਸਦਾ, 'ਆਏਂ ਕਰਨ ਨਾਲ ਹੱਥਾਂ ਦੀ ਲਚਕ ਨ੍ਹੀਂ ਮਰਦੀ।' ਮੈਂ ਬਹੁਤ ਪ੍ਰੇਮ ਨਾਲ ਉਹਦੀਆਂ ਉਂਗਲਾਂ ਦੇ ਪਟਾਕੇ ਕੱਢਦਾ ਰਹਿੰਦਾ, ਬਾਪੂ ਦੇ ਹੱਥ ਪੋਲੀ ਵਰਗੇ ਨਰਮ ਸਨ...।"

ਹੁਣ ਅਮਲੀ ਕਾਫੀ ਟਿਕਾਉ ਵਿਚ ਸੀ। ਮੈਂ ਪੁੱਛਿਆ, "ਤੂੰ ਸਾਰੰਗੀ ਕਿਉਂ ਨਾ ਸਿੱਖੀ? ਤੇਰੇ ਤਾਂ ਘਰ 'ਚ ਗੰਗਾ ਸੀ।"

"ਦੋ ਗੱਲਾਂ ਕਰ ਕੇ", ਉਹ ਬੋਲਿਆ... "ਇਕ ਤਾਂ ਮੁੱਢ ਤੋਂ ਹੀ ਮੇਰਾ ਮਤਾ ਕੁਸ਼ ਇਹੋ ਜਿਹਾ ਸੀ ਕਿ ਗੱਲ ਮੇਰੇ ਸਿਰ ਨੂੰ ਪਿੱਛੋਂ ਚੜ੍ਹਦੀ ਸੀ, ਪਹਿਲਾਂ ਦਿਲ 'ਤੇ ਲੜ ਜਾਂਦੀ ਸੀ। ਬੜਾ ਕਮਜ਼ੋਰ ਦਿਲਾ ਸਾਂ ਮੈਂ। ਬਹੁਤੀ ਛੇਤੀ ਰੋ ਪੈਂਦਾ ਸਾਂ। ਸਾਰੰਗੀ ਬੀਨ ਵਰਗੀ ਚੀਜ਼ ਐ ਬਾਊ ਜੀ, ਸਿੱਧੀ ਦਿਲ 'ਚ ਲਹਿ ਜਾਂਦੀ ਐ। ਮੈਂ ਮੁੱਢ 'ਚ ਸਾਰੰਗੀ ਦੀ ਹੀ ਬਹੁਣੀ ਕੀਤੀ ਸੀ, ਪਰ ਗੱਲ ਨਹੀਂ ਸੀ ਬਣੀ। ਬਾਪੂ ਕਹਿੰਦਾ ਤਾਂ ਕੁਸ਼ ਨ੍ਹੀਂ ਸੀ...ਬਸ ਉਦਾਸ ਹੋ ਜਾਂਦਾ ਸੀ। ਦੂਜੀ ਗੱਲ ਇਹ ਹੋਈ ਕਿ ਇਕ ਵਾਰ ਪੂਰਨਮਾਸ਼ੀ ਵਾਲੀ ਰਾਤ ਬਾਪੂ ਵਿਹੜੇ 'ਚ ਸਾਰੰਗੀ ਵਜਾਉਣ ਲੱਗ ਪਿਆ। ਉਹ ਏਨਾ ਮਸਤ ਹੋ ਗਿਆ ਕਿ ਉਹਦੀ ਪੱਗ ਦਾ ਲੜ ਖੁੱਲ੍ਹ ਕੇ ਗਲ 'ਚ ਪੈ ਗਿਆ। ਉਹ ਰੁਕਿਆ ਨਾ। ਬਸ, ਗਰਦਨ ਦਾ ਝਟਕਾ ਮਾਰ ਪੱਗ ਪਰ੍ਹਾਂ ਵਗਾਹ ਮਾਰੀ। ਪੂਰਾ ਚੰਦ ਬਦਲੀ ਹੇਠ ਜਾ ਵੜਿਆ। ਉਦੋਂ ਤੋਂ ਮੁੰਡਿਆਂ ਨੇ ਬੋਲੀ ਜੋੜ ਲਈ:

ਪਾਖਰ ਜਦੋਂ ਸਾਰੰਗੀ ਵਜਾਉਣ ਲੱਗਿਆ
ਬੱਦਲੀ ਦੇ ਹੇਠ ਚੰਦ ਆਉਣ ਲੱਗਿਆ।

ਬਾਪੂ ਹੋਰ ਵੀ ਮਸਤੀ ਨਾਲ ਵਜਾਉਂਦਾ ਰਿਹਾ। ਚੰਦ ਦਾ ਫੇਰ ਦੀਦਾਰ ਹੋਇਆ, ਪਰ ਭਾਣਾ ਕਰਤਾਰ ਦਾ, ਕਿਧਰੋਂ ਸੱਪ ਨਿਕਲ ਬਾਪੂ ਮੂਹਰੇ ਮੇਲ੍ਹਣ ਲੱਗ ਪਿਆ। ਡਰ ਦੇ ਮਾਰੇ ਮੈਂ ਸੁੰਨ ਹੋ ਗਿਆ। ਮੂੰਹ ਸੁੱਕ ਗਿਆ ਮੇਰਾ ਤੇ ਮੈਂ ਦਸ ਪੈਰ ਪਰ੍ਹਾਂ ਜਾ ਖਲੋਤਾ। ਬੇਬੇ ਨੇ ਹਾਲ ਦੁਹਾਈ ਪਾ ਦਿੱਤੀ ਅਤੇ ਡਾਂਗ ਕੱਢ ਲਿਆਈ ਅੰਦਰੋਂ। ਬਾਪੂ ਨੇ ਚੀਕ ਮਾਰ ਕੇ ਬੇਬੇ ਨੂੰ ਕੰਧ ਨਾਲ ਲਾ ਦਿੱਤਾ। ਫਿਰ ਸੱਪ ਆਪ ਹੀ ਕਿਧਰੇ ਚਲਿਆ ਗਿਆ। ਮੈਂ ਸਾਰੀ ਰਾਤ ਕੰਬਦਾ ਰਿਹਾ। ਇਕ-ਦੋ ਵਾਰ ਉਭੜਵਾਹੇ ਵੀ ਉਠਿਆ। ਬਾਪੂ ਨੇ ਮੈਨੂੰ ਨਾਲ ਪਾ ਲਿਆ। ਸਵੇਰੇ ਉਠ ਕੇ ਕਹਿਣ ਲੱਗਿਆ, 'ਅਰਜੂ! ਸਾਰੰਗੀ ਤੇਰੇ ਵੱਸ ਦਾ ਰੋਗ ਨਹੀਂ। ਨਗੋਜ਼ੇ ਸਿੱਖੀਂ ਤੂੰ।'...ਮੇਰੇ ਅੰਦਰੋਂ ਸੱਪ ਦਾ ਡਰ ਕੱਢਣ ਵਾਸਤੇ ਬਾਪੂ ਛਪਾਰ ਦੇ ਮੇਲੇ ਨੂੰ ਤਿੰਨ ਦਿਨ ਮਿੱਟੀ ਕਢਾਉਣ ਮੈਨੂੰ ਗੁੱਗੇ ਦੀ ਮਾੜੀ ਲੈ ਕੇ ਜਾਂਦਾ ਰਿਹਾ।"

"ਫੇਰ ਸੱਪਾਂ ਦਾ ਡਰ ਨਿਕਲਿਆ ਕਿ ਨਹੀਂ?" ਮੈਂ ਪੁੱਛਿਆ।

"ਉਮਰ ਨਾਲ ਸੱਪਾਂ ਦਾ ਡਰ ਤਾਂ ਹਟ ਗਿਆ, ਪਰ ਪੁਲਿਸ ਤੇ ਸਰਦਾਰਾਂ ਦਾ ਪੈ ਗਿਆ। ਕਿਸੇ ਦੀ ਧੀ ਭੈਣ ਦੀ ਸ਼ਰਮ ਨ੍ਹੀਂ। ਬੰਦੇ ਤਾਂ ਜਿਵੇਂ ਕੀੜੇ ਮਕੌੜੇ ਨੇ ਇਨ੍ਹਾਂ ਵਾਸਤੇ...।"

ਸੂਰਜ ਹੋਰ ਉੱਚਾ ਹੋ ਗਿਆ ਸੀ। ਨਿੰਮ ਦੀ ਛਾਂ ਨੇ ਪਾਸਾ ਪਰਤ ਲਿਆ ਸੀ। ਅਮਲੀ ਨੇ ਮੇਰੀ ਕੁਰਸੀ ਘਸੀਟ ਕੇ ਛਾਵੇਂ ਕਰ ਦਿੱਤੀ ਤੇ ਆਪ ਨਿੰਮ ਨਾਲ ਢੋਅ ਲਾ ਬਹਿ ਗਿਆ।

"ਤੇਰੇ ਬਾਪੂ ਵੇਲੇ ਤਾਂ ਤੁਹਾਡਾ ਲਾਂਘਾ ਚੰਗਾ ਲੰਘਦਾ ਹੋਵੇਗਾ।"

"ਉਦੋਂ ਸਮੇਂ ਚੰਗੇ ਸੀ ਬਾਊ ਜੀ, ਮੇਲਿਆਂ ਤੇ 'ਕੱਠਾਂ 'ਤੇ ਉਹ ਖਾੜੇ ਲਾਉਂਦੇ, ਵਾਹਵਾ 'ਕੱਠ ਜੁੜ ਜਾਂਦਾ ਸੀ। ਪਿੰਡ 'ਚ ਲੋਕਾਂ ਨੂੰ ਬਹੁਤ ਸ਼ੌਕ ਸੀ। ਬਾਪੂ ਬਹੁਤਾ ਬਾਹਰ ਹੀ ਰਹਿੰਦਾ ਸੀ। ਲਾਂਘਾ ਲੰਘ ਜਾਂਦਾ ਸੀ, ਪਰ ਚੱਲਦੀ ਦਾ ਨਾਂ ਗੱਡੀ ਐ, ਬਾਊ ਜੀ...ਬਾਪੂ ਦੀ ਬਿਮਾਰੀ ਵੇਲੇ ਪੁੱਜ ਕੇ ਤੰਗੀ ਕੱਟੀ। ਮੈਂ ਸਾਰੰਗੀ ਵੀ ਵੇਚਣ ਚਲਿਆ ਗਿਆ...।"

"ਸਾਰੰਗੀ...ਕੀਹਨੂੰ?" ਮੈਨੂੰ ਬੜਾ ਧੱਕਾ ਲੱਗਿਆ।

"ਡਾਕਟਰ ਕੋਲ।...ਜਦੋਂ ਬਾਪੂ ਦਾ ਸਾਹ ਖਰਾਬ ਹੁੰਦਾ ਸੀ, ਉਦੋਂ ਉਹ ਲੰਮੀ ਸਾਰੀ ਚਿੱਟੀ ਸਿਗਰਟ ਪੀਂਦਾ ਹੁੰਦਾ ਸੀ। ਮੈਂ ਡਾਕਟਰ ਦੇ ਪੈਰੀਂ ਪੈ ਗਿਆ, ਪਰ ਉਹ ਸੂਰ ਦਾ ਹੱਡ ਸੀ ਪੂਰਾ। ਠੋਕਰ ਮਾਰ ਕੇ ਸਾਰੰਗੀ ਦੀ ਕੀਲੀ ਭੰਨ ਦਿੱਤੀ। ਕਹਿਣ ਲੱਗਿਆ, 'ਸਾਰੰਗੀ ਲੈ ਕੇ ਆਇਐਂ, ਮੈਂ ਮਰਾਸੀ ਆਂ'...ਮੈਂ ਉਹਨੀਂ ਪੈਰੀਂ ਟੁੱਟੀ ਸਾਰੰਗੀ ਲੈ ਕੇ ਮੁੜਿਆ ਤਾਂ ਮੰਡੀਉਂ ਨਿਕਲਦੇ ਨੂੰ ਹੀ ਮੀਟੂ ਚਮਿਆਰ ਮਿਲ ਪਿਆ। ਉਹ ਸਾਰੀ ਦਿਹਾੜੀ ਘਾਹ ਖੋਤ ਕੇ ਆਥਣੇ ਮੰਡੀ ਵੇਚਣ ਜਾਂਦਾ ਹੁੰਦਾ ਸੀ। ਮੇਰੀ ਗੱਲ ਸੁਣ ਉਹਨੇ ਵੱਟੇ ਹੋਏ ਬਾਰਾਂ ਦੇ ਬਾਰਾਂ ਆਨੇ ਮੈਨੂੰ ਫੜਾ ਦਿੱਤੇ। ਸੁਰਗ 'ਚ ਵਾਸਾ ਹੋਵੇ ਉਹਦਾ।...ਪਰ ਬਾਊ ਜੀ, ਬਾਪੂ ਨੂੰ ਅਧਰੰਗ ਹੋ ਗਿਆ। ਬਹੁਤ ਔਖਾ ਮਰਿਆ ਬਾਪੂ। ਜਿਹੜੇ ਹੱਥ ਨਾਲ ਉਹ ਧਰਤੀ ਅਸਮਾਨ ਗੁੰਜਾ ਦਿੰਦਾ ਸੀ, ਉਹ ਹੱਥ ਮੱਖੀ ਵੀ ਮੂੰਹ ਤੋਂ ਨਹੀਂ ਸੀ ਉੜਾ ਸਕਦਾ।...ਬਹੁਤ ਔਖਾ ਮਰਿਆ ਬਾਪੂ...।"

ਅਮਲੀ ਭੁੱਬ ਮਰ ਕੇ ਰੋ ਪਿਆ। ਫਿਰ ਪਰਨੇ ਨਾਲ ਅੱਖਾਂ ਪੂੰਝਦਾ ਨਲਕੇ ਵੱਲ ਤੁਰ ਗਿਆ।

ਮੇਰੀਆਂ ਨਜ਼ਰਾਂ ਉਹਦੇ ਪਿੱਛੇ-ਪਿੱਛੇ ਗਈਆਂ। ਜਾਪਿਆ, ਜਿਵੇਂ ਅਰਜਣ ਅਮਲੀ ਨਹੀਂ, ਪਾਖਰ ਦਾ ਅੱਧਾ ਪਾਸਾ ਤੁਰਿਆ ਜਾ ਰਿਹਾ ਹੋਵੇ। ਦੂਰ ਖੇਤਾਂ ਵਿਚ ਕਣਕ ਦੀਆਂ ਭਰੀਆਂ ਦਾ ਤਾਂਬਾ ਦਹਿਕ ਰਿਹਾ ਸੀ। ਸਿਲਾ ਚੁਗਣ ਵਾਲੀਆਂ ਇੰਜ ਭਟਕ ਰਹੀਆਂ ਸਨ, ਜਿਵੇਂ ਮਾਰੂਥਲ ਵਿਚ ਪਾਣੀ ਦੀ ਤਲਾਸ਼ ਵਿਚ ਕਾਲੀਆਂ ਲੋਥਾਂ ਤਰਲੋਮੱਛੀ ਹੋ ਰਹੀਆਂ ਹੋਣ। ਤਪਦੇ ਸੂਰਜ ਦੇ ਹੱਥ ਨਾਲੋਂ ਫੁਲਝੜੀਆਂ ਵਰਗੇ ਤਾਰੇ ਟੁੱਟ-ਟੁੱਟ ਉਨ੍ਹਾਂ ਲੋਕਾਂ ਨੂੰ ਬਿਨਾਂ ਛੋਹਿਆਂ ਇੰਜ ਤਰਲੋਮੱਛੀ ਹੋ ਰਹੇ ਸਨ, ਜਿਵੇਂ ਘੁੰਮਦਿਆਂ ਵੀ ਘੁੰਮ ਨਾ ਰਹੇ ਹੋਣ, ਜਿਵੇਂ ਚਾਨਣ 'ਚ ਵੀ ਚਾਨਣ ਨਾ ਹੋਵੇ। ਇੱਕ ਵਾ-ਵਰੋਲਾ ਉੱਠਿਆ, ਘੁੰਮਿਆ, ਤੜਫਿਆ ਤੇ ਨੱਸਿਆ...ਪਰ ਕੁਝ ਵੀ ਬਰਬਾਦ ਕੀਤੇ ਬਿਨਾਂ ਨਹਿਰ ਦੇ ਕੰਢੇ ਨੂੰ ਛੋਹੇ ਬਿਨਾਂ ਕਤਲ ਹੋ ਗਿਆ। ਕੋਈ ਲੋਹਾ ਨਹੀਂ ਖੜਕਿਆ, ਕੋਈ ਕਤਲ ਨਹੀਂ ਹੋਇਆ। ਮਾਂ ਦੀਆਂ ਦੁੱਧੀਆਂ 'ਚੋਂ ਫੁਹਾਰਾ ਛੁੱਟਿਆ ਤੇ ਡੀ.ਐਸ.ਪੀ. ਦੇ ਮੂੰਹ 'ਤੇ ਤ੍ਰੌਂਕਿਆ ਗਿਆ। ਸਰਦਾਰ ਨੂੰ ਮੂੰਹ ਖਰਾਬ ਹੋਣ ਦਾ ਡਾਢਾ ਦੁੱਖ ਪੁੱਜਿਆ। ਉਸ ਨੇ ਚਿੱਟੇ ਰੁਮਾਲ ਨਾਲ ਮੂੰਹ ਪੂੰਝ ਡੀ.ਐਸ.ਪੀ. ਦਾ ਮੂੰਹ ਪਲੀਤ ਹੋਣ ਤੋਂ ਬਚਾ ਲਿਆ। ਕਿਸੇ ਨੇ ਚੁੱਕਿਆ ਹੋਵੇਗਾ ਉਹ ਰੁਮਾਲ। ਕੋਈ ਵਾ-ਵਰੋਲਾ ਉਹਨੂੰ ਉਡਾ ਕਿਸੇ ਵਾੜ 'ਤੇ ਫਸਾ ਦੇਵੇਗਾ। ਫਿਰ ਕੋਈ ਸੱਪ ਉਹਦੇ ਦੁੱਧ ਦੀ ਖੁਸ਼ਬੂ ਚੱਟ ਲਵੇਗਾ ਤੇ ਨਸ਼ਿਆਇਆ ਹੋਇਆ ਪਾਖਰ ਦੀ ਸਾਰੰਗੀ ਮੂਹਰੇ ਨੱਚਣ ਲੱਗ ਪਵੇਗਾ। ਪਾਖਰ ਦੀ ਸਾਰੰਗੀ ਵੱਜਦੀ ਰਹੇਗੀ, ਵੱਜਦੀ ਰਹੇਗੀ। ਪੂਰਨਮਾਸ਼ੀ ਦਾ ਚੰਦ ਬੱਦਲੀ ਹੇਠ ਜਾ ਲੁਕੇਗਾ। ਬਿਨਾਂ ਬੱਦਲ ਘੋਰਨ ਤੋਂ ਜਗੇੜੇ ਦੀ ਕੋਠੀ ਵਾਲੇ ਅੰਬਾਂ 'ਚੋਂ ਮੋਰ ਬੋਲਣਗੇ-ਨੱਚਣਗੇ-ਰੋਣਗੇ ਜਿਨ੍ਹਾਂ ਦੇ ਹੰਝੂ ਮੋਰਨੀਆਂ ਚੱਟ ਜਾਣਗੀਆਂ...ਪਾਖਰ ਕਿਵੇਂ ਇਹ ਸਭ ਕੁਝ ਬਿਨਾਂ ਬੋਲਿਆਂ ਦੱਸ ਜਾਂਦਾ



ਸੀ ਜਿਸ ਨੂੰ ਅਸ਼ੋਕਾ ਹੋਟਲ ਵਾਲੀ ਨ੍ਰਿਤਕੀ ਵਿਆਖਿਆ ਨਾਲ ਹੀ ਦੱਸ ਸਕਦੀ ਸੀ? ਕਿਉਂ ਪਾਖਰ ਦੀ ਸਾਰੰਗੀ ਨਾਲ ਇਕ ਸਿਗਰਟ ਵੀ ਨਹੀਂ ਸੀ ਖਰੀਦੀ ਜਾ ਸਕਦੀ ਤੇ ਉਧਰ ਨ੍ਰਿਤਕੀ ਦੇ ਆਟੋਗ੍ਰਾਫ ਲੈਣ ਵਾਲਿਆਂ ਦੀ ਵਾਰੀ ਨਹੀਂ ਸੀ ਆ ਰਹੀ? ਕਿਉਂ?...ਕਿਉਂ?... ਹੇ ਖੁਦਾ! ਮੰਜ਼ਲਾਂ ਨੂੰ ਸਰ ਕਰਨ ਵਾਲੇ ਕਾਫ਼ਲੇ ਕਿੱਥੇ ਲੱਦ ਗਏ?

ਅਰਜਣ ਦੇ ਪਰਤ ਆਉਣ ਨਾਲ ਮੇਰੀ ਸੋਚ ਤੇ ਗੁੱਸਾ ਮਰ ਗਿਆ ਸੀ।

ਉਹਦੇ ਚਿਹਰੇ 'ਤੇ ਹੰਝੂਆਂ ਦੀਆਂ ਧਾਰਾਂ ਨਹੀਂ ਸਨ, ਪਰ ਅੱਖਾਂ ਹਾਲੀਂ ਵੀ ਲਾਲ ਸਨ।

ਉਦਾਸੀ ਦੀ ਸ਼ਿੱਦਤ ਵਾਤਾਵਰਣ ਦੀ ਸ਼ਿੱਦਤ ਨੂੰ ਮਾਤ ਪਾਉਂਦੀ ਜਾ ਰਹੀ ਸੀ। ਮੈਂ ਇਸ ਲਈ ਤਿਆਰ ਨਹੀਂ ਸਾਂ। ਦਰਦ ਤਾਂ ਅਸੀਂ ਇੰਗਲੈਂਡ ਵਿਚ ਹੀ ਬਥੇਰਾ ਹੰਢਾ ਲੈਂਦੇ ਹਾਂ-ਚੁੱਪ ਚਾਪ! ਦਰਦ ਸੁਣਨ ਦੀ ਕਿਸ ਕੋਲ ਵਿਹਲ ਹੈ? ਰਾਣੀ ਦੇ ਮਸ਼ੀਨੀ ਰਾਜ ਵਿਚ ਬੰਦੇ ਵੀ ਮਸ਼ੀਨ ਹੋ ਨਿੱਬੜੇ ਹਨ। ਲੋਹਾ ਤਾਂ ਦਰਦ ਸੁਣਦਾ ਨਹੀਂ। ਬਸ ਸਰੀਰ ਜਰਦਾ ਹੈ ਤੇ ਜਰਦਾ ਜਰਦਾ ਦਮੇ, ਸ਼ੂਗਰ, ਬਲੱਡ ਪ੍ਰੈਸ਼ਰ ਤੇ ਜੋੜਾਂ ਦੇ ਦਰਦ ਨਾਲ ਇਕ ਦਿਨ ਹਾਰ ਹੁੱਟ ਕੇ ਮਰ ਮੁੱਕ ਜਾਂਦਾ ਹੈ। ਬਸ ਇਕ ਹਾਅ ਦਾ ਨਾਅਰਾ ਉਠਦਾ ਹੈ-ਵਿਚਾਰਾ।...ਦੋ ਗਜ਼ ਜ਼ਮੀਂ ਭੀ ਨਾ ਮਿਲੀ ਕੂਏ-ਯਾਰ ਮੇਂ।...ਕੂਏ-ਯਾਰ 'ਚ ਤਾਂ ਅਸੀਂ ਪਲਾਟ ਖਰੀਦਣ ਆਉਂਦੇ ਹਾਂ...ਜਾਂ ਉਹ ਪੈਸੇ ਜਮ੍ਹਾਂ ਕਰਵਾਉਣ ਜਿਹੜੇ ਪੰਜਾਂ-ਸੱਤਾਂ ਸਾਲਾਂ 'ਚ ਦੁੱਗਣੇ ਹੋ ਜਾਂਦੇ ਹਨ-ਜਾਂ ਮਾਂ-ਬਾਪ ਮਰਿਆਂ 'ਤੇ ਮੋਹ ਤੇ ਰਸਮਾਂ ਦੇ ਜਕੜੇ ਹੋਏ ਜਾਂ ਵਲਾਇਤ ਦੀਆਂ ਨੇਅਮਤਾਂ ਦੀਆਂ ਡੀਂਗਾਂ ਮਾਰ ਆਪਣੀਆਂ ਬੈਟਰੀਆਂ ਚਾਰਜ ਕਰਨ ਆਉਂਦੇ ਹਾਂ...।

ਮੈਂ ਅਮਲੀ ਨੂੰ ਸੌ ਦਾ ਨੋਟ ਫੜਾਇਆ।

"ਇਹਦਾ ਕੀ ਲਿਆਉਣੈ, ਬਾਬੂ ਜੀ?"

"ਕੁਸ਼ ਨ੍ਹੀਂ, ਆਪਣੇ ਮੁੰਡੇ ਨੂੰ ਜੁੱਤੀ ਲੈ ਦਈਂ। ਕੋਈ ਹੋਰ ਸਾਬਣ-ਸੋਡਾ ਲੈ ਲਵੀਂ, ਜੇ ਬਚ ਗਏ ਤਾਂ।"

"ਮਿਹਰਬਾਨੀ। ਮਹਾਰਾਜ ਬਹੁਤਾ ਦੇਵੇ, ਪਰ ਕਾਹਨੂੰ ਖੇਚਲ ਕਰਨੀ ਸੀ।" ਉਹਨੇ ਨੋਟ ਤਹਿ ਲਾ ਕੇ ਖੀਸੇ ਵਿਚ ਪਾ ਲਿਆ।

"ਤੂੰ ਫੇਰ ਸਾਰੰਗੀ ਤਾਂ ਸਿੱਖੀ ਨਾ। ਹੋਰ ਕਿਹੜਾ ਸਾਜ਼ ਸਿੱਖਿਆ?"

ਅਮਲੀ ਆਪਣੀ ਆਈ 'ਤੇ ਆ ਗਿਆ, "ਬਾਪੂ ਨੇ ਆਖਿਆ, ਅਰਜਣਾ! ਨਗੋਜੇ ਵਜਾ। ਦਿਲ ਦੀਆਂ ਗੱਲਾਂ ਨਗੋਜਿਆਂ ਥਾਣੀਂ ਸੁਣਾ। ਸਰਸਵਤੀ ਦੇਵੀ ਤੋਂ ਸੰਗਤ ਵਿੱਦਿਆ ਦੀ ਦਾਤ ਮੰਗ, ਤੇ ਪੁੱਤਰਾ, ਕੋਟਲੇ ਵਾਲੇ ਸ਼ਫ਼ੀ ਦੇ ਪੈਰਾਂ 'ਤੇ ਪੱਗ ਰੁਪਈਆ ਰੱਖ ਦੇ ਜਾ ਕੇ।" ਉਦੋਂ ਤਿੰਨ ਬੰਦੇ ਤੇ ਸਾਜ਼ ਸਾਰੇ ਪੰਜਾਬ 'ਚ ਮਸ਼ਹੂਰ ਸਨ: ਪਾਖਰ ਦੀ ਸਾਰੰਗੀ, ਸ਼ਫ਼ੀ ਦੇ ਨਗੋਜੇ, ਨਗੀਨੇ ਦਾ ਤੂੰਬਾ! ਬਾਪੂ ਆ ਗਿਆ, ਮੈਨੂੰ ਗੁਰੂ ਜੀ ਕੋਲ ਲੈ ਕੇ। ਉਸਤਾਦ ਨੇ ਬਾਪੂ ਤੋਂ ਸਿਰਫ਼ ਦੋ ਗੱਲਾਂ ਪੁੱਛੀਆਂ, "ਪਾਖਰਾ, ਮੁੰਡੇ ਨੂੰ ਸ਼ੌਕ ਵੀ ਹੈਗਾ ਨਾ?"

-ਹਾਂ, ਬਹੁਤ।

-ਤੇ ਮੁੰਡਾ ਮਿਹਨਤ ਤੋਂ ਡਰ ਕੇ ਮਾਂ ਨੂੰ ਤਾਂ ਨੀ ਵਰਾਗ ਜਾਏਗਾ?

-ਨਹੀਂ ਸ਼ਫ਼ੀ।

-ਚੰਗਾ ਫੇਰ, ਹੁਣ ਉਦੋਂ ਮਿਲਾਂਗੇ ਜਦੋਂ ਅਰਜਣ ਦੇ ਨਗੋਜਿਆਂ ਨਾਲ ਭੁੱਬਲ 'ਚੋਂ ਭਾਂਬੜ ਮਚਣ ਲੱਗਣਗੇ।

...ਬਸ ਬਾਊ ਜੀ, ਮੈਂ ਉਸਤਾਦ ਦੀ ਪੁੱਜ ਕੇ ਸੇਵਾ ਕੀਤੀ। ਉਹ ਬੜੇ ਤੜਕਿਉਂ ਚਾਰ ਵਾਲੀ ਡਾਕ ਗੱਡੀ ਨਾਲ ਉਠਿਆ ਕਰਦਾ ਸੀ ਤੇ ਮੈਂ ਵੀ ਨਾਲ ਹੀ। ਦਾਤਣ ਕੁਰਲਾ ਕਰ ਕੇ ਜੋੜੀ ਨੂੰ ਧੂਫ ਦਿੰਦੇ ਸਾਂ। ਚਾਹ ਪੀ ਕੇ ਦੋ ਘੰਟੇ ਲੋਅ ਹੋਣ ਤਾਈਂ ਰਿਆਜ਼ ਕਰਦੇ ਸਾਂ। ਤਿੰਨ ਘੰਟੇ ਆਥਣੇ। ਜੇ ਖਾੜਾ ਨਹੀਂ ਸੀ ਲਾਉਣਾ ਹੁੰਦਾ ਤਾਂ ਇਹ ਰੋਜ਼ ਦਾ ਤਪ ਸੀ।"

"ਕਿੰਨਾ ਚਿਰ ਲੱਗਿਆ ਪੂਰਾ ਮਾਹਰ ਹੋਣ ਲਈ?"

"ਤਿੰਨ ਸਾਲ 'ਚ ਉਸਤਾਦ ਨੇ ਮੈਨੂੰ ਥਾਪਣਾ ਦਿੱਤੀ। ਉਂਜ ਤਾਂ ਬਾਊ ਜੀ, ਕਿਸੇ ਸਾਜ਼ ਲਈ ਉਮਰ ਵੀ ਥੋੜ੍ਹੀ ਐ।...ਏਸ ਸਮੇਂ 'ਚ ਬਾਪੂ ਮਰ ਗਿਆ ਸੀ...ਸਾਰੰਗੀ ਵੇਚਣ ਵਾਲੀ ਗੱਲ ਜਦੋਂ ਮੈਂ ਉਸਤਾਦ ਨੂੰ ਦੱਸੀ ਤਾਂ ਉਹ ਉਦਾਸ ਵੀ ਹੋਇਆ ਤੇ ਖਫ਼ਾ ਵੀ। ਕਹਿਣ ਲੱਗਿਆ, 'ਪਾਖਰ ਤਾਹੀਉਂ ਛੇਤੀ ਮਰ ਗਿਆ।'

ਖ਼ੈਰ, ਬਾਪੂ ਤੁਰ ਗਿਆ। ਮਰਨ ਤੋਂ ਪਹਿਲਾਂ ਉਹਦਾ ਬੋਲ ਬੰਦ ਹੋ ਗਿਆ ਸੀ। ਉਹਨੇ ਬੱਸ ਬੜੀ ਔਖ ਨਾਲ ਮੇਰੇ ਮੋਢੇ 'ਤੇ ਹੱਥ ਧਰਿਆ ਤੇ ਫਿਰ ਉਸੇ ਹੱਥ ਦੀਆਂ ਉਂਗਲਾਂ ਬੁੱਲ੍ਹਾਂ ਨਾਲ ਜੋੜ ਦਿੱਤੀਆਂ। ਮੈਂ ਇਹਨੂੰ ਬਾਪੂ ਦੀ ਆਖਰੀ ਖਾਹਿਸ਼ ਸਮਝ ਹੋਰ ਵੀ ਮਿਹਨਤ ਕਰਨ ਲੱਗਿਆ। ਫਿਰ ਇਕ ਦਿਨ ਮੈਨੂੰ ਜਾਪਿਆ ਜਿਵੇਂ ਮੇਰੇ ਫੇਫੜੇ ਹੁੰਦੇ ਹੀ ਨਹੀਂ, ਉਨ੍ਹਾਂ ਦੀ ਥਾਂ ਨਗੋਜੇ ਹੀ ਹੁੰਦੇ ਨੇ। ਮੈਂ ਉਸਤਾਦ ਨੂੰ ਦੱਸਿਆ ਤਾਂ ਉਹਨੇ ਮੈਨੂੰ ਜੱਫੀ ਪਾ ਲਈ। ਬੋਲਿਆ, ਤੂੰ ਸਰਸਵਤੀ ਮਾਤਾ ਸਿੱਧ ਕਰ ਲਈ ਐ। ਐਤਕੀਂ ਫਲੌਂਡ ਦੇ ਮੇਲੇ 'ਤੇ ਨਗੀਨੇ ਨਾਲ ਮੈਂ ਨਹੀਂ, ਤੂੰ ਜੋੜੀ ਵਜਾਏਂਗਾ।' ...ਫਲੌਂਡ ਦੇ ਮੇਲੇ ਨੂੰ ਅੰਤਾਂ ਦਾ 'ਕੱਠ ਜੁੜਿਆ। ਪਹਿਲਾਂ ਮੈਂ ਥੋੜ੍ਹਾ ਡਰ ਗਿਆ, ਫੇਰ ਮਨ ਨੂੰ ਕਰੜਾ ਕਰ ਕੇ ਜੋੜੀ ਵਜਾਉਣ ਲੱਗਿਆ। ਨਗੀਨਾ ਮੇਰੇ ਉਪਰਲੇ ਪਾਸੇ ਸੀ। ਉਹਦੇ ਉਪਰਲੇ ਪਾਸੇ ਮੂਹਰੇ ਗਾਉਣ ਤੇ ਅਰਥ ਕਰਨ ਵਾਲਾ ਉਹਦਾ ਮਾਮਾ ਸੀ-ਮਾਹੋਰਾਣੇ ਵਾਲਾ ਸ਼ੌਕੀ। ਸਾਰਿਆਂ ਤੋਂ ਹੇਠਲੇ ਪਾਸੇ ਮੈਂ। ਅਸੀਂ ਗੇੜਾ ਧਰ ਲਿਆ। ਮੈਂ ਸ਼ੌਕੀ ਨੂੰ ਆਖ ਦਿੱਤਾ ਸੀ ਕਿ ਪੂਰਨ ਭਗਤ ਪਹਿਲਾਂ ਨਾ ਸ਼ੁਰੂ ਕਰੇ, ਮੇਰਾ ਕਿਤੇ ਰੋਣ ਨਾ ਨਿਕਲ ਜਾਵੇ। ਸ਼ੌਕੀ ਮੰਨ ਗਿਆ। ਉਹਨੇ ਪਹਿਲਾਂ ਦੁੱਲਾ ਭੱਟੀ ਸ਼ੁਰੂ ਕੀਤਾ। ਬਾਊ ਜੀ, ਜਦੋਂ ਭੁੱਲਰ ਦੁੱਲੇ ਨੂੰ ਮਿਹਣੇ ਮਾਰਨ ਲੱਗੀ ਤਾਂ ਮੈਂ ਨਸ਼ਈ ਹੋ ਗਿਆ। ਜਦੋਂ ਸ਼ੌਕੀ ਨੇ ਦੋਹਾਂ ਹੱਥਾਂ ਨਾਲ ਝੋਲੀ ਅੱਡ ਆਖਿਆ...ਵੇ ਲੱਖ ਮਰਦਾਂ ਨੂੰ ਮਾਮਲੇ, ਦੁੱਲਿਆ ਖ਼ੈਰ ਖੁਦਾ ਤੋਂ ਮੰਗ...ਮੈਂ ਗੋਡਣੀਆਂ ਲਾ ਕੇ ਬੁੱਲ੍ਹਾਂ ਨਾਲ ਲੱਗੇ ਨਗੋਜੇ ਅਸਮਾਨ ਵੱਲ ਚੁੱਕ ਦਿੱਤੇ ਤੇ ਸ਼ਫ਼ੀ ਉਸਤਾਦ ਬੋਲਿਆ, 'ਓਏ ਨਹੀਂ ਰੀਸਾਂ ਅਰਜਣਾ ਤੇਰੀ ਜੰਮਣ ਵਾਲੀ ਦੀਆਂ'...ਬਾਊ ਜੀ, ਮੈਂ ਵਜਦ 'ਚ ਆ ਗਿਆ। ਦੁੱਲੇ ਦੀ ਘੋੜੀ ਮੂਹਰੇ ਹਿਣਕਣ ਲੱਗੀ। ਬਸ, ਸਾਂਦਲ ਬਾਰ 'ਚ ਮੇਰੇ ਨਗੋਜੇ ਗੂੰਜ ਰਹੇ ਸਨ। ਫਿਰ ਸ਼ੌਕੀ ਨੇ ਪੂਰਨ ਭਗਤ ਛੋਹ ਲਿਆ। ਮੈਂ ਚੜ੍ਹਦਾ ਹੀ ਜਾ ਰਿਹਾ ਸਾਂ। ਸ਼ੌਕੀ ਨੇ ਹਵਾ 'ਚ ਉਡਦੇ ਹੱਥ ਛਾਤੀ 'ਤੇ ਟਿਕਾ ਆਖਿਆ,

'ਉਦੋਂ ਜਾਣ ਲੀਂ ਬੱਚੇ ਨੂੰ ਆ ਗਿਆ,
ਜਦੋਂ ਦੁੱਧੀਆਂ 'ਚ ਪੈ ਜੂ ਸੀਰ।'

ਮੈਨੂੰ ਲੱਗਿਆ ਜਿਵੇਂ ਮੇਰੇ ਨਗੋਜਿਆਂ 'ਚੋਂ ਦੁੱਧ ਦੀਆਂ ਤਤੀਰੀਆਂ ਵਗਣ ਲੱਗ ਪਈਆਂ ਹੋਣ। ਲੋਕ ਰੋਣ ਲੱਗ ਪਏ।

ਸ਼ੌਕੀ ਹੁੱਕੇ ਦਾ ਕਸ਼ ਖਿੱਚਣ ਇਕ ਪਾਸੇ ਹੋ ਗਿਆ। ਨਗੀਨੇ ਦੇ ਤੂੰਬੇ ਨੇ ਉਡਦੇ ਪੰਛੀ ਥੰਮ੍ਹ ਕੇ ਖੜ੍ਹੇ ਕਰ ਲਏ। ਮੈਂ ਨਗੋਜੇ ਤੂੰਬੇ ਦੀਆਂ ਤਾਰਾਂ ਨਾਲ ਸੁਰ ਕਰ ਦਿੱਤੇ। ਸ਼ੌਕੀ ਮਾਮਾ ਬੋਲਿਆ-ਵਾਹ! ਆਹਾ ਨਗੀਨਿਆ ਪੁੱਤਰ-ਅਰਜਣਾ ਨਹੀਂ ਰੀਸਾਂ ਤੇਰੀਆਂ।

ਤੇ ਸ਼ੌਕੀ ਨੇ ਇਕਦਮ ਸਾਰਾ ਦਰਦ ਉਲਦ ਦਿੱਤਾ,

'ਦੂਰੋਂ ਆਉਂਦਾ ਵੇਖਿਆ ਪੀਰ ਦੁਲਦੁਲ ਦਾ ਅਸਵਾਰ
ਉਹਨੇ ਭੱਜ ਕੇ ਵਾਗਾਂ ਫੜਲੀਆਂ, ਨਾਲੇ ਰੋਂਦੀ ਜ਼ਾਰੋ-ਜ਼ਾਰ।'

ਮੈਂ ਆਪਣਾ ਰੋਣ ਮਸਾਂ ਈ ਰੋਕਿਆ। ਉਹ ਰੰਗ ਬੱਝਿਆ ਕਿ ਕੁਸ਼ ਨਾ ਪੁੱਛੋ। ਜਾਪਿਆ, ਬੁੱਢੀ ਮਾਂ ਨੇ ਨਹੀਂ, ਮੇਰੇ ਨਗੋਜਿਆਂ ਨੇ ਦੁਲਦੁਲ ਦੀਆਂ ਵਾਗਾਂ ਫੜ ਲਈਆਂ। ਸ਼ੌਕੀ ਨੇ ਖਾੜੇ ਦਾ ਭੋਗ ਪਾ ਦਿੱਤਾ। ਮੈਨੂੰ ਜੱਫੀ 'ਚ ਲੈ ਬੋਲਿਆ, 'ਪੁੱਤਰਾ, ਤੂੰ ਪਾਖਰ ਨੂੰ ਲਾਫ਼ਾਨੀ ਬਣਾ ਦਿੱਤਾ।' ਸ਼ਫ਼ੀ ਉਸਤਾਦ ਦੇ ਪੈਰੀਂ ਡਿੱਗ ਪਿਆ ਮੈਂ। ਸਿਰ ਚੁੱਕਿਆ ਤਾਂ ਕੀ ਵੇਖਦਾਂ, ਉਸਤਾਦ ਰੋ ਰਿਹਾ ਸੀ।"

ਅਮਲੀ ਚੁੱਪ ਹੋ ਗਿਆ। ਮੈਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਖਾੜੇ ਦਾ ਤਾਂ ਭੋਗ ਵੀ ਪੈ ਗਿਆ ਸੀ। ਮੈਂ ਤਾਂ ਫਲੌਂਡ ਦੇ ਮੇਲੇ ਦਾ ਦਰਸ਼ਕ ਅਤੇ ਸਰੋਤਾ ਸਾਂ। ਕੋਈ ਸਟੇਜ ਨਹੀਂ, ਕੋਈ ਸਾਜ਼ਾਂ ਦਾ ਭਾਰ ਨਹੀਂ, ਏਅਰਕੰਡੀਸ਼ੰਡ ਹਾਲ ਨਹੀਂ, ਕੋਈ ਟਿਕਟ ਨਹੀਂ, ਕੋਈ ਪ੍ਰਬੰਧਕ ਨਹੀਂ, ਵਨ-ਪੀਸ ਕਾਰਪੈਟ ਦੀ ਥਾਂ ਮਿੱਟੀ-ਘੱਟਾ...ਪ੍ਰਭਾਵਾਂ ਦੀ ਵਿਆਖਿਆ ਨਹੀਂ...ਸ਼ੌਕੀ ਦੇ ਬੋਲ ਹਵਾ 'ਚ ਗੂੰਜ ਰਹੇ ਸਨ, ਨਗੀਨੇ ਦਾ ਤੂੰਬਾ ਟੁਣਕ ਰਿਹਾ ਸੀ, ਅਰਜਣ ਦੇ ਨਗੋਜਿਆਂ ਨੇ ਅਕਾਸ਼ੀਂ ਉਡਦੇ ਪੰਛੀਆਂ ਦੀਆਂ ਡਾਰਾਂ ਡੱਕ ਦਿੱਤੀਆਂ ਸਨ।

ਮੈਂ ਕਲਪਨਾ ਦੀ ਦੁਨੀਆਂ ਤੋਂ ਪਰਤ ਆਇਆ ਸਾਂ। ਭੁੱਖਾਂ ਤੇ ਲੋੜਾਂ-ਥੋੜ੍ਹਾਂ ਦਾ ਝੰਬਿਆ ਅਰਜਣ ਨਿੰਮ ਨਾਲ ਢੋਅ ਲਾਈ ਮੇਰੇ ਕੋਲ ਬੈਠਾ ਸੀ।

"ਫੇਰ ਤਾਂ ਤੇਰਾ ਗੁਜ਼ਾਰਾ ਚੰਗਾ ਚੱਲਣ ਲੱਗ ਪਿਆ ਹੋਵੇਗਾ।"

"ਬਸ, ਕੁਸ਼ ਚਿਰ ਬਾਊ ਜੀ! ਫੇਰ ਲੌਂਟ-ਸਪੀਕਰ ਚੱਲ ਪਏ। ਆਦਮੀਆਂ-ਤੀਮੀਆਂ ਦੀਆਂ ਪਾਰਟੀਆਂ ਚੱਲ ਪਈਆਂ। ਕੰਨ ਖਾਣ ਵਾਲੇ ਲੁੱਚੇ ਗੀਤ। ਨਚਾਰਾਂ ਵਾਂਗ ਨੱਚਦੀਆਂ ਤੀਮੀਆਂ। ਮੈਨੂੰ ਤਾਂ ਸੰਗ ਈ ਬਲਾਂ ਆਉਂਦੀ ਸੀ ਪਰ ਮਲੱਖ ਦਾ ਤਾਂ ਤੁਹਾਨੂੰ ਪਤਾ ਈ ਐ, ਸਾਰੀ ਉਧਰ ਨੂੰ ਉਲਟ ਗਈ।"

ਅਮਲੀ ਉਦਾਸ ਹੋ ਗਿਆ।

"ਸ਼ਫ਼ੀ ਉਸਤਾਦ ਕਿੱਥੇ ਐ ਹੁਣ?"

"ਭੁੱਖਾ ਮਰਦਾ ਪਾਕਿਸਤਾਨ ਚਲਿਆ ਗਿਆ ਸੀ। ਉਥੇ ਕਿਸੇ ਮਸੀਤ 'ਚ ਦਿਨ ਕਟੀ ਕਰਦੈ।"

"ਨਗੀਨਾ ਤੇ ਸ਼ੌਂਕੀ?"

"ਨਗੀਨਾ ਬਾਊ ਜੀ, ਭੱਠੇ 'ਤੇ ਇੱਟਾਂ ਕੱਢਦੈ। ਤੇ ਸ਼ੌਂਕੀ ਗਧੀ 'ਤੇ ਸਬਜ਼ੀਆਂ ਲੱਦ ਪਿੰਡ-ਪਿੰਡ ਵੇਚਦੈ।"

ਬਲਬੀਰ ਤੇ ਪਰਮਿੰਦਰ ਛੁੱਟੀ ਕਰ ਕੇ ਕੋਲ ਆ ਗਏ ਸਨ। ਉਨ੍ਹਾਂ ਦੇ ਨਾਲ ਅਮਲੀ ਦਾ ਮੁੰਡਾ ਵੀ ਸੀ। ਉਸ ਨੇ ਮੇਰੇ ਵਾਲੀ ਕੁਰਸੀ ਚੁੱਕ, ਬਲਬੀਰ ਦੇ ਘਰ ਲੈ ਕੇ ਜਾਣੀ ਸੀ। ਜਦੋਂ ਮੁੰਡਾ ਕੁਰਸੀ ਚੁੱਕਣ ਲੱਗਿਆ ਤਾਂ ਅਮਲੀ ਨੇ ਵੀ ਹੱਥ ਲਵਾਇਆ। ਉਹਨੂੰ ਸਾਹ ਚੜ੍ਹ ਗਿਆ। ਜ਼ਰਾ ਸਾਹ ਠੀਕ ਕਰ ਕੇ ਬੋਲਿਆ, "ਪਤਾ ਨ੍ਹੀਂ ਕਾਹਦੀ ਬਣੀ ਹੋਈ ਐ, ਲੋਹੇ ਵਰਗੀ ਨਿੱਗਰ ਐ ਸਾਲੀ।...ਥੋਨੂੰ ਸ਼ਾਇਦ ਪਤਾ ਨ੍ਹੀਂ ਹੋਣਾ ਕਿ ਇਹ ਕੁਰਸੀ ਏਸ ਬਲਬੀਰ ਸਿਉਂ ਦੇ ਰਿਸਾਲਦਾਰ ਬਾਬੇ ਨੂੰ ਉਹਦੇ ਅੰਗਰੇਜ਼ ਅਫ਼ਸਰ ਨੇ ਦਿੱਤੀ ਸੀ। ਜਦੋਂ ਰਿਸਾਲਦਾਰ ਪਿਲਸਣ ਕਰਾ ਪਿੰਡ ਆਇਆ ਤਾਂ ਸੱਥ 'ਚ ਇਸੇ ਕੁਰਸੀ 'ਤੇ ਬਹਿੰਦਾ ਹੁੰਦਾ ਸੀ ਤੇ ਮੇਰੇ ਵਡਾਰੂ ਇਹਨੂੰ ਚੁੱਕ ਕੇ ਲਿਆਉਂਦੇ ਹੁੰਦੇ ਸਨ। ਬਲਬੀਰ ਦੇ ਬਾਪੂ ਵੇਲੇ ਮੈਂ ਹੀ ਇਹਨੂੰ ਝਾੜ-ਪੂੰਝ ਕੇ ਡਾਹੁੰਦਾ ਹੁੰਦਾ ਸੀ। ਬੰਦੇ ਲੱਦ ਗਏ ਬਾਬੂ ਜੀ, ਪਰ ਕੁਰਸੀ ਏਨੀ ਸਿੱਕੇਬੰਦ ਐ ਕਿ ਮਜਾਲ ਐ ਕੋਈ ਚੂਲ ਵੀ ਹਿੱਲੀ ਹੋਵੇ। ਬਸ, ਲੋੜ ਪੈਣ 'ਤੇ ਨਵੀਂ ਬੈਂਤ ਨਾਲ ਸ਼ੀਟ ਬਦਲਾ ਲੈਂਦੇ ਨੇ...।"

ਹੁਣ ਕੁਰਸੀ ਅਮਲੀ ਦੇ ਮੁੰਡੇ ਦੇ ਸਿਰ 'ਤੇ ਸੀ ਜਿਹੜਾ ਪਾਥੀਆਂ ਵਰਗੇ ਨੰਗੇ ਪੈਰਾਂ ਨਾਲ ਅੱਗ ਵਰਗੀ ਧੂੜ ਮਿਧਦਾ ਸਾਡੇ ਅੱਗੇ-ਅੱਗੇ ਤੁਰਿਆ ਜਾ ਰਿਹਾ ਸੀ।

# ਮਨਮੋਹਣੀ ਮਨੀਸ਼ਾ





ਕੈਂਸਰ ਖ਼ਿਲਾਫ਼ ਲੜਾਈ ਜਿੱਤਣ ਤੋਂ ਬਾਅਦ ਅਦਾਕਾਰ ਮਨੀਸ਼ਾ ਕੋਇਰਾਲਾ ਅੱਜਕੱਲ੍ਹ ਆਪਣੀ ਸਿਹਤ ਵੱਲ ਉਚੇਚਾ ਧਿਆਨ ਦੇ ਰਹੀ ਹੈ। ਉਹ ਲਗਾਤਾਰ 8-10 ਕਿਲੋ ਮੀਟਰ ਸੈਰ ਕਰਦੀ ਹੈ ਅਤੇ ਯੋਗ ਅਭਿਆਸ ਦਾ ਕਦੀ ਨਾਗਾ ਨਹੀਂ ਪਾਉਂਦੀ। ਇਸ ਨੂੰ ਹੁਣ ਉਸ ਨੇ ਆਪਣੀ ਜ਼ਿੰਦਗੀ ਦਾ ਪ੍ਰੋਜੈਕਟ ਬਣਾ ਲਿਆ। ਮਨੀਸ਼ਾ ਕੋਇਰਾਲਾ ਨੂੰ ਪਿਛਲੇ ਸਾਲ 28 ਨਵੰਬਰ ਨੂੰ ਮੁੰਬਈ ਦੇ ਜਸਲੋਕ ਹਸਪਤਾਲ ਦਾਖ਼ਲ ਕਰਵਾਇਆ ਗਿਆ ਸੀ। ਫਿਰ ਉਸ ਨੂੰ ਇਲਾਜ ਲਈ ਅਮਰੀਕਾ ਲਿਜਾਇਆ ਗਿਆ ਜਿਥੇ 6 ਮਹੀਨੇ ਉਸ ਦਾ ਇਲਾਜ ਚੱਲਿਆ। ਉਸ ਨੂੰ ਬੱਚੇਦਾਨੀ ਦਾ ਕੈਂਸਰ ਸੀ। ਹੁਣ ਉਹ ਇਲਾਜ ਕਰਵਾ ਕੇ ਭਾਰਤ ਚਲੀ ਗਈ ਹੈ। ਮਨੀਸ਼ਾ ਦੇ ਜੀਵਨ ਵਿਚ ਪਿਛਲੇ ਸਾਲਾਂ ਦੌਰਾਨ ਵਾਹਵਾ ਉਥਲ-ਪੁਥਲ ਰਹੀ ਹੈ। 2010 ਵਿਚ ਨੇਪਾਲੀ ਨੌਜਵਾਨ ਸਮਰਾਟ ਦਾਹਲ ਨਾਲ ਕਰਵਾਇਆ ਸੀ, ਪਰ ਵਿਆਹ ਉਸ ਲਈ ਬੁਰਾ ਸੁਪਨਾ ਹੀ ਸਾਬਤ ਹੋਇਆ। ਸਮਰਾਟ ਨੇ ਉਸ ਨਾਲ ਬਹੁਤ ਦੁਰਵਿਹਾਰ ਕੀਤਾ ਅਤੇ ਇਕ ਤਰ੍ਹਾਂ ਨਾਲ ਉਸ ਨੂੰ ਘਰੇ ਕੈਦ ਹੀ ਕਰ ਲਿਆ ਸੀ। ਆਖ਼ਰਕਾਰ 2012 ਵਿਚ ਉਹ ਸਮਰਾਟ ਤੋਂ ਅਲੱਗ ਹੋ ਗਈ। ਮਨੀਸ਼ਾ ਦਾ ਪਿਤਾ ਪ੍ਰਕਾਸ਼ ਕੋਇਰਾਲਾ ਸਿਆਸੀ ਲੀਡਰ ਹੈ ਅਤੇ ਉਸ ਦੇ ਯਤਨਾਂ ਸਦਕਾ ਹੀ ਮਨੀਸ਼ਾ ਕੋਰਾਇਲਾ ਦੀ ਜ਼ਿੰਦਗੀ ਇਕ ਵਾਰ ਫਿਰ ਲੀਹ ਉਤੇ ਆਈ ਹੈ। 2012 ਵਿਚ ਉਸ ਦੀ ਫਿਲਮ 'ਭੂਤ ਰਿਟਰਨ' ਆਈ ਸੀ। ਇਸ ਫਿਲਮ ਨਾਲ ਉਸ ਦੀ ਚਰਚਾ ਇਕ ਵਾਰ ਫਿਰ ਹੋਈ। ਆਰਥਿਕ ਪੱਖੋਂ ਇਹ ਫਿਲਮ ਸਫ਼ਲ ਰਹੀ ਸੀ ਅਤੇ ਸਭ ਨੇ ਮਨੀਸ਼ਾ ਕੋਇਰਾਲਾ ਦੀ ਵਾਪਸੀ ਦਾ ਸਵਾਗਤ ਵੀ ਕੀਤਾ ਸੀ। ਮਨੀਸ਼ਾ ਨੇ ਆਪਣੇ ਫਿਲਮੀ ਕੈਰੀਅਰ ਦੀ ਸ਼ੁਰੂਆਤ 1989 ਵਿਚ ਨੇਪਾਲੀ ਫਿਲਮ 'ਫੇਰੀ ਬਤੋਲਾ' ਨਾਲ ਕੀਤੀ ਸੀ। 1991 ਵਿਚ ਹਿੰਦੀ ਫਿਲਮ 'ਸੌਦਾਗਰ' ਨਾਲ ਬਾਲੀਵੁੱਡ ਵਿਚ ਪੈਰ ਪਾਇਆ। ਇਸ ਤੋਂ ਬਾਅਦ ਯਲਗਾਰ, 1942: ਇਹ ਲਵ ਸਟੋਰੀ, ਬੰਬੇ, ਖਾਮੋਸ਼ੀ, ਦਿਲ ਸੇ, ਬਾਗੀ, ਲੱਜਾ, ਕੰਪਨੀ, ਐਸਕੇਪ ਫਰੌਮ ਤਾਲਿਬਾਨ, ਮਾਰਕੀਟ, ਦੋ ਪੈਸੇ ਕੀ ਧੁੱਪ ਚਾਰ ਆਨੇ ਕੀ ਬਾਰਿਸ਼, ਅਗਨੀ ਸਾਕਸ਼ੀ ਵਰਗੀਆਂ ਯਾਦਗਾਰੀ ਫਿਲਮਾਂ ਵਿਚ ਕੰਮ ਕੀਤਾ।



# ਸੁਨਹਿਰੇ ਦੌਰ ਦਾ ਰਾਹੀ ਕਾਮੇਡੀਅਨ ਜਗਦੀਪ



ਬਾਲੀਵੁੱਡ ਦੇ ਪ੍ਰਸਿੱਧ ਕਾਮੇਡੀਅਨ ਜਗਦੀਪ ਬਹੁਤ ਹੀ ਭੋਲੇ-ਭਾਲੇ ਅਤੇ ਚੰਗੇ ਇਨਸਾਨ ਹਨ। ਹਮੇਸ਼ਾ ਹੱਸਦੇ ਰਹਿਣਾ ਅਤੇ ਸਭ ਨੂੰ ਖੁਸ਼ੀ-ਖੁਸ਼ੀ ਮਿਲਣਾ ਉਨ੍ਹਾਂ ਦਾ ਸੁਭਾਅ ਹੈ। ਉਹ ਅਕਸਰ ਅੱਖਾਂ ਵਿਚ ਸੁਰਮਾ ਅਤੇ ਸਿਰ 'ਤੇ ਟੋਪੀ ਪਹਿਨੀ ਰੱਖਦੇ ਹਨ। ਉਨ੍ਹਾਂ ਨੇ 1975 ਦੀ ਫ਼ਿਲਮ 'ਸ਼ੋਅਲੇ' ਵਿਚ ਸੂਰਮਾ ਭੋਪਾਲੀ, 1984 ਦੀ ਫ਼ਿਲਮ 'ਪੁਰਾਨਾ ਮੰਦਿਰ' ਵਿਚ ਗੱਬਰ ਅਤੇ 1988 ਦੀ ਫ਼ਿਲਮ 'ਵੀਰਾਨਾ' ਵਿਚ ਹੋਟਲ ਰਿਸੈਪਸ਼ਨਿਸਟ ਦੇ ਕਿਰਦਾਰਾਂ ਨਾਲ ਕਾਫੀ ਪ੍ਰਸ਼ੰਸਾ ਬਟੋਰੀ ਸੀ।

ਆਪਣਾ ਫ਼ਿਲਮੀ ਸਫਰ ਉਨ੍ਹਾਂ ਬਾਲ ਕਲਾਕਾਰ ਦੇ ਰੂਪ ਵਿਚ 'ਅਬ ਦਿੱਲੀ ਦੂਰ ਨਹੀਂ", 'ਮੁੰਨਾ' ਅਤੇ 'ਹਮ ਪੰਛੀ ਏਕ ਡਾਲ ਕੇ' ਵਰਗੀਆਂ ਫ਼ਿਲਮਾਂ ਨਾਲ ਸ਼ੁਰੂ ਕੀਤਾ ਸੀ। ਉਨ੍ਹਾਂ ਨੇ ਨਿਰਦੇਸ਼ਕ ਬਿਮਲ ਰਾਏ ਦੀ ਫ਼ਿਲਮ 'ਦੋ ਬੀਘਾ ਜ਼ਮੀਨ' ਨਾਲ ਕਾਮੇਡੀ ਕਲਾਕਾਰ ਦੇ ਰੂਪ ਵਿਚ ਫ਼ਿਲਮਾਂ ਵਿਚ ਕੰਮ ਸ਼ੁਰੂ ਕੀਤਾ ਅਤੇ ਫਿਰ ਮੁੜ ਕੇ ਪਿੱਛੇ ਨਹੀਂ ਦੇਖਿਆ। ਉਹ ਆਪਣੇ ਸਮੇਂ ਦੇ ਸਭ ਤੋਂ ਲੋਕਪ੍ਰਿਯ ਕਾਮੇਡੀਅਨਾਂ ਵਿਚ ਸ਼ਾਮਲ ਹੋ ਗਏ। ਉਨ੍ਹਾਂ 'ਕਾਲੀ ਘਟਾ' (1974), 'ਸਵਰਗ ਨਰਕ'' (1978), 'ਸੁਰਕਸ਼ਾ' (1979), 'ਬਿਦਾਈ' (1974), 'ਅੰਦਾਜ਼ ਅਪਨਾ-ਅਪਨਾ' (1994), 'ਚਾਈਨਾ ਗੇਟ' (1998) ਆਦਿ ਫ਼ਿਲਮਾਂ ਵਿਚ ਕੰਮ ਕੀਤਾ ਅਤੇ ਖਾਸ ਥਾਂ ਬਣਾਈ। ਉਨ੍ਹਾਂ ਕੁਝ ਫ਼ਿਲਮਾਂ ਦਾ ਨਿਰਮਾਣ ਵੀ ਕੀਤਾ ਜਿਨ੍ਹਾਂ ਵਿਚ ਵੱਡੇ-ਵੱਡੇ ਫ਼ਿਲਮੀ ਸਿਤਾਰਿਆਂ ਨੇ ਗੈਸਟ ਅਪੀਅਰੈਂਸ ਦੇ ਰੂਪ ਵਿਚ ਕੰਮ ਕੀਤਾ ਪਰ ਉਨ੍ਹਾਂ ਦੀਆਂ ਜ਼ਿਆਦਾਤਰ ਫ਼ਿਲਮਾਂ ਅਸਫਲ ਰਹੀਆਂ। ਉਨ੍ਹਾਂ ਨੇ ਆਖਰੀ ਫ਼ਿਲਮ 'ਜਰਨੀ ਬਾਂਬੇ ਟੂ ਗੋਵਾ' ਵਿਚ ਕੰਮ ਕੀਤਾ ਜੋ ਫਲਾਪ ਸਿੱਧ ਹੋਈ। ਜਗਦੀਪ ਦੇ ਬੇਟੇ ਜਾਵੇਦ ਜਾਫਰੀ ਕਾਫੀ ਫ਼ਿਲਮਾਂ ਅਤੇ ਟੀ.ਵੀ. ਪ੍ਰੋਗਰਾਮਾਂ ਵਿਚ ਕੰਮ ਕਰ ਕੇ ਨਾਂ ਕਮਾਇਆ। ਛੋਟਾ ਬੇਟਾ ਨਾਵੇਦ ਵੀ ਅਕਸਰ ਟੀ. ਵੀ. ਪ੍ਰੋਗਰਾਮਾਂ ਵਿਚ ਨਜ਼ਰ ਆਉਂਦਾ ਰਹਿੰਦਾ ਹੈ।



# ਗਲੈਮਰ ਗਰਲ ਸਮੀਰਾ ਰੈਡੀ



ਸਮੀਰਾ ਰੈੱਡੀ ਅਜਿਹੀ ਅਦਾਕਾਰਾ ਹੈ ਜਿਸ ਨੇ ਹਰ ਖੇਤਰ ਵਿਚ ਆਪਣੇ ਫਨ ਦਾ ਡੰਕਾ ਤਾਂ ਜ਼ਰੂਰ ਵਜਾਇਆ, ਪਰ ਸਫਲ ਨਹੀਂ ਹੋ ਸਕੀ। ਫਿਰ ਵੀ ਹਿੰਦੀ ਫ਼ਿਲਮਾਂ ਦੀ ਉਹ ਗਲੈਮਰ ਬ੍ਰਿਗੇਡ ਦਾ ਅਟੁੱਟ ਹਿੱਸਾ ਹੈ। ਸਮੀਰਾ ਦੀ ਦਿਲਚਸਪੀ ਬਚਪਨ ਤੋਂ ਹੀ ਕਲਾਸੀਕਲ ਡਾਂਸ ਵਿਚ ਰਹੀ ਹੈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਮਾਡਲਿੰਗ ਅਤੇ ਮਿਊਜ਼ਿਕ ਵੀਡੀਓਜ਼ ਨਾਲ ਕੀਤੀ ਸੀ। ਸਭ ਤੋਂ ਪਹਿਲਾਂ ਉਹ ਪੰਕਜ ਉਧਾਸ ਦੇ ਮਿਊਜ਼ਿਕ ਵੀਡੀਓ ਵਿਚ ਨਜ਼ਰ ਆਈ ਸੀ। ਇਸ ਵੀਡੀਓ ਵਿਚ ਆਪਣੀਆਂ ਮਨਮੋਹਕ ਅਦਾਵਾਂ ਨਾਲ ਦਰਸ਼ਕਾਂ ਦਾ ਮਨ ਮੋਹ ਲੈਣ ਵਿਚ ਸਮੀਰਾ ਸਫਲ ਰਹੀ ਅਤੇ ਉਸ ਲਈ ਹਿੰਦੀ ਫ਼ਿਲਮਾਂ ਦੇ ਬੂਹੇ ਖੁੱਲ੍ਹ ਗਏ। ਸਮੀਰਾ ਨੂੰ ਪਹਿਲੀ ਵਾਰ ਫ਼ਿਲਮਾਂ ਵਿਚ ਕੰਮ ਕਰਨ ਦਾ ਮੌਕਾ ਸੋਹੇਲ ਖਾਨ ਨੇ ਆਪਣੀ ਫ਼ਿਲਮ 'ਮੈਨੇ ਦਿਲ ਤੁਝ ਕੋ ਦੀਆ' ਵਿਚ ਦਿੱਤਾ ਪਰ ਫ਼ਿਲਮ ਫਲਾਪ ਹੋ ਗਈ। ਉਸ ਪਿੱਛੋਂ ਉਸ ਨੇ ਆਪਣੀ ਇਮੇਜ ਵਿਚ ਤਬਦੀਲੀ ਕੀਤੀ ਅਤੇ 'ਪਲਾਨ', 'ਡਰਨਾ ਮਨ੍ਹਾ ਹੈ' ਆਦਿ ਫਿਲਮਾਂ ਵਿਚ ਆਪਣੇ ਗਲੈਮਰਸ ਅੰਦਾਜ਼ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ। ਦਰਸ਼ਕਾਂ ਨੇ ਵੀ ਸਮੀਰਾ ਦੇ ਇਸ ਬਦਲੇ ਅੰਦਾਜ਼ ਨੂੰ ਖੂਬ ਪਸੰਦ ਕੀਤਾ। 'ਮੁਸਾਫਿਰ' ਵਿਚ ਤਾਂ ਸਮੀਰਾ ਨੇ ਆਪਣੀ ਬੋਲਡ ਅਦਾਕਾਰੀ ਨਾਲ ਕਾਫੀ ਪ੍ਰਭਾਵ ਛੱਡਿਆ। ਹਿੰਦੀ ਫ਼ਿਲਮਾਂ ਵਿਚ ਬਹੁਤਾ ਮਹੱਤਵ ਨਾ ਮਿਲਣ 'ਤੇ ਸਮੀਰਾ ਨੇ ਬੰਗਾਲੀ ਫ਼ਿਲਮਾਂ ਵੱਲ ਰੁਖ਼ ਕੀਤਾ ਜੋ ਉਸ ਲਈ ਫਾਇਦੇਮੰਦ ਰਿਹਾ। ਬੰਗਾਲੀ ਫ਼ਿਲਮਸਾਜ਼ ਬੁੱਧਦੇਵ ਦਾਸ ਗੁਪਤਾ ਦੀ ਛਤਰ-ਛਾਇਆ ਹੇਠ ਸਮੀਰਾ ਨੇ ਆਪਣੀ ਅਦਾਕਾਰੀ ਨਿਖਾਰੀ। ਸਮੀਰਾ ਨੇ ਜਦੋਂ 'ਕਾਲਪੁਰਸ਼' ਵਰਗੀ ਫ਼ਿਲਮ ਕੀਤੀ ਸਾਰੇ ਹੈਰਾਨ ਰਹਿ ਗਏ ਸਨ। 'ਰੇਸ' ਅਤੇ 'ਵਨ ਟੂ ਥ੍ਰੀ' ਵਿਚ ਉਸ ਦੀ ਸਿਫਤ ਹੋਈ। ਉਸ ਨੂੰ ਅਨੰਤ ਮਹਾਦੇਵਨ ਦੀ ਫਿਲਮ 'ਰੈੱਡ ਅਲਰਟ' ਵਿਚ ਨਕਸਲੀ ਕੁੜੀ ਦੇ ਕਿਰਦਾਰ ਲਈ ਵੀ ਵਾਹਵਾ ਪ੍ਰਸੰਸਾ ਮਿਲੀ।

# ਦੀਪਿਕਾ ਪਾਦੂਕੋਣ ਦੀ ਅਸਮਾਨੀ ਉਡਾਣ



ਅਦਾਕਾਰਾ ਦੀਪਿਕਾ ਪਾਦੂਕੋਣ ਅੱਜਕੱਲ੍ਹ ਸਫ਼ਲਤਾ ਅਤੇ ਲੋਕਪ੍ਰਿਅਤਾ ਦੀ ਟੀਸੀ ਉਤੇ ਹੈ। ਉਸ ਦੀ ਸੁੰਦਰਤਾ ਅਤੇ ਨਖਰਿਆਂ ਦੇ ਚਰਚੇ ਤਾਂ ਸ਼ੁਰੂ ਤੋਂ ਹੀ ਹੁੰਦੇ ਰਹੇ ਹਨ, ਪਰ ਹੁਣ ਇਸ ਅਦਾਕਾਰਾ ਦੀ ਅਦਾਕਾਰੀ ਦਾ ਜਾਦੂ ਵੀ ਚੱਲਣ ਲੱਗ ਪਿਆ ਹੈ। ਹੁਣ ਉਸ ਦੀ ਗਿਣਤੀ ਸਫਲ ਅਭਿਨੇਤਰੀਆਂ ਵਿਚ ਹੁੰਦੀ ਹੈ। ਇਹ ਉਸ ਦੇ ਸਬਰ ਅਤੇ ਲਗਨ ਦਾ ਹੀ ਨਤੀਜਾ ਹੈ ਕਿ ਉਹ ਮੌਜੂਦਾ ਵਿਚ ਦੌਰ ਦੀ ਸਭ ਤੋਂ ਵੱਧ ਰੁੱਝੀ ਹੋਈ ਅਦਾਕਾਰਾ ਹੈ। 2012 ਉਹਦੇ ਲਈ ਭਾਗਾਂ ਭਰਿਆ ਰਿਹਾ। ਉਸ ਦੀ ਫ਼ਿਲਮ 'ਕਾਕਟੇਲ' ਵਿੱਚ ਉਸ ਦੀ ਅਦਾਕਾਰੀ ਦੀ ਰੱਜ ਕੇ ਪ੍ਰਸ਼ੰਸਾ ਹੋਈ। 'ਰੇਸ-2' ਨਾਲ 2013 ਦੀ ਬਿਹਤਰੀਨ ਸ਼ੁਰੂਆਤ ਹੋ ਚੁੱਕੀ ਹੈ। 'ਯੇ ਜਵਾਨੀ ਹੈ ਦੀਵਾਨੀ', 'ਰਾਮ ਲੀਲ੍ਹਾ' ਅਤੇ 'ਚੇਨਈ ਐਕਸਪ੍ਰੈਸ' ਤੋਂ ਵੀ ਉਸ ਨੂੰ ਬਹੁਤ ਉਮੀਦਾਂ ਹਨ।

ਦੀਪਿਕਾ ਫੁੱਲ ਕੇ ਕੁੱਪਾ ਹੋ ਜਾਂਦੀ ਹੈ ਜਦੋਂ ਲੋਕ ਉਸ ਨੂੰ ਇਹ ਗੱਲ ਕਹਿੰਦੇ ਹਨ ਕਿ ਉਹ ਬਿਨਾਂ ਕਿਸੇ ਸਹਾਇਤਾ ਅਤੇ ਬਿਨਾਂ ਕਿਸੇ ਗਾਡਫਾਦਰ ਦੇ ਇਸ ਮੁਕਾਮ ਤੱਕ ਪੁੱਜੀ ਹੈ। ਉਸ ਨੂੰ ਵੀ ਇਹ ਆਪਣਾ ਖਾਸ ਹਾਸਲ ਲੱਗਦਾ ਹੈ। ਉਂਜ ਇਸ ਦਾ ਸਿਹਰਾ ਉਹ ਆਪਣੇ ਪਰਿਵਾਰ ਅਤੇ ਦੋਸਤਾਂ ਦੇ ਸਿਰ ਬੰਨ੍ਹਦੀ ਹੈ। ਪਿੱਛੇ ਜਿਹੇ ਉਸ ਨੂੰ ਭਾਰਤ ਦੀ ਸਭ ਤੋਂ ਆਕਰਸ਼ਕ ਅਦਾਕਾਰਾ ਐਲਾਨਿਆ ਗਿਆ ਸੀ। ਕੈਟਰੀਨਾ, ਕਰੀਨਾ ਕਪੂਰ ਅਤੇ ਪ੍ਰਿਯੰਕਾ ਚੋਪੜਾ ਨੂੰ ਪਿੱਛੇ ਛੱਡਦਿਆਂ ਉਸ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਇਸ ਬਾਰੇ ਉਹ ਕਹਿੰਦੀ ਹੈ ਕਿ ਉਸ ਨੂੰ ਇਹ ਖ਼ਿਤਾਬ ਉਸ ਦੇ ਕੰਮ ਅਤੇ ਸ਼ਖ਼ਸੀਅਤ ਕਾਰਨ ਮਿਲਿਆ ਹੈ, ਸਿਰਫ਼ ਸਰੀਰਕ ਖ਼ੂਬਸੂਰਤੀ ਲਈ ਨਹੀਂ। ਫ਼ਿਲਮੀ ਦੁਨੀਆਂ ਵਿਚ ਪੈਰ ਰੱਖਣ ਤੋਂ ਬਾਅਦ ਜਦੋਂ ਦੀਪਿਕਾ ਨੇ ਆਪਣੇ ਨਿਰਦੇਸ਼ਕਾਂ ਦੀ ਸੂਚੀ ਬਾਰੇ ਸੋਚਿਆ ਤਾਂ ਉਸ ਵਿਚ ਪਹਿਲਾ ਨਾਂ ਸੰਜੈ ਲੀਲਾ ਭੰਸਾਲੀ ਦਾ ਸੀ। ਸੰਜੇ ਨਾਲ ਕੰਮ ਕਰਨਾ ਉਸ ਦਾ ਸੁਪਨਾ ਸੀ। ਫ਼ਿਲਮ 'ਰਾਮ ਲੀਲ੍ਹਾ' ਵਿਚ ਦੋਵੇਂ ਇਕੱਠੇ ਕੰਮ ਕਰਨ ਰਹੇ ਹਨ। ਦੀਪਿਕਾ ਦੇ ਪ੍ਰੇਰਨਾ ਸਰੋਤ ਉਸ ਦੇ ਪਿਤਾ ਪ੍ਰਕਾਸ਼ ਪਾਦੂਕੋਣ ਹਨ। ਜ਼ਿੰਦਗੀ ਵਿਚ ਕੋਈ ਵੀ ਨਵਾਂ ਫ਼ੈਸਲਾ ਕਰਨ ਤੋਂ ਪਹਿਲਾਂ ਉਹ ਉਨ੍ਹਾਂ ਦੀ ਸਲਾਹ ਜ਼ਰੂਰ ਲੈਂਦੀ ਹੈ।






Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

DOWNLOAD THE NEW FREE IPHONE and ANDROID APP (Search for "Punjabi Radio USA" in App store and Google Play)



# KHALSA
## INSURANCE AGENCY, INC.





STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING

» General Liability
» Auto Liability
» Bobtail Liability (Non-Trucking)
» Cargo
» Physical Damage
» Work - Comp

Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin

Khalsa Insurance Agency, Inc. CA LICENSE #0F89805

ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਸਿੱਖ ਟੈਂਪਲ ਆਫ ਵਿਸਕਾਨਸਿਨ, ਓਕ ਕਰੀਕ


ਭਾਈ ਸੁਬੇਗ ਸਿੰਘ ਖਟੜਾ


ਭਾਈ ਸਤਵੰਤ ਸਿੰਘ ਕਾਲੇਕਾ


ਬੀਬੀ ਪਰਮਜੀਤ ਕੌਰ


ਭਾਈ ਸੀਤਾ ਸਿੰਘ


ਭਾਈ ਪ੍ਰਕਾਸ਼ ਸਿੰਘ


ਭਾਈ ਰਣਜੀਤ ਸਿੰਘ

5 ਅਗਸਤ 2012 ਦੇ ਦਰਦਨਾਕ ਖੂਨੀ ਕਾਂਡ 'ਚ ਚਲਾਣਾ ਕਰ ਗਏ ਗੁਰੂਘਰ ਦੇ ਸ਼ਰਧਾਲੂਆਂ ਦੀ ਪਹਿਲੀ ਬਰਸੀ 'ਤੇ

## ਸ਼ਰਧਾਂਜਲੀ ਸਮਾਗਮ

## 2 ਤੋਂ 5 ਅਗਸਤ 2013

ਸਮੂਹ ਗੁਰੂ ਘਰਾਂ ਦੀ ਸੰਗਤ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਸ਼ਹੀਦਾਂ ਦੀ ਆਤਮਿਕ ਸ਼ਾਂਤੀ ਲਈ ਆਪੋ ਆਪਣੇ ਗੁਰੂ ਘਰ ਵਿਚ ਅਰਦਾਸ ਕਰਨ।

## SCHEDULE OF EVENTS

### FRI - AUG 2

**10:30 am**
**AKHAND PAATH**
48 non-stop hour recitation of the Shri Guru Granth Sahib, the Sikh Holy book, will begin @ THE SIKH TEMPLE OF WISCONSIN

**1:30 - 3:00 pm**
**REMEMBRANCE**
of the Six Departed Souls at the U.S. Federal Court House 517 Wisconsin Ave. Milwaukee Hosted by U.S. Attorney James Santelle



### SAT - AUG 3

**AKHAND PAATH**
continues
@ THE SIKH TEMPLE OF WISCONSIN

**8:30 am**
**CHARDHI KALA 6K MEMORIAL RUN/WALK**
at Oak Creek High School
340 E. Puetz Rd., Oak Creek
Register: 8:30 - 10 am
Run Starts: 10 am
Event Ends: 3pm
Register @
www.chardhikala6k.org
chardhikala6k@gmail.com




### SUN - AUG 4

**10:30 am**
**AKHAND PAATH**
concludes
@ THE SIKH TEMPLE OF WISCONSIN

**11:00 am - 1:30 pm**
**KIRTAN**
Hymns sung during meditation

**1:30 - 3:00 pm**
**TRIBUTES TO DEPARTED SOULS**
Words are offered from guests dignitaries, and well wishers.




### MON - AUG 5

**6:00 pm - 8:00 pm**
**SIMRAN**

Contemplative Meditation during light music
@ THE SIKH TEMPLE OF WISCONSIN

**8:00 pm**
**CANDLE LIGHT VIGIL**

@ THE SIKH TEMPLE OF WISCONSIN PARKING LOT

ਗੁਰੂ ਕਾ ਲੰਗਰ ਸਮਾਗਮ ਦੇ ਚਾਰੇ ਦਿਨ ਅਤੁੱਟ ਵਰਤੇਗਾ।



ਇਸ ਸਿਮ੍ਰਤੀ ਸਮਾਗਮ ਵਿਚ ਤੁਹਾਡੀ ਸ਼ਮੂਲੀਅਤ ਵਿਛੜੀਆਂ ਰੂਹਾਂ ਨੂੰ ਸੱਚੀ ਸ਼ਰਧਾਂਜਲੀ ਅਤੇ ਪੀੜਤ ਪਰਿਵਾਰਾਂ ਦੇ ਜ਼ਖਮਾਂ ਉਤੇ ਮੱਲ੍ਹਮ ਵਾਂਗ ਹੋਵੇਗੀ। ਤੁਹਾਡੀ ਹਾਜ਼ਰੀ ਇਹ ਵੀ ਜ਼ਾਹਿਰ ਕਰੇਗੀ ਕਿ ਇਹ ਇਕੱਲਾ ਸਿੱਖਾਂ ਦਾ ਹੀ ਦੁਖਾਂਤ ਨਹੀਂ ਸਗੋਂ ਇਕ ਅਮਰੀਕੀ ਦੁਖਾਂਤ ਹੈ। ਸਾਨੂੰ ਨਿਮਰਤਾ ਅਤੇ ਪਿਆਰ ਸਹਿਤ ਇਕੱਠੇ ਹੋ ਕੇ ਜਨੂੰਨੀ ਹਿੰਸਾ ਵਿਰੁਧ ਡਟਣਾ ਚਾਹੀਦਾ ਹੈ।

**Sikh Temple of Wisconsin, 7512 S. Howell Ave. Oak Creek, WI 53154**
sikhtempleofwi@gmail.com www.sikhtempleofwisconsin.org